Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

FARMERS INSURANCE
Auto, home, life, Business
Work Comp, Umbrella.
Best Coverage and Claim Service in the Insurance Industry.
Duabba Insurance Agency
2450 Peralta Blvd, Suite 120,
Fremont, CA 94536
Ph: 510-797-7989
Email: duabba1@gmail.com
Gurcharan S. Mann
Insurance Agent
License# OC70672

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 20, May 16, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ ਵਿਚ 'ਆਪ' ਉਤੇ ਕਲੇਸ਼ ਦਾ ਪਰਛਾਵਾਂ

**ਚੰਡੀਗੜ੍ਹ:** ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦਾ ਸਫਾਇਆ ਕਰਨ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਆਪਸੀ ਕਲੇਸ਼ ਵਿਚ ਉਲਝ ਗਈ ਹੈ। ਸੂਬੇ ਵਿਚ ਪਾਰਟੀ ਦੇ ਸੀਨੀਅਰ ਆਗੂ ਇਕ-ਦੂਜੇ ਨੂੰ ਠਿੱਬੀ ਲਾਉਣ ਵਿਚ ਰੁਝੇ ਹੋਏ ਹਨ। ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਦੇ ਮਾਮਲੇ 'ਤੇ ਹਾਈਕਮਾਨ ਅਤੇ ਪੰਜਾਬ ਦੇ ਸੀਨੀਅਰ ਆਗੂਆਂ ਦਾ ਇਕ ਦਲ ਆਹਮੋ-ਸਾਹਮਣੇ ਆ ਗਿਆ ਹੈ। ਹਾਈਕਮਾਨ ਨੇ ਜਿਥੇ ਸ. ਛੋਟੇਪੁਰ ਨੂੰ ਅਹੁਦੇ ਤੋਂ ਹਟਾਉਣ ਤੋਂ ਇਨਕਾਰ ਕੀਤਾ ਹੈ, ਉਥੇ ਪੰਜਾਬ ਇਕਾਈ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਨੇ ਕਿਹਾ ਹੈ ਕਿ ਛੋਟੇਪੁਰ ਨੂੰ ਹਟਾਉਣਾ ਹੁਣ ਤਕਰੀਬਨ ਤੈਅ ਹੈ।

ਡਾ. ਦਲਜੀਤ ਸਿੰਘ ਨੇ ਹਾਈਕਮਾਨ ਨੂੰ ਵੰਗਾਰਿਆ ਹੈ ਕਿ ਪਾਰਟੀ ਸੰਵਿਧਾਨ ਤਹਿਤ ਹਾਈਕਮਾਨ ਨੂੰ ਪੰਜਾਬ ਕਾਰਜਕਾਰਨੀ ਦਾ ਫੈਸਲਾ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਧਰ ਪਾਰਟੀ ਦੇ ਕੌਮੀ ਬੁਲਾਰੇ ਤੇ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਨੇ ਡਾ. ਦਲਜੀਤ ਸਿੰਘ ਨੂੰ ਅਜਿਹੀ ਕਾਰਵਾਈ ਦਾ ਕੋਈ ਹੱਕ ਨਾ ਹੋਣ ਦਾ ਦਾਅਵਾ ਕਰਦੇ ਹੋਏ ਅਨੁਸ਼ਾਸਨੀ ਕਾਰਵਾਈ ਕਰਨ ਦੇ ਸੰਕੇਤ ਦਿੱਤੇ ਹਨ। ਇਸੇ ਦੌਰਾਨ ਡਾ. ਦਲਜੀਤ ਸਿੰਘ ਨੇ ਆਪਣੇ ਸਟੈਂਡ ਉਪਰ ਕਾਇਮ ਰਹਿੰਦਿਆਂ ਕਿਹਾ ਹੈ ਕਿ ਪੰਜਾਬ ਦੀ ਕਾਰਜਕਾਰਨੀ ਕਮੇਟੀ ਦੇ ਅੱਠ ਵਿਚੋਂ ਉਨ੍ਹਾਂ ਸਮੇਤ ਪੰਜ ਮੈਂਬਰਾਂ-ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ, ਪ੍ਰੋਫੈਸਰ ਸਾਧੂ ਸਿੰਘ, ਭਗਵੰਤ ਮਾਨ ਤੇ ਯਾਮਨੀ ਗੋਮਰ ਨੇ ਸ. ਛੋਟੇਪੁਰ ਨੂੰ ਕਨਵੀਨਰ ਦੇ ਅਹੁਦੇ ਤੋਂ ਲਾਹੁਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ. ਛੋਟੇਪੁਰ ਨੂੰ ਅਹੁਦੇ ਤੋਂ ਖਾਰਜ ਕਰ ਕੇ ਹਾਈਕਮਾਨ ਨੂੰ ਮਹਿਜ਼ ਸੂਚਿਤ ਹੀ ਕੀਤਾ ਗਿਆ ਹੈ, ਨਾ ਕਿ ਅਗਲੀ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਇਹ ਫੈਸਲਾ 9 ਮਈ ਨੂੰ ਦਿੱਲੀ ਵਿਖੇ ਮੀਟਿੰਗ ਕਰ ਕੇ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਵਿਧਾਨਕ ਤੌਰ ਉਤੇ ਸ. ਛੋਟੇਪੁਰ ਨੂੰ ਅਹੁਦੇ ਤੋਂ ਲਾਹੁਣ ਦਾ ਕਾਰਜਕਾਰਨੀ ਕਮੇਟੀ ਨੂੰ ਪੂਰਨ ਅਧਿਕਾਰ ਹੈ। ਡਾ. ਦਲਜੀਤ ਸਿੰਘ ਨੇ ਦੁਹਰਾਇਆ ਕਿ ਹਾਈਕਮਾਨ ਨੂੰ ਪੰਜਾਬ ਕਾਰਜਕਾਰਨੀ ਦਾ ਫੈਸਲਾ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਫਿਰ ਵੀ ਜੇ ਹਾਈਕਮਾਨ ਸਿੱਧ ਕਰ ਦੇਵੇ ਕਿ ਸੰਵਿਧਾਨ ਮੁਤਾਬਕ ਉਹ ਫੈਸਲਾ ਰੱਦ ਕਰ ਸਕਦੀ ਹੈ, ਤਾਂ ਮੁਆਫ਼ੀ ਮੰਗ ਲਈ ਜਾਵੇਗੀ।

ਦੱਸਣਯੋਗ ਹੈ ਕਿ 'ਆਪ' ਦੀ ਕੇਂਦਰੀ ਲੀਡਰਸ਼ਿਪ ਵਿਚ ਪਹਿਲਾਂ ਹੀ ਕਲੇਸ਼ ਛਿੜਿਆ ਹੋਇਆ ਹੈ। ਪਾਰਟੀ ਦੇ ਸੀਨੀਅਰ ਆਗੂਆਂ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਨ, ਆਨੰਦ ਕੁਮਾਰ ਤੇ ਅਜੀਤ ਝਾਅ ਦੀ ਪਾਰਟੀ ਵਿਚੋਂ ਛੁੱਟੀ ਪਿੱਛੋਂ ਇਨ੍ਹਾਂ 'ਬਾਗੀਆਂ' ਦੇ ਹਮਾਇਤੀਆਂ ਖਿਲਾਫ ਵੀ ਕਾਰਵਾਈ ਚੱਲ ਰਹੀ ਹੈ। ਇਸੇ ਕਾਰਵਾਈ ਤਹਿਤ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਪਾਰਟੀ ਦੇ ਸੰਸਦੀ ਦਲ ਦੇ ਨੇਤਾ ਦੇ

(ਬਾਕੀ ਸਫਾ 6 'ਤੇ)


ਸੁੱਚਾ ਸਿੰਘ ਛੋਟੇਪੁਰ


ਡਾ. ਦਲਜੀਤ ਸਿੰਘ

## ਮਹਿੰਗੀ ਪਵੇਗੀ ਪੰਜਾਬ ਦੀ ਅਣਦੇਖੀ

ਲੋਕ ਸਭਾ ਚੋਣਾਂ ਵਿਚ ਪੰਜਾਬ ਹੀ ਇਕੋ-ਇਕ ਅਜਿਹਾ ਸੂਬਾ ਸੀ ਜਿਥੇ ਆਮ ਆਦਮੀ ਪਾਰਟੀ ਨੂੰ ਚਾਰ ਸੀਟਾਂ ਮਿਲੀਆਂ ਸਨ ਪਰ 'ਆਪ' ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਤੋਂ ਬਾਅਦ ਬੁਰੀ ਤਰ੍ਹਾਂ ਆਪਸੀ ਕਲੇਸ਼ ਵਿਚ ਉਲਝ ਗਈ। ਪੰਜਾਬ ਵਿਚ ਪਾਰਟੀ ਦੀ ਅੱਠ ਮੈਂਬਰੀ ਕਾਰਜਕਾਰਨੀ ਕੰਮ ਕਰ ਰਹੀ ਹੈ ਜਦੋਂ ਕਿ ਪਾਰਟੀ ਨਿਯਮਾਂ ਮੁਤਾਬਕ 25 ਮੈਂਬਰ ਹੋਣੇ ਜ਼ਰੂਰੀ ਹਨ। ਪਿਛਲੇ ਇਕ ਸਾਲ ਤੋਂ ਸੂਬੇ ਵਿਚ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਕੰਮ ਲਟਕਿਆ ਹੋਇਆ ਹੈ। ਸੰਗਰੂਰ ਹਲਕੇ ਵਿਚ 'ਆਪ' ਦਾ ਚੰਗਾ ਆਧਾਰ ਹੋਣ ਦੇ ਬਾਵਜੂਦ ਹਾਲ ਹੀ ਵਿਚ ਹੋਈਆਂ ਧੂਰੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੇ ਹਿੱਸਾ ਨਾ ਲਿਆ। ਸੂਬੇ ਦੇ ਜ਼ਿਆਦਾਤਰ ਆਗੂ ਆਪਸ ਵਿਚ ਉਲਝੇ ਹੋਏ ਹਨ ਅਤੇ ਪਾਰਟੀ ਔਰਬਿਟ ਬੱਸ ਕਾਂਡ ਕਾਰਨ ਅਕਾਲੀ ਸਰਕਾਰ ਖਿਲਾਫ ਉਠੇ ਲੋਕ ਰੋਹ ਦਾ ਵੀ ਬਹੁਤਾ ਫਾਇਦਾ ਨਾ ਚੁੱਕ ਸਕੀ।

# ਨੇਪਾਲ ਵਿਚ ਫਿਰ ਭੂਚਾਲ, ਵੱਡੇ ਦੁਖਾਂਤ ਦੀ ਪੇਸ਼ੀਨਗੋਈ

**ਕਾਠਮੰਡੂ:** ਤਿੰਨ ਹਫਤੇ ਪਹਿਲਾਂ ਭੂਚਾਲ ਨਾਲ ਹੋਈ ਤਬਾਹੀ ਵਿਚੋਂ ਉਭਰ ਰਹੇ ਨੇਪਾਲ ਉਤੇ ਕੁਦਰਤ ਮੁੜ ਕਹਿਰਵਾਨ ਹੋਈ ਹੈ। ਰਿਕਟਰ ਪੈਮਾਨੇ ਉਤੇ 7.3 ਸ਼ਿੱਦਤ ਵਾਲੇ ਮੁੜ ਆਏ ਭੂਚਾਲ ਨੇ ਇਕ ਵਾਰ ਫਿਰ ਸਮੁੱਚੇ ਨੇਪਾਲ ਤੇ ਉਤਰੀ ਭਾਰਤ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ। ਤਾਜ਼ਾ ਝਟਕਿਆਂ ਕਾਰਨ ਨੇਪਾਲ ਵਿਚ 80 ਅਤੇ ਭਾਰਤ ਵਿਚ 20 ਲੋਕਾਂ ਦੀ ਮੌਤ ਤੇ ਇਕ ਹਜ਼ਾਰ ਤੋਂ ਵੱਧ ਜ਼ਖ਼ਮੀ ਹੋ ਗਏ। ਮਹਿਜ਼ ਤਿੰਨ ਹਫ਼ਤੇ ਪਹਿਲਾਂ 25 ਅਪਰੈਲ ਨੂੰ ਆਏ 7.9 ਸ਼ਿੱਦਤ ਵਾਲੇ ਭੂਚਾਲ ਨੇ ਨੇਪਾਲ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਸੀ ਤੇ ਇਸ ਨੇ 8000 ਤੋਂ ਵੱਧ ਜਾਨਾਂ ਲੈ ਲਈਆਂ ਸਨ। ਇਸ ਪਿੱਛੋਂ ਮੁਲਕ ਵਿਚ ਲਗਾਤਾਰ ਭੂਚਾਲ ਦੇ ਹਲਕੇ ਤੋਂ ਦਰਮਿਆਨੇ ਝਟਕੇ ਆਉਣੇ ਜਾਰੀ ਹਨ। ਤਾਜ਼ਾ ਝਟਕਿਆਂ ਪਿੱਛੋਂ ਪਹਿਲਾਂ ਹੀ ਡਰੇ ਹੋਏ ਤੇ ਘਰੀਂ ਪਰਤਣ ਤੋਂ ਘਬਰਾ ਰਹੇ ਨੇਪਾਲੀਆਂ ਵਿਚ ਹੋਰ ਦਹਿਸ਼ਤ ਫੈਲ ਗਈ ਹੈ। ਭੂਚਾਲ ਦੀ ਸਭ ਤੋਂ ਵੱਧ ਮਾਰ ਦੋਲੱਖਾ ਤੇ ਸਿੰਧੂਪਾਲਚੌਕ ਜ਼ਿਲ੍ਹਿਆਂ ਨੂੰ ਪਈ, ਜਿਨ੍ਹਾਂ ਨੂੰ ਪਿਛਲੇ ਮਹੀਨੇ ਦੇ ਭੂਚਾਲ ਨੇ ਵੀ ਭਾਰੀ ਨੁਕਸਾਨ ਪਹੁੰਚਾਇਆ ਸੀ। ਪਿਛਲੇ ਮਹੀਨੇ ਦੇ ਭੂਚਾਲ ਤੋਂ ਬਾਅਦ ਆਏ ਝਟਕਿਆਂ ਦੀ ਕੁੱਲ ਗਿਣਤੀ 160 ਤੋਂ ਟੱਪ ਗਈ ਹੈ। ਨੇਪਾਲ ਦੇ ਕੌਮੀ ਐਮਰਜੈਂਸੀ ਅਪਰੇਸ਼ਨ ਕੇਂਦਰ ਨੇ ਇਕ ਬਿਆਨ ਵਿਚ ਦੱਸਿਆ ਕਿ ਸਭ ਤੋਂ ਵੱਧ ਪ੍ਰਭਾਵਿਤ ਦੋਵੇਂ ਜ਼ਿਲ੍ਹਿਆਂ ਲਈ ਫ਼ੌਰੀ ਸਹਾਇਤਾ ਭੇਜ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਭਾਰਤੀ ਹਵਾਈ ਫ਼ੌਜ ਦੇ ਅੱਠ ਹੈਲੀਕਾਪਟਰ ਵੀ ਹਾਲੇ ਨੇਪਾਲ ਵਿਚ ਤਾਇਨਾਤ ਹਨ ਜਿਨ੍ਹਾਂ ਨੇ ਭੂਚਾਲ ਤੋਂ ਫ਼ੌਰੀ ਬਾਅਦ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ।

ਅਮਰੀਕਾ ਦੇ ਭੂ-ਵਿਗਿਆਨ ਸਰਵੇਖਣ ਦਾ ਕਹਿਣਾ ਕਿ 12 ਮਈ ਨੂੰ ਦੁਪਹਿਰ 12.35 ਵਜੇ ਆਏ ਭੂਚਾਲ ਦਾ ਕੇਂਦਰ ਕਾਠਮੰਡੂ ਤੋਂ 83 ਕਿਲੋਮੀਟਰ ਦੂਰ ਮਾਊਂਟ ਐਵਰਸਟ ਨੇੜੇ 18.5 ਕਿਲੋਮੀਟਰ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਸੁਸਾਇਟੀ ਕ੍ਰਿਕਟ ਕਲੱਬ ਨੇ ਵਿੰਟਰ ਲੀਗ ਕ੍ਰਿਕਟ ਮੁਕਾਬਲਾ ਜਿੱਤਿਆ



*ਤਸਵੀਰ ਵਿਚ ਸਿੱਖ ਲਾਇਨਜ਼ ਕਲੱਬ ਦੇ ਖਿਡਾਰੀ ਮਨਜਿੰਦਰ ਮੱਲ੍ਹੀ (ਕੈਪਟਨ), ਕੁਲਵਿੰਦਰ ਸਿੰਘ (ਵਾਈਸ ਕੈਪਟਨ), ਗੁਰਜੀਤ ਸਿੰਘ, ਤਰਨ ਸ਼ੇਰਗਿੱਲ, ਗੁਰਪ੍ਰੀਤ ਸਿੰਘ, ਸ਼ੁਰਨਜੀਤ ਸਿੰਘ, ਸੰਦੀਪ, ਇੰਦਰ ਸਿੰਘ, ਸੋਹੈਲ ਰਾਣਾ, ਜਸਪ੍ਰੀਤ ਸਿੰਘ ਅਤੇ ਗੁਰਵਿੰਦਰ ਸਿੰਘ*

**ਸੈਕਰਾਮੈਂਟੋ (ਬਿਊਰੋ):** ਸੈਕਰਾਮੈਂਟੋ ਸਿੱਖ ਸੁਸਾਇਟੀ ਕ੍ਰਿਕਟ ਕਲੱਬ ਵਲੋਂ 22 ਫਰਵਰੀ ਤੋਂ 3 ਮਈ ਤਕ ਵਿੰਟਰ ਲੀਗ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿਚ 8 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੁਕਾਬਲਾ ਮੇਜ਼ਬਾਨ ਸਿੱਖ ਸੁਸਾਇਟੀ ਲਾਇਨਜ਼ ਕਲੱਬ ਅਤੇ ਬਾਬਾ ਦੀਪ ਸਿੰਘ ਕ੍ਰਿਕਟ ਕਲੱਬ ਵਿਚਾਲੇ ਯੂਬਾ ਸਿਟੀ ਵਿਚ ਲੰਘੀ 3 ਮਈ ਨੂੰ ਹੋਇਆ ਜਿਸ ਵਿਚ ਮੇਜ਼ਬਾਨ ਟੀਮ ਇਕ ਵਿਕਟ ਨਾਲ ਜੇਤੂ ਰਹੀ। ਬਾਬਾ ਦੀਪ ਸਿੰਘ ਕਲੱਬ ਦੀ ਟੀਮ ਨੇ ਪਹਿਲਾਂ ਬੈਟਿੰਗ ਕਰਦਿਆਂ 176 ਦੌੜਾਂ ਬਣਾਈਆਂ ਜਦੋਂਕਿ ਸੈਕਰਾਮੈਂਟੋ ਸਿੱਖ ਸੁਸਾਇਟੀ ਲਾਇਨਜ਼ ਕਲੱਬ ਦੀ ਟੀਮ ਨੇ 20 ਓਵਰਾਂ ਵਿਚ 180 ਦੌੜਾਂ ਬਣਾਈਆਂ। ਇਸ ਫਸਵੇਂ ਮੁਕਾਬਲੇ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ।

# ਨੇਪਾਲ ਦੀ ਮੁੜ ਉਸਾਰੀ ਲਈ ਸਿਆਸੀ ਪਾਰਟੀਆਂ ਇਕਜੁਟ

**ਕਾਠਮੰਡੂ:** ਭਿਆਨਕ ਭੂਚਾਲ ਕਾਰਨ ਹੋਈ ਤਬਾਹੀ ਮਗਰੋਂ ਨੇਪਾਲ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਪੁਰਾਣੇ ਮਤਭੇਦ ਭੁਲਾ ਕੇ ਦੇਸ਼ ਲਈ ਇਕਜੁਟ ਹੋ ਗਈਆਂ ਹਨ। ਸਾਰੀਆਂ ਧਿਰਾਂ ਨੇ ਸਰਕਾਰ ਨੂੰ ਕੌਮੀ ਇਕਜੁਟਤਾ ਬਣਾਉਣ 'ਤੇ ਜ਼ੋਰ ਦਿੱਤਾ।

ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਸੀ.ਪੀ.ਐਨ.-ਯੂ.ਐਮ.ਐਲ. ਆਗੂ ਮਾਧਵ ਨੇਪਾਲ ਨੇ ਕਿਹਾ ਕਿ ਸੰਵਿਧਾਨ ਪੇਸ਼ ਕਰਨ ਤੇ ਲੋਕਾਂ ਦੇ ਮੁੜ ਵਸੇਬੇ ਦੀ ਪ੍ਰਕਿਰਿਆ ਤੇਜ਼ ਕਰਨ ਲਈ ਸਾਰੀਆਂ ਸਿਆਸੀ ਪਾਰਟੀਆਂ ਨੂੰ ਕੌਮੀ ਏਕਾ ਕਰਨਾ ਚਾਹੀਦਾ ਹੈ। ਪਾਰਟੀ ਦੇ ਇਕ ਹੋਰ ਸੀਨੀਅਰ ਆਗੂ ਝਲਾਨਾਥ ਖਨਾਲ ਨੇ ਕਿਹਾ ਕਿ ਭੂਚਾਲ ਨਾਲ ਦੇਸ਼ ਦਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।

# ਹਾਈਕੋਰਟ ਵੱਲੋਂ ਰਮਨਦੀਪ ਸਿੰਘ ਦੀ ਜ਼ਮਾਨਤ ਮਨਜ਼ੂਰ

**ਬਠਿੰਡਾ:** ਬੱਬਰ ਖਾਲਸਾ ਨਾਲ ਸਬੰਧਤ ਦੱਸੇ ਜਾਂਦੇ ਖਾੜਕੂ ਰਮਨਦੀਪ ਸਿੰਘ ਉਰਫ਼ ਸਨੀ ਦੀ ਜ਼ਮਾਨਤ ਹਾਈਕੋਰਟ ਨੇ ਮਨਜ਼ੂਰ ਕਰ ਲਈ ਹੈ। ਉਸ ਨੂੰ ਸੀ.ਆਈ.ਏ. ਸਟਾਫ਼ ਬਠਿੰਡਾ ਨੇ 9 ਨਵੰਬਰ 2014 ਨੂੰ ਧੋਬੀਆਣਾ ਬਸਤੀ ਬਠਿੰਡਾ 'ਚੋਂ ਗ੍ਰਿਫ਼ਤਾਰ ਕੀਤਾ ਸੀ ਅਤੇ ਪੁਲਿਸ ਨੇ ਉਸ ਕੋਲੋਂ ਜਥੇਬੰਦੀ ਦੇ ਲੈਟਰਪੈਡ ਅਤੇ ਕੁਝ ਧਮਾਕਾਖੇਜ਼ ਸਮੱਗਰੀ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ।

ਪੁਲਿਸ ਨੇ ਉਸ ਵਿਰੁਧ ਦੇਸ਼ ਧਰੋਹੀ ਦਾ ਮਾਮਲਾ ਦਰਜ ਕਰਨ ਉਪਰੰਤ ਪੁੱਛਗਿੱਛ ਕੀਤੀ ਪਰ ਪੁਲਿਸ ਉਸ ਕੋਲੋਂ ਕੁਝ ਬਰਾਮਦ ਹੋਣ ਦਾ ਖੁਲਾਸਾ ਨਹੀਂ ਕਰਾ ਸਕੀ। ਸਿੱਖ ਜਥੇਬੰਦੀਆਂ ਨੇ ਰਮਨਦੀਪ ਸਿੰਘ ਦੇ ਹੱਕ 'ਚ ਲਗਾਤਾਰ ਕੇਸ ਦੀ ਪੈਰਵੀ ਕੀਤੀ। ਇਨ੍ਹਾਂ ਜਥੇਬੰਦੀਆਂ ਦੇ ਵਕੀਲ ਹਰਪਾਲ ਸਿੰਘ ਖਾਰਾ ਤੇ ਜਸਨਦੀਪ ਸਿੰਘ ਸੰਧੂ ਨੇ ਮਹੀਨਾ ਕੁ ਪਹਿਲਾਂ ਰਮਨਦੀਪ ਸਿੰਘ ਦੀ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ
ਫੋਨ: 510-689-4625



JAGDEV SINGH
Realtor
CalBre #01423409
42820 Albrae, St.,
Fremont, CA 94538

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਗੁਰਦੁਆਰਾ ਕਮਿਸ਼ਨਾਂ ਦੇ ਅਧਿਕਾਰੀ ਤਨਖਾਹਾਂ ਤੋਂ ਵਾਂਝੇ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਗੁਰਦੁਆਰਾ ਚੋਣ ਕਮਿਸ਼ਨ ਅਤੇ ਗੁਰਦੁਆਰਾ ਨਿਆਂਇਕ ਕਮਿਸ਼ਨ ਦੇ ਅਧਿਕਾਰੀ ਦਸ ਮਹੀਨਿਆਂ ਤੋਂ ਤਨਖਾਹ ਦੀ ਉਡੀਕ ਵਿਚ ਹਨ। ਇਕ ਕਮਿਸ਼ਨ ਦਾ ਮੁਖੀ ਬਿਨਾਂ ਤਨਖਾਹ ਲਏ ਇਸ ਸਾਲ ਮਾਰਚ ਮਹੀਨੇ ਸੇਵਾਮੁਕਤ ਵੀ ਹੋ ਗਿਆ ਹੈ। ਹਰਿਆਣਾ ਦੀ ਪਿਛਲੀ ਕਾਂਗਰਸ ਸਰਕਾਰ ਨੇ ਵਿਧਾਨ ਸਭਾ ਵਿਚ ਪਿਛਲੇ ਸਾਲ ਜੁਲਾਈ ਮਹੀਨੇ ਵਿਚ ਬਿੱਲ ਪਾਸ ਕਰ ਕੇ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਦਿੱਤੀ ਸੀ। ਵੱਖਰੀ ਕਮੇਟੀ ਦੇ ਨਾਲ ਹੀ ਹਰਿਆਣਾ ਗੁਰਦੁਆਰਾ ਚੋਣ ਕਮਿਸ਼ਨ ਅਤੇ ਹਰਿਆਣਾ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਬਣਾਇਆ ਸੀ ਤੇ ਇਨ੍ਹਾਂ ਦੇ ਮੁਖੀ ਤੇ ਹੋਰ ਅਧਿਕਾਰੀ ਵੀ ਲਾਏ ਸਨ।

ਹਰਿਆਣਾ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦਾ ਮੁਖੀ ਜਸਟਿਸ ਜ਼ੋਰਾ ਸਿੰਘ ਨੂੰ ਲਾਇਆ ਸੀ ਤੇ ਉਨ੍ਹਾਂ ਦੀ ਇਸ ਸਾਲ 31 ਮਾਰਚ ਨੂੰ 65 ਸਾਲ ਦੀ ਉਮਰ ਹੋਣ ਕਰ ਕੇ ਉਹ ਸੇਵਾਮੁਕਤ ਹੋ ਗਏ ਹਨ। ਉਹ ਆਪਣੇ ਅਹੁਦੇ 'ਤੇ ਸੱਤ ਮਹੀਨੇ ਰਹੇ ਪਰ ਉਨ੍ਹਾਂ ਨੂੰ ਇਕ ਵਾਰ ਵੀ ਤਨਖਾਹ ਨਹੀਂ ਮਿਲੀ। ਉਨ੍ਹਾਂ ਦੇ ਨਾਲ ਕਮਿਸ਼ਨ ਦੇ ਦੋ ਪਾਰਟ ਟਾਈਮ ਮੈਂਬਰ ਬਲਬੀਰ ਸਿੰਘ ਸੇਵਕ ਅਤੇ ਸੁਰਿੰਦਰ ਸਿੰਘ ਮੂਨਕ ਹਨ। ਵੱਖਰੀ ਕਮੇਟੀ ਜੁਲਾਈ ਵਿਚ ਬਣੀ ਸੀ ਤੇ ਕਮਿਸ਼ਨ ਦੇ ਅਧਿਕਾਰੀ ਅਗਸਤ ਮਹੀਨੇ ਵਿਚ ਲਾਏ ਗਏ ਸਨ। ਅਕਤੂਬਰ ਮਹੀਨੇ ਵਿਚ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਸੱਤਾ ਤੋਂ ਲਹਿ ਗਈ ਤੇ ਭਾਰਤੀ ਜਨਤਾ ਪਾਰਟੀ ਸੱਤਾ 'ਤੇ ਕਾਬਜ਼ ਹੋ ਗਈ। ਇਸ ਕਰ ਕੇ ਵੱਖਰੀ ਕਮੇਟੀ ਅਤੇ ਦੋਵਾਂ ਕਮਿਸ਼ਨਾਂ ਦਾ ਕੰਮ ਵੀ ਲਟਕ ਗਿਆ।

ਹਰਿਆਣਾ ਗੁਰਦੁਆਰਾ ਚੋਣ ਕਮਿਸ਼ਨ ਦੇ ਕਮਿਸ਼ਨਰ ਜਸਟਿਸ ਇਕਬਾਲ ਸਿੰਘ ਅਤੇ ਐਡੀਸ਼ਨਲ ਕਮਿਸ਼ਨਰ ਰਣਜੀਤ ਸਿੰਘ ਬਾਠ ਹਨ। ਇਸ ਕਮਿਸ਼ਨ ਦੇ ਕਮਿਸ਼ਨਰ ਨੂੰ ਖੁਦ ਤਾਂ ਤਨਖਾਹ ਮਿਲ ਨਹੀਂ ਰਹੀ ਪਰ ਉਨ੍ਹਾਂ ਨੂੰ ਆਪਣੇ ਕੋਲੋਂ ਆਪਣੀ ਗੱਡੀ ਦੇ ਡਰਾਈਵਰ ਅਤੇ ਇਕ ਚਪੜਾਸੀ ਦੀ ਤਨਖਾਹ ਦੇਣੀ ਪੈ ਰਹੀ ਹੈ। ਇਸ ਕਮਿਸ਼ਨ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਲੀ ਹਲਕਿਆਂ ਦੀ ਵਾਰਡਬੰਦੀ ਕਰਕੇ ਚੋਣਾਂ ਕਰਵਾਉਣੀਆਂ ਹਨ ਪਰ ਮਾਮਲਾ ਸੁਪਰੀਮ ਕੋਰਟ ਵਿਚ ਜਾਣ ਕਰ ਕੇ ਸਰਕਾਰ ਨੇ ਇਸ ਕਮਿਸ਼ਨ ਨੂੰ ਕੋਈ ਕੰਮ ਨਹੀਂ ਦਿੱਤਾ ਹੈ।ਯਾਦ ਰਹੇ ਕਿ ਸੁਪਰੀਮ ਕੋਰਟ ਵਿਚ ਵੱਖਰੀ ਕਮੇਟੀ ਦੇ ਕੇਸ ਦੀ ਸੁਣਵਾਈ ਪਹਿਲਾਂ 11 ਮਈ ਨੂੰ ਹੋਣੀ ਸੀ। ਪਿਛੋਂ ਅਗਲੀ ਤਾਰੀਕ ਜੁਲਾਈ ਦੀ ਪਾ ਦਿੱਤੀ ਗਈ।

## ਪਾਕਿ ਖ਼ੁਫ਼ੀਆ ਅਫ਼ਸਰ ਨੇ ਲਾਦਿਨ ਬਾਰੇ ਦਿੱਤੀ ਸੀ ਸੂਹ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਖ਼ੁਫ਼ੀਆ ਅਧਿਕਾਰੀ ਨੇ ਉਸਾਮਾ ਬਿਨ-ਲਾਦਿਨ ਦੇ ਟਿਕਾਣੇ ਬਾਰੇ ਸੀ.ਆਈ.ਏ. ਨਾਲ ਜਾਣਕਾਰੀ ਸਾਂਝੀ ਕੀਤੀ ਸੀ। ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਇਸ ਅਧਿਕਾਰੀ ਨੇ ਅਲ-ਕਾਇਦਾ ਮੁਖੀ ਦੇ ਸਿਰ 'ਤੇ ਰੱਖੇ ਢਾਈ ਕਰੋੜ ਡਾਲਰ ਦੇ ਲਾਲਚ 'ਚ ਉਸ ਦੇ ਐਬਟਾਬਾਦ ਟਿਕਾਣੇ ਦਾ ਭੇਤ ਖੋਲ੍ਹ ਦਿੱਤਾ ਸੀ।

'ਡਾਅਨ' ਨੇ ਅਮਰੀਕੀ ਖੋਜੀ ਪੱਤਰਕਾਰ ਅਤੇ ਲੇਖਕ ਸੇਅਮੌਰ ਐਮ ਹਰਸ਼ ਦੇ ਹਵਾਲੇ ਨਾਲ ਲਿਖਿਆ ਹੈ, "ਅਗਸਤ 2010 'ਚ ਸਾਬਕਾ ਸੀਨੀਅਰ ਪਾਕਿਸਤਾਨੀ ਖ਼ੁਫ਼ੀਆ ਅਧਿਕਾਰੀ ਨੇ ਜੋਨਾਥਨ ਬੈਂਕ ਕੋਲ ਪਹੁੰਚ ਕੀਤੀ ਸੀ ਜੋ ਸੀ.ਆਈ.ਏ. ਦਾ ਸਥਾਨਕ ਮੁਖੀ ਸੀ ਅਤੇ ਇਸਲਾਮਾਬਾਦ 'ਚ ਅਮਰੀਕੀ ਸਫ਼ਾਰਤਖਾਨੇ 'ਚ ਰਹਿ ਰਿਹਾ ਸੀ। ਉਸ ਨੇ ਇਨਾਮ ਦੇ ਇਵਜ਼ 'ਚ ਲਾਦਿਨ ਦਾ ਪਤਾ ਦੱਸਣ ਬਾਰੇ ਸੀ.ਆਈ.ਏ. ਨੂੰ ਪੇਸ਼ਕਸ਼ ਕੀਤੀ।" ਹਰਸ਼ ਨੇ ਦੱਸਿਆ ਕਿ ਉਹ ਫ਼ੌਜੀ ਸੀ ਅਤੇ ਅੱਜ ਕੱਲ੍ਹ ਉਹ ਵਾਸ਼ਿੰਗਟਨ 'ਚ ਰਹਿ ਕੇ ਸੀ.ਆਈ.ਏ. ਦੇ ਸਲਾਹਕਾਰ ਵਜੋਂ ਕੰਮ ਕਰ ਰਿਹਾ ਹੈ।

## ਕਿਰਪਾਨ ਵਿਵਾਦ: ਹਾਈ ਕੋਰਟ ਵੱਲੋਂ ਹੁਕਮਾਂ 'ਤੇ ਰੋਕ

**ਚੰਡੀਗੜ੍ਹ:** ਅੰਬਾਲਾ ਦੇ ਸੈਸ਼ਨ ਕੋਰਟ ਵੱਲੋਂ ਅੰਮ੍ਰਿਤਧਾਰੀ ਸਿੱਖ ਨੂੰ ਅਦਾਲਤ ਵਿਚ ਕਿਰਪਾਨ ਉਤਾਰ ਕੇ ਆਉਣ ਸਬੰਧੀ ਦਿੱਤੇ ਹੁਕਮਾਂ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਗਾ ਦਿੱਤੀ ਹੈ। ਅੰਬਾਲਾ ਦੇ ਪਿੰਡ ਕੈਂਥ ਮਾਜਰੀ ਦੇ ਵਸਨੀਕ ਦਿਲਾਵਰ ਸਿੰਘ ਨੇ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ ਕਿ ਅੰਬਾਲਾ ਸੈਸ਼ਨ ਜੱਜ ਨੇ ਕਤਲ ਕੇਸ ਵਿਚ ਉਸ ਦੇ ਬਿਆਨ ਇਸ ਲਈ ਦਰਜ ਨਹੀਂ ਕੀਤੇ ਕਿਉਂਕਿ ਉਸ ਨੇ ਕਿਰਪਾਨ ਉਤਾਰ ਕੇ ਅਦਾਲਤ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਸੀ।

ਇਹ ਹੁਕਮ ਜਸਟਿਸ ਅਗਸਟਾਈਨ ਜੌਰਜ ਮਹੀਸ ਨੇ ਹਰਿਆਣਾ ਸਰਕਾਰ ਦੇ ਵਕੀਲ ਵੱਲੋਂ ਪਟੀਸ਼ਨ ਦਾ ਜਵਾਬ ਦੇਣ ਲਈ ਚਾਰ ਹਫ਼ਤਿਆਂ ਦਾ ਸਮਾਂ ਮੰਗੇ ਜਾਣ ਮਗਰੋਂ ਜਾਰੀ ਕੀਤੇ ਹਨ। ਪਟੀਸ਼ਨਰ ਨੇ ਆਪਣੇ ਵਕੀਲ ਨਵਕਿਰਨ ਸਿੰਘ ਰਾਹੀਂ ਦਾਅਵਾ ਕੀਤਾ ਹੈ ਕਿ ਉਹ ਅੰਬਾਲਾ ਸ਼ਹਿਰ ਦੇ ਥਾਣੇ ਵਿਚ ਦਰਜ ਹੋਏ ਕੇਸ ਦਾ ਅਹਿਮ ਗਵਾਹ ਹੈ।

## ਕਿਰਨ ਬੇਦੀ ਵੱਲੋਂ ਸਿਆਸਤ ਤੋਂ ਤੌਬਾ

**ਪਣਜੀ:** ਇਸ ਸਾਲ ਦੇ ਫਰਵਰੀ ਮਹੀਨੇ ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦੇ ਦਾਅਵੇਦਾਰ ਵਜੋਂ ਚੋਣ ਲੜੀ ਸਾਬਕਾ ਆਈ.ਪੀ.ਐਸ. ਅਫ਼ਸਰ ਕਿਰਨ ਬੇਦੀ ਨੇ ਕਿਹਾ ਕਿ ਉਹ ਹੁਣ ਕਦੇ ਵੀ ਕੋਈ ਚੋਣ ਨਹੀਂ ਲੜੇਗੀ। ਬੇਦੀ ਨੇ ਕਿਹਾ ਕਿ ਉਹ ਸਮਾਜ ਸੇਵੀ ਕੰਮਾਂ ਨੂੰ ਹੀ ਤਰਜੀਹ ਦੇਵੇਗੀ। ਉਹ ਇਥੇ ਇਕ ਔਰਤਾਂ ਦੇ ਆਰਥਿਕ ਹਲਾਤ ਬਾਰੇ ਰੱਖੇ ਗਏ ਸਮਾਗਮ ਵਿਚ ਹਿੱਸਾ ਲੈਣ ਪੁੱਜੇ ਸਨ।

## ਖ਼ੁਦਕੁਸ਼ੀ ਕੇਸ: ਪੁਲਿਸ 'ਤੇ ਧਮਕੀਆਂ ਦੇਣ ਦੇ ਦੋਸ਼

**ਚੰਡੀਗੜ੍ਹ:** ਕੇਬਲ ਅਪਰੇਟਰ ਜਸਵਿੰਦਰ ਸਿੰਘ ਜੱਸੀ ਦੀ ਖ਼ੁਦਕੁਸ਼ੀ ਸਬੰਧੀ ਕੇਸ ਦੇ ਗਵਾਹ ਗੁਰਦੇਵ ਸਿੰਘ ਭੁੱਲਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਅਤੇ ਹੋਰਨਾਂ ਨੂੰ ਮੁਲਜ਼ਮਾਂ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜੋ ਗ੍ਰਹਿ ਮੰਤਰੀ ਵੀ ਹਨ, ਦੀ ਕਥਿਤ ਸ਼ਹਿ ਉਤੇ ਉਨ੍ਹਾਂ (ਭੁੱਲਰ) ਨੂੰ ਕੇਸ ਵਿਚ ਝੂਠਾ ਫਸਾਉਣ ਤੋਂ ਰੋਕਿਆ ਜਾਵੇ।

ਮਾਮਲੇ ਨੂੰ ਨਵਾਂ ਮੋੜ ਦਿੰਦਿਆਂ ਸ. ਭੁੱਲਰ ਨੇ ਏ.ਡੀ.ਸੀ.ਪੀ.) ਹਰਜੀਤ ਸਿੰਘ ਬਰਾੜ ਉਤੇ ਉਨ੍ਹਾਂ ਨੂੰ ਕੇਸ ਦੇ ਪੈਰਵੀ ਨਾ ਛੱਡਣ 'ਤੇ ਜਾਨੋਂ ਮਾਰ ਮੁਕਾਉਣ ਦੀ ਧਮਕੀ ਦੇਣ ਦਾ ਦੋਸ਼ ਵੀ ਲਾਇਆ ਹੈ।









# ਇੰਗਲੈਂਡ ਵਿਚ ਕੈਮਰੌਨ ਨੇ ਸਭ ਗਿਣਤੀ-ਮਿਣਤੀ ਉਲਟਾਈ

## ਦੂਜੀ ਵਾਰ ਸੰਭਾਲੀ ਮੁਲਕ ਦੀ ਕਮਾਨ



**ਲੰਡਨ:** ਬਰਤਾਨੀਆ ਦੀਆਂ ਆਮ ਚੋਣਾਂ ਵਿਚ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਨੇ ਸਪਸ਼ਟ ਬਹੁਮਤ ਹਾਸਲ ਕਰਕੇ ਸਿਆਸੀ ਵਿਸ਼ਲੇਸ਼ਕਾਂ, ਚੋਣ ਸਰਵੇਖਣਾਂ ਤੇ ਰਾਇਸ਼ੁਮਾਰੀਆਂ ਦੇ ਉਹ ਸਾਰੇ ਅੰਦਾਜ਼ੇ ਗ਼ਲਤ ਸਾਬਤ ਕਰ ਦਿੱਤੇ ਜਿਨ੍ਹਾਂ ਅਨੁਸਾਰ ਇਸ ਵਾਰ ਕਿਸੇ ਵੀ ਪਾਰਟੀ ਨੂੰ ਬਹੁਮਤ ਮਿਲਣ ਦੀਆਂ ਸੰਭਾਵਨਾਵਾਂ ਨਹੀਂ ਸਨ। 650 ਸੀਟਾਂ ਵਾਲੀ ਬਰਤਾਨਵੀ ਸੰਸਦ ਲਈ ਕੰਜ਼ਰਵੇਟਿਵ ਪਾਰਟੀ ਨੇ 330 ਸੀਟਾਂ ਜਿੱਤ ਕੇ ਜਿਥੇ ਸਪਸ਼ਟ ਬਹੁਮਤ ਹਾਸਲ ਕੀਤਾ, ਉਥੇ ਮੁੱਖ ਵਿਰੋਧੀ ਲੇਬਰ ਪਾਰਟੀ ਸਿਰਫ 232 ਸੀਟਾਂ ਹੀ ਪ੍ਰਾਪਤ ਕਰ ਸਕੀ ਹੈ।

ਗ਼ੌਰਤਲਬ ਹੈ ਕਿ 2010 ਦੀਆਂ ਚੋਣਾਂ ਸਮੇਂ ਇਸ ਨੂੰ 307 ਤੇ ਲੇਬਰ ਪਾਰਟੀ ਨੂੰ 270 ਸੀਟਾਂ ਮਿਲੀਆਂ ਸਨ। ਉਨ੍ਹਾਂ ਚੋਣਾਂ ਵਿਚ ਲਿਬਰਲ ਡੈਮੋਕਰੈਟਿਕ ਪਾਰਟੀ ਨੂੰ 57 ਸੀਟਾਂ ਮਿਲੀਆਂ ਸਨ ਤੇ ਕੰਜ਼ਰਵੇਟਿਵ ਪਾਰਟੀ ਨੇ ਇਸ ਨਾਲ ਰਲ ਕੇ ਸਰਕਾਰ ਬਣਾਈ ਸੀ ਪਰ ਇਸ ਵਾਰ ਲਿਬਰਲ ਡੈਮੋਕਰੈਟਿਕ ਪਾਰਟੀ ਸਿਰਫ ਅੱਠ ਸੀਟਾਂ ਉਤੇ ਹੀ ਸਿਮਟ ਗਈ। ਪਿਛਲੇ ਸਾਲ ਵੱਖਰੇ ਸਕਾਟਲੈਂਡ ਦੇ ਮੁੱਦੇ ਉਤੇ ਕਰਵਾਈ ਗਈ ਰਾਇਸ਼ੁਮਾਰੀ ਵਿਚ ਹਾਰ ਖਾਣ ਵਾਲੀ ਸਕੌਟਿਸ਼ ਨੈਸ਼ਨਲ ਪਾਰਟੀ ਨੇ ਹੁਣ ਇਸ ਖਿੱਤੇ ਦੀਆਂ 59 ਸੀਟਾਂ ਵਿਚੋਂ 56 ਉਤੇ ਕਬਜ਼ਾ ਕਰਕੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ ਹੈ। ਲੇਬਰ ਪਾਰਟੀ ਨੂੰ ਸਭ ਤੋਂ ਵੱਡਾ ਝਟਕਾ ਸਕਾਟਲੈਂਡ ਵਿਚ ਹੀ ਲੱਗਿਆ ਹੈ। ਇਥੋਂ ਉਸ ਨੇ 2010 ਦੀਆਂ ਚੋਣਾਂ ਵਿਚ 41 ਸੀਟਾਂ ਜਿੱਤੀਆਂ ਸਨ ਪਰ ਇਸ ਵਾਰ ਇਸ ਦੇ ਹੱਥ ਨਿਰਾਸ਼ਤਾ ਹੀ ਲੱਗੀ ਹੈ। ਸਕਾਟਲੈਂਡ ਤੋਂ ਇਲਾਵਾ ਲੇਬਰ ਪਾਰਟੀ ਇੰਗਲੈਂਡ ਵਿਚ ਵੀ ਆਪਣਾ ਆਧਾਰ ਮਜ਼ਬੂਤ ਕਰਨ ਵਿਚ ਸਫਲ ਨਹੀਂ ਹੋ ਸਕੀ। ਚੋਣ ਲੜ ਰਹੀਆਂ ਮੁੱਖ ਪਾਰਟੀਆਂ ਤੋਂ ਇਲਾਵਾ ਬਾਕੀ ਪਾਰਟੀਆਂ- ਡੈਮੋਕਰੈਟਿਕ ਯੂਨੀਨਿਸਟ ਨੂੰ ਅੱਠ, ਸਿਨਫੇਨ ਨੂੰ ਚਾਰ, ਵਾਲੇਸ ਤੇ ਸੋਸ਼ਲ ਡੈਮੋਕਰੈਟਿਕ ਲੇਬਰ ਪਾਰਟੀ ਨੂੰ 3-3, ਯੂਨੀਨਿਸਟ ਪਾਰਟੀ ਨੂੰ ਦੋ ਤੇ ਯੂ.ਕੇ. ਇੰਡਿਪੈਂਡੈਂਸ ਤੇ ਗਰੀਨ ਪਾਰਟੀ ਨੂੰ 1-1 ਸੀਟ ਹੀ ਮਿਲੀ ਹੈ।

ਬਰਤਾਨੀਆ ਦੀਆਂ ਚੋਣਾਂ ਵਿਚ ਉਥੋਂ ਦੇ ਮੂਲ ਬਾਸ਼ਿੰਦਿਆਂ ਤੋਂ ਇਲਾਵਾ ਪਰਵਾਸੀ ਵੋਟਰ ਵੀ ਕਾਫੀ ਪ੍ਰਭਾਵੀ ਹੁੰਦੇ ਹਨ। ਪਿਛਲੀ ਪਾਰਲੀਮੈਂਟ ਵਿਚ 11 ਸਿਆਹਫਾਮ ਤੇ 16 ਏਸ਼ਿਆਈ ਮੂਲ ਦੇ ਸੰਸਦ ਮੈਂਬਰ ਸਨ ਜਦੋਂ ਕਿ ਇਸ ਵਾਰ ਵੀ ਇਹ ਗਿਣਤੀ ਸੰਤੁਸ਼ਟੀਜਨਕ ਹੀ ਰਹੀ ਹੈ। ਉਂਝ ਏਸ਼ਿਆਈ ਔਰਤਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ। ਭਾਰਤੀ ਮੂਲ ਦੇ ਵੋਟਰ ਭਾਵੇਂ ਆਮ ਤੌਰ 'ਤੇ ਲੇਬਰ ਪਾਰਟੀ ਨਾਲ ਰਹੇ ਹਨ ਪਰ 10 ਕੁ ਸਾਲਾਂ ਤੋਂ ਉਨ੍ਹਾਂ ਦਾ ਝੁਕਾਅ ਕੰਜ਼ਰਵੇਟਿਵ ਪਾਰਟੀ ਵੱਲ ਹੋਇਆ ਹੈ। ਇਸ ਪਾਰਟੀ ਨੇ ਪਹਿਲੀ ਵਾਰ ਉੱਤਰੀ ਆਇਰਲੈਂਡ ਤੋਂ ਸਿੱਖ ਆਗੂ ਅਮਨਦੀਪ ਸਿੰਘ ਭੋਗਲ ਨੂੰ ਉਮੀਦਵਾਰ ਬਣਾਇਆ,ਪਰ ਉਹ ਜਿੱਤ ਨਹੀਂ ਸਕਿਆ।

### ਭਾਰਤੀ ਮੂਲ ਦੇ 10 ਉਮੀਦਵਾਰ ਜੇਤੂ



*ਪ੍ਰੀਤੀ ਪਟੇਲ*

ਬਰਤਾਨਵੀ ਚੋਣਾਂ ਵਿਚ ਭਾਰਤੀ ਮੂਲ ਦੇ ਰਿਕਾਰਡ 10 ਆਗੂ ਚੋਣ ਜਿੱਤਣ ਵਿਚ ਸਫਲ ਰਹੇ, ਜਿਨ੍ਹਾਂ ਵਿਚ ਦੋ ਪੰਜਾਬੀ ਸ਼ਾਮਲ ਹਨ। ਇਨ੍ਹਾਂ ਵਿਚੋਂ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀ ਕਰੀਬੀ ਪ੍ਰੀਤੀ ਪਟੇਲ ਸਭ ਤੋਂ ਮੁੱਖ ਹੈ ਜੋ ਵਾਈਦਮ ਹਲਕੇ ਤੋਂ ਮੁੜ ਚੁਣੀ ਗਈ। ਉਸ ਨੂੰ ਮੰਤਰੀ ਵੀ ਬਣਾਇਆ ਗਿਆ ਹੈ। ਹਾਕਮ ਪਾਰਟੀ ਵੱਲੋਂ ਇਨਫੋਸਿਸ ਦੇ ਸਹਿ-ਬਾਨੀ ਨਰਾਇਣਾ ਮੂਰਤੀ ਦੇ ਜਵਾਈ ਰਿਸ਼ੀ ਸੂਨਕ (ਰਿਚਮੰਡ ਯੌਰਕਸ), ਅਲੋਕ ਸ਼ਰਮਾ (ਰੀਡਿੰਗ ਵੈਸਟ), ਸੈਲੇਸ਼ ਵਾਰਾ (ਕੈਂਬਰਿਜਸ਼ਾਇਰ ਨੌਰਥ-ਵੈਸਟ), ਸੁਏਲਾ ਫਰਨਾਂਡਿਜ਼ (ਫਰਹਾਮ) ਚੁਣੇ ਗਏ। ਲੇਬਰ ਪਾਰਟੀ ਵੱਲੋਂ ਕੀਥ ਵਾਜ਼ (ਲੈਸਟਰ ਈਸਟ), ਵਰੇਂਦਰ ਸ਼ਰਮਾ (ਈਲਿੰਗ ਸਾਊਥਾਲ), ਵਲੇਰੀ ਵਾਜ਼ (ਵੈਲਸਲ ਸਾਊਥ), ਸੀਮਾ ਮਲਹੋਤਰਾ (ਸਾਊਥ-ਵੈਸਟ ਲੰਡਨ) ਤੇ ਲਿਜ਼ਾ ਨੰਦੀ (ਵਿਗਾਨ) ਜੇਤੂ ਰਹੇ। ਬੀਬੀ ਮਲਹੋਤਰਾ ਤੇ ਵਰੇਂਦਰ ਸ਼ਰਮਾ ਜਲੰਧਰ ਨਾਲ ਸਬੰਧਤ ਹਨ। ਕੰਜ਼ਰਵੇਟਿਵ ਪਾਰਟੀ ਦੇ ਪੌਲ ਉਪਲ ਮਾਮੂਲੀ ਫਰਕ ਨਾਲ ਹਾਰ ਗਏ।

### ਵੱਖਰੇ ਸਕਾਟਲੈਂਡ ਹਮਾਇਤੀਆਂ ਦੇ ਹੌਸਲੇ ਬੁਲੰਦ

ਵੱਖਰੇ ਸਕਾਟਲੈਂਡ ਲਈ ਪਿਛਲੇ ਸਾਲ ਹੋਈ ਰਾਇਸ਼ੁਮਾਰੀ ਵਿਚ ਹਾਰ ਜਾਣ ਵਾਲੀ ਸਕੌਟਿਸ਼ ਨੈਸ਼ਨਲ ਪਾਰਟੀ ਵੱਲੋਂ ਇਨ੍ਹਾਂ ਚੋਣਾਂ ਵਿਚ ਹੂੰਝਾ ਫੇਰ ਜਿੱਤ ਨਾਲ ਇਹ ਮੁੱਦਾ ਮੁੜ ਉਭਰਨ ਦੀ ਸੰਭਾਵਨਾ ਬਣ ਗਈ ਹੈ। ਜ਼ਿਕਰਯੋਗ ਹੈ ਕਿ ਇਸ ਪਾਰਟੀ ਨੇ ਰਾਇਸ਼ੁਮਾਰੀ ਵਿਚ ਹਾਰ ਜਾਣ ਦੇ ਬਾਵਜੂਦ ਆਜ਼ਾਦੀ ਦੀ ਆਪਣੀ ਮੰਗ ਤੋਂ ਕਿਨਾਰਾਕਸ਼ੀ ਨਹੀਂ ਸੀ ਕੀਤੀ। ਹੁਣ ਇਸ ਖੇਤਰ ਦੀਆਂ 59 ਵਿਚੋਂ 56 ਸੀਟਾਂ ਉਤੇ ਕਾਬਜ਼ ਹੋਣ ਬਾਅਦ ਇਹ ਮੁੜ ਦੋ ਸਾਲਾਂ ਬਾਅਦ ਰਾਇਸ਼ੁਮਾਰੀ ਕਰਵਾਉਣ ਦੀ ਮੰਗ ਕਰ ਸਕਦੀ ਹੈ। ਪਿਛਲੇ ਲੰਮੇ ਸਮੇਂ ਤੋਂ ਸਕਾਟਲੈਂਡ ਦੇ ਬਰਤਾਨੀਆ ਤੋਂ ਵੱਖ ਹੋਣ ਦੀ ਗੱਲ ਚਲਦੀ ਰਹੀ ਹੈ। ਪਿਛਲੇ ਸਾਲਾਂ ਵਿਚ ਇਸੇ ਮਸਲੇ ਨੂੰ ਲੈ ਕੇ ਸਕਾਟਲੈਂਡ ਵਿਚ ਰਾਇਸ਼ੁਮਾਰੀ ਵੀ ਕਰਵਾਈ ਗਈ ਸੀ, ਜਿਸ ਵਿਚ ਉਥੋਂ ਦੇ ਬਹੁਤੇ ਨਾਗਰਿਕਾਂ ਨੇ ਬਰਤਾਨੀਆ ਦਾ ਹਿੱਸਾ ਬਣੇ ਰਹਿਣ ਦੀ ਹਮਾਇਤ ਕੀਤੀ ਸੀ ਪਰ ਸਕੌਟਿਸ਼ ਨੈਸ਼ਨਲਿਸਟ ਪਾਰਟੀ ਹਮੇਸ਼ਾ ਸਕਾਟਲੈਂਡ ਦੀ ਆਜ਼ਾਦੀ ਦੀ ਗੱਲ ਕਰਦੀ ਰਹੀ ਹੈ। ਜੇਕਰ ਇਸ ਪਾਰਟੀ ਨੂੰ ਇਸ ਵਾਰ ਹੂੰਝਾ ਫੇਰੂ ਜਿੱਤ ਪ੍ਰਾਪਤ ਹੋਈ ਹੈ ਤਾਂ ਇਹ ਇਸ ਗੱਲ ਦੀ ਨਿਸ਼ਾਨੀ ਜ਼ਰੂਰ ਹੈ ਕਿ ਆਉਂਦੇ ਸਮੇਂ ਵਿਚ ਇਹ ਮਸਲਾ ਕਿਸੇ ਨਾ ਕਿਸੇ ਰੂਪ ਵਿਚ ਦੇਸ਼ ਸਾਹਮਣੇ ਬਣਿਆ ਰਹੇਗਾ।

### ਵੀਹ ਵਰ੍ਹਿਆਂ ਦੀ ਵਿਦਿਆਰਥਣ ਬਣੀ ਸੰਸਦ ਮੈਂਬਰ

**ਲੰਡਨ:** ਸਕੌਟਿਸ਼ ਨੈਸ਼ਨਲ ਪਾਰਟੀ ਦੀ 20 ਵਰ੍ਹਿਆਂ ਦੀ ਵਿਦਿਆਰਥਣ ਮਹਾਰੀ ਬਲੈਕ ਬਰਤਾਨੀਆ ਦੇ 300 ਸਾਲਾਂ ਦੇ ਇਤਿਹਾਸ ਵਿਚ ਸਭ ਤੋਂ ਨੌਜਵਾਨ ਸੰਸਦ ਮੈਂਬਰ ਬਣੀ ਹੈ। ਉਸ ਨੇ ਲੇਬਰ ਪਾਰਟੀ ਦੇ ਉਮੀਦਵਾਰ ਡਗਲਸ ਅਲੈਗਜ਼ੈਂਡਰ (47) ਨੂੰ ਪੈਸਲੇ ਤੇ ਰੇਨਫਰੂਸ਼ਾਇਰ ਦੱਖਣੀ ਸੀਟ ਤੋਂ ਛੇ ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ ਹੈ। ਅਲੈਗਜ਼ੈਂਡਰ ਲੇਬਰ ਪਾਰਟੀ ਦੇ ਵਿਦੇਸ਼ ਮਾਮਲਿਆਂ ਦੇ ਬੁਲਾਰੇ ਤੇ ਪ੍ਰਚਾਰ ਮੁਖੀ ਹਨ। ਲੇਬਰ ਪਾਰਟੀ ਦੇ ਸੀਨੀਅਰ ਆਗੂਆਂ ਵਿਚੋਂ ਇਕ ਮੰਨੇ ਜਾਂਦੇ ਅਲੈਗਜ਼ੈਂਡਰ ਦੀ ਅਜਿਹੀ ਨਮੋਸ਼ੀ ਭਰੀ ਹਾਰ ਉਨ੍ਹਾਂ ਦੇ ਸਿਆਸੀ ਜੀਵਨ ਨੂੰ ਖਤਮ ਕਰ ਸਕਦੀ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਇਕ ਹੋਰ ਹੰਭਲਾ

**ਹੁਸ਼ਿਆਰਪੁਰ:** ਪਿੰਡ ਹਸਨਪੁਰ ਵਿਚ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਉਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੇ ਵਿੱਢੇ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਣ ਲਈ ਪੰਥਕ ਤੇ ਸਿਆਸੀ ਜਥੇਬੰਦੀਆਂ ਨੇ ਇਕ ਮੰਚ ਉਤੇ ਇਕੱਠੇ ਹੋਣ ਲਈ ਸੱਦਾ ਦਿੱਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਰੋਜ਼ ਤਿਲ-ਤਿਲ ਕਰਕੇ ਮਰਨ ਨਾਲੋਂ ਇਕ ਦਿਨ ਮਰਨ ਨੂੰ ਤਰਜੀਹ ਦਿਓ ਤੇ ਇਸ ਤਰ੍ਹਾਂ ਦੇ ਸਮਾਗਮਾਂ ਨਾਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਦਾ ਘਿਰਾਓ ਕਰਕੇ ਸੰਘਰਸ਼ ਕਰੋ ਤਾਂ ਹੀ ਕੁਝ ਬਣ ਸਕਦਾ ਹੈ। ਉਨ੍ਹਾਂ ਅਗਾਮੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਇਕੱਠੇ ਹੋ ਕੇ ਲੜਨ ਦਾ ਸੁਨੇਹਾ ਦਿੱਤਾ। ਅਕਾਲ ਤਖਤ ਦੇ ਸਾਬਕਾ ਜਥੇਦਾਰ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਉਹ 1982 ਤੋਂ ਬਾਦਲ ਨਾਲ ਚੱਲਦੇ ਆ ਰਿਹਾ ਹਨ, ਉਹ ਚਾਰ ਵਾਰ ਸੱਤਾ ਵਿਚ ਆਏ ਹਨ ਪਰ ਜਦ ਆਪ ਸੱਤਾ ਵਿਚ ਹੁੰਦੇ ਹਨ ਉਦੋਂ ਚੰਡੀਗੜ੍ਹ ਤੇ ਪਾਣੀਆਂ ਦਾ ਮੁੱਦਾ ਨਹੀਂ ਚੁੱਕਦੇ। ਪੰਥਕ ਸੇਵਾ ਲਹਿਰ ਦੇ ਆਗੂ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਪੰਥਕ ਦਰਦੀਆਂ ਨੂੰ ਇਕਮੁੱਠ ਹੋਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੰਥਕ ਤੇ ਸਿਆਸੀ ਜਥੇਬੰਦੀਆਂ ਨੇ 11 ਮੈਂਬਰੀ ਐਕਸ਼ਨ ਕਮੇਟੀ ਦਾ ਗਠਨ ਕੀਤਾ ਜੋ ਕਿ 14 ਮਈ ਨੂੰ ਸਿੰਘਾਂ ਦੀ ਰਿਹਾਈ ਲਈ ਆਪਣੀ ਗ੍ਰਿਫਤਾਰੀ ਦੇਵੇਗੀ, 15 ਮਈ ਨੂੰ ਜੇਲ੍ਹਾਂ ਵਿਚ ਬੰਦ ਸਿੰਘਾਂ ਨਾਲ ਮੁਲਾਕਾਤ ਕਰੇਗੀ।

## ਸ਼ਸ਼ੀ ਕਪੂਰ ਫਾਲਕੇ ਪੁਰਸਕਾਰ ਨਾਲ ਸਨਮਾਨਤ

**ਮੁੰਬਈ:** ਅਨੁਭਵੀ ਅਭਿਨੇਤਾ-ਫਿਲਮ ਨਿਰਮਾਤਾ ਸ਼ਸ਼ੀ ਕਪੂਰ (77) ਨੂੰ ਦਾਦਾਸਾਹਿਬ ਫਾਲਕੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼ਸ਼ੀ ਕਪੂਰ ਸਿਹਤ ਠੀਕ ਨਾ ਹੋਣ ਕਾਰਨ ਤਿੰਨ ਮਈ ਨੂੰ ਰਾਸ਼ਟਰੀ ਫਿਲਮ ਪੁਰਸਕਾਰ ਸਮਾਗਮ ਵਿਚ ਸ਼ਾਮਲ ਹੋਣ ਦਿੱਲੀ ਨਹੀਂ ਜਾ ਸਕੇ ਸਨ, ਇਸ ਲਈ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਮੁੰਬਈ ਆ ਕੇ ਉਨ੍ਹਾਂ ਨੂੰ ਪੁਰਸਕਾਰ ਪ੍ਰਦਾਨ ਕੀਤਾ। ਜੇਤਲੀ ਨੇ ਉਨ੍ਹਾਂ ਨੂੰ ਪ੍ਰਸੰਸਾ ਪੱਤਰ, ਸ਼ਾਲ, ਤਗਮਾ ਅਤੇ ਚੈੱਕ ਭੇਟ ਕੀਤਾ।

ਸ਼ਸ਼ੀ ਕਪੂਰ ਵੀਲਚੇਅਰ ਉਤੇ ਬੈਠ ਕੇ ਮੰਚ 'ਤੇ ਆਏ ਤੇ ਉਨ੍ਹਾਂ ਪੁਰਸਕਾਰ ਲੈਣ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਧੰਨਵਾਦ ਕੀਤਾ। ਸਿਨੇਮਾ ਜਗਤ ਦੇ ਕਪੂਰ ਖਾਨਦਾਨ ਲਈ ਇਹ ਤੀਸਰਾ ਦਾਦਾਸਾਹਿਬ ਫਾਲਕੇ ਪੁਰਸਕਾਰ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਪ੍ਰਿਥਵੀ ਰਾਜ ਕਪੂਰ ਤੇ ਭਰਾ ਰਾਜ ਕਪੂਰ ਇਹ ਸਨਮਾਨ ਹਾਸਲ ਕਰ ਚੁੱਕੇ ਹਨ। ਸਮਾਗਮ ਵਿਚ ਕਪੂਰ ਖਾਨਦਾਨ ਦੇ ਮੈਂਬਰਾਂ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਅਮਿਤਾਭ ਬਚਨ ਤੇ ਉਨ੍ਹਾਂ ਦੇ ਬੇਟੇ ਅਭਿਸ਼ੇਕ ਬਚਨ ਵੀ ਮੌਜੂਦ ਸਨ, ਜਿਨ੍ਹਾਂ ਨੇ ਸ਼ਸ਼ੀ ਕਪੂਰ ਨੂੰ ਇਹ ਪੁਰਸਕਾਰ ਮਿਲਣ ਉਤੇ ਖੁਸ਼ੀ ਪ੍ਰਗਟ ਕੀਤੀ।

ਸਮਾਗਮ ਵਿਚ ਸ਼ਸ਼ੀ ਕਪੂਰ ਦੇ ਕੈਰੀਅਰ ਤੇ ਨਿੱਜੀ ਜੀਵਨ ਯਾਤਰਾ ਉਤੇ ਬਣਾਈ ਇਕ ਵਿਸ਼ੇਸ਼ ਵੀਡੀਓ ਵੀ ਦਿਖਾਈ ਗਈ।



# ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਲਈ ਲੋਕਾਂ ਦੀਆਂ ਵਹੀਰਾਂ

**ਪਟਿਆਲਾ:** ਇਥੋਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਤੋਂ ਖਾਲਸਾਈ ਜਾਹੋ-ਜਲਾਲ ਨਾਲ ਅਰੰਭ ਹੋਈ ਗੁਰੂ ਸਾਹਿਬਾਨ ਦੀਆਂ ਦੁਰਲੱਭ ਨਿਸ਼ਾਨੀਆਂ ਦੀ ਪਵਿੱਤਰ ਯਾਤਰਾ ਨੂੰ ਪੰਜਾਬ ਭਰ ਵਿਚ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਯਾਤਰਾ 15 ਦਿਨ ਪੂਰੇ ਪੰਜਾਬ ਵਿਚੋਂ ਲੰਘੇਗੀ, ਜਿਥੇ ਸੰਗਤ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਕਰੇਗੀ। ਇਸ ਯਾਤਰਾ ਦਾ ਪ੍ਰਬੰਧ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਉਤੇ ਕੀਤਾ ਗਿਆ ਹੈ।

ਇਹ ਯਾਤਰਾ ਪਟਿਆਲਾ ਤੋਂ ਆਰੰਭ ਹੋ ਕੇ ਨਾਭਾ, ਭਵਾਨੀਗੜ੍ਹ ਤੇ ਸੰਗਰੂਰ ਰਾਹੀਂ ਜਾਏਗੀ ਤੇ ਇਸ ਦਾ ਪਹਿਲਾ ਪੜਾਅ ਬਰਨਾਲਾ ਹੋਵੇਗਾ। 20 ਮਈ ਨੂੰ ਯਾਤਰਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਪਨ ਹੋਵੇਗੀ। ਇਨ੍ਹਾਂ ਦੁਰਲੱਭ ਨਿਸ਼ਾਨੀਆਂ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ 46 ਇੰਚ ਲੰਬੀ ਕਿਰਪਾਨ ਤੇ 22 ਇੰਚ ਲੰਮਾ ਕੋਰੜਾ ਸ਼ਾਮਲ ਹੈ। ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਇਕ ਸਿਰੀ ਸਾਹਿਬ ਹੈ। ਦਸਵੇਂ ਪਾਤਸ਼ਾਹ ਨਾਲ ਸਬੰਧਤ 10 ਨਿਸ਼ਾਨੀਆਂ ਇਸ ਯਾਤਰਾ ਦੀ ਸ਼ੋਭਾ ਵਧਾਉਣਗੀਆਂ। ਇਨ੍ਹਾਂ ਵਿਚ ਤਿੰਨ ਕਿਰਪਾਨਾਂ, ਚੋਲਾ ਸਾਹਿਬ, ਹੱਥ ਲਿਖਤ ਬਾਣੀ, ਕੇਸ, ਕੰਘਾ ਤੇ ਦਸਤਾਰ, 20 ਇੰਚ ਲੰਮਾ ਲੋਹੇ ਦਾ ਤੀਰ, ਸਾਢੇ ਤਿੰਨ ਇੰਚ ਲੰਬੀ ਸਿਰੀ ਸਾਹਿਬ, ਲੱਕੜ ਦੇ ਦਸਤੇ ਵਾਲਾ 30 ਇੰਚ ਲੰਮਾ ਬਰਛਾ ਤੇ ਪੰਜ ਤੀਰ ਸ਼ਾਮਲ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਹੱਥ ਲਿਖਤ ਬਾਣੀ ਵੀ ਪਾਵਨ ਨਿਸ਼ਾਨੀਆਂ ਵਿਚ ਸ਼ਾਮਲ ਹੈ। ਯਾਤਰਾ ਦੀ ਸ਼ੁਰੂਆਤ ਮੌਕੇ ਕਰਵਾਏ ਗਏ ਸਮਾਗਮ ਵਿਚ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਪਵਿੱਤਰ ਯਾਤਰਾ ਵੀ ਸਿੱਖ ਵਿਰਸੇ ਦੇ ਪ੍ਰਚਾਰ ਤੇ ਪ੍ਰਸਾਰ ਦੀ ਲੜੀ ਦਾ ਹੀ ਇਕ ਹਿੱਸਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਯਾਤਰਾ ਨੂੰ ਰਾਜਸਥਾਨ, ਹਰਿਆਣਾ ਤੇ ਦਿੱਲੀ ਵਿਚ ਵੀ ਲਿਜਾਇਆ ਜਾਵੇ ਤਾਂ ਕਿ ਉਥੋਂ ਦੀ ਸੰਗਤ ਵੀ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਕਰ ਸਕੇ।



### ਹਰਿਆਣਾ ਤੇ ਰਾਜਸਥਾਨ ਦੀ ਸੰਗਤ ਵੀ ਕਰ ਸਕੇਗੀ ਦਰਸ਼ਨ

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਕਿ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਲਈ ਪਟਿਆਲਾ ਤੋਂ ਆਰੰਭ ਹੋਏ ਦਰਸ਼ਨ ਦੀਦਾਰ ਨਗਰ ਕੀਰਤਨ ਦੀ ਸ੍ਰੀ ਆਨੰਦਪੁਰ ਸਾਹਿਬ ਦੀ 350 ਸਾਲਾ ਸ਼ਤਾਬਦੀ ਉਤੇ ਪਹੁੰਚ ਹੋਣ ਮਗਰੋਂ ਇਸ ਨੂੰ ਅਗਲੇ ਪੜਾਅ ਵਜੋਂ ਹਰਿਆਣਾ ਤੇ ਰਾਜਸਥਾਨ ਦੀ ਸੰਗਤ ਲਈ ਵੀ ਰਵਾਨਾ ਕੀਤਾ ਜਾਵੇਗਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਬੁੱਢਾ ਦਲ ਦੇ ਇਤਿਹਾਸ 'ਤੇ ਚਾਨਣਾ ਪਾਇਆ ਤੇ ਸੰਗਤ ਨੂੰ ਆਨੰਦਪੁਰ ਸਾਹਿਬ ਦੇ 350 ਸਾਲਾ ਸ਼ਤਾਬਦੀ ਜਸ਼ਨਾਂ ਵਿਚ ਵਧ ਚੜ੍ਹ ਕੇ ਪੁੱਜਣ ਦਾ ਸੱਦਾ ਦਿੱਤਾ।

### ਤੋਸ਼ੇਖਾਨੇ ਵਾਲੀਆਂ ਨਿਸ਼ਾਨੀਆਂ ਬਾਰੇ ਕੋਈ ਯੋਜਨਾ ਨਹੀਂ

**ਅੰਮ੍ਰਿਤਸਰ:** ਗੁਰੂ ਸਾਹਿਬਾਨ ਦੇ ਸ਼ਸਤਰਾਂ ਤੇ ਵਸਤਰਾਂ ਸਮੇਤ ਹੋਰ ਨਿਸ਼ਾਨੀਆਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਧਾਰਮਿਕ ਦਰਸ਼ਨ ਯਾਤਰਾ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਪਰ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ਾਖਾਨਾ ਦੇ ਅਮੁੱਲੇ ਖਜ਼ਾਨੇ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਦੀ ਯੋਜਨਾ ਫਿਲਹਾਲ ਲਟਕਦੀ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿਚ ਗੁਰੂ ਸਾਹਿਬ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਨਾਲ ਸਬੰਧਤ ਕਈ ਅਹਿਮ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੇ ਦਰਸ਼ਨ ਸਿੱਖ ਸੰਗਤਾਂ ਨੂੰ ਸਾਲ ਵਿਚ ਸਿਰਫ ਛੇ ਵਾਰ ਛੇ ਗੁਰਪੁਰਬਾਂ ਮੌਕੇ ਲਾਏ ਜਾਣ ਵਾਲੇ ਜਲੌਅ ਸਮੇਂ ਹੀ ਹੁੰਦੇ ਹਨ। ਇਹ ਜਲੌਅ ਛੇ ਗੁਰਪੁਰਬਾਂ ਸਮੇਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਵਿਖੇ ਅਤੇ ਗੁਰਦੁਆਰਾ ਸ੍ਰੀ ਅਟਲ ਰਾਏ ਵਿਖੇ ਲਾਏ ਜਾਂਦੇ ਹਨ। ਇਹ ਜਲੌਅ ਵੀ ਕੁਝ ਘੰਟਿਆਂ ਲਈ ਲਗਦਾ ਹੈ, ਜਿਸ ਦੌਰਾਨ ਤੋਸ਼ੇਖਾਨੇ ਵਿਚ ਰੱਖਿਆ ਅਹਿਮ ਖਜ਼ਾਨਾ ਸੰਗਤਾਂ ਦੇ ਦਰਸ਼ਨਾਂ ਲਈ ਤਿੰਨ ਥਾਵਾਂ ਉਤੇ ਸੁਸ਼ੋਭਿਤ ਕੀਤਾ ਜਾਂਦਾ ਹੈ। ਸੰਗਤਾਂ ਦੀ ਭਾਰੀ ਮੰਗ ਹੈ ਕਿ ਤੋਸ਼ੇਖਾਨੇ ਵਿਚ ਰੱਖੀਆਂ ਇਨ੍ਹਾਂ ਅਹਿਮ ਨਿਸ਼ਾਨੀਆਂ ਦੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਾਏ ਜਾਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਇਹ ਯੋਜਨਾ ਠੰਢੇ ਬਸਤੇ ਵਿਚ ਨਹੀਂ ਸਗੋਂ ਵਿਚਾਰ ਅਧੀਨ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਯੋਜਨਾ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

# ਸਿੱਖਿਆ ਬਾਰੇ ਸਰਕਾਰ ਦੀ ਡੰਗ ਟਪਾਊ ਨੀਤੀ ਨੇ ਦਮ ਤੋੜਿਆ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਿਰਫ਼ ਪ੍ਰਾਇਮਰੀ ਸਕੂਲਾਂ ਵਿਚ ਹੀ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ 10 ਤੋਂ 12 ਫ਼ੀਸਦੀ ਦੀ ਕਮੀ ਆਈ ਹੈ। ਸੂਬੇ ਦੇ 247 ਪ੍ਰਾਇਮਰੀ ਸਕੂਲ ਅਜਿਹੀ ਸਥਿਤੀ ਵਿਚ ਪਹੁੰਚ ਗਏ ਹਨ, ਜਿਥੇ ਵਿਦਿਆਰਥੀਆਂ ਦੀ ਗਿਣਤੀ 10 ਤੋਂ ਵੀ ਘੱਟ ਰਹਿ ਗਈ ਹੈ।

ਸੂਬਾ ਸਰਕਾਰ ਪ੍ਰਾਇਮਰੀ ਸਿੱਖਿਆ ਵਿਚ ਪੜ੍ਹਾਈ ਦੇ ਡਿੱਗ ਰਹੇ ਮਿਆਰ ਬਾਰੇ ਚਿੰਤਨ ਕਰਨ ਦੀ ਬਜਾਏ ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਦੇ ਰਾਹ ਪੈਣ ਦੀ ਤਿਆਰੀ ਕਰ ਰਹੀ ਹੈ। ਸਿੱਖਿਆ ਮਹਿਕਮੇ ਦੇ ਦਸਤਾਵੇਜ਼ ਇਸ ਤੱਥ ਦੀ ਗਵਾਹੀ ਭਰਦੇ ਹਨ ਕਿ ਚਾਲੂ ਵਿੱਦਿਅਕ ਸਾਲ 2014-15 ਵਿਚ ਕਈ ਸਰਕਾਰੀ ਸਕੂਲਾਂ ਦੀ ਦਾਖਲਾ ਦਰ ਵਿਚ ਪਿਛਲੇ ਵਰ੍ਹੇ ਦੇ ਮੁਕਾਬਲੇ ਹੈਰਾਨੀਜਨਕ ਕਟੌਤੀ ਦਰਜ ਕੀਤੀ ਹੈ। ਇਹੀ ਨਹੀਂ, ਸਰਕਾਰੀ ਦਸਤਾਵੇਜ਼ਾਂ ਵਿਚ ਇਹ ਵੀ ਨਸ਼ਰ ਹੋਇਆ ਹੈ ਕਿ ਕਈ ਸਕੂਲਾਂ ਨੇ ਸਰਕਾਰ ਨੂੰ ਦਾਖਲਿਆਂ ਬਾਰੇ ਵਧਾ ਚੜ੍ਹਾ ਕੇ ਅੰਕੜੇ ਪੇਸ਼ ਕਰ ਦਿੱਤੇ ਪਰ ਜਦੋਂ ਸਰਕਾਰੀ ਅਧਿਆਪਕਾਂ ਵੱਲੋਂ ਦੋ ਵੱਖ-ਵੱਖ ਮੌਕਿਆਂ 'ਤੇ ਪੇਸ਼ ਕੀਤੀਆਂ ਦਾਖਲਾ ਸੰਖਿਆਵਾਂ ਦੇ ਦਸਤਾਵੇਜ਼ਾਂ ਨੂੰ ਮਿਲਾ ਕੇ ਵੇਖਿਆ ਗਿਆ ਤਾਂ ਵੱਡੀ ਬੇਨਿਯਮੀ ਸਾਹਮਣੇ ਆਈ।

ਦਸਤਾਵੇਜ਼ਾਂ ਵਿਚ ਬਠਿੰਡਾ, ਮਾਨਸਾ ਤੇ ਜਲੰਧਰ ਜ਼ਿਲ੍ਹਿਆਂ ਦੇ ਅੰਕੜਿਆਂ ਦਾ ਜ਼ਿਕਰ ਕੀਤਾ ਹੈ। ਬਠਿੰਡੇ ਵਿਚ ਤਕਰੀਬਨ 50 ਅਜਿਹੇ ਸਕੂਲ ਦਰਸਾਏ ਹਨ, ਜਿਥੇ ਪਿਛਲੇ ਵਰ੍ਹੇ ਦੇ ਮੁਕਾਬਲੇ ਇਸ ਵਰ੍ਹੇ ਬੱਚਿਆਂ ਦੀ ਗਿਣਤੀ ਪ੍ਰਤੀ ਸਕੂਲ 20 ਤੋਂ 350 ਤੱਕ ਘਟੀ ਹੈ। ਸਿੱਖਿਆ ਅਫ਼ਸਰਸ਼ਾਹੀ ਇਸ ਘਾਟੇ ਦੇ ਕਾਰਨ ਲੱਭ ਰਹੀ ਹੈ। ਜ਼ਿਲ੍ਹਾ ਸੰਗਰੂਰ ਵਿਚ ਤਕਰੀਬਨ 667 ਪ੍ਰਾਇਮਰੀ ਸਕੂਲ ਹਨ। 2014-15 ਵਿਚ ਜ਼ਿਲ੍ਹੇ ਦੇ ਇਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ 63846 ਸੀ ਪਰ ਇਸ ਵਾਰ ਇਹ 12 ਫ਼ੀਸਦੀ ਘੱਟ ਕੇ 56000 ਰਹਿ ਗਈ ਹੈ। ਜ਼ਿਲ੍ਹੇ ਵਿਚ 42 ਸਕੂਲਾਂ ਦਾ ਤਾਂ ਇਹ ਹਾਲ ਹੈ ਕਿ ਉਥੇ ਬੱਚਿਆਂ ਦੀ ਗਿਣਤੀ 20 ਤੱਕ ਹੀ ਸਿਮਟ ਗਈ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਦਾ ਪਾਣੀ ਪੀਣਯੋਗ ਨਹੀਂ ਹੈ। ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੰਨਿਆ ਹੈ ਕਿ ਸੂਬੇ ਭਰ ਵਿਚ 13,182 ਪ੍ਰਾਇਮਰੀ ਸਕੂਲਾਂ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਵਿਚੋਂ 2035 ਤੇ ਅੱਪਰ ਪ੍ਰਾਇਮਰੀ ਸਕੂਲਾਂ ਦੇ 6487 ਨਮੂਨਿਆਂ ਵਿਚੋਂ 887 ਨਾਕਸ ਸਾਬਤ ਹੋਏ ਹਨ।

ਸੂਬੇ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲਾਂ ਵਿਚ ਹਿਸਾਬ ਤੇ ਅੰਗਰੇਜ਼ੀ ਦੇ ਗਿਆਨ ਦਾ ਪੱਧਰ ਬਹੁਤ ਨੀਵਾਂ ਦਰਜ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਬਹੁਤੇ ਬੱਚੇ ਹਿਸਾਬ ਦੇ ਸਾਧਾਰਨ ਸੁਆਲ ਹੱਲ ਕਰਨ ਤੇ ਅੰਗਰੇਜ਼ੀ ਦੇ ਸੌਖੇ ਸ਼ਬਦ/ਵਾਕ ਪੜ੍ਹਨ ਤੋਂ ਹੱਥ ਖੜ੍ਹੇ ਕਰ ਗਏ।

ਹਾਲਾਤ ਇਹ ਬਣ ਗਏ ਹਨ ਕਿ ਥੋੜ੍ਹਾ ਬਹੁਤ ਸਮਰੱਥ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ ਪੜ੍ਹਾਉਣ ਨੂੰ ਤਰਜ਼ੀਹ ਦਿੰਦਾ ਹੈ। ਇਸ ਦਾ ਵੱਡਾ ਕਾਰਨ ਸਰਕਾਰੀ ਸਕੂਲਾਂ ਦੀ ਸਿੱਖਿਆ ਵਿਚ ਆਇਆ ਨਿਘਾਰ ਹੈ। ਵੱਡੀ ਗਿਣਤੀ ਵਿਚ ਅਧਿਆਪਕ ਜਿਹੜੇ ਆਪਣੇ ਕਿੱਤੇ ਲਈ ਪ੍ਰਤੀਬੱਧ ਵੀ ਹਨ, ਉਹ ਵੀ ਸਿਰਜੇ ਗਏ ਮਾਹੌਲ ਵਿਚ ਬਹੁਤ ਕੁਝ ਕਰਨ ਦੇ ਸਮਰੱਥ ਨਹੀਂ ਰਹੇ। ਬੇਸ਼ੱਕ ਸਕੂਲਾਂ ਵਿਚ ਕੰਪਿਊਟਰ ਲੈਬਜ਼, ਐਜੂਸੈਟ ਲਾਇਬ੍ਰੇਰੀਆਂ ਆਦਿ ਨਵੀਂ ਤਕਨਾਲੋਜੀ ਉਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਸਾਧਨਾਂ ਦਾ ਲਾਭ ਤਾਂ ਹੀ ਹੋਵੇਗਾ ਜੇਕਰ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਉੱਚਾ ਹੋਵੇਗਾ।

ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਆਲਮ ਇਹ ਹੈ ਕਿ ਬੱਚਿਆਂ ਲਈ ਕਦੇ ਅੰਗਰੇਜ਼ੀ, ਵਿਗਿਆਨ ਤੇ ਗਣਿਤ ਹਊਆ ਸਮਝੇ ਜਾਂਦੇ ਸਨ ਪਰ ਅੱਜ 8ਵੀਂ ਤੱਕ ਦੇ ਬਹੁਤੇ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਲਿਖਣ-ਪੜ੍ਹਨ ਦਾ ਵੀ ਸਹੀ ਗਿਆਨ ਨਹੀਂ ਹੁੰਦਾ। ਬਚੀ-ਖੁਚੀ ਕਸਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਨੇ ਕੱਢ ਦਿੱਤੀ ਹੈ, ਜਿਸ ਤਹਿਤ 8ਵੀਂ ਜਮਾਤ ਦੇ ਕਿਸੇ ਵੀ ਵਿਦਿਆਰਥੀ ਨੂੰ ਫ਼ੇਲ੍ਹ ਨਹੀਂ ਕੀਤਾ ਜਾਵੇਗਾ ਤੇ ਨਾ ਹੀ ਗੈਰ-ਹਾਜ਼ਰੀ ਕਾਰਨ ਸਕੂਲੋਂ ਨਾਂ ਕੱਟਿਆ ਜਾਵੇਗਾ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਵਿਦਿਆਰਥੀਆਂ ਵਿਚ ਅਨੁਸ਼ਾਸਨਹੀਣਤਾ ਦੀ ਭਾਵਨਾ ਵਧੀ ਹੈ ਤੇ ਉਹ ਮਿਆਰੀ ਸਿੱਖਿਆ ਤੋਂ ਵਾਂਝੇ ਹੋ ਰਹੇ ਹਨ।

## 232 ਵਿਦਿਆਰਥੀਆਂ ਲਈ ਇਕ ਅਧਿਆਪਕ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਦੇ ਪਿੰਡ ਬਾਮ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਵਿਚ 232 ਵਿਦਿਆਰਥੀਆਂ ਨੂੰ ਸਿਰਫ ਇਕ ਅਧਿਆਪਕ ਪੜ੍ਹਾ ਰਿਹਾ ਹੈ। ਸਕੂਲ ਵਿਚ ਮੁੱਖ ਅਧਿਆਪਕ ਤੇ ਨੌਂ ਅਧਿਆਪਕਾਂ ਦੀਆਂ ਅਸਾਮੀਆਂ ਹਨ ਪਰ ਇਸ ਵੇਲੇ ਸਿਰਫ ਇਕ ਹੀ ਸਥਾਈ ਅਧਿਆਪਕ ਮੌਜੂਦ ਹੈ। ਬਾਕੀ ਮੁੱਖ ਅਧਿਆਪਕ ਸਣੇ ਅੱਠ ਪੋਸਟਾਂ ਖਾਲ੍ਹੀ ਹਨ। ਸਕੂਲ ਦੀ ਇਮਾਰਤ ਦੀ ਹਾਲਤ ਖਸਤਾ ਹੈ। ਸਕੂਲ ਵਿਚ ਕੰਪਿਊਟਰ ਲੈਬ ਨਹੀਂ ਹੈ। ਦੂਜੇ ਪਾਸੇ ਲਾਇਬਰੇਰੀ ਵਿਚ ਨਾ ਕੋਈ ਪੁਸਤਕ ਹੈ ਤੇ ਨਾ ਹੀ ਲਾਇਬ੍ਰੇਰੀਅਨ ਦੀ ਅਸਾਮੀ ਹੈ। ਸਕੂਲ ਦਾ ਸਾਰਾ ਫਰਸ਼ ਕੱਚਾ ਹੈ, ਜਿਸ ਕਾਰਨ ਦਿਨ ਭਰ ਧੂੜ ਉਡਦੀ ਰਹਿੰਦੀ ਹੈ। ਸਕੂਲ ਵਿਚ ਵਿਦਿਆਰਥੀਆਂ ਵਾਸਤੇ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ।

## ਸੈਕੰਡਰੀ ਸਿੱਖਿਆ ਵਿਭਾਗ ਵਿਚ 31% ਅਸਾਮੀਆਂ ਖਾਲੀ

ਵਿਦਿਆ ਦਾ ਚਾਨਣ ਫੈਲਾਉਣ ਵਾਲਾ ਪੰਜਾਬ ਦਾ ਸੈਕੰਡਰੀ ਸਿੱਖਿਆ ਵਿਭਾਗ ਪਹਿਲਾਂ ਹੀ ਹਜ਼ਾਰਾਂ ਖਾਲੀ ਅਸਾਮੀਆਂ ਦੇ ਹਨੇਰੇ ਵਿਚ ਡੁੱਬਿਆ ਪਿਆ ਹੈ। ਸੈਕੰਡਰੀ ਸਿੱਖਿਆ ਦੀਆਂ 75,050 ਮਨਜ਼ੂਰਸ਼ੁਦਾ ਗੈਰ-ਯੋਜਨਾ ਆਰਜ਼ੀ ਅਸਾਮੀਆਂ ਵਿਚੋਂ 22,916 ਅਸਾਮੀਆਂ ਪਿਛਲੇ ਲੰਮੇ ਸਮੇਂ ਤੋਂ ਖਾਲੀ ਹਨ। ਇਸੇ ਤਰ੍ਹਾਂ ਸੈਕੰਡਰੀ ਸਿੱਖਿਆ ਵਿਭਾਗ ਵਿਚ 31 ਫੀਸਦੀ ਅਸਾਮੀਆਂ ਖਾਲੀ ਹਨ। ਸਿੱਖਿਆ ਵਿਭਾਗ ਟੀਚਿੰਗ ਤੇ ਨਾਨ ਟੀਚਿੰਗ ਦੀਆਂ ਕੁੱਲ 75,050 ਅਸਾਮੀਆਂ ਦੀ ਥਾਂ 52,134 ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਹੀ ਬੁੱਤਾ ਸਾਰ ਰਿਹਾ ਹੈ। ਲੇਖਾ ਮੱਦ 2202-ਜਨਰਲ ਸਿੱਖਿਆ-02-ਸੈਕੰਡਰੀ ਸਿੱਖਿਆ-109 ਦੀਆਂ ਗੈਰ-ਯੋਜਨਾ ਮਨਜ਼ੂਰਸ਼ੁਦਾ 74,660 ਅਸਾਮੀਆਂ ਵਿਚੋਂ 22,756 ਅਸਾਮੀਆਂ ਖਾਲੀ ਹਨ। ਹੈੱਡਮਾਸਟਰਾਂ ਦੀਆਂ ਕੁੱਲ 1247 ਅਸਾਮੀਆਂ ਵਿਚੋਂ 716 ਅਸਾਮੀਆਂ ਖਾਲੀ ਪਈਆਂ ਹਨ। ਇਸ ਤਰ੍ਹਾਂ ਸਰਕਾਰ ਸੈਕੰਡਰੀ ਸਿੱਖਿਆ ਨੂੰ ਹੈੱਡਮਾਸਟਰਾਂ ਦੀਆਂ 57 ਫੀਸਦੀ ਖਾਲੀ ਅਸਾਮੀਆਂ ਨਾਲ ਹੀ ਰੇੜ੍ਹ ਰਹੀ ਹੈ।

# ਪਿਕਨਿਕ 16 ਮਈ ਅਤੇ ਓਪਨ ਕਬੱਡੀ ਟੂਰਨਾਮੈਂਟ 17 ਮਈ ਨੂੰ

**ਫਰਿਜ਼ਨੋ (ਬਿਊਰੋ):** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ-ਕਰਮਨ ਵਲੋਂ ਇਕ ਪਰਿਵਾਰਕ ਪਿਕਨਿਕ 16 ਮਈ ਨੂੰ ਅਤੇ ਉਪਨ ਕਬੱਡੀ ਟੂਰਨਾਮੈਂਟ 17 ਮਈ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਕਲੱਬ ਦੀ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਹ ਦੋ ਰੋਜ਼ਾ ਮੇਲਾ ਸਨਵਾਕੀਨ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਇਆ ਜਾਵੇਗਾ ਜੋ ਗੁਰਦੁਆਰਾ ਸਾਹਿਬ ਦੇ ਬਿਲਕੁਲ ਲਾਗੇ ਹੈ।

ਜਾਰੀ ਬਿਆਨ ਅਨੁਸਾਰ 16 ਮਈ ਨੂੰ ਹੋਰ ਖੇਡਾਂ ਦੇ ਨਾਲ ਨਾਲ ਇਕ ਪਰਿਵਾਰਕ ਪਿਕਨਿਕ ਦਾ ਪ੍ਰਬੰਧ ਵੀ ਹੋਵੇਗਾ ਜਿਸ ਵਿਚ ਗਿੱਧੇ-ਭੰਗੜੇ ਤੋਂ ਇਲਾਵਾ ਗਾਇਕੀ ਅਤੇ ਪੁਰਾਤਨ ਖੇਡਾਂ ਹੋਣਗੀਆਂ। ਔਰਤਾਂ ਅਤੇ ਬੱਚਿਆਂ ਲਈ ਨਾਨਕਾ ਮੇਲ ਅਤੇ ਦਾਦਕਾ ਮੇਲ ਵਲੋਂ ਬੋਲੀਆਂ ਦਾ ਮੁਕਾਬਲਾ, ਤਿੰਨ ਟੰਗੀ ਦੌੜ (ਵਿਸ਼ੇਸ਼ ਮਾਂ-ਧੀ), ਚਾਟੀ ਰੇਸ, ਮਿਊਜ਼ੀਕਲ ਚੇਅਰ, ਦੌੜਾਂ ਅਤੇ ਰੱਸਾਕਸ਼ੀ ਆਦਿਕ ਮੁੱਖ ਅਕਰਸ਼ਣ ਹੋਣਗੇ।

17 ਮਈ ਨੂੰ ਵੱਖ-ਵੱਖ ਉਮਰ ਦੇ ਬੱਚਿਆਂ ਦੇ ਕਬੱਡੀ ਮੁਕਾਬਲਿਆਂ ਤੋਂ ਇਲਾਵਾ ਵਾਲੀਬਾਲ, ਕੁਸਤੀਆਂ, ਭਾਰ ਚੁੱਕਣਾ, ਸਾਕਰ ਅਤੇ ਬਜ਼ੁਰਗਾਂ ਦੀ ਰੱਸਾਕਸ਼ੀ ਆਦਿ ਦੇਖਣਯੋਗ ਹੋਣਗੇ। ਬੱਚਿਆਂ ਅਤੇ ਔਰਤਾਂ ਦੇ ਬੈਠਣ ਲਈ ਉਚੇਚਾ ਪ੍ਰਬੰਧ ਹੋਵੇਗਾ। ਦੋਵੇਂ ਦਿਨ ਲੰਗਰ ਅਤੇ ਕਾਰ ਪਾਰਕਿੰਗ ਫਰੀ ਹੋਵੇਗੀ। ਹੋਰ ਜਾਣਕਾਰੀ ਲਈ ਗੁਰਬਿੰਦਰ ਸਿੰਘ ਧਾਲੀਵਾਲ (559) 281-4697 ਜਾਂ ਗੈਰੀ ਢੇਸੀ (559) 567-8033 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



*ਕਥਾਵਾਚਕ ਭਾਈ ਪਿੰਦਰਪਾਲ ਸਿੰਘ 14 ਅਤੇ 15 ਮਈ ਨੂੰ ਸ਼ਾਮ 7 ਵਜੇ ਗੁਰਦੁਅਰਾ ਸਿੰਘ ਸਭਾ ਬੇ ਏਰੀਆ (ਮਿਲਪੀਟਸ) ਵਿਖੇ ਗੁਰਬਾਣੀ ਦੀ ਕਥਾ ਕਰਨਗੇ।*

## ਕਾਲੇ ਧਨ ਬਾਰੇ ਸਖ਼ਤੀ ਲਈ ਬਿੱਲ ਪਾਸ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਕਾਲਾ ਧਨ ਛੁਪਾਏ ਜਾਣ ਤੋਂ ਰੋਕਣ ਲਈ ਬਿੱਲ ਲੋਕ ਸਭਾ ਵਿਚ ਪਾਸ ਕਰ ਦਿੱਤਾ ਗਿਆ, ਜਿਸ ਤਹਿਤ ਅਜਿਹੀ ਕਾਰਵਾਈ ਪਾਉਣ ਵਾਲੇ ਲੋਕਾਂ ਨੂੰ ਭਾਰੀ ਜੁਰਮਾਨੇ ਤੇ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਹੈ। ਕਾਲੇ ਧਨ ਬਾਰੇ ਕਾਨੂੰਨ ਦੀ ਅਵੱਗਿਆ ਕਰਨ ਵਾਲੇ ਨੂੰ 3-10 ਸਾਲ ਤੱਕ ਦੀ ਬਾਮੁਸ਼ੱਕਤ ਕੈਦ ਦੀ ਵਿਵਸਥਾ ਹੋਏਗੀ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਸਦਨ ਵਿੱਚ ਦੱਸਿਆ ਕਿ ਵਿਦੇਸ਼ੀ ਬੈਂਕਾਂ ਵਿਚ ਕਾਲਾ ਧਨ ਛੁਪਾਉਣ ਵਾਲਿਆਂ ਬਾਰੇ ਆਟੋਮੈਟਿਕ ਢੰਗ ਨਾਲ ਜਾਣਕਾਰੀ ਸਾਂਝੀ ਕਰਨ ਲਈ ਭਾਰਤ ਆਲਮੀ ਪੱਧਰ ਉਤੇ ਜੀ-20 ਵਿਚ ਸ਼ਾਮਲ ਹੋ ਚੁੱਕਿਆ ਹੈ ਤੇ ਇਹ ਵਰਤਾਰਾ 2017 ਤੱਕ ਹਕੀਕਤ ਬਣ ਜਾਏਗਾ। ਇਹ ਕਾਨੂੰਨ ਸਿਰਫ ਵਿਦੇਸ਼ਾਂ ਵਿਚ ਛੁਪਾਏ ਧਨ 'ਤੇ ਲਾਗੂ ਹੋਏਗਾ।

## ਡੈਲਾਨੋ 'ਚ ਸਿੱਖ ਯੂਥ ਸਿੰਪੋਜ਼ੀਅਮ

**ਡੈਲਾਨੋ, ਕੈਲੀਫੋਰਨੀਆ (ਬਿਊਰੋ):** ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ ਦੇ ਇਕ ਹਿੱਸੇ ਵਜੋਂ 6 ਤੋਂ 22 ਸਾਲ ਤੱਕ ਦੇ ਬੱਚਿਆਂ ਦਾ ਇਥੇ ਨਵੇਂ ਬਣੇ ਗੁਰਦੁਆਰਾ ਸਾਹਿਬ ਵਿਚ ਇਕ ਸਿੰਪੋਜ਼ੀਅਮ ਲੰਘੇ ਸਨਿਚਰਵਾਰ ਨੂੰ ਕਰਵਾਇਆ ਗਿਆ। ਡੈਲਾਨੋ, ਬੇਕਰਜ਼ਫੀਲਡ ਅਤੇ ਪੋਰਟਰਵਿਲ ਤੋਂ ਆਏ ਬੱਚਿਆਂ ਨੇ ਇਸ ਸਿੰਪੋਜ਼ੀਅਮ ਵਿਚ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਅਜਿਹੇ ਸਿੰਪੋਜ਼ੀਅਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੇ ਹਰ ਵਰਗ ਵਿਚੋਂ 3 ਜੇਤੂ ਚੁਣੇ ਜਾਂਦੇ ਹਨ ਜੋ ਕਿ ਆਉਂਦੀ 26 ਮਈ ਨੂੰ ਹੋਣ ਵਾਲੇ ਖੇਤਰੀ ਪੱਧਰ ਦੇ ਮੁਕਾਬਲਿਆਂ ਵਿਚ ਹਿੱਸਾ ਲੈਣਗੇ।

ਡੈਲਾਨੋ ਦੀ ਸੰਗਤ ਅਤੇ ਸੇਵਾਦਾਰਾਂ ਨੇ ਬੱਚਿਆਂ ਨੂੰ ਨਿੱਘੀ ਜੀ ਆਇਆਂ ਕਿਹਾ। ਉਪਰੰਤ ਦਵਿੰਦਰ ਸਿੰਘ ਬੈਂਸ ਨੇ ਸੀਨੀਅਰ ਬੱਚਿਆਂ ਨਾਲ ਵਿਚਾਰ-ਚਰਚਾ ਕੀਤੀ। ਜੇਤੂ ਬੱਚਿਆਂ ਨੂੰ ਸਰਟੀਫਿਕੇਟ ਬਲਮੀਤ ਸਿੰਘ ਨੇ ਵੰਡੇ। ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਹਰਜਿੰਦਰ ਸਿੰਘ ਨਿੱਜਰ ਨੇ ਇਹ ਪ੍ਰੋਗਰਾਮ ਕਰਵਾਉਣ ਲਈ ਡਾ. ਮਨਬੀਰ ਸਿੰਘ ਦਾ ਧੰਨਵਾਦ ਕੀਤਾ।

## Matrimonial

### ਵਰ ਦੀ ਲੋੜ ਹੈ

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6", well-settled in career, preferably from the US or Canada. Contact: 1-414-982-5188 or wisconsinkaur@gmail. com.

Match sought Gursikh boy for Kamboj Sikh girl 24, 5' 2" (BSC Nursing), Working as Asst Lecturer in India. Vegetarian preferred. Pl call at 248-982-2036, email: jhand_mohan@yahoo.com 17-20

### ਕੰਨਿਆ ਦੀ ਲੋੜ ਹੈ

ਅਰੋੜਾ (ਢੀਂਗੜਾ) 29, ਕੱਦ 6", ਐਟਲਾਂਟਾ, ਜਾਰਜੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 478-390-2234 17-20

Suitable green card holder/ US citizen girl sought for Jatt Sikh, 25 years old, clean shave, good looking and muscular. MBA one year left. Land owner from Kapurthala distt. All family settled and successful businessmen in US for last 30 years. Over 25 businesses owned in California. Boy will join existing family business on arrival. Contact: Sukhbeer Bhandal, Ph: 559-241-9553 17-20

Ramgariah family looking for a suitable match for their son 31 years old, Sr. financial analyst. Please contact: v.singh.hawks.united@gmail.com 20/26

*To Advertise with Punjab Times*
***Call: 847-359-0746***

**Wanted Tanduria, Cook & Helper**
**Indian Restaurant in Indianapolis, IN needs Tanduria, Cook, Waiters & Helper immediately.**
**Good Salary, Free accommodation**
**Contact: Kulwinder Singh**
**Ph. 317-437-0367**

**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

**ਇੰਡੀਅਨਐਪੋਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ**

*ਸੰਪਰਕ ਕਰੋ: ਕੁਲਵਿੰਦਰ ਸਿੰਘ*
**ਫੋਨ: 317-437-0367**

**Upgrade your Security Cameras to High Definition at very reasonable prices**




*For a Free Demo of our new HD Cameras Please Contact us*
**Balbir S Sidhu**
**209-495-3905 (Cell)**
**www.dvrunlimited.com**
**Toll Free (888) 233-4566**
**DVRunlimited Inc.**
**Installation Available**

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੁਣ ਡੇਰਿਆਂ ਦੀ ਹਰ ਮਹੀਨੇ ਹੋਵੇਗੀ ਤਲਾਸ਼ੀ

**ਬਠਿੰਡਾ:** ਪੰਜਾਬ ਪੁਲਿਸ ਪੰਜਾਬ ਵਿਚਲੇ ਹਰ ਡੇਰੇ ਦੀ ਹੁਣ ਹਰ ਮਹੀਨੇ ਤਲਾਸ਼ੀ ਲਵੇਗੀ ਤੇ ਤਲਾਸ਼ੀ ਮਗਰੋਂ ਇਸ ਦੀ ਰਿਪੋਰਟ ਸਰਕਾਰ ਨੂੰ ਭੇਜੀ ਜਾਵੇਗੀ। ਹਰਿਆਣਾ ਦੇ ਬਾਬਾ ਰਾਮਪਾਲ ਦੇ ਡੇਰੇ 'ਚੋਂ ਹਥਿਆਰ ਮਿਲਣ ਮਗਰੋਂ ਪੰਜਾਬ ਸਰਕਾਰ ਹਰਕਤ ਵਿਚ ਆਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਹਿਲਾਂ ਪੰਜਾਬ ਅਤੇ ਹਰਿਆਣਾ ਸਰਕਾਰ ਤੋਂ ਸੂਬਿਆਂ ਵਿਚਲੇ ਹਰ ਡੇਰੇ ਦੀ ਸੂਚੀ ਮੰਗੀ ਸੀ। ਹੁਣ ਹਾਈ ਕੋਰਟ ਦੇ ਹੁਕਮਾਂ ਮਗਰੋਂ ਪੰਜਾਬ ਸਰਕਾਰ ਨੇ ਡੇਰਿਆਂ 'ਤੇ ਨਜ਼ਰ ਰੱਖਣ ਦੀ ਹਦਾਇਤ ਜਾਰੀ ਕਰ ਦਿੱਤੀ ਹੈ।

ਵੇਰਵਿਆਂ ਅਨੁਸਾਰ ਜ਼ਿਲ੍ਹਾ ਪੁਲਿਸ ਕਪਤਾਨਾਂ ਨੇ ਹਰ ਥਾਣੇ ਦੇ ਮੁੱਖ ਥਾਣਾ ਅਫਸਰ ਨੂੰ ਲਿਖਤੀ ਹੁਕਮ ਜਾਰੀ ਕਰ ਦਿੱਤੇ ਹਨ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰ ਵਿਚ ਪੈਂਦੇ ਹਰ ਡੇਰੇ ਦੀ ਹਰ ਮਹੀਨੇ ਨਜ਼ਰਸਾਨੀ ਕਰਨ ਅਤੇ




ਲੋੜ ਪੈਣ 'ਤੇ ਤਲਾਸ਼ੀ ਵੀ ਲੈਣ। ਹਰ ਥਾਣਾ ਅਫਸਰ ਨੂੰ ਹਰ ਮਹੀਨੇ ਸਰਟੀਫਿਕੇਟ ਦੇਣ ਦੀ ਹਦਾਇਤ ਵੀ ਕੀਤੀ ਗਈ ਹੈ ਜਿਸ ਵਿਚ ਹਰ ਡੇਰੇ ਵਿਚ ਹੁੰਦੀ ਗਤੀਵਿਧੀ ਦਾ ਜ਼ਿਕਰ ਕਰਨਾ ਹੋਵੇਗਾ। ਮੁੱਖ ਤੌਰ 'ਤੇ ਇਹੋ ਹਦਾਇਤ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਡੇਰੇ ਵਿਚ ਕਿਤੇ ਕੋਈ ਹਥਿਆਰ ਤਾਂ ਜਮ੍ਹਾਂ ਨਹੀਂ ਹੋ ਰਹੇ ਹਨ ਜਾਂ ਫਿਰ ਹਥਿਆਰਾਂ ਦੀ ਕੋਈ ਟਰੇਨਿੰਗ ਵਗੈਰਾ ਨਹੀਂ ਦਿੱਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਡੇਰਿਆਂ 'ਚੋਂ ਗੈਰ-ਸਮਾਜਕ ਗਤੀਵਿਧੀ ਰੋਕਣ ਲਈ ਇਹ ਹਦਾਇਤਾਂ ਕੀਤੀਆਂ ਹਨ। ਹਰ ਥਾਣੇਦਾਰ ਨੂੰ ਇਹ ਸਰਟੀਫਿਕੇਟ ਦੇਣਾ ਲਾਜ਼ਮੀ ਕਰਾਰ ਕੀਤਾ ਗਿਆ ਹੈ ਕਿ ਉਸ ਅਧੀਨ ਪੈਂਦੇ ਥਾਣਿਆਂ ਵਿਚ ਮਾਹੌਲ ਠੀਕ ਹੈ। ਬਠਿੰਡਾ ਜ਼ਿਲ੍ਹੇ ਵਿਚ ਡੇਰਾ ਸਿਰਸਾ ਦਾ ਮੁੱਖ ਡੇਰਾ ਸਲਾਬਤਪੁਰਾ ਹੈ ਅਤੇ ਇਸ ਤੋਂ ਬਿਨਾਂ ਜ਼ਿਲ੍ਹੇ ਵਿਚ ਡੇਰਾ ਸਿਰਸਾ ਦੇ ਸੱਤ ਦੇ ਕਰੀਬ ਹੋਰ ਡੇਰੇ ਹਨ। ਇਸ ਤੋਂ ਬਿਨਾਂ ਜ਼ਿਲ੍ਹੇ ਦੇ ਹਰ ਕਸਬੇ ਵਿਚ ਰਾਧਾ ਸੁਆਮੀਆਂ ਦਾ ਡੇਰਾ ਹੈ। ਤਿੰਨ ਨਿਰੰਕਾਰੀ ਡੇਰੇ ਹਨ ਅਤੇ ਬਠਿੰਡਾ ਵਿਚ ਆਸ਼ੂਤੋਸ਼ ਦਾ ਡੇਰਾ ਹੈ। ਇਨ੍ਹਾਂ ਡੇਰਿਆਂ ਵਿਚ ਲਾਇਸੈਂਸੀ ਹਥਿਆਰਾਂ ਦੀ ਜਾਂਚ ਵੀ ਕੀਤੀ ਜਾਵੇਗੀ।

## ਆਸਟਰੇਲੀਆ ਵਿਚ ਗੀਤਾ 'ਤੇ ਹੱਥ ਰੱਖ ਲਿਆ ਹਲਫ

**ਸਿਡਨੀ:** ਨਿਊ ਸਾਊਥ ਵੇਲਜ਼ ਦੀ ਸਟੇਟ ਪਾਰਲੀਮੈਂਟ ਵਿਚ ਡੇਨੀਅਲ ਮੈਕਵੀ ਨੇ ਐਮ.ਪੀ. ਵਜੋਂ ਸਹੁੰ ਚੁੱਕੀ ਹੈ। ਉਹ ਪੰਜਾਬੀ ਹਿੰਦੂ ਪਿਛੋਕੜ ਦੇ ਹਨ। ਸਟੇਟ ਪਾਰਲੀਮੈਂਟ ਵਿਚ ਗੀਤਾ 'ਤੇ ਹੱਥ ਰੱਖ ਕੇ ਸਹੁੰ ਚੁੱਕੇ ਜਾਣ ਨੇ ਆਸਟਰੇਲੀਆਈ ਮੀਡੀਆ ਦਾ ਧਿਆਨ ਖਿੱਚਿਆ ਹੈ। ਇਸੇ ਦੌਰਾਨ ਉਨ੍ਹਾਂ ਵੀ ਆਪਣੇ ਪੰਜਾਬੀ ਪਿਛੋਕੜ 'ਤੇ ਖੁਸ਼ੀ ਪ੍ਰਗਟਾਈ ਹੈ। ਡੇਨੀਅਲ (32) ਦਾ ਜਨਮ ਸਿਡਨੀ ਦੇ ਪੱਛਮੀ ਅਰਧ ਸ਼ਹਿਰੀ ਖੇਤਰ ਬਲਾਕਟਾਊਨ ਵਿਚ ਹੋਇਆ। ਉਨ੍ਹਾਂ ਦਾ ਪਰਿਵਾਰ 1973 ਵਿਚ ਆਸਟਰੇਲੀਆ ਆਣ ਵਸਿਆ ਸੀ।

## ਨੇਪਾਲ ਵਿਚ ਫਿਰ ਭੂਚਾਲ, ਵੱਡੇ ਦੁਖਾਂਤ ਦੀ ਪੇਸ਼ੀਨਗੋਈ

*(ਸਫਾ ਇਕ ਦੀ ਬਾਕੀ)*

ਜ਼ਮੀਨ ਦੇ ਹੇਠਾਂ ਸੀ। ਇਸ ਦੀ ਪਹਿਲਾਂ ਤੀਬਰਤਾ 7.4 ਮਾਪੀ ਗਈ ਸੀ। ਨੇਪਾਲ ਦੇ ਇਕੋ ਇਕ ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਭੂਚਾਲ ਕਾਰਨ ਥੋੜ੍ਹੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਤੇ ਕਾਠਮੰਡੂ ਨੂੰ ਜਾਣ ਵਾਲੀਆਂ ਉਡਾਣਾਂ ਨੂੰ ਹੋਰ ਥਾਂਵਾਂ ਉਤੇ ਭੇਜਿਆ ਗਿਆ। ਅਧਿਕਾਰੀਆਂ ਨੇ ਅਗਲੇ ਦੋ ਹਫਤੇ ਸਾਰੇ ਸਕੂਲ ਬੰਦ ਰੱਖਣ ਦੇ ਹੁਕਮ ਦਿੱਤੇ ਹਨ। ਭੂਚਾਲ ਦੇ ਬਿਹਾਰ, ਪੱਛਮੀ ਬੰਗਾਲ, ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਦੇ ਕਈ ਸ਼ਹਿਰਾਂ ਵਿਚ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਅਧਿਕਾਰੀਆਂ ਨੇ ਲੋਕਾਂ ਨੂੰ ਘਰਾਂ ਤੋਂ ਬਾਹਰ ਰਹਿਣ ਦੀ ਅਪੀਲ ਕੀਤੀ ਹੈ।

**ਹੁਣ ਬਿਨਾਂ ਮੰਗੇ ਮਦਦ ਨਹੀਂ ਦੇਵੇਗਾ ਭਾਰਤ:** ਨੇਪਾਲ ਵਿਚ ਤਾਜ਼ਾ ਤਬਾਹੀ ਪਿਛੋਂ ਭਾਰਤ ਨੇ ਕਿਹਾ ਹੈ ਕਿ ਗੁਆਂਢੀ ਦੇਸ਼ ਵੱਲੋਂ ਮਦਦ ਦੀ ਪੇਸ਼ਕਸ਼ ਬਿਨਾਂ ਕੋਈ ਵੀ ਭਾਰਤੀ ਟੀਮ ਉਥੋਂ ਦੇ ਪ੍ਰਸ਼ਾਸਨ ਦੀ ਮਦਦ ਲਈ ਨਹੀਂ ਜਾਵੇਗੀ। ਸਰਕਾਰ ਦੀ ਇਸ ਕਾਰਵਾਈ ਨੂੰ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ ਕਿਉਂਕਿ 25 ਅਪਰੈਲ ਨੂੰ ਆਏ ਭੂਚਾਲ ਤੋਂ 10 ਦਿਨ ਪਿਛੋਂ ਨੇਪਾਲ ਨੇ ਭਾਰਤ ਦੀ ਕੌਮੀ ਬਿਪਤਾ ਨਿਪਟਾਊ ਟੀਮ (ਐਨ. ਡੀ.ਆਰ.ਐਫ.) ਸਮੇਤ ਬਚਾਅ ਕਾਰਜਾਂ ਵਿਚ ਲੱਗੀਆਂ ਸਾਰੀਆਂ ਵਿਦੇਸ਼ੀ ਟੀਮਾਂ ਨੂੰ ਅਚਨਚੇਤ ਨੇਪਾਲ ਤੋਂ ਜਾਣ ਲਈ ਕਹਿ ਦਿੱਤਾ ਸੀ।

# ਸਿੱਖਾਂ ਨੂੰ ਚਾਰ ਬੱਚੇ ਪੈਦਾ ਕਰਨ ਦੇ ਸੱਦੇ ਉਤੇ ਵਿਵਾਦ

**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਆਬਾਦੀ ਵਧਾਉਣ ਲਈ ਚਾਰ ਬੱਚੇ ਪੈਦਾ ਕਰਨ ਦੇ ਸੱਦੇ ਨੇ ਸਿੱਖ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਬਿਆਨ ਦੀ ਵਧੇਰੇ ਕਰ ਕੇ ਆਲੋਚਨਾ ਹੋ ਰਹੀ ਹੈ ਤੇ ਵਧੇਰੇ ਸਿੱਖ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਇਸ ਸੁਝਾਅ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ।

ਜਥੇਦਾਰ ਭਾਵੇਂ ਪਹਿਲਾਂ ਵੀ ਅਜਿਹਾ ਸੱਦਾ ਦੇ ਚੁੱਕੇ ਹਨ, ਪਰ ਉਸ ਸਮੇਂ ਵੀ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਨਿੱਜੀ ਬਿਆਨ ਦੱਸ ਕੇ ਪੱਲਾ ਝਾੜ ਲਿਆ ਸੀ। ਇਸ ਮਾਮਲੇ ਵਿਚ ਜਿਥੇ ਸ਼੍ਰੋਮਣੀ ਕਮੇਟੀ ਨੇ ਚੁੱਪ ਧਾਰੀ ਹੋਈ ਹੈ, ਉਥੇ ਦਿੱਲੀ ਕਮੇਟੀ ਦੇ ਸਾਬਕਾ ਅਹੁਦੇਦਾਰਾਂ ਨੇ ਇਸ ਮਾਮਲੇ ਵਿਚ ਜਥੇਦਾਰ ਖਿਲਾਫ ਆਵਾਜ਼ ਬੁਲੰਦ ਕੀਤੀ ਹੈ।

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਪਸ਼ਟ ਕਰਨ ਕਿ ਇਸ ਮਾਮਲੇ ਵਿਚ ਹੁਣ ਤੱਕ ਜਿਨ੍ਹਾਂ ਨੇ ਵਧੇਰੇ ਬੱਚੇ ਪੈਦਾ ਕੀਤੇ ਹਨ, ਉਨ੍ਹਾਂ ਦੀ ਭਲਾਈ ਲਈ ਕੀ ਕੀਤਾ ਗਿਆ ਹੈ? ਇਸ ਵੇਲੇ ਇਕ ਬੱਚੇ ਦਾ ਚੰਗੇ ਢੰਗ ਨਾਲ ਪਾਲਣ ਪੋਸ਼ਣ ਔਖਾ ਹੈ ਤਾਂ ਚਾਰ ਬੱਚਿਆਂ ਦਾ ਪਾਲਣ ਪੋਸ਼ਣ ਕਿਵੇਂ ਕੀਤਾ ਜਾਵੇਗਾ?



ਸਿੱਖ ਨੌਜਵਾਨ ਪੀੜ੍ਹੀ ਪਤਿਤਪੁਣੇ ਤੇ ਨਸ਼ਿਆਂ ਦੀ ਗ੍ਰਿਫ਼ਤ ਵਿਚ ਹੈ। ਪ੍ਰਚਾਰ ਦੀ ਅਣਹੋਂਦ ਵਿਚ ਬੱਚੇ ਸਿੱਖੀ ਤੋਂ ਬਾਹਰ ਜਾ ਰਹੇ ਹਨ ਤਾਂ ਵੱਧ ਜੰਮੇ ਬੱਚੇ ਸਿੱਖ ਪ੍ਰੰਪਰਾਵਾਂ ਨੂੰ ਅੱਗੇ ਕਿਵੇਂ ਵਧਾਉਣਗੇ? ਇਸ ਬਾਰੇ ਜਥੇਦਾਰ ਸਪਸ਼ਟ ਕਰਨ।

ਉਨ੍ਹਾਂ ਨੇ ਜਥੇਦਾਰ ਵੱਲੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਗੁਣਗਾਨ ਕਰਨ ਉਤੇ ਵੀ ਇਤਰਾਜ਼ ਦਾ ਪ੍ਰਗਟਾਵਾ ਕੀਤਾ ਹੈ। ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਮੁਤਾਬਕ ਕੌਮਾਂ ਤਹਿਜ਼ੀਬ ਤੇ ਅਨੁਸ਼ਾਸਨ ਨਾਲ ਅੱਗੇ ਵਧਦੀਆਂ ਹਨ, ਆਬਾਦੀ ਵਧਾਉਣ ਨਾਲ ਨਹੀਂ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਜਿਥੇ ਜਥੇਦਾਰ ਦੇ ਬਿਆਨ ਬਾਰੇ ਸਹਿਮਤੀ ਨਾ ਦਿੰਦਿਆਂ ਕੋਈ ਟਿੱਪਣੀ ਤੋਂ ਇਨਕਾਰ ਕਰ ਦਿੱਤਾ ਪਰ ਸ਼੍ਰੋਮਣੀ ਕਮੇਟੀ ਦੇ ਬਹੁਤੇ ਅਹੁਦੇਦਾਰਾਂ ਤੇ ਕਰਮਚਾਰੀਆਂ ਨੇ ਇਸ ਨੂੰ ਗੈਰ-ਜ਼ਿੰਮੇਵਾਰਾਨਾ ਦੱਸਿਆ ਹੈ।

ਦੱਸਣਯੋਗ ਹੈ ਕਿ ਜਥੇਦਾਰ ਨੇ ਨਿਹੰਗ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਦੇ ਮੁਖੀ ਰਹੇ ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਦੇ ਬਰਸੀ ਸਮਾਗਮ ਵਿਚ ਕਿਹਾ ਸੀ ਕਿ ਉਹ ਕੁਝ ਸਾਲ ਪਹਿਲਾਂ ਵੱਧ ਬੱਚੇ ਜੰਮਣ ਦੇ ਦਿੱਤੇ ਸੰਦੇਸ਼ ਉਤੇ ਅੱਜ ਵੀ ਕਾਇਮ ਹਨ ਤੇ ਕੌਮ ਨੂੰ ਮੁੜ ਸੱਦਾ ਦਿੰਦੇ ਹਨ ਕਿ ਚਾਰ ਬੱਚੇ ਪੈਦਾ ਕੀਤੇ ਜਾਣ। ਇਹ ਹੁਕਮਨਾਮਾ ਨਹੀਂ: ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੁੱਦੇ ਬਾਰੇ ਆਖਿਆ ਹੈ ਕਿ ਉਨ੍ਹਾਂ ਇਸ ਬਾਰੇ ਨਾ ਤਾਂ ਕੋਈ ਆਦੇਸ਼ ਜਾਰੀ ਕੀਤਾ ਹੈ ਤੇ ਨਾ ਹੀ ਕੋਈ ਦਿਸ਼ਾ ਨਿਰਦੇਸ਼ ਦਿੱਤੇ ਹਨ। ਇਹ ਉਨ੍ਹਾਂ ਦੀ ਆਪਣੀ ਨਿੱਜੀ ਰਾਏ ਸੀ, ਜਿਸ ਉਤੇ ਹਰ ਕੋਈ ਆਪਣੀ ਮਰਜ਼ੀ ਮੁਤਾਬਕ ਅਮਲ ਕਰ ਸਕਦਾ ਹੈ। ਉਂਝ ਵੀ ਇਹ ਬਿਆਨ ਤਿੰਨ-ਚਾਰ ਸਾਲ ਪਹਿਲਾਂ ਦਿੱਤਾ ਸੀ, ਮੀਡੀਆ ਵੱਲੋਂ ਇਸ ਬਾਰੇ ਪੁੱਛੇ ਸਵਾਲ ਦੇ ਜੁਆਬ ਵਿਚ ਉਨ੍ਹਾਂ ਪਹਿਲਾਂ ਦਿੱਤਾ ਜਵਾਬ ਹੀ ਦੁਹਰਾਇਆ ਸੀ।

# ਪੰਜਾਬ ਵਿਚ 'ਆਪ' ਉਤੇ ਕਲੇਸ਼ ਦਾ ਪਰਛਾਵਾਂ

*(ਸਫਾ ਇਕ ਦੀ ਬਾਕੀ)*

ਅਹੁਦੇ ਤੋਂ ਲਾਂਭੇ ਕਰ ਕੇ ਇਹ ਅਹੁਦਾ ਸੰਗਰੂਰ ਹਲਕੇ ਦੇ ਲੋਕ ਸਭਾ ਮੈਂਬਰ ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕੱਟੜ ਵਫ਼ਾਦਾਰ ਭਗਵੰਤ ਮਾਨ ਨੂੰ ਦੇ ਦਿੱਤਾ ਸੀ। ਡਾ. ਗਾਂਧੀ ਨੇ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ ਤੇ ਹੋਰਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਵਿਰੋਧ ਕੀਤਾ ਸੀ। ਆਮ ਆਦਮੀ ਪਾਰਟੀ ਨੂੰ ਦਿੱਲੀ ਤੋਂ ਬਾਅਦ ਪੰਜਾਬ ਵਿਚ ਮਜ਼ਬੂਤ ਕਰਨ ਵਿਚ ਪਿਛਲੇ ਕਾਫੀ ਸਮੇਂ ਤੋਂ ਜ਼ੋਰ ਅਜ਼ਮਾਇਸ਼ ਕੀਤੀ ਜਾ ਰਹੀ ਹੈ ਪਰ ਸਫਲਤਾ ਨਹੀਂ ਮਿਲ ਰਹੀ।

ਇਸੇ ਕਾਰਨ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਉਤੇ ਗਾਜ਼ ਡਿੱਗੀ ਹੈ ਤੇ ਸੂਬੇ ਦੀ ਕਾਰਜਕਾਰਨੀ ਤੋਂ ਉਨ੍ਹਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 6 ਅਪਰੈਲ ਨੂੰ ਮੁਹਾਲੀ ਵਿਚ ਪੰਜਾਬ ਇਕਾਈ ਦੀ ਬੈਠਕ ਜਿਸ ਵਿਚ ਸੰਜੇ ਸਿੰਘ ਵੀ ਮੌਜੂਦ ਸਨ, ਵਿਚ ਵੀ ਪਾਰਟੀ ਦੀ ਬੁਰੀ ਹਾਲਤ ਦੇ ਮੁੱਦੇ ਉਤੇ ਹੰਗਾਮਾ ਹੋਇਆ ਸੀ। ਬੈਠਕ ਵਿਚ ਸ. ਛੋਟੇਪੁਰ ਉਤੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਪਾਰਟੀ ਅੰਦਰ ਗੁੱਟਬਾਜ਼ੀ ਪੈਦਾ ਕਰਨ ਦੇ ਦੋਸ਼ ਲੱਗੇ ਸਨ।

ਉਧਰ, ਸ. ਛੋਟੇਪੁਰ ਨੇ ਡਾ. ਦਲਜੀਤ ਸਿੰਘ ਦੇ ਦੋਸ਼ਾਂ ਨੂੰ ਗਲਤ ਦੱਸਦਿਆਂ ਕਿਹਾ ਕਿ ਸੰਵਿਧਾਨ ਮੁਤਾਬਕ ਕਾਰਜਕਾਰਨੀ ਦੀਆਂ ਸਾਲ ਵਿਚ ਚਾਰ ਮੀਟਿੰਗਾਂ ਕਰਨੀਆਂ ਲਾਜ਼ਮੀ ਹਨ ਤੇ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਦੀ ਮੌਜੂਦਗੀ ਵਿਚ ਚਾਰ ਮੀਟਿੰਗਾਂ ਹੋ ਚੁੱਕੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਹ ਦਿੱਲੀ ਵਿਖੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ 7 ਰਾਜਾਂ ਦੇ ਕਨਵੀਨਰਾਂ ਦੀ ਸੱਦੀ ਮੀਟਿੰਗ ਵਿਚ ਸ਼ਾਮਲ ਸਨ ਤੇ ਉਥੇ ਉਨ੍ਹਾਂ ਨੂੰ ਹਟਾਉਣ ਦਾ ਕੋਈ ਮੁੱਦਾ ਨਹੀਂ ਸੀ।

## ਜੈਲਲਿਤਾ ਭ੍ਰਿਸ਼ਟਾਚਾਰ ਦੇ ਕੇਸ ਵਿਚੋਂ ਬਰੀ

**ਬੰਗਲੌਰ:** ਅੰਨਾਡੀਐਮਕੇ ਮੁਖੀ ਜੇ ਜੈਲਲਿਤਾ ਨੂੰ ਕਰਨਾਟਕ ਹਾਈਕੋਰਟ ਨੇ 19 ਸਾਲ ਪੁਰਾਣੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚੋਂ ਬਰੀ ਕਰ ਦਿੱਤਾ ਹੈ।

ਅਦਾਲਤ ਦੇ ਇਸ ਫ਼ੈਸਲੇ ਨਾਲ ਜੈਲਲਿਤਾ ਦੇ ਤਾਮਿਲਨਾਡੂ ਦੀ ਮੁੱਖ ਮੰਤਰੀ ਵਜੋਂ ਵਾਪਸੀ ਦਾ ਰਾਹ ਵੀ ਪੱਧਰਾ ਹੋ ਗਿਆ ਹੈ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਜੈਲਲਿਤਾ ਤੇ ਹੋਰਾਂ ਨੂੰ ਮਿਲੀ ਸਜ਼ਾ ਵਿਚ ਕਈ ਖਾਮੀਆਂ ਹਨ ਤੇ ਕਾਨੂੰਨੀ ਤੌਰ ਉਤੇ ਇਹ ਜਾਰੀ ਰੱਖਣ ਯੋਗ ਨਹੀਂ ਹੈ। ਜਸਟਿਸ ਸੀ.ਆਰ. ਕੁਮਾਰਸਵਾਮੀ ਨੇ ਵਿਸ਼ੇਸ਼ ਅਦਾਲਤ ਦੇ ਜੱਜ ਮਾਈਕਲ ਡੀ ਕੁਨਹਾ ਵੱਲੋਂ ਪਿਛਲੇ ਸਾਲ ਸੁਣਾਏ ਉਨ੍ਹਾਂ ਹੁਕਮਾਂ ਨੂੰ ਵੀ ਖਾਰਜ ਕਰ ਦਿੱਤਾ ਜਿਸ ਵਿਚ ਜੈਲਲਿਤਾ ਨੂੰ ਭ੍ਰਿਸ਼ਟਾਚਾਰ ਦਾ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਹੱਲ ਦਾ ਮੁੱਦਾ ਮੁੜ ਵਿਸਰਿਆ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ ਨੂੰ ਹੱਲ ਕਰਨ ਲਈ ਕਮੇਟੀ ਬਣਾਉਣ ਤੇ ਸਿੰਘ ਸਾਹਿਬਾਨ ਦੇ ਸੇਵਾ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਬਣਾਈ ਕਮੇਟੀ ਦੀ ਇਕ ਮੀਟਿੰਗ ਤੋਂ ਬਾਅਦ ਇਹ ਸਾਰੇ ਮਾਮਲੇ ਠੰਢੇ ਬਸਤੇ ਵਿਚ ਪੈ ਗਏ ਹਨ। ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਨੂੰ ਹੱਲ ਕਰਨ ਲਈ ਪੰਜ ਸਿੰਘ ਸਾਹਿਬਾਨ ਵੱਲੋਂ 18 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਬਾਰੇ ਵੱਖ-ਵੱਖ ਜਥੇਬੰਦੀਆਂ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ ਸੀ, ਜਿਨ੍ਹਾਂ ਨੂੰ ਆਪਣੇ ਨੁਮਾਇੰਦਿਆਂ ਦੇ ਨਾਂ ਭੇਜਣ ਲਈ ਆਖਿਆ ਗਿਆ ਸੀ ਤਾਂ ਜੋ ਇਸ ਕਮੇਟੀ ਵਿਚ ਸ਼ਾਮਲ ਕੀਤੇ ਜਾ ਸਕਣ ਪਰ ਹੁਣ ਤੱਕ ਕਮੇਟੀ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਨਹੀਂ ਹੋ ਸਕਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਫਿਲਹਾਲ ਕੈਲੰਡਰ ਵਿਵਾਦ ਬਾਰੇ ਕਮੇਟੀ ਮੈਂਬਰਾਂ ਦੇ ਨਾਂਵਾਂ ਬਾਰੇ ਕੋਈ ਸੂਚੀ ਤਿਆਰ ਨਹੀਂ ਹੋਈ ਹੈ। ਜਥੇਬੰਦੀਆਂ ਵੱਲੋਂ ਕਮੇਟੀ ਮੈਂਬਰਾਂ ਵਾਸਤੇ ਆਪਣੇ ਨੁਮਾਇੰਦਿਆਂ ਦੇ ਨਾਂ ਨਹੀਂ ਭੇਜੇ ਗਏ, ਜਿਵੇਂ ਹੀ ਨਾਂ ਪੁੱਜਣਗੇ, ਕਮੇਟੀ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨੇ



ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕਮੇਟੀ ਬਣਾਉਣ ਲਈ ਯੋਜਨਾ ਬਣਾਈ ਗਈ ਸੀ ਤੇ ਇਸ ਵਿਚ ਸ਼੍ਰੋਮਣੀ ਕਮੇਟੀ ਦੇ ਦੋ ਨੁਮਾਇੰਦੇ ਸ਼ਾਮਲ ਕਰਨ ਦਾ ਐਲਾਨ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਦੋ ਨੁਮਾਇੰਦਿਆਂ ਦੇ ਨਾਂ ਭੇਜ ਦਿੱਤੇ ਗਏ ਸਨ। ਉਨ੍ਹਾਂ ਆਖਿਆ ਕਿ ਜਦੋਂ ਕਮੇਟੀ ਬਾਰੇ ਮੈਂਬਰਾਂ ਦੀ ਸੂਚੀ ਤਿਆਰ ਕਰਕੇ ਸ਼੍ਰੋਮਣੀ ਕਮੇਟੀ ਨੂੰ ਭੇਜੀ ਜਾਵੇਗੀ ਤਾਂ ਅਗਲੀ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕਰਵਾ ਦਿੱਤੀ ਜਾਵੇਗੀ।ਨਾਨਕਸ਼ਾਹੀ ਕੈਲੰਡਰ ਵਿਵਾਦ ਬਾਰੇ ਕਮੇਟੀ ਦਾ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਹੈ ਜਦਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀ ਤਰੀਕ ਨੂੰ ਲੈ ਕੇ ਮੁੜ ਵਿਵਾਦ ਸਾਹਮਣੇ ਆਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸ਼ਹੀਦੀ ਦਿਹਾੜਾ ਜਾਰੀ ਕੀਤੇ ਨਵੇਂ ਕੈਲੰਡਰ ਅਨੁਸਾਰ 22 ਮਈ ਨੂੰ ਮਨਾਇਆ ਜਾ ਰਿਹਾ ਹੈ ਜਦਕਿ ਪਾਕਿਸਤਾਨ ਸਥਿਤ ਪੀ.ਜੀ.ਪੀ.ਸੀ. ਵੱਲੋਂ ਇਹ ਸ਼ਹੀਦੀ ਦਿਹਾੜਾ 16 ਜੂਨ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਵਿਵਾਦ ਕਾਰਨ ਇਸ ਵਾਰ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਉਤੇ ਜਾਣ ਸਮੇਂ ਦਿੱਕਤ ਆਵੇਗੀ।

ਇਸੇ ਮਾਮਲੇ ਵਾਂਗ ਸਿੰਘ ਸਾਹਿਬਾਨਾਂ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਖੇਤਰ ਆਦਿ ਦੇ ਨਿਯਮ ਬਣਾਉਣ ਸਬੰਧੀ ਮਾਮਲਾ ਵੀ ਠੰਢੇ ਬਸਤੇ ਵਿਚ ਪਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਵਾਨਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਮਹੀਨੇ ਬੀਤ ਚੁੱਕੇ ਹਨ ਤੇ ਇਸ ਕਮੇਟੀ ਦੀ ਹੁਣ ਤੱਕ ਸਿਰਫ ਇਕ ਮੀਟਿੰਗ ਹੋਈ ਹੈ, ਜਿਸ ਵਿਚ ਸਾਰੇ ਮੈਂਬਰ ਸ਼ਾਮਲ ਨਹੀਂ ਹੋ ਸਕੇ ਸਨ। ਕਮੇਟੀ ਮੈਂਬਰ ਡਾ. ਬਲਵੰਤ ਸਿੰਘ ਢਿੱਲੋਂ ਨੇ ਦੱਸਿਆ ਕਿ ਕਮੇਟੀ ਦੀ ਫਿਲਹਾਲ ਇਕ ਮੀਟਿੰਗ ਹੋਈ ਹੈ ਤੇ ਉਸ ਤੋਂ ਬਾਅਦ ਕੋਈ ਮੀਟਿੰਗ ਨਹੀਂ ਹੋਈ।

## ਹੋਸਨੀ ਮੁਬਾਰਕ ਤੇ ਪੁੱਤਰਾਂ ਨੂੰ ਸਜ਼ਾ

**ਕਾਹਿਰਾ:** ਮਿਸਰ ਦੇ ਗੱਦੀਓਂ ਲਾਹੇ ਰਾਸ਼ਟਰਪਤੀ ਹੋਸਨੀ ਮੁਬਾਰਕ ਤੇ ਉਸ ਦੇ ਦੋ ਪੁੱਤਰਾਂ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਇਕ ਫੌਜਦਾਰੀ ਅਦਾਲਤ ਨੇ ਤਿੰਨ-ਤਿੰਨ ਸਾਲਾਂ ਦੀ ਸਜ਼ਾ ਸੁਣਾਈ ਹੈ।

ਸੁਣਵਾਈ ਦੌਰਾਨ ਅਦਾਲਤ ਵਿਚ ਪਿੰਜਰੇਨੁਮਾ ਕਟਹਿਰੇ ਵਿਚ ਖੜ੍ਹੇ ਮੁਬਾਰਕ ਤੇ ਉਸ ਦੇ ਪੁੱਤਰਾਂ ਗਾਮਲ ਤੇ ਅੱਲਾ ਨੂੰ 17.9 ਕਰੋੜ ਅਮਰੀਕੀ ਡਾਲਰਾਂ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਦੋਸ਼ੀਆਂ ਨੇ ਰਾਸ਼ਟਰਪਤੀ ਦੇ ਮਹਿਲਾਂ ਦੀ ਸਾਂਭ-ਸੰਭਾਲ ਲਈ ਰੱਖੇ ਫੰਡਾਂ ਵਿਚੋਂ ਗ਼ਬਨ ਕੀਤਾ ਸੀ।


ਤੰਦੂਰੀਏ ਅਤੇ ਹੋਰ ਸਟਾਫ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਸਥਿਤ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਵੇਟਰ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਫੌਰੀ ਲੋੜ ਹੈ।

*ਰਿਹਾਇਸ਼ ਫਰੀ, ਚੰਗੀ ਤਨਖਾਹ*

ਸੰਪਰਕ ਕਰੋ: 317-313-9651

20-21



ਪੰਜਾਬੀ ਰੇਡੀਓ ਯੂਐਸਏ

Punjabi RADIO USA

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :

Radio Sets (CA, WA, NV)

Dial in

832-551-5029 or 605-475-6868

Android & iPhone App

www.PunjabiRadioUSA.com

Ph: 408-272-5200



Pinnacle Carriers, Inc

Now Hiring Drivers

ਡਰਾਈਵਰਾਂ ਦੀ ਲੋੜ ਹੈ



*Team or Solo*

$2000 starting to Midwest

$300 quarterly driver safety bonus

$50 dot inspection bonus

$1000 sign in bonus (1 year)

*Requirements:*

*2 year old licensee *Reefer experience

*Clean DMV printout

Year round dedicated 1 pick 1 drop

Make $6000 - $7000 per month

$70,000 to $80,000 per year

Brand new equipment

Please Contact

Ph: (916) 833-5022

April



*"Ask us about the...*

**AARP® Auto Insurance Program from The Hartford."**

***NOW AVAILABLE IN YOUR AREA!***

Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.

*-Satwant Singh!*

Call today for your FREE, no-obligation quote:

+1-408-771-2438

Satwant Singh: 2774 Aborn Rd, San Jose, CA 95121

satwant@satwantins.com

www.satwantins.com

CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਬਾਦਲਾਂ ਦੀ ਔਰਬਿਟ ਕੰਪਨੀ ਬਣੀ ਅਜਗਰ

## ਸੱਤ ਸਾਲਾਂ ਵਿਚ ਕਈ ਕੰਪਨੀਆਂ ਤੇ ਪਰਮਿਟ ਨਿਗਲੇ

**ਚੰਡੀਗੜ੍ਹ:** ਮੋਗਾ ਵਿਚ 29 ਅਪਰੈਲ ਨੂੰ ਔਰਬਿਟ ਬੱਸ ਦੇ ਅਮਲੇ ਦੀ ਗੁੰਡਾਗਰਦੀ ਦਾ ਸ਼ਿਕਾਰ ਹੋਈ 13 ਸਾਲਾ ਲੜਕੀ ਅਰਸ਼ਦੀਪ ਦੇ ਮਾਮਲੇ ਨੇ ਜਿਥੇ ਹਾਕਮ ਧਿਰ ਦੀ ਇਸ ਕੰਪਨੀ ਦੀ ਧੱਕੇਸ਼ਾਹੀ ਸਾਹਮਣੇ ਲਿਆਂਦੀ ਹੈ ਉਥੇ ਪਿਛਲੇ ਤਕਰੀਬਨ ਸੱਤ-ਅੱਠ ਸਾਲਾਂ ਵਿਚ ਬਾਦਲ ਪਰਿਵਾਰ ਦੇ ਟਰਾਂਸਪੋਰਟ ਕਾਰੋਬਾਰ ਉੱਤੇ ਮੁਕੰਮਲ ਕਬਜ਼ੇ ਦਾ ਸੱਚ ਸਾਹਮਣੇ ਆਇਆ ਹੈ। ਔਰਬਿਟ ਦੀ ਚੜ੍ਹਾਈ 2007 ਵਿਚ ਅਕਾਲੀ ਸਰਕਾਰ ਬਣਨ ਤੋਂ ਬਾਅਦ ਹੋਣ ਲੱਗੀ, ਜਦੋਂ ਕਿ ਪੀ.ਆਰ.ਟੀ.ਸੀ ਦੇ ਖੰਭ ਵੀ ਇਸੇ ਹਕੂਮਤ ਦੇ ਸੱਤਾ ਸੰਭਾਲਣ ਤੋਂ ਬਾਅਦ ਕੁਤਰੇ ਜਾਣ ਲੱਗੇ ਸਨ। ਕੁਝ ਸਮਾਂ ਪਹਿਲਾਂ ਪੰਜਾਬ ਰੋਡਵੇਜ਼ ਤੇ ਪਨਬੱਸ ਦੀਆਂ ਪੰਜਾਬ ਵਿਚ 1908 ਬੱਸਾਂ ਚੱਲਦੀਆਂ ਸਨ ਜੋ ਘਟ ਕੇ 1650 ਰਹਿ ਗਈਆਂ ਹਨ ਜਦਕਿ ਬਾਦਲ ਪਰਿਵਾਰ ਦੀਆਂ 2007 ਵਿਚ 26 ਬੱਸਾਂ ਸਨ ਤੇ ਹੁਣ ਵੱਖ-ਵੱਖ ਨਾਵਾਂ ਤਹਿਤ ਤਕਰੀਬਨ 400 ਬੱਸਾਂ ਸੜਕਾਂ 'ਤੇ ਦੌੜ ਰਹੀਆਂ ਹਨ।

ਔਰਬਿਟ ਤੇ ਡੱਬਵਾਲੀ ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਤੇ ਸੰਗਰੂਰ ਲਈ ਤਕਰੀਬਨ 34 ਰੂਟ ਬਠਿੰਡਾ ਤੋਂ ਚੱਲਦੇ ਹਨ, ਪਟਿਆਲਾ, ਚੰਡੀਗੜ੍ਹ ਰੂਟ ਵੱਖਰੇ ਹਨ। 2007 ਵਿਚ ਸੱਤਾ ਸੰਭਾਲਣ ਤੋਂ ਬਾਅਦ ਔਰਬਿਟ ਤੇ ਡੱਬਵਾਲੀ ਟਰਾਂਸਪੋਰਟ ਦੀਆਂ ਬੱਸਾਂ ਜਲੰਧਰ ਦੇ ਬੱਸ ਅੱਡੇ ਉਤੇ ਦਿਖਾਈ ਦੇਣ ਲੱਗੀਆਂ। ਫਿਰ ਇਨੀ ਤੇਜ਼ੀ ਨਾਲ ਇਨ੍ਹਾਂ ਦਾ ਪਸਾਰਾ ਹੋਇਆ ਕਿ ਹਰ ਪਾਸੇ ਬਾਦਲਾਂ ਦੀਆਂ ਬੱਸਾਂ ਦਾ ਹੀ ਬੋਲਬਾਲਾ ਹੁੰਦਾ ਗਿਆ। ਇਸ ਸਮੇਂ 250 ਕਾਰੋਬਾਰੀਆਂ ਦੀਆਂ ਤਕਰੀਬਨ 5000 ਵੱਡੀਆਂ ਤੇ 6700 ਮਿੰਨੀ ਬੱਸਾਂ ਸੂਬੇ ਦੀਆਂ ਸੜਕਾਂ ਉਤੇ ਦੌੜ ਰਹੀਆਂ ਹਨ। ਬੱਸਾਂ ਦੇ ਨਿੱਜੀ ਕਾਰੋਬਾਰ ਉਤੇ ਪਿਛਲੇ ਸੱਤਾ-ਅੱਠਾਂ ਸਾਲਾਂ ਵਿਚ ਭਾਵੇਂ ਬਾਦਲਾਂ ਦੀ ਸਰਦਾਰੀ ਹੋ ਚੁੱਕੀ ਹੈ, ਪਰ ਦੂਜੀਆਂ ਸਿਆਸੀ ਪਾਰਟੀਆਂ ਦੇ ਨੇਤਾ ਵੀ ਇਸ ਕਾਰੋਬਾਰ ਵਿਚ ਪਿੱਛੇ ਨਹੀਂ ਹਨ। ਕਾਂਗਰਸ ਦੇ ਆਗੂਆਂ ਕੋਲ ਵੀ ਤਕਰੀਬਨ 180 ਬੱਸਾਂ ਹਨ।




ਭਾਜਪਾ ਦੇ ਜਗਦੀਸ਼ ਸਾਹਨੀ ਤੇ ਪੀ.ਪੀ.ਪੀ. ਦੇ ਮਨਪ੍ਰੀਤ ਸਿੰਘ ਬਾਦਲ ਵੀ ਕ੍ਰਮਵਾਰ 27 ਤੇ ਪੰਜ ਬੱਸਾਂ ਦੇ ਮਾਲਕ ਹਨ। ਸੂਬੇ ਦੇ ਤਕਰੀਬਨ ਸਮੁੱਚੇ ਮੁਸਾਫ਼ਿਰ ਟਰਾਂਸਪੋਰਟ ਕਾਰੋਬਾਰ ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿਆਸੀ ਨੇਤਾ ਹੀ ਕਾਬਜ਼ ਹਨ। ਸਿੱਟੇ ਵਜੋਂ ਸੂਬੇ ਵਿਚ ਸਰਕਾਰੀ ਬੱਸ ਸੇਵਾ ਵਿਚ ਨਿਘਾਰ ਆ ਰਿਹਾ ਹੈ ਤੇ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਚਾਂਦੀ ਹੋ ਰਹੀ ਹੈ। ਹਾਲ ਹੀ ਵਿਚ ਸਿਰਫ ਬਾਦਲਾਂ ਦੀਆਂ ਬੱਸਾਂ ਸੜਕਾਂ ਉਤੇ ਨਾ ਆਉਣ ਨਾਲ ਸਰਕਾਰੀ ਖੇਤਰ ਦੀਆਂ ਬੱਸਾਂ ਦੀ ਆਮਦਨ ਵਿਚ ਰੋਜ਼ਾਨਾ ਲੱਖਾਂ ਰੁਪਏ ਦਾ ਵਾਧਾ ਹੋਣਾ ਇਸ ਗੱਲ ਦਾ ਸਪਸ਼ਟ ਪ੍ਰਮਾਣ ਹੈ ਕਿ ਜਨਤਕ ਬੱਸ ਸੇਵਾ ਦੀ ਕੀਮਤ ਉਤੇ ਪ੍ਰਾਈਵੇਟ ਟਰਾਂਸਪੋਰਟ ਕਾਰੋਬਾਰ ਵਧ-ਫੁੱਲ ਰਿਹਾ ਹੈ।

ਡੀਜ਼ਲ ਦੇ ਰੇਟਾਂ ਵਿਚ ਭਾਰੀ ਕਮੀ ਆਉਣ ਦੇ ਬਾਵਜੂਦ ਏ.ਸੀ. ਬੱਸਾਂ ਦੇ ਕਿਰਾਏ ਨਾ ਘਟਾਉਣ ਪਿੱਛੇ ਵੀ ਰਸੂਖ਼ਵਾਨਾਂ ਦਾ ਬੱਸ ਮਾਫ਼ੀਆ ਪ੍ਰਭਾਵੀ ਰਿਹਾ ਹੈ। ਇਨ੍ਹਾਂ ਵੱਲੋਂ ਮਨਮਰਜ਼ੀ ਦੇ ਕਿਰਾਏ ਵਸੂਲ ਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ ਤੇ ਸਿੱਧੇ-ਅਸਿੱਧੇ ਢੰਗਾਂ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੀ ਚੂਨਾ ਲਾਇਆ ਜਾ ਰਿਹਾ ਹੈ।

ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਬਾਦਲ ਪਰਿਵਾਰ ਨੇ ਜਿਨ੍ਹਾਂ ਜ਼ੋਰ ਆਪਣੀ ਨਿੱਜੀ ਟਰਾਂਸਪੋਰਟ ਵਧਾਉਣ ਲਈ ਲਾਇਆ ਹੈ ਜੇਕਰ ਉਨਾ ਜ਼ੋਰ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਵੱਲ ਲਗਾਇਆ ਜਾਂਦਾ ਤਾਂ ਇਹ ਸਰਕਾਰੀ ਕੰਪਨੀਆਂ ਕੰਗਾਲੀ ਦੀ ਹਾਲਤ ਤੱਕ ਨਾ ਪਹੁੰਚਦੀਆਂ। ਨਿੱਜੀ ਟਰਾਂਸਪੋਰਟ ਮਾਫ਼ੀਏ ਨੇ ਸੁਰੱਖਿਅਤ ਸਫ਼ਰ ਬਾਰੇ ਜਸਟਿਸ ਵਰਮਾ ਕਮੇਟੀ ਦੀਆਂ ਸਿਫ਼ਾਰਸ਼ਾਂ ਤੋਂ ਇਲਾਵਾ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਵੀ ਟਿੱਚ ਹੀ ਸਮਝਿਆ ਕਿਉਂਕਿ ਇਹ ਹੁਕਮ ਲਾਗੂ ਕਰਵਾਉਣ ਵਾਲੇ ਅਧਿਕਾਰੀ ਇਨ੍ਹਾਂ ਦੇ ਦਬਾਅ ਹੇਠ ਕੰਮ ਕਰ ਰਹੇ ਹਨ।

### ਮੋਗਾ ਕਾਂਡ ਦੀ ਜਾਂਚ ਸਵਾਲਾਂ ਦੇ ਘੇਰੇ ਵਿਚ

ਔਰਬਿਟ ਬੱਸ ਵਿਚੋਂ 13 ਸਾਲਾ ਕੁੜੀ ਨੂੰ ਸੁੱਟਣ ਮਾਮਲੇ ਦੀ ਜਾਂਚ ਲਈ ਬਣਾਈ ਕਮੇਟੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਹੈ ਕਿ ਸੂਬਾ ਸਰਕਾਰ ਵੱਲੋਂ ਜਿਸ ਸੇਵਾ ਮੁਕਤ ਚੀਫ਼ ਜਸਟਿਸ ਵੀ.ਕੇ.ਬਾਲੀ ਦੀ ਅਗਵਾਈ ਹੇਠ ਜੁਡੀਸ਼ਲ ਜਾਂਚ ਦਾ ਐਲਾਨ ਕੀਤਾ ਹੈ, ਉਹ (ਵੀ.ਕੇ.ਬਾਲੀ) ਪੰਜਾਬ ਸਰਕਾਰ ਦੇ ਵਕੀਲ ਰਹਿ ਚੁੱਕੇ ਹਨ ਤੇ ਇਸ ਕਮਿਸ਼ਨ ਦੇ ਦੂਜੇ ਮੈਂਬਰ ਏ.ਡੀ.ਜੀ.ਪੀ. ਟ੍ਰੈਫਿਕ ਤੇ ਸਕੱਤਰ ਟਰਾਂਸਪੋਰਟ ਪੰਜਾਬ ਸਰਕਾਰ ਤਹਿਤ ਹੋਣ ਕਾਰਨ ਇਹ ਜੁਡੀਸ਼ਲ ਕਮਿਸ਼ਨ ਸੱਚਾਈ ਸਾਹਮਣੇ ਨਹੀਂ ਲਿਆ ਸਕਦਾ।

ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਬੱਸ ਡਰਾਈਵਰ ਰਣਜੀਤ ਸਿੰਘ, ਕੰਡਕਟਰ ਸੁਖਵਿੰਦਰ ਸਿੰਘ ਹੈਲਪਰ (ਹਾਕਰ) ਗੁਰਦੀਪ ਸਿੰਘ ਵਾਸੀ ਮੋਗਾ ਤੇ ਅਮਰ ਰਾਮ ਉਰਫ਼ ਦਾਨਾ ਨੂੰ ਅਦਾਲਤ ਨੇ 21 ਮਈ ਤੱਕ ਨਿਆਇਕ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ ਸੀ।

# ਬਾਦਲ ਪਰਿਵਾਰ ਖਿਲਾਫ ਕਾਰਵਾਈ ਲਈ ਕੀਤਾ ਏਕਾ

**ਮੋਗਾ:** ਔਰਬਿਟ ਬੱਸ ਦਾ ਸ਼ਿਕਾਰ ਬਣੀ ਅਰਸ਼ਦੀਪ ਕੌਰ ਦੇ ਪਰਿਵਾਰ ਤੇ ਪੰਜਾਬ ਸਰਕਾਰ ਵਿਚ ਭਾਵੇਂ ਸਮਝੌਤਾ ਹੋ ਗਿਆ ਹੈ ਪਰ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਔਰਬਿਟ ਬੱਸਾਂ ਬੰਦ ਕਰਨ ਤੇ ਸੁਖਬੀਰ ਬਾਦਲ ਖ਼ਿਲਾਫ਼ ਕਾਰਵਾਈ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਹੈ। ਕਿਸਾਨ-ਮਜ਼ਦੂਰ, ਨੌਜਵਾਨ ਭਾਰਤ ਸਭਾ ਤੇ ਹੋਰ ਜਥੇਬੰਦੀਆਂ ਨੇ ਥਾਣਾ ਬਾਘਾਪੁਰਾਣਾ ਦੇ ਦੋ ਰੋਜ਼ਾ ਘਿਰਾਓ ਪਿੱਛੋਂ ਇਹ ਸੰਘਰਸ਼ ਸੂਬਾ ਪੱਧਰ 'ਤੇ ਵਿੱਢ ਦਿੱਤਾ ਹੈ। ਪੰਜਾਬ ਦੀਆਂ ਚਾਰ ਖੱਬੀਆਂ ਪਾਰਟੀਆਂ ਸੀ.ਪੀ.ਆਈ., ਸੀ.ਪੀ.ਆਈ. (ਐਮ), ਸੀ.ਪੀ.ਐਮ. ਪੰਜਾਬ ਤੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਵੱਲੋਂ ਸਮੁੱਚੇ ਪ੍ਰਾਂਤ ਅੰਦਰ ਜ਼ੋਰਦਾਰ ਮੁਜ਼ਾਹਰੇ ਕੀਤੇ ਗਏ ਤੇ ਔਰਬਿਟ ਬੱਸ ਕੰਪਨੀ ਦੇ ਮਾਲਕ ਸੁਖਬੀਰ ਸਿੰਘ ਬਾਦਲ ਦੇ ਪੁਤਲੇ ਸਾੜੇ ਗਏ।

ਇਨ੍ਹਾਂ ਮੁਜ਼ਾਹਰਿਆਂ ਦੌਰਾਨ ਇਹ ਮੰਗ ਕੀਤੀ ਕਿ ਮੋਗਾ ਬੱਸ ਕਾਂਡ ਦੀ ਨੈਤਿਕ ਜ਼ਿੰਮੇਵਾਰੀ ਕਬੂਲਦਿਆਂ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਵੇ ਤੇ ਸੂਬੇ ਦੇ ਸਮੁੱਚੀ ਟਰਾਂਸਪੋਰਟ 'ਤੇ ਬਾਦਲ ਪਰਿਵਾਰ ਦੇ ਕਬਜ਼ੇ ਦੀ ਸੁਪਰੀਮ ਕੋਰਟ ਦੇ ਜੱਜ ਰਾਹੀਂ ਜਾਂਚ ਕਰਵਾਈ ਜਾਵੇ।

ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਬਾਦਲ ਸਰਕਾਰ ਨੇ ਮੋਗਾ ਕਾਂਡ ਦੀ ਜਾਂਚ ਲਈ ਇਸ ਕਰਕੇ ਸੇਵਾਮੁਕਤ ਜੱਜ ਵੀ.ਕੇ. ਬਾਲੀ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਗਠਿਤ ਕੀਤਾ ਹੈ ਤਾਂ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੀ ਜਾਣ ਵਾਲੀ ਸਖ਼ਤ ਕਾਰਵਾਈ ਤੋਂ ਬਚਿਆ ਜਾ ਸਕੇ। ਉਨ੍ਹਾਂ ਮੰਗ ਕੀਤੀ ਕਿ ਇਸ ਕਾਂਡ ਦੀ ਵਿਆਪਕ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਕਰਵਾਈ ਜਾਵੇ। ਸ੍ਰੀ ਬਾਜਵਾ ਨੇ ਕਿਹਾ ਕਿ ਰਾਜ ਸਰਕਾਰ ਨੂੰ ਅੰਦਾਜ਼ਾ ਹੋ ਗਿਆ ਸੀ ਕਿ ਜਿਸ ਤਰ੍ਹਾਂ ਹਾਈਕੋਰਟ ਨੇ ਮੋਗਾ ਕਾਂਡ ਦਾ ਆਪਣੇ ਤੌਰ ਉਤੇ ਨੋਟਿਸ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਉਸ ਨਾਲ ਸਰਕਾਰ ਵਿਰੁੱਧ ਸਖ਼ਤ ਕਾਰਵਾਈ ਹੋ ਸਕਦੀ ਹੈ ਤੇ ਦੂਜਾ ਸਰਕਾਰ ਨੇ ਇਸ ਮਾਮਲੇ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਜਾਂਚ ਕਮਿਸ਼ਨ ਕਾਇਮ ਕੀਤਾ ਹੈ।

### ਸਰਕਾਰੀ ਤੇ ਪ੍ਰਾਈਵੇਟ ਬੱਸਾਂ ਬਾਰੇ ਰਿਕਾਰਡ ਤਲਬ

**ਚੰਡੀਗੜ੍ਹ:** ਔਰਬਿਟ ਬੱਸ ਵਿਚ ਵਾਪਰੇ ਛੇੜਛਾੜ ਤੇ ਕਤਲ ਕਾਂਡ ਦਾ ਸਵੈ-ਨੋਟਿਸ ਲੈਂਦਿਆਂ ਪੰਜਾਬ ਤੇ ਹਰਿਅਣਾ ਹਾਈਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ, ਪੁਲਿਸ ਮੁਖੀ ਤੇ ਔਰਬਿਟ ਏਵੀਏਸ਼ਨ ਕੰਪਨੀ ਨੂੰ ਨੋਟਿਸ ਜਾਰੀ ਕਰਦਿਆਂ ਸਰਕਾਰ ਤੋਂ ਮਾਮਲੇ ਵਿਚ ਹੁਣ ਤੱਕ ਮੁਲਜ਼ਮਾਂ ਖ਼ਿਲਾਫ਼ ਕੀਤੀ ਕਾਰਵਾਈ ਦੀ ਰਿਪੋਰਟ ਤਲਬ ਕੀਤੀ ਹੈ। ਹਾਈਕੋਰਟ ਦੇ ਬੈਂਚ ਨੇ ਪੰਜਾਬ ਦੇ ਟਰਾਂਸਪੋਰਟ ਅਧਿਕਾਰੀਆਂ ਨੂੰ ਸੂਬੇ ਵਿਚ ਚੱਲਣ ਵਾਲੀਆਂ ਸਮੁੱਚੀਆਂ ਸਰਕਾਰੀ ਤੇ ਨਿੱਜੀ ਬੱਸਾਂ ਦੀ ਵੇਰਵੇ ਸਹਿਤ ਰਿਪੋਰਟ ਦੇਣ ਲਈ ਵੀ ਕਿਹਾ ਹੈ। ਰਿਪੋਰਟ ਵਿਚ ਨਿਜੀ ਟਰਾਂਸਪੋਰਟ ਕੰਪਨੀਆਂ ਦੀ ਮਾਲਕੀ ਦੇ ਵੇਰਵੇ ਵੀ ਤਫ਼ਸੀਲ ਨਾਲ ਦੇਣ ਦੇ ਹੁਕਮ ਦਿੱਤੇ ਗਏ ਹਨ।

# ਔਰਬਿਟ ਦੀ ਚੜ੍ਹਤ ਨੇ ਹੀ ਡੋਬਿਆ ਪੀ.ਆਰ.ਟੀ.ਸੀ. ਦਾ ਬੇੜਾ

**ਜਲੰਧਰ:** ਮੋਗਾ ਕਾਂਡ ਪਿਛੋਂ ਔਰਬਿਟ ਬੱਸ ਸੇਵਾ ਮੁਲਤਵੀ ਹੋਣ ਕਾਰਨ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ) ਤੇ ਪੰਜਾਬ ਰੋਡਵੇਜ਼ ਦੀ ਆਮਦਨ ਵਿਚ ਵਾਧੇ ਨੇ ਸਾਬਤ ਕੀਤਾ ਹੈ ਕਿ ਸੂਬੇ ਵਿਚ ਕਾਰਪੋਰੇਸ਼ਨ ਦਾ ਬੇੜਾ ਔਰਬਿਟ ਦੇ ਉਭਾਰ ਨਾਲ ਹੀ ਡੁੱਬਿਆ ਹੈ। ਇਸ ਘਟਨਾ ਤੋਂ ਪਹਿਲਾਂ ਕਾਰਪੋਰੇਸ਼ਨ ਦਾ ਆਮਦਨ ਤੇ ਖਰਚ ਵਿਚਲਾ ਪ੍ਰਤੀ ਮਹੀਨਾ ਫ਼ਰਕ ਪੰਜ ਕਰੋੜ ਰੁਪਏ ਦਾ ਆ ਰਿਹਾ ਸੀ ਪਰ ਔਰਬਿਟ ਬੱਸਾਂ ਸੜਕਾਂ ਤੋਂ ਲੱਥਣ ਕਾਰਨ ਪੀ.ਆਰ.ਟੀ.ਸੀ. ਮੁਨਾਫੇ ਵਿਚ ਜਾਣ ਲੱਗੀ ਹੈ। ਇਸ ਤੋਂ ਪਹਿਲਾਂ ਵਿੱਤੀ ਸੰਕਟ ਵਿਚੋਂ ਨਿਕਲਣ ਲਈ ਪੀ.ਆਰ.ਟੀ.ਸੀ. ਵੱਲੋਂ ਆਪਣੀ ਢਾਈ 250 ਕਰੋੜ ਦੀ ਜਾਇਦਾਦ ਵੇਚਣ 'ਤੇ ਲਾਈ ਹੋਈ ਹੈ। ਪੰਜਾਬ ਸਰਕਾਰ ਨੇ ਮੁਫਤ ਸਫਰ ਬਦਲੇ 47.70 ਕਰੋੜ ਕਾਰਪੋਰੇਸ਼ਨ ਨੂੰ ਦੇਣੇ ਹਨ ਪਰ ਪੈਸੇ ਵਾਪਸ ਕਰਨ ਦੀ ਥਾਂ ਸਰਕਾਰ ਵੱਲੋਂ ਕਾਰਪੋਰੇਸ਼ਨ ਨੂੰ ਜ਼ਮੀਨ ਵੇਚਣ ਦਾ ਸੁਝਾਅ ਦਿੱਤਾ ਜਾਂਦਾ ਹੈ।




ਪੀ.ਆਰ.ਟੀ.ਸੀ ਦੇ ਸਾਬਕਾ ਡਾਇਰੈਕਟਰ ਕਰਮ ਸਿੰਘ ਚੌਹਾਨ, ਜੋ 2007 ਤੋਂ ਬਾਅਦ ਡਾਇਰੈਕਟਰ ਵੱਜੋਂ ਸਿਆਸੀ ਤੌਰ ਉਤੇ ਪਾਸੇ ਕੀਤੇ ਗਏ ਸਨ, ਦਾ ਕਹਿਣਾ ਹੈ ਕਿ ਨਵੀਂ ਹਕੂਮਤ ਵੱਲੋਂ ਆਪਣੇ ਹਿੱਤ ਪੂਰਨ ਲਈ, ਜੋ ਫੰਡ ਕਾਰਪੋਰੇਸ਼ਨ ਨੂੰ ਮੁਹੱਈਆ ਕਰਵਾਇਆ ਜਾਣਾ ਸੀ, ਉਹ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਔਰਬਿਟ ਉਪਰ ਉਠਦੀ ਗਈ ਤੇ ਸਰਕਾਰੀ ਲਾਰੀਆਂ ਥੱਲੇ ਹੁੰਦੀਆਂ ਗਈਆਂ।

# ਜੁਰਮ ਦੀ ਦੁਨੀਆਂ ਵੱਲ ਵਧ ਰਿਹਾ ਹੈ ਪੰਜਾਬ

**ਚੰਡੀਗੜ੍ਹ:** ਪਿਛਲੇ ਕੁਝ ਸਾਲਾਂ ਵਿਚ ਪੰਜਾਬ ਵਿਚ ਲੁੱਟ-ਖੋਹ, ਚੋਰੀ, ਕਤਲ ਤੇ ਬਲਾਤਕਾਰ ਦੀਆਂ ਵਾਰਦਾਤਾਂ ਵਿਚ ਵਾਧਾ ਹੋਇਆ ਹੈ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਰੋਜ਼ਾਨਾ ਚੋਰੀ ਤੇ ਲੁੱਟਾਂ- ਖੋਹਾਂ ਦੀਆਂ ਤਕਰੀਬਨ 20 ਘਟਨਾਵਾਂ ਵਾਪਰਦੀਆਂ ਹਨ। ਹਰੇਕ ਤਿੰਨ ਦਿਨਾਂ ਦੌਰਾਨ ਅੱਠ ਲੜਕੀਆਂ ਤੇ ਮਹਿਲਾਵਾਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਰੋਜ਼ਾਨਾ 10 ਠੱਗੀਆਂ ਵੱਜਦੀਆਂ ਹਨ। ਪੰਜਾਬ ਪੁਲਿਸ ਹੈੱਡਕੁਆਰਟਰ ਤੋਂ ਹਾਸਲ ਅੰਕੜਿਆਂ ਅਨੁਸਾਰ ਰੋਜ਼ਾਨਾ ਚੋਰੀਆਂ, ਸੰਨ੍ਹਾਂ, ਖੋਹਾਂ, ਲੁੱਟਾਂ ਤੇ ਡਕੈਤੀਆਂ ਦੀਆਂ ਔਸਤਨ 20 ਐਫ.ਆਈ.ਆਰਜ਼. ਦਰਜ ਕੀਤੀਆਂ ਜਾਂਦੀਆਂ ਹਨ। ਜਿਹੜੇ ਮਾਮਲਿਆਂ ਨੂੰ ਪੁਲਿਸ ਨੇ ਰਫ਼ਾ-ਦਫ਼ਾ ਕਰ ਦਿੱਤਾ ਹੈ ਉਨ੍ਹਾਂ ਦਾ ਕੋਈ ਲੇਖਾ ਹੀ ਨਹੀਂ ਹੈ। ਪਿਛਲੇ ਵਰ੍ਹੇ ਪੰਜਾਬ ਵਿਚ ਚੋਰੀ ਦੇ ਤਕਰੀਬਨ 3400 ਕੇਸ ਦਰਜ ਕੀਤੇ ਗਏ ਸਨ। ਇਸੇ ਤਰ੍ਹਾਂ ਰੋਜ਼ਾਨਾ ਚੋਰੀਆਂ ਦੇ ਔਸਤਨ ਨੌਂ ਕੇਸ ਦਰਜ ਕੀਤੇ ਜਾਂਦੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਲੰਘੇ ਚਾਰ ਵਰ੍ਹਿਆਂ (ਜਨਵਰੀ 2011 ਤੋਂ ਦਸੰਬਰ 2014 ਤੱਕ) ਦੌਰਾਨ ਜਬਰ ਜਨਾਹ ਤੇ ਛੇੜਛਾੜ ਦੇ 4548 ਕੇਸ ਦਰਜ ਹੋਏ ਹਨ, ਜਿਸ ਦਾ ਮਤਲਬ ਹੈ ਕਿ ਔਸਤਨ ਹਰ ਮਹੀਨੇ 94 ਔਰਤਾਂ ਨਾਲ ਜਬਰ ਜਨਾਹ ਤੇ ਛੇੜਛਾੜ ਹੁੰਦੀ ਹੈ। ਪੰਜਾਬ ਵਿਚ ਸਾਲ 2013 ਵਿਚ ਜਬਰ ਜਨਾਹ ਤੇ ਛੇੜਛਾੜ ਦੇ ਦੋ ਹਜ਼ਾਰ ਕੇਸ ਦਰਜ ਹੋਏ। ਸਾਲ 2012 ਵਿਚ 1051, 2011 ਵਿਚ 792 ਤੇ 2014 ਵਿਚ 705 ਕੇਸ ਦਰਜ ਹੋਏ ਹਨ।

ਇਸ ਤੋਂ ਇਲਾਵਾ ਲੋਕਾਂ ਦੀ ਜਾਨ-ਮਾਲ ਦੀ ਰਾਖੀ ਪੁਲਿਸ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਆਮ ਲੋਕਾਂ ਲਈ ਪਰੇਸ਼ਾਨੀ ਦਾ ਸਬੱਬ ਬਣੀ ਹੋਈ ਹੈ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ 10 ਮਹੀਨੇ ਪਹਿਲਾਂ ਈ ਮੇਲ ਰਾਹੀਂ ਸ਼ਿਕਾਇਤਾਂ ਲੈਣ ਦੀ ਸ਼ੁਰੂ ਕੀਤੀ ਵਿਵਸਥਾ ਨੇ ਪੁਲਿਸ ਦੇ ਕੰਮ ਉਤੇ ਵੱਡਾ ਸਵਾਲੀਆ ਨਿਸ਼ਾਨ ਲਾਇਆ ਹੈ। ਪਿਛਲੇ 10 ਮਹੀਨਿਆਂ ਦੌਰਾਨ ਉਪ ਮੁੱਖ ਮੰਤਰੀ ਦੀ ਈ ਮੇਲ ਉਤੇ ਪੰਜ ਹਜ਼ਾਰ ਦੇ ਕਰੀਬ ਸ਼ਿਕਾਇਤਾਂ ਹਾਸਲ ਹੋਈਆਂ ਹਨ। ਇਨ੍ਹਾਂ ਵਿਚੋਂ ਦੋ ਹਜ਼ਾਰ ਪੰਜਾਬ ਪੁਲਿਸ ਵਿਰੁੱਧ ਸਨ।

# ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਰੋਸ ਵਿਖਾਵੇ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਦੀਆਂ ਦੋ ਦਰਜਨ ਤੋਂ ਵੱਧ ਜਥੇਬੰਦੀਆਂ 'ਤੇ ਅਧਾਰਿਤ ਬਣੀ ਸੂਬਾ ਪੱਧਰੀ 'ਔਰਬਿਟ ਬੱਸ ਕਾਂਡ ਵਿਰੋਧੀ ਐਕਸ਼ਨ ਕਮੇਟੀ ਪੰਜਾਬ' ਦੇ ਸੱਦੇ 'ਤੇ ਸੂਬੇ ਦੇ ਸਾਰੇ ਜ਼ਿਲ੍ਹਾ ਕੇਂਦਰਾਂ ਵਿਚ ਡੀ.ਸੀ. ਦਫ਼ਤਰਾਂ ਦਾ ਘਿਰਾਓ ਕੀਤਾ ਗਿਆ।

ਬਠਿੰਡਾ ਅਤੇ ਬਰਨਾਲਾ ਜ਼ਿਲ੍ਹਾ ਕੇਂਦਰਾਂ 'ਤੇ ਪੁਲਿਸ ਨੇ ਮੁਜ਼ਾਹਰਾਕਾਰੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਲੋਕਾਂ ਦੇ ਇਕੱਠ ਨੇ ਅਸਫ਼ਲ ਬਣਾ ਦਿੱਤਾ। ਲੋਕਾਂ ਨੇ ਮੰਗ ਕੀਤੀ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਔਰਬਿਟ ਬੱਸ ਕੰਪਨੀ ਦੇ ਸਾਰੇ ਡਾਇਰੈਕਟਰਾਂ ਵਿਰੁੱਧ ਕੇਸ ਦਰਜ ਕੀਤਾ ਜਾਵੇ, ਔਰਬਿਟ ਕੰਪਨੀ ਦੇ ਸਾਰੇ ਰੂਟ ਪਰਮਿਟ ਰੱਦ ਕਰ ਕੇ ਇਨ੍ਹਾਂ ਰੂਟਾਂ ਉਪਰ ਸਰਕਾਰੀ ਬੱਸਾਂ ਚਲਾਈਆਂ ਜਾਣ ਤੇ ਸੁਖਬੀਰ ਬਾਦਲ ਵੱਲੋਂ ਅਸਤੀਫ਼ਾ ਦਿੱਤਾ ਜਾਵੇ। ਇਸ ਤੋਂ ਇਲਾਵਾ ਇਸ ਕਾਂਡ ਸਬੰਧੀ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦੇ ਹੋਏ ਹਰਸਿਮਰਤ ਕੌਰ ਬਾਦਲ ਦੇ ਅਸਤੀਫ਼ੇ ਦੀ ਵੀ ਮੰਗ ਕੀਤੀ ਗਈ। ਕਮੇਟੀ ਨੇ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਪਿਛਲੇ ਸਮੇਂ ਵਿਚ ਖਾਸ ਕਰ ਕੇ 2007 ਤੋਂ ਬਾਅਦ ਬਣਾਈ ਜਾਇਦਾਦ ਦੀ ਪੜਤਾਲ ਕਰਾਈ ਜਾਵੇ, ਆਮ ਲੋਕਾਂ ਨਾਲ ਗਲਤ ਵਿਹਾਰ ਕਰਨ ਵਾਲੇ ਡਰਾਈਵਰਾਂ ਤੇ ਕੰਡਕਟਰਾਂ ਤੋਂ ਬਿਨਾਂ ਵਾਧੂ ਸਟਾਫ਼ ਦੇ ਨਾਮ ਹੇਠ ਭਰਤੀ ਕੀਤੇ ਗੁੰਡਾ ਅਨਸਰਾਂ ਨੂੰ ਹਟਾਇਆ ਜਾਵੇ ਤੇ ਬੱਸਾਂ ਵਿਚੋਂ ਟੀ.ਵੀ ਆਦਿ ਹਟਾਏ ਜਾਣ।



ਵੱਖ-ਵੱਖ ਥਾਈਂ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਗੁੰਡਾਗਰਦੀ ਵਧ ਗਈ ਹੈ ਤੇ ਅਜਿਹੇ ਮਾਹੌਲ ਵਿਚ ਆਮ ਲੋਕਾਂ ਦਾ ਜਿਉਣਾ ਮੁਹਾਲ ਹੋ ਗਿਆ ਹੈ। ਅਜਿਹੇ ਮਾਹੌਲ ਵਿਚ ਮਹਿਲਾਵਾਂ ਵੀ ਸੁਰੱਖਿਅਤ ਨਹੀਂ ਹਨ। ਇੱਥੋਂ ਤੱਕ ਕਿ ਆਪਣੀਆਂ ਧੀਆਂ ਦੀ ਰਾਖੀ ਕਰਦੇ ਪੁਲਿਸ ਕਰਮੀ ਵੀ ਗੁੰਡਾਗਰਦੀ ਦਾ ਸ਼ਿਕਾਰ ਹੋ ਰਹੇ ਹਨ। ਬੁਲਾਰਿਆਂ ਨੇ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ। ਕਮੇਟੀ ਆਗੂਆਂ ਨੇ ਔਰਬਿਟ ਬੱਸ ਕਾਂਡ ਵਿਰੁੱਧ ਇਨਸਾਫ਼ ਦੀ ਮੰਗ ਲਈ ਫ਼ਰੀਦਕੋਟ ਵਿਚ ਰੋਸ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਨਿੰਦਾ ਕਰਦੇ ਹੋਏ ਰਿਹਾਈ ਦੀ ਮੰਗ ਕੀਤੀ।

# ਪਾਵਰਕੌਮ ਲਈ ਹੁਣ ਪਰਖ ਦਾ ਵੇਲਾ ਸ਼ੁਰੂ

**ਬਠਿੰਡਾ:** ਖੇਤੀ ਸੈਕਟਰ ਵਿਚ ਬਿਜਲੀ ਦੀ ਮੰਗ ਵਧਣ ਕਾਰਨ ਪਾਵਰਕੌਮ ਨੇ ਹੱਥ ਘੁੱਟ ਲਿਆ ਹੈ ਤੇ ਬਿਜਲੀ ਪੱਖੋਂ ਸਰਪਲੱਸ ਬਣਨ ਜਾ ਰਹੇ ਸੂਬੇ ਦੇ ਲੋਕਾਂ ਨੂੰ ਇਸ ਵਾਰ ਫਿਰ ਲੰਬੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਔਖ ਦੀ ਘੜੀ ਵਿਚ ਹੁਣ ਸਰਕਾਰੀ ਥਰਮਲਾਂ ਨੂੰ ਚਲਾਉਣਾ ਪੈ ਰਿਹਾ ਹੈ। ਪ੍ਰਾਈਵੇਟ ਸੈਕਟਰ ਦੇ ਤਲਵੰਡੀ ਸਾਬੋ ਤੇ ਰਾਜਪੁਰਾ ਥਰਮਲ ਪਲਾਂਟ ਐਨ ਮੌਕੇ ਉਤੇ ਬੰਦ ਹੋ ਗਏ ਹਨ।

ਤਲਵੰਡੀ ਸਾਬੋ ਥਰਮਲ ਪਲਾਂਟ ਦੇ ਲੋਕ ਸੰਪਰਕ ਅਫਸਰ ਵਿਸ਼ਾਲ ਦਾ ਕਹਿਣਾ ਸੀ ਕਿ ਬੁਆਇਲਰ ਲੀਕ ਹੋਣ ਕਰਕੇ ਹਾਲੇ ਪਲਾਂਟ ਚੱਲਣ ਨੂੰ 10 ਤੋਂ 15 ਦਿਨ ਦਾ ਸਮਾਂ ਲੱਗ ਸਕਦਾ ਹੈ। ਜਾਣਕਾਰੀ ਅਨੁਸਾਰ ਰਾਜਪੁਰਾ ਪਲਾਂਟ ਦੇ ਦੋਵੇਂ ਯੂਨਿਟ ਬੰਦ ਹੋ ਗਏ ਹਨ ਜਿਸ ਕਰਕੇ 600 ਮੈਗਾਵਾਟ ਯੂਨਿਟ ਬਿਜਲੀ ਦੀ ਹੋਰ ਕਮੀ ਹੋ ਗਈ ਹੈ। ਪਾਵਰਕੌਮ ਨੇ ਆਪਣੇ ਤਾਪ ਬਿਜਲੀ ਘਰ ਬੰਦ ਕੀਤੇ ਹੋਏ ਸਨ। ਹੁਣ ਜਦੋਂ ਪ੍ਰਾਈਵੇਟ ਪਲਾਂਟ ਬੰਦ ਹੋ ਗਏ ਤਾਂ ਪਾਵਰਕੌਮ ਨੇ ਰੋਪੜ ਥਰਮਲ ਦੇ ਤਿੰਨ ਹੋਰ ਯੂਨਿਟ ਤੇ ਬਠਿੰਡਾ ਦਾ ਇਕ ਯੂਨਿਟ ਚਾਲੂ ਕਰ ਲਿਆ ਹੈ। ਇਸ ਵੇਲੇ ਰੋਪੜ ਦੇ ਪੰਜ ਯੂਨਿਟ, ਲਹਿਰਾ ਮੁਹੱਬਤ ਦੇ ਦੋ ਯੂਨਿਟ ਤੇ ਬਠਿੰਡਾ ਥਰਮਲ ਦਾ ਇਕ ਯੂਨਿਟ ਚੱਲ ਰਿਹਾ ਹੈ। ਇਨ੍ਹਾਂ ਯੂਨਿਟਾਂ ਤੋਂ ਤਕਰੀਬਨ 384 ਲੱਖ ਯੂਨਿਟ ਬਿਜਲੀ ਰੋਜ਼ਾਨਾ ਮਿਲ ਰਹੀ ਹੈ। ਹੁਣ ਮਾਲਵਾ ਖਿੱਤੇ ਵਿਚ ਤਾਪਮਾਨ ਵਧਣ ਕਾਰਨ ਬਿਜਲੀ ਦੀ ਮੰਗ ਵੀ ਵਧ ਗਈ ਹੈ। ਖਾਸ ਕਰਕੇ ਕਿਸਾਨਾਂ



ਵੱਲੋਂ ਸਾਉਣੀ ਦੀ ਫਸਲ ਦੀ ਬਿਜਾਈ ਕੀਤੀ ਜਾ ਰਹੀ ਹੈ ਜਿਸ ਕਰਕੇ ਖੇਤੀ ਸੈਕਟਰ ਵਿਚ ਬਿਜਲੀ ਦੀ ਲੋੜ ਹੈ।

ਪਾਵਰਕੌਮ ਦੇ ਬਠਿੰਡਾ ਸਰਕਲ ਦੇ ਨਿਗਰਾਨ ਇੰਜਨੀਅਰ ਜੀ.ਸੀ. ਸਿੰਗਲਾ ਦਾ ਕਹਿਣਾ ਸੀ ਕਿ ਗਰਮੀ ਵਧਣ ਕਰਕੇ ਬਿਜਲੀ ਦੀ ਮੰਗ ਵਿਚ ਵੀ ਵਾਧਾ ਹੋ ਰਿਹਾ ਹੈ। ਖੇਤੀ ਸੈਕਟਰ ਨੂੰ ਫਿਲਹਾਲ ਛੇ ਘੰਟੇ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ ਤੇ ਝੋਨੇ ਦੀ ਲਵਾਈ ਮਗਰੋਂ ਅੱਠ ਘੰਟੇ ਬਿਜਲੀ ਸਪਲਾਈ ਸ਼ੁਰੂ ਹੋ ਜਾਵੇਗਾ।

ਬਿਜਲੀ ਦੀ ਮੰਗ ਇਸ ਵੇਲੇ 1450 ਲੱਖ ਯੂਨਿਟ ਦਾ ਅੰਕੜਾ ਪਾਰ ਕਰ ਗਈ ਹੈ। ਆਉਣ ਵਾਲੇ ਦਿਨਾਂ ਵਿਚ ਬਿਜਲੀ ਦੀ ਮੰਗ ਵਧ ਕੇ 2500 ਲੱਖ ਯੂਨਿਟ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ। ਨਿੱਜੀ ਤਾਪ ਬਿਜਲੀ ਘਰਾਂ ਵਿਚ ਪਏ ਤਕਨੀਕੀ ਨੁਕਸ ਕਾਰਨ ਬਿਜਲੀ ਦੀ ਖ਼ਰੀਦ ‘ਤੇ ਵੀ ਅਸਰ ਪਿਆ ਹੈ। ਪਿਛਲੇ ਸਾਲ ਜਿਥੇ 836 ਲੱਖ ਯੂਨਿਟ ਬਿਜਲੀ ਦੀ ਖ਼ਰੀਦ ਹੋਈ, ਨਿੱਜੀ ਖੇਤਰ ਦੇ ਬਿਜਲੀ ਘਰਾਂ ਕਾਰਨ ਬਿਜਲੀ ਦੀ ਖ਼ਰੀਦ ਦਾ ਅੰਕੜਾ 670 ਲੱਖ ਯੂਨਿਟ ਉਤੇ ਪਹੁੰਚ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਤਾਪ ਬਿਜਲੀ ਘਰਾਂ ਨੂੰ ਕੋਲੇ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਇਸ ਵਾਰ ਹਾਲੇ ਤੱਕ ਬਿਜਲੀ ਘਰਾਂ ਕੋਲ ਦੇ ਭੰਡਾਰ ਸੰਤੁਸ਼ਟੀ ਵਾਲੇ ਹਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



To Advertise with Punjab Times Call: 847-359-0746

ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ
ਇੰਡੀਆਨਾ ਵਿਚ ਜਲਦ ਹੀ ਖੁੱਲ੍ਹਣ ਵਾਲੇ ਭਾਰਤੀ ਰੈਸਟੋਰੈਂਟ ਲਈ ਤਜਰਬੇਕਾਰ ਸ਼ੈਫ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ
ਚੰਗੀ ਤਨਖਾਹ ਅਤੇ ਰਿਹਾਇਸ਼ ਦੀ ਸਹੂਲਤ
ਸਿਰਫ ਤਜਰਬੇਕਾਰ ਸੱਜਣ ਹੀ ਸੰਪਰਕ ਕਰਨ
ਫੋਨ: 574-304-1074
Wanted Chef & Tandoria
Indian Restaurant Opening Soon!
We need only experience Chef & Tandoria with good salary & accommodation.
Call only experience holder only.
Ph: 574-304-1074
20

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

Golden State Realty
9912 Kapalua Ln., Elk Grove, CA 95624



Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent ’ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਸਲਮਾਨ ਖਾਨ: ਨਾਇਕ ਕਿ ਖਲਨਾਇਕ?

## ਦੇਖਦਿਆਂ-ਦੇਖਦਿਆਂ ਨਿਆਂਪਾਲਿਕਾ ਜੇਬ ਵਿਚ ਪਾਈ

**ਮੁੰਬਈ:** ਇਸ ਹਫਤੇ ਸਮੁੱਚੇ ਭਾਰਤੀ ਮੀਡੀਆ ਵਿਚ ਸਲਮਾਨ ਖਾਨ ਕੇਸ ਦੀ ਖੂਬ ਚਰਚਾ ਰਹੀ। ਇਸ ਕੇਸ ਦੇ ਸਿਲਸਿਲੇ ਵਿਚ ਸਲਮਾਨ ਖਾਨ ਨੂੰ ਬਹੁਤ ਜ਼ਿਆਦਾ ਕਵਰੇਜ ਦੇਣ ਕਰ ਕੇ ਭਾਵੇਂ ਮੀਡੀਆ ਦੇ ਇਕ ਹਿੱਸੇ ਦੀ ਬੜੀ ਤਿੱਖੀ ਆਲੋਚਨਾ ਵੀ ਹੋਈ ਹੈ, ਪਰ ਮੀਡੀਆ ਦੇ ਇਕ ਹਿੱਸੇ ਨੇ ਇਸ ਕੇਸ ਨਾਲ ਜੁੜੇ ਕਈ ਅਹਿਮ ਪੱਖ ਉਭਾਰਨ ਦਾ ਯਤਨ ਵੀ ਕੀਤਾ ਹੈ। ਇਸ ਯਤਨ ਕਰ ਕੇ ਹੀ ਇਸ ਕੇਸ ਦੀ ਤਹਿ ਵਿਚ ਪਏ ਕੁਝ ਤੱਥ ਅਤੇ ਪੱਖ ਉਭਰ ਕੇ ਸਭ ਦੇ ਸਾਹਮਣੇ ਆ ਸਕੇ ਹਨ। ਇਹ ਕੇਸ ਪੂਰੇ 13 ਸਾਲ ਚੱਲਿਆ ਅਤੇ ਸਲਮਾਨ ਖਾਨ ਨੂੰ ਪੰਜ ਸਾਲ ਕੈਦ ਦੀ ਸਜ਼ਾ ਹੋਈ।

ਯਾਦ ਰਹੇ ਕਿ ਫਿਲਮ ਅਦਾਕਾਰ ਸਲਮਾਨ ਖਾਨ ਨੇ 2002 ਵਿਚ ਆਪਣੀ ਕਾਰ ਫੁੱਟਪਾਥ ਉਤੇ ਚੜ੍ਹਾ ਦਿੱਤੀ ਸੀ, ਸਿੱਟੇ ਵਜੋਂ ਉਥੇ ਸੁੱਤੇ ਪਏ ਇਕ ਮਜ਼ਦੂਰ ਦੀ ਮੌਤ ਹੋ ਗਈ ਸੀ ਅਤੇ ਚਾਰ ਜ਼ਖਮੀ ਹੋ ਗਏ ਸਨ। 13 ਸਾਲ ਬਾਅਦ ਆਏ ਫੈਸਲੇ ਤੋਂ ਬਾਅਦ ਹਾਈ ਕੋਰਟ ਨੇ ਸਿਰਫ ਦੋ ਘੰਟੇ ਵਿਚ ਸਲਮਾਨ ਨੂੰ ਆਰਜ਼ੀ ਜ਼ਮਾਨਤ ਦੇ ਦਿੱਤੀ। ਸਲਮਾਨ ਨੂੰ ਇਕ ਮਿੰਟ ਵੀ ਜੇਲ੍ਹ ਅੰਦਰ ਨਹੀਂ ਜਾਣਾ ਪਿਆ। ਹੁਣ ਸਮੁੱਚੇ ਮੀਡੀਆ ਵਿਚ ਅਦਾਲਤਾਂ ਅਤੇ ਜੱਜਾਂ ਦੇ ਕਾਰ ਅਤੇ ਵਿਹਾਰ ਦੀਆਂ ਗੱਲਾਂ ਹੋ ਰਹੀਆਂ ਹਨ। ਇਹ ਵੱਡੀ ਗੱਲ ਹੈ ਕਿ ਸੈਸ਼ਨ ਕੋਰਟ ਦੇ ਜੱਜ ਡੀ.ਡਬਲਿਊ. ਦੇਸ਼ਪਾਂਡੇ ਨੇ ਮਿਸਾਲ ਕਾਇਮ ਕਰਦਿਆਂ ਸਲਮਾਨ ਖਾਨ ਦੇ ਵਕੀਲਾਂ ਵੱਲੋਂ ਵਰਤਿਆ ਹਰ ਹੱਥਕੰਡਾ ਫੇਲ੍ਹ ਕਰ ਦਿੱਤਾ ਅਤੇ ਉਸ ਨੂੰ ਸਜ਼ਾ ਸੁਣਾ ਦਿੱਤੀ। ਫੈਸਲੇ ਮੁਤਾਬਕ, ਸਲਮਾਨ ਖਾਨ ਗੈਰ-ਇਰਾਦਤਨ ਕਤਲ ਦਾ ਦੋਸ਼ੀ ਹੈ, ਘਟਨਾ ਵੇਲੇ ਉਸ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਕੋਲ ਲਾਇਸੈਂਸ ਵੀ ਨਹੀਂ ਸੀ। ਉਂਝ, ਜੱਜ ਤੋਂ ਇਕ ਅਣਗਹਿਲੀ ਜ਼ਰੂਰ ਹੋ ਗਈ। ਸੁਪਰੀਮ ਕੋਰਟ ਦੀ ਹਦਾਇਤ ਹੈ ਅਤੇ ਹੁਣ ਤੱਕ ਇਹੀ ਹੁੰਦਾ ਆਇਆ ਹੈ ਕਿ ਜਿਸ ਦਿਨ ਸਬੰਧਤ ਬੰਦੇ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਸਜ਼ਾ ਉਸ ਦਿਨ ਨਹੀਂ ਸੁਣਾਈ ਜਾਂਦੀ। ਨਤੀਜੇ ਵਜੋਂ ਬੰਦੇ ਨੂੰ ਇਕ ਵਾਰ ਤਾਂ ਜੇਲ੍ਹ ਜਾਣਾ ਹੀ ਪੈਂਦਾ ਹੈ। ਇਸ ਕੇਸ ਵਿਚ ਜੱਜ ਦੇਸ਼ਪਾਂਡੇ ਨੇ ਜਿਸ ਦਿਨ ਉਸ ਨੂੰ ਦੋਸ਼ੀ ਠਹਿਰਾਇਆ, ਉਸੇ ਦਿਨ ਸਜ਼ਾ ਵੀ ਸੁਣਾ ਦਿੱਤੀ ਅਤੇ ਸਲਮਾਨ ਖਾਨ ਦੇ ਵਕੀਲਾਂ ਨੇ ਹਾਈ ਕੋਰਟ ਵਿਚ ਇਹ ਦਲੀਲ ਦੇ ਕੇ, ਕਿ ਉਨ੍ਹਾਂ ਨੂੰ ਫੈਸਲੇ ਦੀ ਪੂਰੀ ਕਾਪੀ ਨਹੀਂ ਮਿਲੀ, ਸਿਰਫ ਅਗਲੇ ਦੋ ਸਫੇ ਹੀ ਮਿਲੇ ਹਨ, ਸਿਰਫ ਦੋ ਘੰਟੇ ਵਿਚ ਹੀ ਆਰਜ਼ੀ ਜ਼ਮਾਨਤ ਲੈ ਲਈ। ਅਸਲ ਵਿਚ ਸਲਮਾਨ ਦੇ ਵਕੀਲਾਂ ਨੇ ਇੰਨੀ ਜ਼ਿਆਦਾ ਤਿਆਰੀ ਕੀਤੀ ਹੋਈ ਸੀ ਕਿ ਆਰਜ਼ੀ ਜ਼ਮਾਨਤ ਖਤਮ ਹੋਣ ਤੋਂ ਬਾਅਦ ਜੇ ਹਾਈਕੋਰਟ ਉਸ ਨੂੰ ਪੱਕੀ ਜ਼ਮਾਨਤ ਨਾ ਦਿੰਦੀ ਤਾਂ ਐਡਵੋਕੇਟ ਹਰਸ਼ ਸਾਲਵੇ ਸਲਮਾਨ ਵੱਲੋਂ ਸੁਪਰੀਮ ਕੋਰਟ ਵਿਚ ਅਰਜ਼ੀ ਪਾਉਣ ਲਈ ਪਹਿਲਾਂ ਹੀ ਦਿੱਲੀ ਪੁੱਜਿਆ ਹੋਇਆ ਸੀ।



ਅੱਠ ਮਈ ਨੂੰ ਅਦਾਲਤ ਅੰਦਰ ਜਾ ਰਿਹਾ ਅਦਾਕਾਰ ਸਲਮਾਨ ਖਾਨ।

## ਪੈਸੇ ਦਾ ਜ਼ੋਰ ਅਤੇ ਇਨਸਾਫ

**ਮੁੰਬਈ:** ਇਸ ਕੇਸ ਨੇ ਇਹ ਚਰਚਾ ਜ਼ੋਰ-ਸ਼ੋਰ ਨਾਲ ਛੇੜ ਦਿੱਤੀ ਕਿ ਪੈਸੇ ਦੇ ਜ਼ੋਰ ਨਾਲ ਇਨਸਾਫ, ਅਦਾਲਤਾਂ ਅਤੇ ਜੱਜ ਵੀ ਖਰੀਦੇ ਜਾ ਸਕਦੇ ਹਨ। ਸਲਮਾਨ ਖਾਨ ਦੇ ਵਕੀਲਾਂ ਨੇ ਆਪਣੀਆਂ ਦਲੀਲਾਂ ਵਿਚ ਇਹ ਵੀ ਦਰਜ ਕਰਵਾਇਆ ਕਿ ਸਲਮਾਨ ਖਾਨ ਹੁਣ ਲੋਕ ਭਲਾਈ ਦੇ ਬਹੁਤ ਸਾਰੇ ਕੰਮ ਕਰ ਰਿਹਾ ਹੈ, ਪਰ ਘਟਨਾ ਵਿਚ ਮਾਰੇ ਗਏ ਸ਼ਖਸ ਨੂਰ-ਉਲ੍ਹਾ ਮਹਿਬੂਬ ਸ਼ਰੀਫ ਦੇ ਮੁੰਡੇ ਫਿਰੋਜ਼ ਸ਼ਰੀਫ (ਜੋ ਹੁਣ 25 ਸਾਲਾਂ ਦਾ ਹੈ) ਨੇ ਦੱਸਿਆ ਕਿ ਅੱਬਾ ਦੀ ਮੌਤ ਤੋਂ ਬਾਅਦ ਉਸ ਨੂੰ ਮਜ਼ਦੂਰੀ ਕਰਨ ਪਈ, ਸਿੱਟੇ ਵਜੋਂ ਪੜ੍ਹਾਈ ਛੁੱਟ ਗਈ। ਉਸ ਦੀ ਮਾਂ ਬੇਗਮ ਜਹਾਂ ਨੂੰ ਲੋਕਾਂ ਦੇ ਘਰੀਂ ਭਾਂਡੇ ਮਾਂਜਣੇ ਅਤੇ ਪੋਚੇ ਲਾਉਣੇ ਪਏ। ਪੈਸੇ ਪੱਖੋਂ ਬਹੁਤ ਔਖੀ ਹੋਈ ਬੇਗਮ ਜਹਾਂ ਇਕ ਵਾਰ ਮਦਦ ਲਈ ਸਲਮਾਨ ਖਾਨ ਦੇ ਘਰ ਤੱਕ ਵੀ ਚਲੀ ਗਈ ਸੀ, ਪਰ ਸੁਰੱਖਿਆ ਗਾਰਦ ਨੇ ਉਸ ਨੂੰ ਗਾਲ੍ਹਾਂ ਕੱਢ ਕੇ ਭਜਾ ਦਿੱਤਾ। ਬੇਗਮ ਜਹਾਂ ਕਹਿੰਦੀ ਹੈ- "ਲੋਕ ਕਹਿੰਦੇ ਹਨ ਕਿ ਸਲਮਾਨ ਬੜੇ ਦਿਲ ਵਾਲਾ ਹੈ, ਪਰ ਸਾਡੀ ਗੱਲ ਤਾਂ ਉਹਨੇ ਇਕ ਵਾਰ ਵੀ ਨਹੀਂ ਸੁਣੀ।" ਸਲਮਾਨ ਉਤੇ ਇਹ ਇਲਜ਼ਾਮ ਵੀ ਲਗਦਾ ਹੈ ਕਿ ਉਹਨੇ ਲੋਕ ਭਲਾਈ ਦੇ ਕੰਮ ਅਦਾਲਤ ਤੋਂ ਲਾਹਾ ਲੈਣ ਲਈ ਹੀ ਸ਼ੁਰੂ ਕੀਤੇ ਸਨ। ਨਹੀਂ ਤਾਂ ਉਸ ਨੂੰ ਪਤਾ ਹੀ ਸੀ ਕਿ ਬੇਗਮ ਜਹਾਂ ਅਤੇ ਹਾਦਸੇ ਵਿਚ ਫੱਟੜ ਹੋਏ ਚਾਰ ਜਣਿਆਂ ਦੇ ਪਰਿਵਾਰ ਔਖ ਵਿਚੋਂ ਲੰਘ ਰਹੇ ਹਨ, ਪਰ ਉਸ ਨੇ 13 ਸਾਲਾਂ ਵਿਚ ਇਕ ਵਾਰ ਵੀ ਇਨ੍ਹਾਂ ਦੀ ਸਾਰ ਨਹੀਂ ਲਈ।

## ਅਸਲੀ ਗਵਾਹ ਰਵਿੰਦਰ ਦੀ ਕਹਾਣੀ

**ਮੁੰਬਈ:** ਘਟਨਾ ਹੋਣ ਤੋਂ ਬਾਅਦ ਸਲਮਾਨ ਖਾਨ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਦੀ ਥਾਂ ਉਥੋਂ ਭੱਜ ਨਿਕਲਿਆ। ਮਗਰੋਂ ਵਕੀਲਾਂ ਨੇ ਇਹ ਸਾਬਤ ਕਰਨ ਦਾ ਯਤਨ ਵੀ ਕੀਤਾ ਕਿ ਨੂਰ-ਉਲ੍ਹਾ ਦੀ ਮੌਤ ਉਸ ਵੇਲੇ ਹੋਈ ਜਦੋਂ ਕਰੇਨ ਹਾਦਸਾਗ੍ਰਸਤ ਕਾਰ ਨੂੰ ਲਾਂਭੇ ਕਰ ਰਹੀ ਸੀ ਅਤੇ ਹੁੱਕ ਵਿਚੋਂ ਨਿਕਲਣ ਕਾਰਨ ਕਾਰ ਇਨ੍ਹਾਂ ਬੰਦਿਆਂ ਉਤੇ ਡਿੱਗ ਪਈ। ਕਾਰ ਨਾ ਚਲਾਉਣ ਬਾਰੇ ਤਾਂ ਐਨ ਅਖੀਰ ਵਿਚ ਆ ਕੇ ਅਸ਼ੋਕ ਸਿੰਘ ਨਾਂ ਦੇ ਬੰਦੇ ਨੂੰ ਖੜ੍ਹਾ ਕਰ ਦਿੱਤਾ ਗਿਆ ਜਿਸ ਨੇ ਦਾਅਵਾ ਕੀਤਾ ਕਿ ਕਾਰ ਉਹ ਖੁਦ ਚਲਾ ਰਿਹਾ ਸੀ; ਹਾਲਾਂਕਿ ਉਸ ਕਾਰ ਵਿਚ ਬੈਠੇ ਸਲਮਾਨ ਦੇ ਸੁਰੱਖਿਆ ਗਾਰਡ ਰਵਿੰਦਰ ਪਾਟਿਲ ਨੇ ਬਿਆਨ ਦਿੱਤਾ ਸੀ ਕਿ ਉਹਨੇ ਸਲਮਾਨ ਨੂੰ ਕਾਰ ਹੌਲੀ ਚਲਾਉਣ ਲਈ ਕਿਹਾ ਸੀ, ਪਰ ਨਸ਼ੇ ਵਿਚ ਧੁੱਤ ਸਲਮਾਨ ਨਹੀਂ ਮੰਨਿਆ। ਰਵਿੰਦਰ ਨੇ ਅਦਾਲਤ ਵਿਚ ਜਿਹੜੀਆਂ ਗੱਲਾਂ ਰੱਖੀਆਂ, ਉਹ ਇਕ-ਇਕ ਕਰ ਕੇ ਸੱਚੀਆਂ ਸਾਬਤ ਹੋਈਆਂ। ਫਿਰ ਅਚਾਨਕ ਰਵਿੰਦਰ ਜੋ ਪੁਲਿਸ ਦਾ ਮੁਲਾਜ਼ਮ ਸੀ, ਅਦਾਲਤ ਵਿਚ ਆਉਣ ਤੋਂ ਹਟ ਗਿਆ, ਫਿਰ ਮੁੰਬਈ ਸ਼ਹਿਰ ਵਿਚੋਂ ਗਾਇਬ ਹੋ ਗਿਆ, ਫਿਰ ਉਸ ਦੀ ਨੌਕਰੀ ਵੀ ਛੁੱਟ ਗਈ। ਆਖਰ ਉਹ ਮਾਨਸਿਕ ਰੋਗੀ ਹੋ ਗਿਆ ਤੇ ਭੀਖ ਮੰਗ ਕੇ ਗੁਜ਼ਾਰਾ ਕਰਨ ਲੱਗਾ। ਆਖਰਕਾਰ ਕਿਸੇ ਸਰਕਾਰੀ ਹਸਪਤਾਲ ਵਿਚ ਰੁਲਦਾ ਦਮ ਤੋੜ ਗਿਆ।



# ਨੇਪਾਲ ਦਾ ਖੂਨੀ ਮੇਲਾ ਤੇ ਕੁਦਰਤ ਦਾ ਕਹਿਰ

## ਹਰ ਪੰਜ ਸਾਲ ਬਾਅਦ ਲੱਖਾਂ ਪਸ਼ੂਆਂ ਦੀ ਬਲੀ

**ਕਾਠਮੰਡੂ:** ਨੇਪਾਲ ਦੀ ਰਾਜਧਾਨੀ ਕਾਠਮੰਡੂ ਤੋਂ ਤਕਰੀਬਨ 100 ਮੀਲ ਦੂਰ ਬਰਿਆਰਪੁਰ (ਜ਼ਿਲ੍ਹਾ ਬਾਰਾ) ਦੇ ਗੱਦੀ ਮਾਈ ਮੰਦਰ ਵਿਚ ਹਰ 5 ਸਾਲ ਬਾਅਦ ਮੇਲਾ ਭਰਦਾ ਹੈ ਜਿਸ ਵਿਚ ਪਸ਼ੂਆਂ ਦੀ ਸਮੂਹਿਕ ਬਲੀ ਦਿੱਤੀ ਜਾਂਦੀ ਹੈ। ਬਰਿਆਰਪੁਰ ਭਾਰਤ-ਨੇਪਾਲ ਸਰਹੱਦ ਦੇ ਐਨ ਨੇੜੇ ਪੈਂਦਾ ਹੈ। ਗੱਦੀ ਮਾਈ ਨੂੰ ਸ਼ਕਤੀ ਦੀ ਦੇਵੀ ਮੰਨਿਆ ਜਾਂਦਾ ਹੈ ਅਤੇ ਉਸ ਨੂੰ ਖੁਸ਼ ਕਰਨ ਲਈ ਇਹ ਬਲੀ ਦਿੱਤੀ ਜਾਂਦੀ ਹੈ। ਇਸ ਮੇਲੇ ਵਿਚ ਮੁੱਖ ਤੌਰ 'ਤੇ ਤਾਂ ਭਾਵੇਂ ਨੇਪਾਲ ਦੇ ਮਧੇਸ਼ੀ ਲੋਕ ਹਿੱਸਾ ਲੈਂਦੇ ਹਨ, ਪਰ ਇਸ ਵਿਚ ਬਿਹਾਰ ਅਤੇ ਉਤਰ ਪ੍ਰਦੇਸ਼ ਤੋਂ ਲੋਕ ਵੀ ਪੁੱਜਦੇ ਹਨ। ਅੰਦਾਜ਼ਾ ਹੈ ਕਿ ਮੇਲੇ ਵਿਚ 2 ਲੱਖ ਸ਼ਰਧਾਲੂ ਆਉਂਦੇ ਹਨ। ਇਕ ਰਿਕਾਰਡ ਮੁਤਾਬਕ ਪਿਛਲੇ ਸਾਲ ਨਵੰਬਰ ਵਿਚ ਇਸ ਮੇਲੇ ਵਿਚ ਤਕਰੀਬਨ 5 ਲੱਖ ਪਸ਼ੂਆਂ ਦੀ ਬਲੀ ਚੜ੍ਹਾ ਦਿੱਤੀ ਗਈ। ਕਹਿੰਦੇ ਹਨ ਕਿ 2009 ਵਾਲੇ ਮੇਲੇ ਵਿਚ ਖਦਸ਼ਾ ਸੀ ਕਿ ਬਲੀ ਲਈ ਘੱਟ ਪਸ਼ੂ ਆ ਰਹੇ ਹਨ, ਇਸ ਲਈ ਰੇਡੀਓ ਉਤੇ ਕਿਸਾਨਾਂ ਨੂੰ ਵਾਰ-ਵਾਰ ਅਪੀਲ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਪਸ਼ੂ ਲੈ ਕੇ ਮੇਲੇ ਵਿਚ ਅੱਪੜਨ।

ਪਸ਼ੂਆਂ ਦੇ ਅਧਿਕਾਰਾਂ ਖਾਤਰ ਲੜਨ ਵਾਲੀਆਂ ਸੰਸਥਾਵਾਂ ਨੇ ਇਸ ਕਤਲੇਆਮ ਨੂੰ ਬੰਦ ਕਰਨ ਲਈ ਮੁਹਿੰਮਾਂ ਚਲਾਈਆਂ, ਪਰ ਬਹੁਤੀ ਸਫਲਤਾ ਨਹੀਂ ਮਿਲੀ, ਕਿਉਂਕਿ ਪ੍ਰਸ਼ਾਸਨਿਕ ਪੱਧਰ 'ਤੇ ਬਹੁਤੀ ਮਦਦ ਨਹੀਂ ਮਿਲ ਸਕੀ। ਉਂਝ ਐਤਕੀਂ ਭਿਅੰਕਰ ਭੂਚਾਲ ਆਉਣ ਕਾਰਨ ਕੁਝ ਲੋਕਾਂ ਨੇ ਭੂਚਾਲ ਨੂੰ ਪਸ਼ੂ ਬਲੀ ਦੀ ਕਰੋਪੀ ਨਾਲ ਜੋੜ ਕੇ ਦੇਖਣਾ ਸ਼ੁਰੂ ਕਰ ਦਿੱਤਾ ਹੈ। ਕਈ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਭੂਚਾਲ ਵਾਲੀ ਸਜ਼ਾ ਉਨ੍ਹਾਂ ਨੂੰ ਪਸ਼ੂ ਬਲੀ ਦੇ ਪਾਪ ਕਰ ਕੇ ਮਿਲੀ ਹੈ।





ਪਸ਼ੂਆਂ ਦੀ ਸਮੂਹਿਕ ਬਲੀ ਦੀ ਇਕ ਮਾਰਮਿਕ ਝਲਕ ਅਤੇ (ਸੱਜੇ) ਬਲੀ ਲਈ ਇਕ ਕਟੜੂ ਉਤੇ ਦਾਤਰ ਉਲਾਰ ਰਿਹਾ ਇਕ ਬੰਦਾ।

## ...ਹੁਣ ਕਈ ਸਾਲ ਉਠ ਨਹੀਂ ਸਕੇਗਾ ਨੇਪਾਲ!

**ਕਾਠਮੰਡੂ:** ਭੂਚਾਲ ਦੀ ਮਾਰ ਕਾਰਨ ਬੁਰੀ ਤਰ੍ਹਾਂ ਝੰਬੇ ਨੇਪਾਲ ਦੇ ਪ੍ਰਧਾਨ ਮੰਤਰੀ ਦਾ ਅਜੇ ਹੁਣੇ ਜਿਹੇ ਹੀ ਬਿਆਨ ਆਇਆ ਹੈ ਕਿ ਮੁਲਕ ਨੂੰ ਭੂਚਾਲ ਦੀ ਮਾਰ ਤੋਂ ਉਠ ਖਲੋਣ ਲਈ ਘੱਟੋ-ਘੱਟ ਦੋ ਸਾਲ ਲੱਗ ਜਾਣੇ ਸਨ। ਯਾਦ ਰਹੇ ਕਿ 25 ਅਪਰੈਲ ਤੋਂ ਲੈ ਕੇ ਹੁਣ ਤੱਕ ਨੇਪਾਲ ਵਿਚ ਭੂਚਾਲ ਦੇ 70 ਤੋਂ ਵੱਧ ਛੋਟੇ-ਵੱਡੇ ਝਟਕੇ ਲੱਗ ਚੁੱਕੇ ਹਨ। 25 ਅਪਰੈਲ ਨੂੰ ਮੁਲਕ ਵਿਚ 7.9 ਸ਼ਿੱਦਤ ਵਾਲਾ ਭੂਚਾਲ ਆਇਆ ਸੀ ਅਤੇ ਇਸ ਵਿਚ 8 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਜਿਹੜਾ ਮਾਲੀ ਨੁਕਸਾਨ ਹੋਇਆ ਹੈ, ਉਸ ਦਾ ਫਿਲਹਾਲ ਕੋਈ ਹਿਸਾਬ ਹੀ ਨਹੀਂ ਹੈ। ਲੱਖਾਂ ਲੋਕ ਘਰੋਂ ਬੇਘਰ ਹੋ ਗਏ ਹਨ। ਲਗਾਤਾਰ ਲੱਗ ਰਹੇ ਭੂਚਾਲ ਦੇ ਝਟਕਿਆਂ ਕਾਰਨ ਲੋਕ ਬਹੁਤ ਜ਼ਿਆਦਾ ਡਰੇ ਹੋਏ ਹਨ। ਭੂਚਾਲਾਂ ਦਾ ਇਹ ਸਿਲਸਿਲਾ ਅਜੇ ਖਤਮ ਨਹੀਂ ਹੋਇਆ ਹੈ। ਮੰਗਲਵਾਰ ਵਾਲੇ ਦਿਨ ਕਾਠਮੰਡੂ ਨੇੜੇ ਇਕ ਵਾਰ ਫਿਰ 7.3 ਸ਼ਿੱਦਤ ਵਾਲਾ ਭੂਚਾਲ ਆ ਗਿਆ ਜਿਸ ਵਿਚ 100 ਦੇ ਕਰੀਬ ਜਾਨਾਂ ਚਲੇ ਜਾਣ ਦੀਆਂ ਖਬਰਾਂ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਨਾਲ ਨੇਪਾਲ ਦੀ ਆਰਥਿਕਤਾ ਵੀ ਲੜਖੜਾ ਗਈ ਹੈ। ਨੇਪਾਲ ਨੂੰ ਬਹੁਤੀ ਕਮਾਈ ਸੈਲਾਨੀਆਂ ਤੋਂ ਹੁੰਦੀ ਸੀ। ਭੂਚਾਲ ਕਾਰਨ ਸੈਰ-ਸਪਾਟਾ ਸਨਅਤ ਨੂੰ ਵੱਡੀ ਢਾਹ ਲੱਗੀ ਹੈ। ਸੰਸਾਰ ਦੀਆਂ ਕੁਝ ਸੰਥਾਵਾਂ ਨੇ ਭਾਵੇਂ ਇਸ ਔਖੀ ਘੜੀ ਵਿਚ ਨੇਪਾਲ ਦੀ ਮਦਦ ਕੀਤੀ ਹੈ, ਪਰ ਸੱਚਮੁੱਚ ਇਸ ਦੁਖਾਂਤ ਤੋਂ ਉਭਰਨ ਲਈ ਨੇਪਾਲ ਨੂੰ ਕਈ ਸਾਲ ਲੱਗ ਜਾਣਗੇ।



ਭੂਚਾਲ ਕਾਰਨ ਹੋਈ ਤਬਾਹੀ ਦੀ ਝਲਕ।

# ਖਰਚਖੋਰੀ ਪੰਜਾਬ ਸਰਕਾਰ ਹੁਣ ਸਰਫੇ ਦੇ ਰਾਹ ਤੁਰੀ

**ਚੰਡੀਗੜ੍ਹ:** ਖਰਚਖੋਰੀ ਮੰਨੀ ਜਾਂਦੀ ਪੰਜਾਬ ਸਰਕਾਰ ਨੇ ਹੁਣ ਬੱਚਤ ਮੁਹਿੰਮ ਚਲਾ ਦਿੱਤੀ ਹੈ। ਸਰਕਾਰ ਨੇ ਪ੍ਰਾਈਵੇਟ ਇਮਾਰਤਾਂ ਵਿਚਲੇ ਦਫ਼ਤਰਾਂ ਨੂੰ ਸ਼ਿਫਟ ਕਰਕੇ ਹਰੇਕ ਮਹੀਨੇ ਕਰੋੜਾਂ ਰੁਪਏ ਦਾ ਕਰਾਇਆ ਬਚਾਉਣ ਦਾ ਫੈਸਲਾ ਲਿਆ ਹੈ। ਇਸ ਮੁਹਿੰਮ ਤਹਿਤ ਪ੍ਰਾਈਵੇਟ ਇਮਾਰਤਾਂ ਵਿਚਲੇ ਸਰਕਾਰੀ ਦਫਤਰਾਂ ਨੂੰ ਇਕ ਦੂਜੇ ਵਿਚ ਮਰਜ਼ ਕੀਤਾ ਜਾਵੇਗਾ। ਇਸ ਕੜੀ ਤਹਿਤ ਪ੍ਰਾਈਵੇਟ ਇਮਾਰਤਾਂ ਵਿਚ ਚੱਲ ਰਹੇ ਸਿੰਜਾਈ ਵਿਭਾਗ ਦੇ ਵੱਖ-ਵੱਖ ਦਫ਼ਤਰਾਂ ਨੂੰ ਇਕ-ਦੂਜੇ ਵਿਚ ਮਿਲਾ ਕੇ ਸਾਲਾਨਾ 70 ਲੱਖ ਰੁਪਏ ਬਚਾਉਣ ਦਾ ਰਾਹ ਲੱਭ ਲਿਆ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਚੰਡੀਗੜ੍ਹ ਤੇ ਮੁਹਾਲੀ ਸਥਿਤ ਪ੍ਰਾਈਵੇਟ ਇਮਾਰਤਾਂ ਵਿਚ ਚੱਲ ਰਹੇ ਸਰਕਾਰੀ ਦਫ਼ਤਰਾਂ ਦੇ ਕਿਰਾਏ ਵਿਚ ਕਟੌਤੀ ਕਰਨ ਦੀਆਂ ਜੁਗਤਾਂ ਬਣਾਈਆਂ ਜਾ ਰਹੀਆਂ ਹਨ।

ਇਸ ਤੋਂ ਪਹਿਲਾਂ ਸਰਕਾਰ ਸਿੰਜਾਈ ਵਿਭਾਗ ਦਾ ਮੁੜ ਗਠਨ ਕਰਕੇ ਕਈ ਦਫ਼ਤਰਾਂ ਦਾ ਭੋਗ ਪਾਉਣ ਦੀ ਤਿਆਰੀ ਵੀ ਕਰ ਚੁੱਕੀ ਹੈ, ਜਿਸ ਨੂੰ ਬਦਲੀਆਂ ਸਮੇਂ ਲਾਗੂ ਕਰਨ ਦੀ ਯੋਜਨਾ ਹੈ। ਇਸ ਤਹਿਤ ਸਿੰਜਾਈ ਵਿਭਾਗ ਪੰਜਾਬ ਦੇ ਚੰਡੀਗੜ੍ਹ ਦੇ ਸੈਕਟਰ-17, 18, 22, 35 ਆਦਿ ਪ੍ਰਾਈਵੇਟ ਇਮਾਰਤਾਂ ਵਿਚਲੇ ਦਫ਼ਤਰਾਂ ਨੂੰ ਮਰਜ਼ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਸੰਸਾਰ ਬੈਂਕ ਦੇ ਫੰਡਾਂ ਨਾਲ ਮੁਹਾਲੀ ਵਿਚ ਬਣਾਏ ਜਲ ਸਾਧਨ ਭਵਨ ਵਿਚ ਅਜਿਹੇ ਦਫਤਰਾਂ ਨੂੰ ਸ਼ਿਫਟ ਕਰ ਕੇ ਕਿਰਾਇਆ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਸਰਕਾਰ ਨੇ ਚੰਡੀਗੜ੍ਹ ਤੇ ਮੁਹਾਲੀ ਸਥਿਤ ਸਿੰਜਾਈ ਵਿਭਾਗ ਦੇ 17 ਦਫਤਰਾਂ ਨੂੰ ਇਸ ਭਵਨ ਸਮੇਤ ਇਕ-ਦੋ ਹੋਰ ਇਮਾਰਤਾਂ ਵਿਚ ਸਮੇਟ ਦਿੱਤਾ ਹੈ। ਸੈਕਟਰ-22 ਸੀ, ਸੈਕਟਰ-22 ਡੀ ਤੇ ਸੈਕਟਰ-17 ਸੀ ਸਥਿਤ ਰਣਜੀਤ ਸਾਗਰ ਡੈਮ ਸੰਸਥਾ ਦੇ ਚਾਰ ਡਾਇਰੈਕਟੋਰੇਟ ਦੇ ਦਫ਼ਤਰਾਂ ਨੂੰ ਸੈਕਟਰ-17 ਸੀ ਸਥਿਤ ਇਕੋ ਇਮਾਰਤ ਦੀਆਂ ਦੋ ਮੰਜ਼ਿਲਾਂ 'ਚ ਸ਼ਿਫਟ ਕਰ ਦਿੱਤਾ ਹੈ।

ਇਹ ਪ੍ਰਾਈਵੇਟ ਇਮਾਰਤ ਪਹਿਲਾਂ ਡਾਇਰੈਕਟਰ ਪਲਾਨਿੰਗ ਐਂਡ ਡਿਜ਼ਾਈਨਿੰਗ ਤੇ ਡਾਇਰੈਕਟਰ ਵਾਟਰ ਰਿਸੋਰਸਿਜ਼ ਦੇ ਦਫਤਰਾਂ ਕੋਲ ਸੀ, ਜੋ ਹੁਣ ਮੁਹਾਲੀ ਵਿਖੇ ਬਣਾਏ ਜਲ ਸਾਧਨ ਭਵਨ ਵਿਚ ਸ਼ਿਫਟ ਕਰ ਦਿੱਤੇ ਗਏ ਹਨ। ਇਨ੍ਹਾਂ ਦੋ ਦਫ਼ਤਰਾਂ ਵਾਲੀ ਇਮਾਰਤ ਵਿਚ ਹੁਣ ਰਣਜੀਤ ਸਾਗਰ ਡੈਮ ਸੰਸਥਾ ਦੇ ਚਾਰ ਦਫ਼ਤਰ ਸ਼ਿਫਟ ਕੀਤੇ ਗਏ ਹਨ। ਚੰਡੀਗੜ੍ਹ ਸਥਿਤ ਸੈਕਟਰ-22 ਵਿਚ ਸੀਨੀਅਰ ਹਾਈਡ੍ਰੋਲੋਜਿਸਟ, ਸਰਫੇਸ ਹਾਈਡ੍ਰੋਲੋਜੀ ਮੰਡਲ, ਸੈਕਟਰ-35 ਸੀ ਸਥਿਤ ਖੋਜ ਉਪ ਮੰਡਲ ਤੇ ਸੈਕਟਰ-17 ਸੀ ਸਥਿਤ ਜਲ ਸਾਧਨ ਮੰਡਲ ਦੇ ਪੰਜ ਦਫ਼ਤਰਾਂ ਨੂੰ ਮੁਹਾਲੀ ਸਥਿਤ ਜਲ ਸਾਧਨ ਭਵਨ ਵਿਚ ਸ਼ਿਫਟ ਕੀਤਾ ਹੈ।

ਸਿੰਜਾਈ ਵਿਭਾਗ ਦੇ ਸਕੱਤਰ ਕੇ.ਐਸ. ਪੰਨੂ ਦਾ ਕਹਿਣਾ ਹੈ ਕਿ ਪ੍ਰਾਈਵੇਟ ਇਮਾਰਤਾਂ ਵਿਚਲੇ ਦਫ਼ਤਰਾਂ ਨੂੰ ਸ਼ਿਫਟ ਕਰਨ ਨਾਲ ਹਰੇਕ ਮਹੀਨੇ ਸਰਕਾਰ ਨੂੰ 5,82,034 ਰੁਪਏ ਦੀ ਬਚਤ ਹੋਵੇਗੀ। ਇਸ ਤੋਂ ਇਲਾਵਾ ਦਫ਼ਤਰ ਇਕ ਛੱਤ ਹੇਠ ਆਉਣ ਕਾਰਨ ਕੰਮਕਾਜ ਵਿਚ ਤੇਜ਼ੀ ਆਵੇਗੀ ਤੇ ਪ੍ਰਾਈਵੇਟ ਇਮਾਰਤਾਂ ਦੇ ਮਾਲਕਾਂ ਵੱਲੋਂ ਕੀਤੇ ਕੋਰਟ ਕੇਸਾਂ ਤੋਂ ਵੀ ਛੁਟਕਾਰਾ ਮਿਲੇਗਾ। ਦੱਸਣਯੋਗ ਹੈ ਕਿ ਆਰਥਿਕ ਸੰਕਟ ਦਾ ਸ਼ਿਕਾਰ ਹੋਈ ਪੰਜਾਬ ਸਰਕਾਰ ਨੂੰ ਲੰਘੇ ਵਿੱਤੀ ਵਰ੍ਹੇ ਦੌਰਾਨ ਸਾਰੇ ਵਿੱਤੀ ਸਾਧਨਾਂ ਤੋਂ 45889 ਕਰੋੜ 31 ਲੱਖ ਰੁਪਏ ਦੀ ਆਮਦਨ ਹੋਈ ਪਰ ਖ਼ਰਚਾ 47221 ਕਰੋੜ 82 ਲੱਖ ਹੋਇਆ। ਇਸ ਵਿਚੋਂ 17766 ਕਰੋੜ 53 ਲੱਖ ਰੁਪਏ ਤਨਖ਼ਾਹਾਂ ਤੇ 6581 ਕਰੋੜ 40 ਲੱਖ ਰੁਪਏ ਪੈਨਸ਼ਨਾਂ ਉਤੇ ਖ਼ਰਚ ਹੋਏ ਹਨ। ਵਿੱਤ ਵਿਭਾਗ ਪੰਜਾਬ ਦੇ ਸੂਚਨਾ ਅਫ਼ਸਰ ਅਨੁਸਾਰ ਪਿਛਲੇ ਵਿੱਤੀ ਵਰ੍ਹੇ ਦੌਰਾਨ ਪਹਿਲਾ, ਦੂਜਾ, ਤੀਜਾ ਤੇ ਚੌਥਾ ਦਰਜਾ ਕਰਮਚਾਰੀਆਂ ਸਮੇਤ ਠੇਕੇ ਤੇ ਐਡਹਾਕ ਮੁਲਾਜ਼ਮਾਂ ਦੀ ਗਿਣਤੀ 3,16,629 ਤੇ ਨੀਮ ਸਰਕਾਰੀ ਅਦਾਰਿਆਂ, ਜਿਨ੍ਹਾਂ ਵਿਚ ਬੋਰਡਾਂ, ਨਗਰ ਨਿਗਮਾਂ, ਨਗਰ ਕੌਂਸਲਾਂ, ਇੰਪਰੂਵਮੈਂਟ ਟਰੱਸਟਾਂ, ਮਾਰਕੀਟ ਕਮੇਟੀਆਂ, ਜ਼ਿਲ੍ਹਾ ਪਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਆਦਿ ਕਰਮਚਾਰੀਆਂ ਦੀ ਕੁੱਲ ਗਿਣਤੀ 4,19,909 ਹੈ।

ਸਰਕਾਰ ਸਿਰ ਕਰਜ਼ੇ ਦੇ ਰੂਪ ਵਿਚ ਦੇਣਦਾਰੀ 1,02,234.47 ਕਰੋੜ ਰੁਪਏ ਖੜ੍ਹੀ ਹੈ। ਸਰਕਾਰ ਨੇ ਅਜੇ ਤੱਕ ਸਿਰਫ਼ 7820. 20 ਕਰੋੜ ਰੁਪਏ ਦੇ ਕਰਜ਼ੇ ਮੋੜੇ ਹਨ। ਸਰਕਾਰ ਦੇ ਵਜ਼ੀਰਾਂ ਤੇ ਵਿਧਾਇਕਾਂ 'ਤੇ 31. 27 ਕਰੋੜ ਰੁਪਏ ਖ਼ਰਚ ਹੋਏ ਹਨ। ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋਂ-ਦਿਨ ਭਾਰੀ ਹੋ ਰਹੀ ਹੈ ਜਿਸ ਨੂੰ ਵੇਖਦੇ ਹੋਏ ਸਰਕਾਰ ਨੇ ਫਜ਼ੂਲਖਰਚੀ ਬੰਦ ਕਰਨ ਲਈ ਮੁਹਿੰਮ ਛੇੜੀ ਹੈ। ਸਰਕਾਰ ਵੱਲੋਂ ਭਾਵੇਂ ਬਚਤ ਲਈ ਇਹ ਪ੍ਰਕਿਰਿਆ ਚਲਾਈ ਜਾ ਰਹੀ ਹੈ ਪਰ ਇਸ ਨਾਲ ਚੰਡੀਗੜ੍ਹ ਉਪਰੋਂ ਪੰਜਾਬ ਦਾ ਹੱਕ ਖੁਰਦਾ ਜਾ ਰਿਹਾ ਹੈ ਕਿਉਂਕਿ ਇਸ ਤੋਂ ਪਹਿਲਾਂ ਸਰਕਾਰ ਸਿੱਖਿਆ ਵਿਭਾਗ, ਮੰਡੀ ਬੋਰਡ, ਪੇਂਡੂ ਤੇ ਪੰਚਾਇਤ ਵਿਭਾਗ, ਵਣ ਵਿਭਾਗ, ਐਸ.ਐਸ.ਐਸ. ਬੋਰਡ ਆਦਿ ਦੇ ਦਫਤਰ ਮੁਹਾਲੀ ਸ਼ਿਫਟ ਕਰ ਚੁੱਕੀ ਹੈ।

## ਅੰਮ੍ਰਿਤਧਾਰੀ ਨੌਜਵਾਨ ਨੂੰ ਗਵਾਹੀ ਦੇਣ ਤੋਂ ਰੋਕਣ ਦੀ ਨਿੰਦਾ

**ਅੰਮ੍ਰਿਤਸਰ:** ਅੰਬਾਲਾ ਦੀ ਅਦਾਲਤ ਦੇ ਸੈਸ਼ਨ ਜੱਜ ਰਾਜੇਸ਼ ਗੁਪਤਾ ਵੱਲੋਂ ਇਕ ਕੇਸ ਦੀ ਸੁਣਵਾਈ ਦੌਰਾਨ ਅੰਮ੍ਰਿਤਧਾਰੀ ਨੌਜਵਾਨ ਨੂੰ ਗਵਾਹੀ ਦੇਣ ਤੋਂ ਰੋਕਣ ਦੀ ਕਾਰਵਾਈ ਦੀ ਸ਼੍ਰੋਮਣੀ ਕਮੇਟੀ ਨੇ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਜਦੋਂ ਕਿਸੇ ਨੂੰ ਇਨਸਾਫ ਨਜ਼ਰ ਨਾ ਆਵੇ ਤਾਂ ਇਨਸਾਫ ਲਈ ਅਦਾਲਤ ਦਾ ਸਹਾਰਾ ਲੈਂਦਾ ਹੈ। ਹਰ ਕੇਸ ਵਿਚ ਗਵਾਹ ਉਸ ਲਈ ਅਹਿਮ ਹੁੰਦਾ ਹੈ, ਪਰ ਜਦੋਂ ਨਿਆਂ ਦੇਣ ਵਾਲਾ ਜਾਂ ਫਿਰ ਕਾਨੂੰਨ ਦਾ ਪਾਠ ਪੜ੍ਹਾਉਣ ਵਾਲਾ ਹੀ ਇਸ ਦੀ ਪਾਲਣਾ ਨਾ ਕਰੇ ਤਾਂ ਫਿਰ ਇਨਸਾਫ ਦੀ ਆਸ ਕਿਥੋਂ ਰਹਿ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਬਹੁ-ਧਰਮੀ ਦੇਸ਼ ਹੈ ਤੇ ਹਰੇਕ ਨਾਗਰਿਕ ਨੂੰ ਆਪਣੇ-ਆਪਣੇ ਧਰਮ ਵਿਚ ਪ੍ਰਪੱਕ ਰਹਿਣ ਦਾ ਪੂਰਾ ਅਧਿਕਾਰ ਹੈ। ਸੈਸ਼ਨ ਜੱਜ ਰਾਜੇਸ਼ ਗੁਪਤਾ ਵੱਲੋਂ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਕਿਰਪਾਨ ਪਾਈ ਹੋਣ ਕਰਕੇ ਗਵਾਹੀ ਦੇਣ ਤੋਂ ਰੋਕਣਾ ਭਾਰਤ ਵਾਸੀਆਂ ਖਾਸ ਕਰ ਸਿੱਖਾਂ ਨੂੰ ਮਿਲੇ ਮੌਲਿਕ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਤੇ ਇਸ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ।

# ਸਿੱਖ ਪਛਾਣ ਬਾਰੇ ਮੁਹਿੰਮ ਨੂੰ ਭਰਵਾਂ ਹੁੰਗਾਰਾ

**ਅੰਮ੍ਰਿਤਸਰ:** ਅਮਰੀਕਾ ਵਿਚ ਸਿੱਖ ਪਛਾਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕਜੁੱਟ ਹੋਈਆਂ ਸਿੱਖ ਜਥੇਬੰਦੀਆਂ ਵੱਲੋਂ ਸਥਾਪਤ ਜਥੇਬੰਦੀ ਨੈਸ਼ਨਲ ਸਿੱਖ ਕੰਪੇਨ ਨੇ ਇਸ ਮਸਲੇ ਦੇ ਹੱਲ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਹਨ, ਜਿਸ ਤਹਿਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿੰਦੇ ਸਿੱਖ ਭਾਈਚਾਰੇ ਕੋਲੋਂ ਮਾਇਕ ਮਦਦ ਇਕੱਠੀ ਕੀਤੀ ਜਾ ਰਹੀ ਹੈ। ਇਸ ਦੇ ਪਹਿਲੇ ਪੜਾਅ ਵਿਚ ਸ਼ਿਕਾਗੋ ਵਿਚ ਸਮਾਗਮ ਕੀਤਾ ਗਿਆ ਤੇ 34 ਹਜ਼ਾਰ ਅਮਰੀਕੀ ਡਾਲਰ ਮਦਦ ਇਕੱਠੀ ਕੀਤੀ ਗਈ।।



ਗੁਰਦੁਆਰਾ ਵ੍ਹੀਟਨ (ਸ਼ਿਕਾਗੋ) ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਿੱਖ ਨੈਸ਼ਨਲ ਕੈਂਪੇਨ ਦੇ ਨੁਮਾਇੰਦਿਆਂ ਨੂੰ ਚੈਕ ਭੇਟ ਕਰਦੇ ਹੋਏ

ਐਨ.ਐਸ.ਸੀ. ਜਥੇਬੰਦੀ ਦੇ ਆਗੂ ਤੇ ਈਕੋ ਸਿੱਖ ਜਥੇਬੰਦੀ ਦੇ ਮੁਖੀ ਡਾ. ਰਾਜਵੰਤ ਸਿੰਘ ਦਾ ਕਹਿਣਾ ਹੈ ਕਿ ਸਿੱਖ ਪਛਾਣ ਦੀ ਸਮੱਸਿਆ ਖ਼ਤਮ ਕਰਨ ਲਈ ਸਿੱਖ ਭਾਈਚਾਰੇ ਵੱਲੋਂ ਆਪਣੇ ਪੱਧਰ 'ਤੇ ਯਤਨ ਸ਼ੁਰੂ ਕੀਤੇ ਗਏ ਹਨ। ਇਸ ਬਾਰੇ ਪਹਿਲਾਂ ਦੇਸ਼ ਭਰ ਵਿਚ ਇਕ ਸਰਵੇਖਣ ਕਰਾਇਆ ਗਿਆ ਹੈ, ਜਿਸ ਤੋਂ ਇਹ ਪਤਾ ਲਾਉਣ ਦਾ ਯਤਨ ਕੀਤਾ ਹੈ ਕਿ ਅਮਰੀਕੀ ਲੋਕ ਸਿੱਖ ਭਾਈਚਾਰੇ ਬਾਰੇ ਕੀ ਭਾਵਨਾਵਾਂ ਰੱਖਦੇ ਹਨ ਤੇ ਉਨ੍ਹਾਂ ਨੂੰ ਕਿਵੇਂ ਲੈਂਦੇ ਹਨ। ਇਸ ਬਾਰੇ ਤੱਥ ਇਕੱਠੇ ਕਰਨ ਤੋਂ ਬਾਅਦ ਅਗਲੀ ਰਣਨੀਤੀ ਉਲੀਕੀ ਗਈ ਹੈ।ਉਨ੍ਹਾਂ ਦੱਸਿਆ ਕਿ ਸਰਵੇਖਣ ਕਰਾਉਣ ਵਾਸਤੇ ਵੀ ਅਮਰੀਕਾ ਦੀ ਇਕ ਮਾਹਰ ਕੰਪਨੀ ਦੀਆਂ ਸੇਵਾਵਾਂ ਲਈਆਂ ਗਈਆਂ ਹਨ ਤੇ ਇਸ ਤੋਂ ਬਾਅਦ ਅਗਲੀ ਰਣਨੀਤੀ ਵਾਸਤੇ ਵੀ ਇਕ ਮਾਹਰ ਕੰਪਨੀ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਇਸ ਕੰਪਨੀ ਵੱਲੋਂ ਹੀ ਅਮਰੀਕਾ ਦੇ ਰਾਸ਼ਟਰਪਤੀ ਦੀ ਮੀਡੀਆ ਮੁਹਿੰਮ ਚਲਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਗੋ ਸਥਿਤ ਗੁਰਦੁਆਰੇ ਵਿਚ ਇਸ ਬਾਰੇ ਕੀਤੇ ਗਏ ਪਹਿਲੇ ਪ੍ਰੋਗਰਾਮ ਵਿਚ ਤਕਰੀਬਨ 200 ਸਿੱਖ ਪਰਿਵਾਰ ਇਕੱਠੇ ਹੋਏ, ਜਿਨ੍ਹਾਂ ਨੂੰ ਸਿੱਖ ਪਛਾਣ ਦੀ ਸਮੱਸਿਆ ਹੱਲ ਕਰਨ ਲਈ ਬਣਾਈ ਗਈ ਯੋਜਨਾ ਦਾ ਖੁਲਾਸਾ ਕੀਤਾ ਗਿਆ। ਇਸ ਯੋਜਨਾ ਤਹਿਤ ਅਮਰੀਕਾ ਦੇ ਵੱਖ-ਵੱਖ ਇਲਾਕਿਆਂ ਵਿਚ ਸਥਾਨਕ ਟੀ.ਵੀ. ਚੈਨਲਾਂ ਤੇ ਕੌਮੀ ਪੱਧਰ ਉਤੇ ਸਿੱਖ ਭਾਈਚਾਰੇ ਬਾਰੇ ਪ੍ਰਚਾਰ ਕੀਤਾ ਜਾਵੇਗਾ। ਇਸ ਬਾਰੇ ਵਿਸ਼ੇਸ਼ ਥਾਵਾਂ ਉਤੇ ਪ੍ਰਚਾਰ ਸਮੱਗਰੀ ਵੀ ਲਾਈ ਜਾਵੇਗੀ। ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਇਸ ਪ੍ਰਚਾਰ ਮੁਹਿੰਮ ਦੇ ਨਾਲ ਸਿੱਖ ਭਾਈਚਾਰੇ ਦੀ ਪਛਾਣ ਦਾ ਘੇਰਾ ਹੋਰ ਵਧਾਉਣ ਵਿਚ ਵੱਡੀ ਸਫਲਤਾ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਕਰਾਏ ਗਏ ਸਰਵੇਖਣ ਵਿਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ ਅਮਰੀਕਾ ਦੇ ਕਈ ਇਲਾਕਿਆਂ ਵਿਚ ਸਿੱਖ ਭਾਈਚਾਰੇ ਬਾਰੇ ਲੋਕਾਂ ਨੂੰ ਜਾਣਕਾਰੀ ਹੀ ਨਹੀਂ ਹੈ। ਜਥੇਬੰਦੀ ਦੇ ਆਗੂ ਗੁਰਬੀਰ ਸਿੰਘ ਅਹੂਜਾ ਨੇ ਇਸ ਬਾਰੇ ਰਿਪੋਰਟ ਵੀ ਲੋਕਾਂ ਦੇ ਸਾਹਮਣੇ ਰੱਖੀ।

## ਅਰਵਿੰਦ ਕੇਜਰੀਵਾਲ ਤੇ ਚਾਰ ਹੋਰਾਂ ਨੂੰ ਸੰਮਨ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਆਮ ਆਦਮੀ ਪਾਰਟੀ ਦੇ ਚਾਰ ਹੋਰ ਆਗੂਆਂ ਨੂੰ ਅਦਾਲਤ ਨੇ 15 ਮਈ ਨੂੰ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ ਵਿਰੁੱਧ ਇਕ ਅੰਦੋਲਨ ਦੌਰਾਨ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਤੇ ਸਰਕਾਰੀ ਅਧਿਕਾਰੀਆਂ ਦੀ ਡਿਊਟੀ ਵਿਚ ਵਿਘਨ ਪਾਉਣ ਦਾ ਦੋਸ਼ ਹੈ।

ਮੈਟਰੋਪੋਲੀਟਨ ਮੈਜਿਸਟ੍ਰੇਟ ਅਕਾਸ਼ ਜੈਨ ਨੇ ਕਿਹਾ ਕਿ ਕੇਜਰੀਵਾਲ ਤੇ ਹੋਰ ਮੁਲਜ਼ਮ ਇਕ ਵਾਰ ਵੀ ਨਿੱਜੀ ਤੌਰ ਉਤੇ ਅਦਾਲਤ ਵਿਚ ਪੇਸ਼ ਨਹੀਂ ਹੋਏ ਤੇ ਉਨ੍ਹਾਂ ਵੱਲੋਂ ਪੇਸ਼ੀ ਤੋਂ ਛੋਟ ਪਿੱਛੇ ਕੋਈ ਢੁਕਵਾਂ ਕਾਰਨ ਵੀ ਮੌਜੂਦ ਨਹੀਂ ਹੈ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577


EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 16 ਮਈ 2015*

## ਨਿਆਂ ਨਾਲ ਅਨਿਆਂ

ਇਸ ਹਫਤੇ ਆਏ ਬੰਬੇ ਹਾਈ ਕੋਰਟ ਅਤੇ ਕਰਨਾਟਕ ਹਾਈ ਕੋਰਟ ਦੇ ਫੈਸਲਿਆਂ ਨੇ ਇਕ ਤਰ੍ਹਾਂ ਨਾਲ ਹੇਠਲੀ ਉਤੇ ਹੀ ਕਰ ਦਿੱਤੀ ਹੈ। ਇਨ੍ਹਾਂ ਦੋਹਾਂ ਕੇਸਾਂ ਦੀ ਵੰਨਗੀ ਭਾਵੇਂ ਵੱਖਰੀ-ਵੱਖਰੀ ਹੈ, ਪਰ ਚੱਲ ਰਹੀ ਚਰਚਾ ਦੌਰਾਨ ਜਿਹੜੀ ਗੱਲ ਉਭਰ ਕੇ ਸਾਹਮਣੇ ਆਈ ਹੈ, ਉਹ ਇਹ ਹੈ ਕਿ ਦੋਹਾਂ ਹੀ ਕੇਸਾਂ ਨਾਲ ਸਬੰਧਤ ਸ਼ਖਸਾਂ ਨਾਲ ਪੈਸਾ ਅਤੇ ਪਹੁੰਚ ਜੁੜਿਆ ਹੋਇਆ ਹੈ। ਫਿਲਮ ਅਦਾਕਾਰ ਸਲਮਾਨ ਖਾਨ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ ਸੀ। ਇਹ ਕੇਸ ਪਿਛਲੇ 13 ਸਾਲ ਤੋਂ ਚੱਲ ਰਿਹਾ ਸੀ ਅਤੇ ਹੁਣ ਅਦਾਲਤ ਨੇ ਉਸ ਨੂੰ ਪੰਜ ਸਾਲ ਦੀ ਸਜ਼ਾ ਸੁਣਾ ਦਿੱਤੀ ਸੀ। ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਇਸ ਫੈਸਲੇ ਤੋਂ ਮਹਿਜ਼ ਪਹਿਲਾਂ ਦੋ ਘੰਟਿਆਂ ਦੇ ਅੰਦਰ-ਅੰਦਰ ਹੀ ਉਸ ਨੂੰ ਆਰਜ਼ੀ ਜ਼ਮਾਨਤ ਦੇ ਦਿੱਤੀ ਅਤੇ ਫਿਰ 48 ਘੰਟਿਆਂ ਦੇ ਅੰਦਰ-ਅੰਦਰ ਉਸ ਨੂੰ ਪੱਕੀ ਜ਼ਮਾਨਤ ਵੀ ਦੇ ਦਿੱਤੀ ਗਈ। ਹੁਣ ਇਸ ਕੇਸ ਦੀ ਸੁਣਵਾਈ ਜੁਲਾਈ ਵਿਚ ਅਰੰਭ ਹੋਣੀ ਹੈ। ਪੱਕੀ ਜ਼ਮਾਨਤ ਦੇਣ ਵੇਲੇ ਬੰਬੇ ਹਾਈ ਕੋਰਟ ਜੱਜ ਦੀ ਟਿੱਪਣੀ ਸੀ ਕਿ ਕੇਸ ਵਿਚ ਕਾਫੀ ਕੁਝ ਤੈਅ ਹੋਣਾ ਅਜੇ ਬਾਕੀ ਹੈ, ਇਸ ਲਈ ਸਲਮਾਨ ਖਾਨ ਨੂੰ ਜੇਲ੍ਹ ਅੰਦਰ ਡੱਕਣਾ ਜਾਇਜ਼ ਨਹੀਂ, ਜੇ ਕੱਲ੍ਹ ਨੂੰ ਉਸ ਉਤੇ ਲਾਏ ਦੋਸ਼ ਸਾਬਤ ਨਾ ਹੋਏ ਤੇ ਉਹ ਬਰੀ ਹੋ ਗਿਆ, ਤਾਂ ਉਸ ਨੂੰ ਬੇਵਜ੍ਹਾ ਜੇਲ੍ਹ ਅੰਦਰ ਰਹਿਣ ਦੀ ਕੀਮਤ ਕਿਉਂ ਤਾਰਨੀ ਪਵੇ। ਸਲਮਾਨ ਵਾਲੇ ਇਸ ਕੇਸ ਵਿਚ ਹੇਠਲੀ ਅਦਾਲਤ ਦੇ ਫੈਸਲੇ ਦੀ ਬੜੀ ਤਾਰੀਫ ਹੋਈ ਸੀ। ਕਿਹਾ ਗਿਆ ਸੀ ਕਿ ਭਾਵੇਂ 13 ਸਾਲ ਬਾਅਦ ਹੀ ਸਹੀ, ਆਖਰਕਾਰ ਦੋਸ਼ੀ ਨੂੰ ਸਜ਼ਾ ਤਾਂ ਮਿਲ ਹੀ ਗਈ ਹੈ। ਕੁਝ ਲੋਕਾਂ ਨੇ ਤਾਂ ਭਾਰਤੀ ਨਿਆਂਪਾਲਿਕਾ ਵਿਚ ਭਰੋਸਾ ਵਧਣ ਵਰਗੀਆਂ ਗੱਲਾਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਮਗਰੋਂ ਬਹੁਤ ਘੱਟ ਲੋਕਾਂ ਨੇ ਇਹ ਜ਼ਿਕਰ ਕੀਤਾ ਹੈ ਕਿ ਹਾਈ ਕੋਰਟ ਨੇ ਭਰੋਸੇ ਦਾ ਕਤਲ ਵੀ ਤਾਂ ਨਾਲ ਹੀ ਕਰ ਦਿੱਤਾ ਸੀ।

ਦੂਜਾ ਕੇਸ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਅਤੇ ਅੰਨਾ ਡੀ.ਐਮ.ਕੇ. ਦੀ ਮੁਖੀ ਜੈਲਲਿਤਾ ਨਾਲ ਸਬੰਧਤ ਹੈ। ਉਸ ਉਤੇ ਆਪਣੀ ਆਮਦਨ ਨਾਲੋਂ ਕਿਤੇ ਵਧੇਰੇ ਜਾਇਦਾਦ ਇਕੱਠੀ ਕਰਨ ਦਾ ਦੋਸ਼ ਸੀ। ਵਿਸ਼ੇਸ਼ ਅਦਾਲਤ ਨੇ ਪਿਛਲੇ ਸਾਲ ਉਸ ਨੂੰ 4 ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ, 100 ਕਰੋੜ ਰੁਪਏ ਜੁਰਮਾਨਾ ਵੀ ਕੀਤਾ ਸੀ ਅਤੇ ਉਹ ਜੇਲ੍ਹ ਅੰਦਰ ਸੀ। ਕਾਨੂੰਨ ਮੁਤਾਬਕ ਉਸ ਦੀ ਵਿਧਾਨ ਸਭਾ ਦੀ ਮੈਂਬਰੀ ਵੀ ਰੱਦ ਹੋ ਗਈ ਸੀ। ਹੁਣ ਕਰਨਾਟਕ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਹੈ। ਇਹ ਕੇਸ 19 ਸਾਲ ਪੁਰਾਣਾ ਸੀ। ਜਦੋਂ ਉਹ 1991 ਵਿਚ ਸੂਬੇ ਦੀ ਮੁੱਖ ਮੰਤਰੀ ਬਣੀ ਸੀ ਤਾਂ ਪੰਜ ਸਾਲਾਂ ਵਿਚ 66 ਕਰੋੜ ਦੀ ਜਾਇਦਾਦ ਦੀ ਮਾਲਕ ਬਣ ਗਈ ਸੀ। ਕਰਨਾਟਕ ਹਾਈ ਕੋਰਟ ਨੇ ਸੋਮਵਾਰ ਨੂੰ ਉਸ ਦੀ ਅਪੀਲ ਦੀ ਸੁਣਵਾਈ ਕੀਤੀ ਅਤੇ ਸਿਰਫ 10 ਸਕਿੰਟਾਂ ਵਿਚ ਆਪਣਾ ਫੈਸਲਾ ਸੁਣਾ ਦਿੱਤਾ। ਅਦਾਲਤ ਦੀ ਕਾਰਵਾਈ ਮੁਕੰਮਲ ਹੋਣ ਨੂੰ ਸਿਰਫ 4 ਮਿੰਟ ਲੱਗੇ। ਪਹਿਲਾਂ ਤਾਂ ਹਾਈ ਕੋਰਟ ਨੇ ਇਹੀ ਨਹੀਂ ਮੰਨਿਆ ਕਿ ਜੈਲਲਿਤਾ ਦੀ ਜਾਇਦਾਦ 66 ਕਰੋੜ ਰੁਪਏ ਦੀ ਹੈ। ਹਾਈ ਕੋਰਟ ਨੇ ਦੋ-ਟੁੱਕ ਫੈਸਲਾ ਦਿੱਤਾ ਕਿ ਜੈਲਲਿਤਾ ਦੀ ਜਾਇਦਾਦ 37.59 ਕਰੋੜ ਰੁਪਏ ਦੀ ਹੈ ਅਤੇ ਉਸ ਦੀ ਆਮਦਨ 34.76 ਕਰੋੜ ਰੁਪਏ ਹੈ। ਇਸ ਲਈ ਬੇਹਿਸਾਬ ਜਾਇਦਾਦ ਸਿਰਫ 2.82 ਕਰੋੜ ਬਣਦੀ ਹੈ ਅਤੇ ਇਹ ਕੁੱਲ ਜਾਇਦਾਦ ਦਾ ਸਿਰਫ 8.12 ਫੀਸਦ ਬਣਦਾ ਹੈ। ਜੱਜ ਨੇ ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਦੇ ਉਸ ਫੈਸਲੇ ਦਾ ਹਵਾਲਾ ਵੀ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਜੇ ਬੇਹਿਸਾਬ ਜਾਇਦਾਦ 10 ਫੀਸਦ ਤੋਂ ਘੱਟ ਹੋਵੇ ਤਾਂ ਦੋਸ਼ੀ ਨੂੰ ਛੱਡਿਆ ਜਾ ਸਕਦਾ ਹੈ। ਹਾਈ ਕੋਰਟ ਨੇ ਜੈਲਲਿਤਾ ਦੀਆਂ 1000 ਤੋਂ ਉਪਰ ਸਾੜੀਆਂ ਨੂੰ ਉਸ ਦੀ ਜਾਇਦਾਦ ਹੀ ਨਹੀਂ ਮੰਨਿਆ।

ਦੋਹਾਂ ਕੇਸਾਂ ਵਿਚ ਹਾਈ ਕੋਰਟ ਨੇ ਸਬੰਧਤ ਸ਼ਖਸਾਂ ਨੂੰ ਦੋਸ਼ੀ ਜ਼ਰੂਰ ਸਵੀਕਾਰ ਕੀਤਾ ਹੈ, ਪਰ ਇਕ ਕੇਸ ਵਿਚ ਦੋਸ਼ੀ ਜ਼ਮਾਨਤ ਦੇ ਦਿੱਤੀ ਅਤੇ ਦੂਜੇ ਵਿਚ ਦੋਸ਼ੀ ਨੂੰ ਬਰੀ ਕਰ ਦਿੱਤਾ ਗਿਆ। ਭਾਰਤ ਦੀਆਂ ਜੇਲ੍ਹਾਂ ਵਿਚ ਅਣਗਿਣਤ ਲੋਕ ਅਜਿਹੇ ਹਨ ਜਿਨ੍ਹਾਂ ਖਿਲਾਫ ਕੋਈ ਕੇਸ ਸ਼ੁਰੂ ਹੀ ਨਹੀਂ ਕੀਤਾ ਗਿਆ ਹੈ ਅਤੇ ਉਹ ਬਿਨਾਂ ਕਿਸੇ ਕਾਰਵਾਈ ਦੇ ਜੇਲ੍ਹਾਂ ਅੰਦਰ ਸੜ ਰਹੇ ਹਨ। ਬਹੁਤ ਸਾਰੇ ਅਜਿਹੇ ਕੇਸ ਵੀ ਹਨ ਜਿਨ੍ਹਾਂ ਵਿਚ ਦੋਸ਼ੀ ਸਜ਼ਾ ਭੁਗਤ ਚੁੱਕੇ ਹਨ, ਪਰ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਰਿਹਾ। ਰਿਕਾਰਡ ਮੁਤਾਬਕ ਇਨ੍ਹਾਂ ਵਿਚ ਵਧੇਰੇ ਕੈਦੀ ਘੱਟ-ਗਿਣਤੀ ਵਰਗਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਸਿਆਸੀ ਕੈਦੀ ਵੀ ਸ਼ਾਮਲ ਹਨ। ਇਹ ਉਹ ਸਿਆਸੀ ਕੈਦੀ ਜਿਹੜੇ ਹਨ ਜਿਹੜੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਮੌਕਿਆਂ 'ਤੇ ਉਠੀਆਂ ਵਿਦਰੋਹੀ ਸੁਰਾਂ ਦੀ ਨੁਮਾਇੰਦਗੀ ਕਰਦੇ ਹਨ। ਇਨ੍ਹਾਂ ਨੂੰ ਇਕ ਜਾਂ ਦੂਜੇ ਕੇਸਾਂ ਵਿਚ ਲਗਾਤਾਰ ਉਲਝਾਇਆ ਜਾ ਰਿਹਾ ਹੈ ਤਾਂ ਕਿ ਰਿਹਾਈ ਸੰਭਵ ਹੀ ਨਾ ਹੋ ਸਕੇ। ਪੰਜਾਬ ਦੇ ਅਜਿਹੇ ਸਿੱਖ ਕੈਦੀਆਂ ਦੀ ਰਿਹਾਈ ਲਈ ਪਹਿਲਾਂ ਗੁਰਬਖਸ਼ ਸਿੰਘ ਨੇ ਦੋ ਵਾਰ ਅਤੇ ਫਿਰ ਬਾਪੂ ਸੂਰਤ ਸਿੰਘ ਵਲੋਂ ਮਰਨ ਵਰਤ ਵੀ ਰੱਖੇ ਗਏ, ਪਰ ਕਿਸੇ ਪੱਧਰ ਉਤੇ ਗੱਲ, ਢੰਗ ਨਾਲ ਸੁਣੀ-ਵਿਚਾਰੀ ਨਹੀਂ ਗਈ ਸਗੋਂ ਖਾਨਾਪੂਰਤੀ ਹੀ ਕੀਤੀ ਗਈ। ਸਿੱਖ ਕਤਲੇਆਮ ਵਾਲੇ ਕੇਸਾਂ ਵਿਚ ਅਜੇ ਤੱਕ ਨਿਆਂ ਦੀ ਉਡੀਕ ਹੋ ਰਹੀ ਹੈ। ਜ਼ਾਹਿਰ ਹੈ ਕਿ ਲੋਕਾਂ ਦਾ ਨਿਆਂਪਾਲਿਕਾ ਤੋਂ ਭਰੋਸਾ ਉਠਿਆ ਹੀ ਹੈ। ਆਮ ਬੰਦੇ ਦੀ ਕਿਤੇ ਕੋਈ ਸੁਣਵਾਈ ਨਹੀਂ। ਗਾਹੇ-ਬਗਾਹੇ ਇਹ ਗੱਲਾਂ ਤੱਥ ਬਣ ਰਹੀਆਂ ਹਨ ਕਿ ਪੈਸੇ ਅਤੇ ਪਹੁੰਚ ਦੇ ਜ਼ੋਰ ਨਾਲ ਨਿਆਂ ਖਰੀਦਿਆ ਜਾ ਸਕਦਾ ਹੈ। ਆਮ ਬੰਦਾ ਤਾਂ ਆਪਣਾ ਕੇਸ ਵੀ ਢੰਗ ਨਾਲ ਨਹੀਂ ਲੜ ਸਕਦਾ। ਅਦਾਲਤਾਂ ਵਿਚ ਵੀ ਹੋਰ ਸੰਸਥਾਵਾਂ ਵਾਂਗ ਆਪਾ-ਧਾਪੀ ਵਾਲਾ ਮਾਹੌਲ ਹੈ। ਮੁੱਦਾ ਇਕੱਲੇ ਭ੍ਰਿਸ਼ਟਾਚਾਰ ਦਾ ਹੀ ਨਹੀਂ, ਬੇਈਮਾਨੀ ਦਾ ਵੀ ਹੈ। ਇਸ ਸੂਰਤ ਵਿਚ ਭਰੋਸੇ ਦੀ ਬਹਾਲੀ ਕਿੰਨੀ ਕੁ ਸੰਭਵ ਹੋ ਸਕਦੀ ਹੈ, ਇਨ੍ਹਾਂ ਦੋਹਾਂ ਕੇਸਾਂ ਦੇ ਫੈਸਲਿਆਂ ਨੇ ਆਮ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਰੀਬਾਂ ਦਾ ਸ਼ੋਸ਼ਣ*

ਹਾਲੇ ਤੱਕ ਆਜ਼ਾਦੀ ਨੇ ਕੱਢਿਆ ਨਾ, ਪਈਆਂ ਗੁਰਬਤਾਂ ਹੱਡਾਂ ਵਿਚ ਜੰਮੀਆਂ ਨੂੰ।
ਕਿੱਦਾਂ ਚੜ੍ਹੇਗੀ ਅਣਖ ਦੀ ਪਾਣ ਯਾਰੋ, ਹੇਠਾਂ ਢਾਰਿਆਂ ਦਿੱਤੀਆਂ ਥੰਮ੍ਹੀਆਂ ਨੂੰ।
ਮਾਰੀ ਮੱਤ ਕਿਉਂ ਜਾਂਦੀ ਐ ਕਿਰਤੀਆਂ ਦੀ, ਸੁਣ ਕੇ ਰੀਝਦੇ ਵਾਅਦਿਆਂ ਡੰਮੀਆਂ ਨੂੰ।
ਸਾਹਵੇਂ ਦੇਖ ਕੇ ਧੀਆਂ ਦੀ ਪੱਤ ਰੁਲਦੀ, ਸੀਣੇ ਬੁੱਲ੍ਹ ਪੈ ਜਾਂਦੇ ਨੇ ਅੰਮੀਆਂ ਨੂੰ।
ਹੁਣ ਤਾਂ ਵੈਣ 'ਉਦਾਸੀ' ਦੇ ਜਾਣਿਓਂ ਜੀ, ਹੇਕਾਂ ਮਾਰੀਆਂ ਲੰਮੀਆਂ ਲੰਮੀਆਂ ਨੂੰ।
ਸ਼ੋਸ਼ਣ ਕਰੇ 'ਪ੍ਰਕਾਸ਼' ਗਰੀਬੀਆਂ ਦਾ, 'ਮਘਦੇ ਸੂਰਜ' ਦਾ ਲਾਭ ਕੀ ਕੰਮੀਆਂ ਨੂੰ?

## ਬੱਸ ਤੇ ਬੇਵਸੀ

# ਡਾਢਿਆਂ ਦੀ ਮੰਡੀ ਵਿਚ ਜ਼ਿੰਦਗੀ ਦਾ ਮੁੱਲ

***ਜਦ ਤਕ ਲੋਕਾਈ ਇਹ ਨਹੀਂ ਸਮਝਦੀ ਕਿ ਲੋਕਤੰਤਰ ਵਿਚ ਵੋਟ ਸਿਰਫ ਕਾਗਜ਼ ਦਾ ਟੁਕੜਾ ਨਹੀਂ ਜੋ ਬਿਨਾਂ ਸੋਚੇ ਸਮਝੇ ਕਿਸੇ ਦੇ ਵੀ ਹੱਕ ਵਿਚ 'ਬਲੈਂਕ ਚੈੱਕ' ਵਾਂਗ ਲਿਖਿਆ ਜਾ ਸਕਦਾ ਹੈ, ਸਗੋਂ ਅਜਿਹਾ 'ਵਹੀ ਖਾਤਾ' ਹੈ ਜਿਸ ਨੇ ਆਉਣ ਵਾਲੇ ਪੰਜ ਸਾਲ ਉਸ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਅਸਰ-ਅੰਦਾਜ਼ ਕਰਨਾ ਹੁੰਦਾ ਹੈ ਤੇ ਜਿਸ ਦਾ ਹਿਸਾਬ ਪੰਜਾਂ ਸਾਲਾਂ ਬਾਅਦ ਜ਼ਰੂਰ ਮੰਗਿਆ ਜਾਣਾ ਬਣਦਾ ਹੈ। ਨਹੀਂ ਤਾਂ ਇਹ ਸਾਰਾ ਕੁਝ ਇੰਝ ਹੀ ਚੱਲਦਾ ਰਹੇਗਾ। ਹਾਦਸੇ ਵਾਪਰਨਗੇ, ਸਾਡੀਆਂ ਨਸਾਂ ਵਿਚ ਦੌੜਦਾ ਲਹੂ ਉਬਾਲਾ ਖਾਏਗਾ, ਪਰ ਅਸੀਂ ਆਪਣੇ ਅੰਦਰੋਂ ਨਿਕਲਦੀ ਕੋਈ ਚੀਕ ਬੁਲਬੁਲੀ, ਸੋਹਣ ਸਿੰਘ ਮੀਸ਼ੇ ਦੇ ਕਹਿਣ ਵਾਂਗ ਅੰਦਰੋਂ-ਅੰਦਰੀਂ ਹੀ ਘੁੱਟ ਲਵਾਂਗੇ ਜਾਂ ਸ਼ਾਇਦ ਆਪਣੀ ਬੇਸਮੈਂਟ ਵਿਚ ਜਾ ਕੇ ਚੀਕਾਂਗੇ ਤਾਂ ਜੋ ਸਾਡੀ ਬੇਵਸੀ ਨੂੰ ਸਿਰਫ ਚਾਰ ਕੰਧਾਂ ਹੀ ਸੁਣ ਸਕਣ। ਇਹੋ ਜਿਹੀ ਚੀਕ ਹਮੇਸ਼ਾ ਵਾਂਗ ਅਣਸੁਣੀ ਰਹਿ ਜਾਏਗੀ- ਬਿਲਕੁਲ ਬੱਸ ਵਿਚੋਂ ਸੁੱਟੀ ਗਈ ਉਸ ਕੁੜੀ ਦੀ ਚੀਕ ਵਾਂਗ।***

ਚਲਦੀ ਬੱਸ 'ਚੋਂ ਡਿੱਗ ਕੇ ਹੋਈ ਨੌਜਵਾਨ ਲੜਕੀ ਦੀ ਮੌਤ ਸ਼ਾਇਦ ਇੰਨੀ ਵੱਡੀ ਖਬਰ ਨਾ ਹੀ ਬਣਦੀ ਜੇ ਇਹ ਸਿਰਫ ਸੜਕੀ ਹਾਦਸਾ ਹੀ ਹੁੰਦਾ। ਉਹ ਵੀ ਉਸ ਰਾਜ ਵਿਚ ਜਿਸ 'ਚ ਹੁੰਦੇ ਜਾਨਲੇਵਾ ਸੜਕ ਹਾਦਸਿਆਂ ਦੀ ਗਿਣਤੀ ਮੁਲਕ ਭਰ 'ਚ ਸਭ ਤੋਂ ਜ਼ਿਆਦਾ ਹੈ ਤੇ ਜਿਥੇ ਸਰਕਾਰੀ ਅੰਕੜਿਆਂ ਅਨੁਸਾਰ ਹਰ ਦੂਜਾ ਹਾਦਸਾ ਜਾਨਲੇਵਾ ਸਾਬਿਤ ਹੁੰਦਾ ਹੈ। ਰੇਤ ਬਜਰੀ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਵਾਂਗ ਅਸੀਂ ਪੰਜਾਬੀ ਇਨ੍ਹਾਂ ਹਾਦਸਿਆਂ ਦੀਆਂ ਖਬਰਾਂ ਅਤੇ ਗਿਣਤੀ ਦੇ ਵੀ ਆਦੀ ਹੋ ਗਏ ਹਾਂ, ਪਰ ਇਹ ਮੌਤ ਇਕ ਆਮ ਸੜਕੀ ਦੁਰਘਟਨਾ ਨਹੀਂ ਹੈ ਸਗੋਂ ਸਿਆਸੀ ਬਦਇੰਤਜ਼ਾਮੀ, ਇਖਲਾਕੀ ਦੀਵਾਲੀਏਪਨ ਅਤੇ ਵਪਾਰਕ ਹਵਸ ਦੇ ਐਸੇ ਘਟਨਾਕ੍ਰਮ ਦਾ ਸਿੱਟਾ ਹੈ ਜਿਸ ਦਾ ਸੰਤਾਪ ਪੰਜਾਬ ਪਿਛਲੇ ਦਹਾਕੇ ਭਰ ਤੋਂ ਹੰਢਾ ਰਿਹਾ ਹੈ। ਇਸ ਸਮੱਸਿਆ ਦੇ ਤਾਰ

**ਨਵਚੇਤਨ, ਲੰਡਨ**
ਫੋਨ: 1-44-778-232-9538

ਉਸ ਜਗੀਰਦਾਰੀ ਸੁਭਾਅ ਨਾਲ ਜੁੜੇ ਹੋਏ ਹਨ ਜਿਸ 'ਚ ਸੱਤਾ 'ਤੇ ਕਾਬਜ਼ ਹੋਣ ਦਾ ਮਤਲਬ ਸਿਰਫ ਤੇ ਸਿਰਫ ਆਪਣੇ ਵਪਾਰਕ ਤੇ ਪਰਿਵਾਰਕ ਹਿੱਤਾਂ ਨੂੰ ਅੱਗੇ ਵਧਾਉਣਾ ਹੈ ਅਤੇ ਉਸ ਵਪਾਰ 'ਚੋਂ ਕਮਾਏ ਪੈਸੇ ਨੂੰ ਮੁੜ ਸੱਤਾ ਹਾਸਲ ਕਰਨ ਦੇ ਵਸੀਲੇ ਵਜੋਂ ਵਰਤਣਾ ਹੈ। ਇਹ ਅਜਿਹਾ ਕਾਲ-ਚੱਕਰ ਸਿਰਜ ਦਿੰਦੀ ਹੈ ਜਿਸ ਦੀਆਂ ਗਿਣਤੀਆਂ-ਮਿਣਤੀਆਂ 'ਚੋਂ ਆਮ ਬੰਦਾ ਅਤੇ ਉਸ ਦੀ ਬਿਹਤਰੀ ਨਾਲ ਜੁੜੇ ਸਾਰੇ ਸਰੋਕਾਰ ਮਨਫੀ ਹੋ ਜਾਂਦੇ ਹਨ।

ਪੰਜਾਬ ਦੇ ਪ੍ਰਸੰਗ 'ਚ ਸੱਤਾ ਅਤੇ ਪੈਸੇ ਦਾ ਇਹ ਗਠਜੋੜ ਕੋਈ ਨਵਾਂ ਨਹੀਂ ਹੈ। ਜੇ ਕੁਝ ਨਵਾਂ ਹੈ ਤਾਂ ਇਸ ਦਾ ਪ੍ਰਚੰਡ ਰੂਪ ਅਤੇ ਇਸ ਦੀ ਵਿਸ਼ਾਲਤਾ ਹੈ ਜਿਸ ਦੀ ਜੱਦ 'ਤੋਂ ਜ਼ਮੀਨ, ਹਵਾ ਪਾਣੀ ਤੋਂ ਲੈ ਕੇ ਰੇਤ-ਬਜਰੀ ਤੱਕ ਕੁਝ ਵੀ ਨਹੀਂ ਬਚ ਸਕਿਆ। ਇਹ ਵੀ ਅਚੰਭੇ ਵਾਲੀ ਗੱਲ ਹੈ ਕਿ ਹਾਦਸੇ ਤੋਂ ਬਾਅਦ ਬੱਸ ਦੇ ਮਾਲਕ ਆਪਣੀ ਮਲਕੀਅਤ ਤੋਂ ਹੀ ਮੁੱਕਰਦੇ ਨਜ਼ਰ ਆਏ। ਹਰਸਿਮਰਤ ਕੌਰ ਬਾਦਲ ਨੇ ਤਾਂ ਪਤਾ ਹੁੰਦਿਆਂ ਵੀ ਇਹ ਕਹਿ ਕੇ ਪੱਲਾ ਝਾੜ ਲਿਆ, "ਮੈਂ ਚੈੱਕ ਕਰ ਕੇ ਦੱਸਾਂਗੀ।" ਪ੍ਰਕਾਸ਼ ਸਿੰਘ ਬਾਦਲ ਨੇ ਇਸ ਨੂੰ 'ਬਦਕਿਸਮਤੀ' ਦੱਸਿਆ ਕਿ ਬੱਸਾਂ ਉਨ੍ਹਾਂ ਦੀਆਂ ਹਨ। ਵੈਸੇ ਤਾਂ ਇਹ ਵੀ ਬੜੇ ਅਚੰਭੇ ਵਾਲੀ ਗੱਲ ਹੈ ਕਿ ਇਸ ਘਟਨਾ 'ਚ ਹੋਈ ਕੁੜੀ ਦੀ ਮੌਤ ਖਬਰ ਬਣ ਕਿਵੇਂ ਗਈ ਕਿਉਂਕਿ ਜਿਸ ਤਰ੍ਹਾਂ ਦੇ ਹਕੂਮਤ ਅਤੇ ਹਾਕਮਾਂ ਦੇ ਤੌਰ-ਤਰੀਕੇ ਹਨ, ਜੇ ਕੁੜੀ ਦੀ ਲਾਸ਼ ਨਹੀਂ, ਤਾਂ ਬੱਸ ਤਾਂ ਇਧਰ-ਉਧਰ ਕੀਤੀ ਹੀ ਜਾ ਸਕਦੀ ਸੀ।

ਇਸ ਘਟਨਾ 'ਚੋਂ ਨਿਕਲਣ ਵਾਲੇ ਸੁਆਲ ਸਿਰਫ ਤੇ ਸਿਰਫ ਆਰਥਿਕ ਧੱਕੇਸ਼ਾਹੀ ਦੇ ਨਾਲ ਨਹੀਂ ਜੁੜੇ ਹੋਏ। ਇਹ ਸਮਾਜ 'ਚ ਚਲਦੇ ਮਾੜੇ ਵਰਤਾਰਿਆਂ ਪ੍ਰਤੀ ਸਾਡੀ ਸੰਵੇਦਨਹੀਣਤਾ ਵੀ ਦਿਖਾਉਂਦੇ ਹਨ। ਕੀ ਇਹ ਸਿਰਫ ਸੰਜੋਗ ਹੀ ਹੈ ਕਿ ਪੀੜਤ ਮਾਂਵਾਂ-ਧੀਆਂ ਸਮਾਜ ਦੇ ਉਸ ਵਰਗ ਵਿਚੋਂ ਹਨ ਜੋ ਸਾਡੇ ਬੌਧਿਕ ਚੇਤੰਨਤਾ ਦੇ 'ਅਣਗੌਲੇ ਹਾਸ਼ੀਏ' ਉਤੇ ਹੈ, ਤੇ ਲਾਜ਼ਿਮ ਹੈ ਕਿ ਇਹ ਕਾਰਾ ਕਰਨ ਵਾਲਿਆਂ ਦੀ ਸੋਚ ਵੀ ਇਹੋ ਹੋਵੇਗੀ ਕਿ ਇਹੋ ਜਿਹੇ ਲੋਕ ਅੱਵਲ ਤਾਂ ਆਵਾਜ਼ ਹੀ ਨਹੀਂ ਉਠਾਉਂਦੇ ਅਤੇ ਜੇ ਕੋਈ 'ਉਨੀ ਇੱਕੀ' ਹੋ ਵੀ ਗਈ ਤਾਂ ਮਾਲਕਾਂ ਦੇ ਸਿਰ 'ਤੇ ਇਹੋ ਜਿਹੀਆਂ ਗੱਲਾਂ ਨਾਲ ਨਜਿੱਠਣਾ ਕਿਹੜਾ ਔਖਾ ਹੈ? ਤੇ ਮੌਜੂਦਾ ਹਾਲਾਤ ਵਿਚ ਉਨ੍ਹਾਂ ਕਾਰਿੰਦਿਆਂ ਦੀ ਇਹ ਸੋਚ ਕੋਈ ਗਲਤ ਨਹੀਂ ਸੀ- ਮਾਲਕਾਂ ਨੇ ਵਾਕਿਆ ਹੀ 'ਚੌਵੀ ਲੱਖ ਰੁਪਏ ਤੇ ਇਕ ਜੀਅ ਨੂੰ ਨੌਕਰੀ' ਦਾ ਲਾਲਚ ਦੇ ਕੇ ਜਿਸ ਤਰ੍ਹਾਂ ਮਸਲੇ ਨੂੰ 'ਨਜਿੱਠਿਆ' ਹੈ, ਉਸ ਨੇ ਭਵਿੱਖ 'ਚ ਪੰਜਾਬ ਅੰਦਰ ਹੋਣ ਵਾਲੀ ਕਿਸੇ ਵੀ ਐਸੀ ਘਟਨਾ ਲਈ ਜ਼ਿੰਦਗੀ ਦਾ 'ਘੱਟੋ ਘਟ ਮੁੱਲ' ਤਾਂ ਤੈਅ ਕਰ ਹੀ ਦਿੱਤਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਫਸਲਾਂ ਦੇ ਘੱਟੋ-ਘਟ ਮੁੱਲ ਤੈਅ ਹੁੰਦੇ ਹਨ। ਇਹ ਨਾ ਸਿਰਫ ਸਾਡੀ ਮੌਜੂਦਾ ਕਾਨੂੰਨ ਅਵਸਥਾ ਦੀ ਹਾਲਤ, ਬਲਕਿ ਸਾਡੇ ਸਿਆਸਤਦਾਨਾਂ ਦੀ ਸੰਵੇਦਨਹੀਣ ਜ਼ਿਹਨੀਅਤ ਨੂੰ ਵੀ ਦਰਸਾਉਂਦੀ ਹੈ ਕਿ ਵੋਟਾਂ ਤੋਂ ਲੈ ਕੇ ਕਿਸੇ ਦੀ ਜ਼ਿੰਦਗੀ ਤੱਕ, ਹਰ ਚੀਜ਼ ਦਾ ਮੁੱਲ ਪਾਇਆ ਜਾ ਸਕਦਾ ਹੈ।

ਇਸ ਘਟਨਾ ਦੇ ਪਿਛੇ ਦੂਜਾ ਅਹਿਮ ਵਰਤਾਰਾ ਹੈ ਸਿਆਸੀ ਅਤੇ ਵਪਾਰਕ ਹਿੱਤਾਂ ਦਾ ਟਕਰਾਅ, ਜੋ ਸੌਖਾ ਪੈਸਾ ਕਮਾਉਣ ਦੀ ਅੰਨੀ ਹਵਸ 'ਚੋਂ ਉਪਜਿਆ ਹੈ। ਜੇ ਇਹੀ ਵਪਾਰਕ ਸਫਲਤਾ ਆਪਣੀ ਲਿਆਕਤ ਦੇ ਬੂਤੇ ਹਾਸਿਲ ਕੀਤੀ ਹੋਵੇ ਤਾਂ ਕਿਸੇ ਨੂੰ ਵੀ ਇਸ 'ਤੇ ਕੋਈ ਇਤਰਾਜ਼ ਨਾ ਹੋਵੇ ਪਰ ਜਦੋਂ ਸੱਤਾ ਸਿਰਫ ਤੇ ਸਿਰਫ ਕਾਰੋਬਾਰ ਹੀ ਬਣ ਜਾਵੇ ਤਾਂ ਸਵਾਲ ਖੜ੍ਹੇ ਹੋਣੇ ਲਾਜ਼ਮੀ ਹਨ। ਬਹੁਤੇ ਮੁਲਕਾਂ 'ਚ ਇਸ 'ਕੰਫਲਿਕਟ ਆਫ ਇੰਟਰਸਟ' (ਹਿੱਤਾਂ ਦੇ ਟਕਰਾਓ) ਨੂੰ ਰੋਕਣ ਲਈ ਕਾਨੂੰਨ ਹਨ। ਉਨ੍ਹਾਂ 'ਚ ਵੀ ਬੇਸ਼ਕ ਚੋਰ-ਮੋਰੀਆਂ ਹਨ, ਪਰ ਉਥੋਂ ਉਹ ਕਾਨੂੰਨ ਘੱਟੋ-ਘੱਟ ਆਪਣਾ ਇਹ ਕੰਮ ਤਾਂ ਕਰਦੇ ਹੀ ਹਨ ਕਿ ਤੁਹਾਨੂੰ ਇਹ ਦੱਸਣਾ ਪਵੇਗਾ ਕਿ ਤੁਹਾਡੇ ਕਾਰੋਬਾਰ ਕਿਸ ਕਿਸਮ ਦੇ ਹਨ, ਤਾਂ ਜੋ ਲੋਕ ਇਸ ਗੱਲ ਤੋਂ ਜਾਣੂ ਹੋ ਸਕਣ ਕਿ ਤੁਹਾਡੀ ਸਰਕਾਰ ਦੀਆਂ ਬਣਾਈਆਂ ਨੀਤੀਆਂ ਤੋਂ ਤੁਹਾਡੇ ਕਾਰੋਬਾਰ ਨੂੰ ਕਿੰਨਾ ਫਾਇਦਾ ਹੋਇਆ ਹੈ? ਇਹ ਕਾਨੂੰਨ ਸਿਰਫ ਸਿਆਸਤਦਾਨਾਂ 'ਤੇ ਹੀ ਨਹੀਂ ਸਗੋਂ ਵਪਾਰਕ ਘਰਾਣਿਆਂ 'ਤੇ ਵੀ ਲਾਗੂ ਹੁੰਦਾ ਹੈ।

ਬਦਕਿਸਮਤੀ ਨਾਲ ਹਿੰਦੁਸਤਾਨ 'ਚ ਇਹ ਕਾਨੂੰਨ ਬੜਾ ਹੀ ਅਸਪਸ਼ਟ ਹੈ ਜਾਂ ਇਸ ਨੂੰ ਜਾਣ-ਬੁਝ ਕੇ ਅਸਪਸ਼ਟ ਰੱਖਿਆ ਗਿਆ ਹੈ ਕਿਉਂ ਕਿ ਉਹ ਲੋਕ ਜੋ ਇਹ ਕਾਨੂੰਨ ਬਣਾਉਂਦੇ ਹਨ, ਉਨ੍ਹਾਂ ਦਾ ਫਾਇਦਾ ਇਸ ਕਾਨੂੰਨ ਦੇ ਨਾ ਲਾਗੂ ਹੋਣ 'ਚ ਹੀ ਹੈ। ਪੰਜਾਬ 'ਚ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਸੱਤਾ ਦੀ ਵਰਤੋਂ ਕੋਈ ਨਵੀਂ ਨਹੀਂ ਹੈ। ਗਾਹੇ-ਬਗਾਹੇ ਤੁਹਾਨੂੰ ਹਰ ਪਾਰਟੀ 'ਚ ਐਸੇ 'ਬੈਲੀਸ਼ਾਹ' ਮਿਲ ਜਾਣਗੇ ਜਿਨ੍ਹਾਂ ਦਾ ਸਿਆਸਤ 'ਚ ਹੋਣ ਦਾ ਇਕੋ ਇਕ ਮਤਲਬ ਹੈ- ਆਪਣੇ ਕਾਰੋਬਾਰ ਦੀ ਚੜ੍ਹਦੀ ਕਲਾ, ਪਰ ਜਿਸ ਤਰ੍ਹਾਂ ਦਾ ਵਰਤਾਰਾ ਪਿਛਲੇ ਦਸ ਕੁ ਸਾਲਾਂ 'ਚ ਸਾਹਮਣੇ ਆਇਆ ਹੈ, ਉਸ ਦੀ ਮਿਸਾਲ ਇਸ ਤੋਂ ਪਹਿਲਾਂ ਕਿਤੇ ਵੀ ਨਹੀਂ ਮਿਲਦੀ। ਇਸ ਗੱਲ ਦਾ ਸੌਖਾ ਜਿਹਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹੁਕਮਰਾਨ ਪਰਿਵਾਰ ਨੇ ਜਿਸ ਵੀ ਕਾਰੋਬਾਰ 'ਚ ਪੈਰ ਰੱਖਿਆ, ਉਸ 'ਚ ਬਸ ਉਸੇ ਦੀ ਹੀ ਇਜਾਰੇਦਾਰੀ ਹੈ।ਕਿਸੇ ਵੀ ਸਭਿਅਕ ਸਮਾਜ 'ਚ ਕਾਨੂੰਨ ਦਾ ਮਤਲਬ ਸਿਰਫ ਗਲਤ ਵਰਤਾਰਿਆਂ ਨੂੰ ਨਕੇਲ ਪਾਉਣਾ ਹੀ ਨਹੀਂ ਹੁੰਦਾ, ਸਗੋਂ ਇਹ ਅਛੋਪਲੇ ਜਿਹੇ ਮਨੁੱਖੀ ਸੁਭਾਅ ਲਈ ਸਭਿਅਕ ਸਮਾਜ ਦੇ ਮਾਪਦੰਡ ਵੀ ਤੈਅ ਕਰ ਰਿਹਾ ਹੁੰਦਾ ਹੈ। ਇਹੋ ਮਾਪਦੰਡ ਹੀ ਸਾਡੀਆਂ ਸਦਾਚਾਰਕ ਕਦਰਾਂ-ਕੀਮਤਾਂ ਦੀ ਨਿਸ਼ਾਨਦੇਹੀ ਵੀ ਕਰਦੇ ਹਨ।

ਅੰਮ੍ਰਿਤਸਰ 'ਚ ਦੋ ਕੁ ਵਰ੍ਹੇ ਪਹਿਲਾਂ ਇਕ ਪੁਲਸੀਆ ਬਾਪ ਆਪਣੀ ਧੀ ਨੂੰ ਬੇਪਤ ਹੋਣ ਤੋਂ ਬਚਾਉਣ ਲਈ ਬਦਮਾਸ਼ਾਂ ਦਾ ਟਾਕਰਾ ਕਰਦਿਆਂ ਮਾਰਿਆ ਗਿਆ। ਮੁਕਾਬਲਾ ਕੋਈ ਅੱਧਾ ਘੰਟਾ ਚੱਲਿਆ। ਅਣਗਿਣਤ ਮੰਜ਼ਿਲਾਂ ਦੇ ਸ਼ਹਿਰ 'ਚ ਜ਼ਰੂਰ ਕੁਝ ਜੁਰਅਤਮੰਦ ਲੋਕ ਬਚੇ ਹੋਣਗੇ ਜੋ ਇਸ ਧੱਕੇਸ਼ਾਹੀ ਵਿਰੁਧ ਅੱਗੇ ਆਉਂਦੇ, ਪਰ ਕੀ ਪੰਜਾਬ ਦਾ ਮੌਜੂਦਾ ਕਾਨੂੰਨ ਇਹੋ ਜਿਹੀ ਜੁਰਅਤ ਨੂੰ ਤਸਲੀਮ ਕਰਦਾ ਹੈ? ਪੰਜਾਬ ਪੁਲਿਸ ਲਈ ਤਾਂ ਕਾਨੂੰਨ ਦੀ ਇਬਾਰਤ ਨਾਲੋਂ ਕਿਸੇ ਕਥਿਤ 'ਪੰਥਕ ਪਾਰਟੀ' ਨਾਲ ਜੁੜੀਆਂ ਹੋਈਆਂ ਪੱਗਾਂ ਦਾ ਰੰਗ ਜ਼ਿਆਦਾ ਅਹਿਮ ਹੈ। ਇਹੋ ਜਿਹੇ ਵੇਲੇ ਦਿਖਾਈ ਗਈ ਕਿਸੇ ਦੀ ਜੁਰਅਤ ਦਾ ਕੀ ਮੁੱਲ! ਜੁਰਅਤਾਂ ਤਾਂ ਡੰਗ ਸੁੱਟੀਆਂ ਕੁਝ ਨਸ਼ਿਆਂ ਨੇ, ਕੁਝ ਝੂਠੇ ਮੁਕੱਦਮਿਆਂ ਨੇ ਤੇ ਰਹਿੰਦੀਆਂ-ਖੂੰਹਦੀਆਂ ਰੋਜ਼ਮੱਰਾ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੇ! ਪਰ ਕੀ ਅਸੀਂ ਇਹ ਕਹਿ ਕੇ ਸਭ ਕਾਸੇ ਤੋਂ ਦੋਸ਼ ਮੁਕਤ ਹੋ ਸਕਦੇ ਹਾਂ? ਸ਼ਾਇਦ ਨਹੀਂ! ਜੇ ਮੰਨ ਵੀ ਲਈਏ ਕਿ ਵੇਲੇ ਦੇ ਹਾਕਮਾਂ ਨੇ ਸਾਥੋਂ ਇਹੋ ਜਿਹੇ ਕਿਸੇ ਵਾਕਿਆ 'ਤੇ ਉਜ਼ਰ ਕਰਨ ਦਾ ਹੱਕ ਵੀ ਖੋਹ ਲਿਆ ਹੈ ਤਾਂ ਕੀ ਇਸ ਦਾ ਮਤਲਬ ਹੈ ਕਿ ਅਸੀਂ ਬਾਕੀ ਸਭ ਹੱਕ ਵੀ ਵਿਸਾਰ ਦੇਈਏ? ਖਾਸ ਕਰ ਪੰਜਾਂ ਸਾਲਾਂ ਬਾਅਦ ਮਾਪ ਤੋਲ ਕੇ ਸਰਕਾਰ ਚੁਣਨ ਦਾ ਹੱਕ!

ਅਸਲ 'ਚ ਜਦ ਤਕ ਲੋਕਾਈ ਇਹ ਨਹੀਂ ਸਮਝਦੀ ਕਿ ਲੋਕਤੰਤਰ 'ਚ ਵੋਟ ਸਿਰਫ ਕਾਗਜ਼ ਦਾ ਟੁਕੜਾ ਨਹੀਂ ਜੋ ਬਿਨਾਂ ਸੋਚੇ ਸਮਝੇ ਕਿਸੇ ਦੇ ਵੀ ਹੱਕ ਵਿਚ 'ਬਲੈਂਕ ਚੈੱਕ' ਵਾਂਗ ਲਿਖਿਆ ਜਾ ਸਕਦਾ ਹੈ, ਸਗੋਂ ਅਜਿਹਾ 'ਵਹੀ ਖਾਤਾ' ਹੈ ਜਿਸ ਨੇ ਆਉਣ ਵਾਲੇ ਪੰਜ ਸਾਲ ਉਸ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਅਸਰ-ਅੰਦਾਜ਼ ਕਰਨਾ ਹੁੰਦਾ ਹੈ ਤੇ ਜਿਸ ਦਾ ਹਿਸਾਬ ਪੰਜਾਂ ਸਾਲਾਂ ਬਾਅਦ ਜ਼ਰੂਰ ਮੰਗਿਆ ਜਾਣਾ ਬਣਦਾ ਹੈ। ਨਹੀਂ ਤਾਂ ਇਹ ਸਾਰਾ ਕੁਝ ਇੰਝ ਹੀ ਚੱਲਦਾ ਰਹੇਗਾ। ਹਾਦਸੇ ਵਾਪਰਨਗੇ, ਸਾਡੀਆਂ ਨਸਾਂ 'ਚ ਦੌੜਦਾ ਲਹੂ ਉਬਾਲਾ ਖਾਏਗਾ, ਪਰ ਅਸੀਂ ਆਪਣੇ ਅੰਦਰੋਂ ਨਿਕਲਦੀ ਕੋਈ ਚੀਕ ਬੁਲਬੁਲੀ ਸੋਹਣ ਸਿੰਘ ਮੀਸ਼ੇ ਦੇ ਕਹਿਣ ਵਾਂਗ ਅੰਦਰੋਂ-ਅੰਦਰੀਂ ਹੀ ਘੁੱਟ ਲਵਾਂਗੇ ਜਾਂ ਸ਼ਾਇਦ ਆਪਣੀ ਬੇਸਮੈਂਟ 'ਚ ਜਾ ਕੇ ਚੀਕਾਂਗੇ ਤਾਂ ਜੋ ਸਾਡੀ ਬੇਵਸੀ ਨੂੰ ਸਿਰਫ ਚਾਰ ਕੰਧਾਂ ਹੀ ਸੁਣ ਸਕਣ। ਇਹੋ ਜਿਹੀ ਚੀਕ ਹਮੇਸ਼ਾ ਦੀ ਤਰ੍ਹਾਂ ਅਣਸੁਣੀ ਹੀ ਰਹਿ ਜਾਏਗੀ- ਬਿਲਕੁਲ ਬੱਸ 'ਚੋਂ ਸੁੱਟੀ ਗਈ ਉਸ ਕੁੜੀ ਦੀ ਚੀਕ ਵਾਂਗ... ਤੇ ਸਾਡਾ ਆਕਾ... ਉਹ ਸਾਡੇ ਵੋਟ-ਨੁਮਾ 'ਬਲੈਂਕ ਚੈੱਕ' ਨੂੰ ਕੈਸ਼ ਕਰਵਾਏਗਾ ਤੇ ਮੁੱਲ ਪਾਏਗਾ; ਕਦੀ ਸਾਡੀ ਵੋਟ ਦਾ, ਕਦੀ ਸਾਡੀ ਚੁੱਪ ਦਾ ਤੇ ਕਦੇ ਕਿਸੇ ਜ਼ਿੰਦਗੀ ਦਾ- ਮੰਡੀਆਂ 'ਚ ਵਿਕਦੇ ਕਣਕ-ਝੋਨੇ ਦੇ ਘੱਟੋ ਘੱਟ ਨਿਰਧਾਰਿਤ ਮੁੱਲ ਵਾਂਗ ਕੁਝ ਲੱਖ ਰੁਪਏ ਅਤੇ ਨੌਕਰੀ ਨਾਲ। ਉਹ ਨੌਕਰੀ ਜਿਸ ਲਈ ਉਸ ਜੀਣ ਜੋਗੀ ਦਾ ਮਰਨਾ ਜ਼ਰੂਰੀ ਨਹੀਂ ਸੀ, ਤੇ ਉਹ ਜਿਉਂਦੇ ਜੀ ਹੱਕੀ ਤੌਰ 'ਤੇ ਵੀ ਹਾਸਿਲ ਕਰ ਸਕਦੀ ਸੀ।

# ਜਿਥੇ ਜਿਉਂਦੇ ਰਹਿਣ ਦਾ ਸੁਫ਼ਨਾ ਇਰਾਦਾ ਕਤਲ ਹੈ



**ਦਲਜੀਤ ਅਮੀ**
ਫੋਨ: +91-97811-21873

ਮੌਜੂਦਾ ਪੰਜਾਬੀ ਘਰਾਂ ਵਿਚ ਜਦੋਂ ਅਮਰੀਕਾ, ਯੂਰਪ ਜਾਂ ਆਸਟਰੇਲੀਆ ਦੇ ਪੱਕੇ ਵੀਜ਼ੇ ਦਾ ਬੰਦੋਬਸਤ ਹੋ ਜਾਵੇ ਤਾਂ ਨੇੜਲੇ ਰਿਸ਼ਤੇਦਾਰਾਂ ਤੋਂ ਲੁਕੋ ਕੇ ਰੱਖਿਆ ਜਾਂਦਾ ਹੈ। ਭਾਨੀ, ਈਰਖਾ ਅਤੇ ਤੋਹਮਤਾਂ ਤੋਂ ਬਚਣ ਦੇ ਇਸ ਤਰੱਦਦ ਪਿੱਛੇ ਮਿਸਾਲਾਂ ਬਹੁਤ ਹਨ। ਜੇ ਅਜਿਹੇ ਮੌਕੇ ਕੋਈ ਵੀਜ਼ਾ ਲੈਣ ਤੋਂ ਇਨਕਾਰ ਕਰ ਦੇਵੇ ਤਾਂ ਹੇਠਲੀ ਉਤੇ ਆ ਜਾਂਦੀ ਹੈ। ਇਸ ਤੋਂ ਬਾਅਦ ਹਰ ਰਿਸ਼ਤੇਦਾਰ ਅਤੇ ਸੰਗੀ-ਸਨੇਹੀ ਨੂੰ ਸਮਝਾਉਣ ਲਈ ਸੱਦਿਆ ਜਾਂਦਾ ਹੈ। ਦਲੀਲਾਂ ਦਿੱਤੀਆਂ ਜਾਂਦੀਆਂ ਹਨ: ਸਵਰਗ ਨੂੰ ਠੋਕਰ ਨਹੀਂ ਮਾਰਨੀ ਚਾਹੀਦੀ, ਕਿਉਂਕਿ ਇਹ ਕਰਮਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਸਵਰਗ ਜਾ ਕੇ ਹੋਰਾਂ ਦੀ ਬਾਂਹ ਫੜ ਕੇ ਭਵਜਲ ਪਾਰ ਕਰਵਾਉਣ ਦਾ ਪੁੰਨ ਤਾਂ ਵਿਰਲਿਆਂ ਨੂੰ ਨਸੀਬ ਹੁੰਦਾ ਹੈ। ਚਲੋ ਜੇ ਰਹਿਣਾ ਨਹੀਂ ਤਾਂ ਇਕ ਵਾਰ ਜਾ ਕੇ ਦੇਖਣ ਵਿਚ ਕੀ ਹਰਜ ਹੈ। ਵੀਜ਼ਾ ਪੱਕਾ ਕਰਵਾ ਕੇ ਜਾਂ ਨਾਗਰਿਕ ਬਣ ਕੇ ਜਾਂ ਕੁਝ ਕਮਾਈ ਕਰ ਕੇ ਵਾਪਸ ਆ ਜਾਇਓ। ਇਕ ਪਾਸੇ ਵਿਦੇਸ਼ ਜਾਣ ਦੀ ਲਲਕ ਹੈ ਅਤੇ ਦੂਜੇ ਪਾਸੇ ਵਿਦੇਸ਼ ਭੇਜਣ ਦਾ ਧੂਮ-ਧੜੱਕਾ ਹੈ। ਕੱਚੇ, ਵੱਟੇ, ਕਾਗ਼ਜ਼ੀ ਅਤੇ ਮੁੱਲ ਦੇ ਵਿਆਹਾਂ ਵਿਚ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਦੇ ਸਜ-ਧਜ ਕੇ ਨੱਚਦੇ-ਗਾਉਂਦੇ ਮੇਲ ਦੂਜੇ ਮੁਲਕਾਂ ਦੇ ਸਫ਼ਾਰਤਖ਼ਾਨਿਆਂ ਨੂੰ ਯਕੀਨ ਦਿਵਾਉਣ ਲੱਗੇ ਹੋਏ ਹਨ ਕਿ ਵਿਆਹ ਤਸੱਲੀਬਖ਼ਸ਼ ਹੈ। ਅਜਿਹੇ ਮੌਕੇ ਸਿਆਸਤਦਾਨਾਂ, ਅਫ਼ਸਰਸ਼ਾਹੀ ਅਤੇ ਸਰਦੇ-ਪੁਜਦੇ 'ਸੱਜਣਾਂ ਨਾਲ ਸ਼ੋਭਦੇ ਹਨ' ਕਿਉਂਕਿ ਇਹ ਵਿਆਖਿਆਨ ਸਫ਼ਾਰਤਖ਼ਾਨਿਆਂ ਵਿਚ 'ਭਰੋਸੇਯੋਗ' ਜਾਪਦੇ ਹਨ।

ਇਨ੍ਹਾਂ ਵਿਆਹਾਂ ਦੀ 'ਭਰੋਸੇਯੋਗਤਾ' ਕਾਇਮ ਕਰਨ ਲਈ ਲਾਵਾਂ ਪੜ੍ਹਾਉਣ ਵਾਲਿਆਂ ਤੋਂ ਲੈ ਕੇ ਫੋਟੋਆਂ ਖਿੱਚਣ ਵਾਲਿਆਂ ਤੱਕ, ਸਭ ਸਚੇਤ ਰਹਿੰਦੇ ਹਨ। ਕਾਨੂੰਨੀ ਸਬੂਤ ਜਾਰੀ ਕਰਨ ਵੇਲੇ ਸ਼ਬਦ-ਜੋੜਾਂ ਅਤੇ ਗੋਤਾਂ ਨੂੰ ਦਰੁਸਤ ਰੱਖਣ ਦੀ 'ਜ਼ਿੰਮੇਵਾਰੀ' ਨਿਭਾਉਣ ਲਈ ਸਾਰੇ ਸਰਕਾਰੀ ਮਹਿਕਮੇ ਚੇਤਨ ਰਹਿੰਦੇ ਹਨ। ਸਫ਼ਾਰਤਖ਼ਾਨਿਆਂ ਨੂੰ ਯਕੀਨ ਦਿਵਾਉਣ ਲਈ 'ਨਵੇਂ ਵਿਆਹੇ ਜੋੜਿਆਂ' ਦੇ ਪਹਾੜਾਂ ਅਤੇ ਹੋਟਲਾਂ ਵਿਚ ਨੇੜਤਾ ਮਾਣਦਿਆਂ ਦੇ ਸਬੂਤ ਪੇਸ਼ ਕੀਤੇ ਜਾਂਦੇ ਹਨ। ਵਿਦੇਸ਼ਾਂ ਵਿਚ ਲਿਜਾਣ ਦੀ ਯੋਗਤਾ ਤੋਂ ਬਾਅਦ ਵਿਆਹ ਦੇ ਇਸ਼ਤਿਹਾਰਾਂ ਵਿਚ 'ਜਾਤ-ਧਰਮ ਦਾ ਕੋਈ ਬੰਧਨ ਨਹੀਂ' ਜੁੜ ਗਿਆ ਹੈ। ਇਹ ਵਾਧਾ ਪੰਜਾਬੀ ਸਮਾਜ ਵਿਚ ਜਾਤ ਦੀ ਪਕੜ ਢਿੱਲੀ ਨਹੀਂ ਕਰ ਸਕਿਆ, ਪਰ ਕਈ ਗ਼ਰੀਬ-ਗ਼ੁਰਬਿਆਂ ਦੇ ਸਾਕ ਸਰਦੇ-ਪੁੱਜਦਿਆਂ ਨਾਲ ਜੋੜਨ ਵਿਚ ਕਾਮਯਾਬ ਰਿਹਾ ਹੈ। ਜਦੋਂ 'ਪੰਜਾਬੀਆਂ ਦੀ ਸ਼ਾਨ ਵੱਖਰੀ' ਦੇ ਵੰਨ-ਸਵੰਨੇ ਗੀਤ ਗਾਉਂਦਾ ਪੰਜਾਬ ਸਿਰਤੋੜ ਤੋਂ ਅੱਗੇ ਜਾ ਕੇ 'ਸਾਕ-ਤੋੜ', 'ਰਵਾਇਤ-ਤੋੜ' ਅਤੇ 'ਭਰੋਸਾ-ਤੋੜ' ਉਪਰਾਲੇ ਕੀਤੇ ਜਾ ਰਹੇ ਹਨ ਤਾਂ ਇਨਕਾਰੀ ਨੂੰ ਛੇਕਿਆ ਜਾਣਾ 'ਲਾਜ਼ਮੀ' ਜਾਪਦਾ ਹੈ। ਇਸ ਲੇਖ ਵਿਚ ਉਨ੍ਹਾਂ ਦੁਹਾਗਣਾਂ ਦੀ ਗੱਲ ਨਹੀਂ ਕਰਨੀ ਹੈ ਜੋ ਮਾਪਿਆਂ ਦੇ ਕੀਤੇ ਸਾਕਾਂ ਰਾਹੀਂ ਸਹੇੜੇ ਲਾੜਿਆਂ ਦੇ ਵਿਦੇਸ਼ੋਂ ਪਰਤਣ ਦੀ ਉਡੀਕ ਵਿਚ 'ਪਰਾਏ ਘਰਾਂ' ਅੰਦਰ ਪਲ-ਪਲ ਮਰਦੀਆਂ ਹਨ।

ਜੇ ਇਨਕਾਰੀ ਕੁੜੀ ਹੋਵੇ ਤਾਂ ਸੁਆਲ ਹੋਰ ਅਹਿਮ ਹੋ ਜਾਂਦਾ ਹੈ। ਉਸ ਨੂੰ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਚ ਕੁੜੀਆਂ ਲਈ ਕੋਈ ਥਾਂ ਨਹੀਂ। ਜੇ ਕੁੱਖ ਵਿਚ ਕਤਲ ਹੋਣ ਤੋਂ ਬਚ ਗਈ ਤਾਂ ਦਹੇਜ ਲਈ ਫੂਕੀ ਜਾਵੇਗੀ। ਛੇੜਛਾੜ ਤਾਂ ਰੋਜ਼ ਦਾ ਮਸਲਾ ਹੈ। ਬਲਾਤਕਾਰ ਦਾ ਖ਼ਦਸ਼ਾ ਸਦਾ ਕਾਇਮ ਹੈ। ਨਾ ਘਰ ਵਿਚ ਕੋਈ ਕਦਰ ਹੈ ਅਤੇ ਨਾ ਸਮਾਜ ਵਿਚ। ਇਹ ਦਲੀਲ ਬਹੁਤ ਸਾਫ਼ ਹੈ ਕਿ ਜ਼ਿੰਦਗੀ ਦਾ ਸ਼ੁਕਰਾਨਾ ਕਰਨ ਲਈ ਵਿਦੇਸ਼ ਜਾਣਾ ਜ਼ਰੂਰੀ ਹੈ। ਕਿਸੇ ਦੇ ਮੁੰਡੇ ਨੂੰ ਵਿਆਹ ਕੇ ਸੱਤ ਸਮੁੰਦਰ ਪਾਰ ਲਿਜਾਣ ਦਾ ਸਬੱਬ ਬਣੇਗੀ। ਜੇ 'ਉਦਮੀ' ਹੋਵੇ ਤਾਂ ਆਪਣੇ ਪੱਕੇ ਵਿਆਹ ਤੋਂ ਪਹਿਲਾਂ ਇੱਕ-ਦੋ ਤਿਜ਼ਾਰਤੀ ਵਿਆਹ ਕਰਵਾ ਸਕਦੀ ਹੈ। ਜੇ ਮਾਪਿਆਂ ਨੇ ਪੜ੍ਹਾ-ਲਿਖਾ ਕੇ ਅਮਰੀਕਾ ਜਾਣ ਜੋਗੀ ਕੀਤੀ ਹੈ ਤਾਂ ਉਨ੍ਹਾਂ ਦੀ ਬੰਦ-ਖ਼ਲਾਸੀ ਧੀ ਦੀ 'ਜ਼ਿੰਮੇਵਾਰੀ' ਬਣਦੀ ਹੈ। ਕੈਨੇਡਾ ਵਿਚ ਪੰਜਾਬੀਆਂ ਦੀਆਂ ਕਿਰਤ-ਕਮਾਈਆਂ ਦਾ ਸ਼ਾਨਾਂਮੱਤਾ ਇਤਿਹਾਸ ਹੈ ਜਿਸ ਵਿਚ ਬਹੁਤ ਸਾਰੀਆਂ ਪ੍ਰਾਪਤੀਆਂ ਨਾਲ ਇਹ ਵੀ ਦਰਜ ਹੈ ਕਿ 'ਇਹ ਵੀਜ਼ਾ ਲੈਣ ਲਈ ਸਕੇ ਭੈਣ-ਭਰਾਵਾਂ ਵਿਚ ਵਿਆਹ ਕਰਦੇ ਹਨ ਅਤੇ ਭਰੋਸੇਯੋਗਤਾ ਸਾਬਤ ਕਰਨ ਲਈ ਗਰਭਧਾਰਨ ਤੱਕ ਕੀਤੇ ਜਾਂਦੇ ਹਨ।' ਇਹ ਕੈਨੇਡਾ ਵਿਚ ਚੋਣਾਂ ਜਿੱਤਣ ਵਾਲੇ ਪੰਜਾਬੀਆਂ ਦੀ ਹਾਜ਼ਰੀ ਵਿਚ ਸਾਬਕਾ ਇਮੀਗਰੇਸ਼ਨ ਅਤੇ ਸਿਟੀਜ਼ਨ ਮੰਤਰੀ ਡਿਆਨਾ ਫਿਨਲੇਅ ਦਾ ਬਿਆਨ ਹੈ। ਜੇ ਕੋਈ ਕੁੜੀ ਹਰ ਤਰ੍ਹਾਂ ਦੀ ਬੇਕਦਰੀ ਅਤੇ ਜ਼ਲਾਲਤ ਤੋਂ ਬਚ ਕੇ ਵਿਦੇਸ਼ ਜਾਣ ਦੇ ਯੋਗ ਹੋਈ ਹੈ ਤਾਂ ਉਸ ਤੋਂ ਸੂਈ ਦੇ ਨੱਕੇ ਵਿਚੋਂ ਨਿਕਲਣ ਦੀ ਤਵੱਕੋ ਤਾਂ ਕੀਤੀ ਜਾਵੇਗੀ। ਜਿੱਥੇ ਕੁੜੀਆਂ ਦੇ ਜੰਮਣ ਤੋਂ ਮਰਨ ਤੱਕ ਦੇ ਸਾਰੇ ਫ਼ੈਸਲੇ ਮਰਦਾਂ ਦੇ ਹੱਥ ਵਿਚ ਹੋਣ, ਉਥੇ ਵਿਦੇਸ਼ ਜਾਣ ਤੋਂ ਇਨਕਾਰ ਕਰ ਕੇ 'ਬਾਪ ਦੀ ਇੱਜ਼ਤ ਰੋਲਣ' ਅਤੇ 'ਭਾਈਆਂ ਤੋਂ ਬੇਮੁੱਖ ਹੋਣ' ਦੀ ਸਜ਼ਾ ਤਾਂ ਮਿਲੇਗੀ ਹੀ।

ਜੇ ਕੁੜੀ ਆਪਣੇ ਭਾਈ ਦੇ ਪੈਦਾ ਹੋਣ ਦੀ ਉਡੀਕ ਕਾਰਨ ਪੈਦਾ ਹੋਈ ਹੋਵੇ ਤਾਂ ਇਹ ਸੁਆਲ ਹੋਰ ਵੀ ਅਹਿਮ ਹੋ ਜਾਂਦਾ ਹੈ। ਪੰਜਾਬੀ ਮਾਪਿਆਂ ਨੇ ਮੁੰਡਿਆਂ ਦੀ ਉਡੀਕ ਵਿਚ ਕੁੜੀਆਂ ਜੰਮੀਆਂ ਹੋਣ ਅਤੇ 'ਬਿਨਾਂ ਕਿਸੇ ਵਿਤਕਰੇ ਤੋਂ ਲਾਡਾਂ-ਪਿਆਰਾਂ ਨਾਲ ਮੁੰਡਿਆਂ ਵਾਂਗ ਪਾਲੀਆਂ ਹੋਣ' ਤਾਂ ਹਰ ਕੁੜੀ ਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਨ੍ਹਾਂ 'ਲਾਡਾਂ-ਪਿਆਰਾਂ' ਅਤੇ 'ਮੁੰਡਿਆਂ ਵਾਂਗ ਪਾਲਣ' ਦੇ ਸਰਾਪ ਵਰਗੇ ਵਰਦਾਨ ਨੂੰ ਕੁੜੀਆਂ ਤੋਂ ਵੱਧ ਕੌਣ ਜਾਣਦਾ ਹੈ। ਉਨ੍ਹਾਂ ਨੂੰ ਯਾਦ ਕਰਵਾਉਣ ਲਈ ਬੋਲਣ ਦੀ ਲੋੜ ਨਹੀਂ ਪੈਂਦੀ ਕਿ ਉਨ੍ਹਾਂ ਨੂੰ 'ਲਾਡ-ਪਿਆਰ' ਨਾਲ ਪਾਲ ਕੇ ਅਤੇ ਪੜ੍ਹਣ-ਲਿਖਣ ਦੀਆਂ ਸਹੂਲਤਾਂ ਦੇ ਕੇ 'ਜੱਗੋਂ-ਤੇਰਵਾਂ' ਅਹਿਸਾਨ ਕੀਤਾ ਜਾ ਰਿਹਾ ਹੈ। ਜੇ ਕਿਸੇ ਕੁੜੀ ਨੇ ਵਿਦੇਸ਼ ਜਾਣ ਤੋਂ ਇਨਕਾਰ ਕੀਤਾ ਹੈ ਤਾਂ ਜ਼ਰੂਰ 'ਉਸ ਨੇ ਮਾਪਿਆਂ ਦੀ ਪੱਤ ਦਾਅ ਉਤੇ ਲਗਾ ਕੇ' ਆਪਣੀ ਮਰਜ਼ੀ ਦਾ ਮੁੰਡਾ ਭਾਲਿਆ ਹੋਵੇਗਾ। ਜੇ ਕੁੜੀ ਇਹ ਸਾਫ਼ ਕਰ ਦੇਵੇ ਕਿ ਇਸ ਇਨਕਾਰ ਦਾ ਕਾਰਨ ਕੋਈ ਮੁੰਡਾ ਨਹੀਂ ਤਾਂ ਕੀ ਹੋਵੇਗਾ? ਇਸ ਤੋਂ ਬਾਅਦ ਮਾਪੇ 'ਸੁੱਖ ਦਾ ਸਾਹ' ਲੈਂਦੇ ਹੋਏ ਸਮਝਾ ਸਕਦੇ ਹਨ ਕਿ ਜੇ 'ਕੋਈ ਮੁੰਡਾ ਹੁੰਦਾ ਤਾਂ ਅਸੀਂ ਤੈਨੂੰ ਜੁਆਬ ਨਹੀਂ ਦੇਣਾ ਸੀ' ਪਰ ਹੁਣ ਜ਼ਿਦ ਕਰਨਾ ਮੂਰਖ਼ਾਂ ਵਾਲਾ ਕੰਮ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ 'ਬਾਕੀ ਭੈਣ-ਭਰਾਵਾਂ ਅਤੇ ਮਾਪਿਆਂ ਨੇ ਤਾਂ ਵਿਦੇਸ਼ੀਂ ਚਲੇ ਜਾਣਾ ਹੈ' ਤਾਂ ਇਕੱਲੀ ਕੁੜੀ ਪਿੱਛੇ ਕਿਵੇਂ ਰਹੇਗੀ? ਮਾਪਿਆਂ ਨੂੰ 'ਬੱਚੇ ਪਾਲਣ' ਤੋਂ ਬਾਅਦ ਆਪ 'ਜ਼ਿੰਦਗੀ ਮਾਨਣ' ਦਾ ਹੱਕ ਹੈ। ਜੇ ਕੁੜੀ ਇਕੱਲੀ ਰਹੇਗੀ ਤਾਂ ਮਾਪੇ ਨਾਲ ਟੰਗੇ ਜਾਣਗੇ। ਜੇ ਮੁੰਡਾ ਹੁੰਦਾ ਤਾਂ ਇਕੱਲਾ ਵੀ ਛੱਡਿਆ ਜਾ ਸਕਦਾ ਸੀ। ਇਕੱਲੇ ਛੱਡੇ ਮੁੰਡੇ ਦੀ ਕਹਾਣੀ ਦਾ ਨਾਮ ਸੁੱਖਾ ਕਾਹਲਵਾਂ ਵੀ ਤਾਂ ਹੋ ਸਕਦਾ ਹੈ!

ਇਕੱਲੀ ਕੁੜੀ ਨੂੰ ਛੱਡ ਕੇ ਜਾਣ ਦਾ ਸੁਆਲ ਸਿਰਫ਼ ਮਾਪਿਆਂ ਦਾ ਨਹੀਂ ਹੈ। ਇਨਕਾਰ ਤੋਂ ਬਾਅਦ ਰਿਸ਼ਤੇਦਾਰਾਂ ਨੂੰ ਮੱਤ ਦੇਣ ਲਈ ਬੁਲਾਇਆ ਜਾ ਸਕਦਾ ਹੈ। ਰਿਸ਼ਤੇਦਾਰ ਕੀ ਕਰ ਸਕਦੇ ਹਨ। ਮਾਪਿਆਂ ਦੀ ਦਲੀਲ ਨੂੰ ਵੱਖ-ਵੱਖ ਅੰਦਾਜ਼ ਵਿਚ ਸਮਝਾ ਸਕਦੇ ਹਨ। ਪਿਆਰ ਨਾਲ, ਗੁੱਸੇ ਨਾਲ, ਦਲੀਲ ਨਾਲ, ਰੋਅਬ ਨਾਲ, ਹੁਕਮ ਨਾਲ, ਧਮਕੀ ਨਾਲ ਜਾਂ ਜਿਵੇਂ ਵੀ... ਜਿਸ ਦਾ ਜਿੰਨਾ ਹੱਥ ਪੈਂਦਾ ਹੋਵੇ। ਇਸ ਤੋਂ ਬਾਅਦ ਲਾਹਨਤਾਂ ਪਾ ਕੇ ਹੱਥ ਖੜ੍ਹੇ ਕਰ ਕੇ ਰਿਸ਼ਤੇਦਾਰ ਮਾਪਿਆਂ ਸਾਹਮਣੇ ਬੇਵਸੀ ਜ਼ਾਹਿਰ ਕਰ ਦੇਣਗੇ। ਜਾਂਦੀ ਵਾਰ ਕੋਈ ਅੱਥਰੂਆਂ ਭਰੀਆਂ ਅੱਖਾਂ ਨਾਲ ਕੁੜੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਹ ਬੋਲ ਕਹਿ ਸਕਦਾ/ਸਕਦੀ ਹੈ ਕਿ 'ਸਾਡਾ ਫ਼ਰਜ਼ ਤਾਂ ਸਮਝਾਉਣਾ ਸੀ' ਜਾਂ 'ਸਾਡਾ ਕਿਹੜਾ ਜ਼ੋਰ ਚੱਲਦੈ' ਜਾਂ 'ਅਸੀਂ ਤਾਂ ਤੇਰੇ ਭਲੇ ਦੀ ਗੱਲ ਕਰਦੇ ਆਂ।' ਇਸ ਤੋਂ ਬਾਅਦ ਬਾਪੂ ਤਾਂ ਰਿਸ਼ਤੇਦਾਰ ਨੂੰ ਇਹੋ ਕਹੇਗਾ ਕਿ 'ਕੱਲ੍ਹ ਨੂੰ ਮੈਨੂੰ 'ਲਾਂਭਾ ਨਾ ਦਿਓ, ਹੁਣੇ ਸਮਝਾ ਲਓ ਜੇ ਸਮਝਦੀ ਆ।' ਇਨ੍ਹਾਂ ਹਾਲਾਤ ਵਿਚ ਆਖ਼ਰੀ ਉਪਰਾਲੇ ਵਜੋਂ ਸਿਰ ਜੋੜ ਕੇ ਬੈਠਾ ਕੁਨਬਾ ਕੁੜੀ ਨੂੰ ਇਹ ਸੁਆਲ ਕਰਦਾ ਹੈ, "ਤੂੰ ਕਰਨਾ ਕੀ ਹੈ?" ਕੁੜੀ ਦਾ ਜੁਆਬ ਇਕ ਸ਼ਬਦ ਵਿਚ ਹੈ, "ਇਨਕਲਾਬ।" ਇਸ ਤੋਂ ਬਾਅਦ ਕੁੜੀ ਨੂੰ ਕੁੱਟਿਆ ਜਾਂਦਾ ਹੈ। ਕਿਤਾਬਾਂ ਉਸ ਦੇ ਸਾਹਮਣੇ ਪਾੜ ਕੇ ਸੁੱਟੀਆਂ ਜਾਂਦੀਆਂ ਹਨ। ਕੰਧਾਂ ਉਤੇ ਲੱਗੇ ਪੋਸਟਰ ਪਾੜ ਕੇ ਪੈਰਾਂ ਥੱਲੇ ਮਧੋਲੇ ਜਾਂਦੇ ਹਨ। ਖ਼ੂਨ ਅਤੇ ਪਸੀਨੇ ਵਿਚ ਲੱਥਪੱਥ ਕੁੜੀ ਦੇ ਕਮਰੇ ਦਾ ਦਰਵਾਜ਼ਾ ਬਾਹਰੋਂ ਬੰਦ ਕਰਨ ਮੌਕੇ ਐਲਾਨ ਕੀਤਾ ਜਾਂਦਾ ਹੈ, "ਤੇਰੇ ਸਿਰ ਵਿਚੋਂ ਭਗਤ ਸਿੰਘ ਕੱਢਣਾਂ।"

ਆਸਟਰੀਅਨ ਫਿਲਮ 'ਟੂ ਹਾਵਜ਼' ਦਾ ਦ੍ਰਿਸ਼ ਪੰਜਾਬੀ ਪਿਉ ਦੇ ਇਸ ਐਲਾਨ ਨੂੰ ਸਮੇਂ-ਸਥਾਨ ਦੀਆਂ ਹੱਦਾਂ ਤੋਂ ਪਾਰ ਕਰਾ ਦਿੰਦਾ ਹੈ। ਜੰਗੀ ਕੈਦੀਆਂ ਤੋਂ ਮੁਸ਼ੱਕਤੀ ਛਾਉਣੀਆਂ ਵਿਚ ਖੰਦਕਾਂ ਪੁੱਟਣ ਅਤੇ ਮੋਰਚੇ ਬਣਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ। ਮੁਸ਼ੱਕਤੀ ਕੈਦੀਆਂ ਦੇ ਪਿੰਡੇ ਉਤੇ ਤਸ਼ੱਦਦ ਦੇ ਨੀਲਾਂ ਅਤੇ ਪੱਟੀਆਂ ਤੋਂ ਸੱਖਣੀ ਥਾਂ ਲੱਭਣੀ ਮੁਸ਼ਕਿਲ ਹੈ। ਇਸੇ ਦੌਰਾਨ ਕੈਮਰਾ ਬਦ ਤੋਂ ਬਦਤਰ ਵੱਲ ਜਾਂਦਾ ਹੈ। ਇੱਕ ਬੰਦੇ ਨੂੰ ਦਰਖ਼ਤ ਨਾਲ ਉਲਟਾ ਟੰਗਿਆ ਹੋਇਆ ਹੈ। ਤਸ਼ੱਦਦ ਮਾਹਰ ਐਲਾਨ ਕਰਦਾ ਹੈ, "ਇਸ ਦੇ ਸਿਰ ਵਿਚੋਂ ਕਮਿਉਨਿਜ਼ਮ ਕੱਢਣਾਂ।" ਪੰਜਾਬੀ ਪਿਉ ਦਾ ਹਿਟਲਰ ਦੇ ਪਿਆਦਿਆਂ ਨਾਲ ਕੀ ਰਿਸ਼ਤਾ ਹੈ ਭਲਾ?

ਪੰਜਾਬ ਵਿਚ ਤਕਰੀਬਨ ਹਰ ਜੀਅ ਦੇ ਕੰਨੀਂ ਇਹ ਐਲਾਨ ਗੁਰਦੁਆਰਿਆਂ ਵਿਚ ਹੁੰਦੀ ਅਰਦਾਸ ਰਾਹੀਂ ਪੈਂਦਾ ਹੈ। ਅਰਦਾਸ ਵਿਚ ਚਰਖੜੀਆਂ ਉਤੇ ਚੜ੍ਹਨ ਅਤੇ ਬੰਦ-ਬੰਦ ਕਟਵਾ ਕੇ ਅਕੀਦਾ ਨਿਭਾਉਣ ਦੀ ਰਵਾਇਤ ਨੂੰ ਨਿਵਾਇਆ ਜਾਂਦਾ ਹੈ। ਇਹੋ ਅਰਦਾਸ ਕੱਚੇ, ਕਾਗ਼ਜ਼ੀ, ਵੱਟੇ ਅਤੇ ਮੁੱਲ ਦੇ ਵਿਆਹਾਂ ਉਤੇ ਵੀ ਹੁੰਦੀ ਹੈ। ਕੋਈ ਵਿਰਲੀ ਹੀ ਆਪਣੇ ਅਕੀਦਿਆਂ ਨੂੰ ਰਸਮੀ ਯਾਦ ਕਰਨ ਦੀ ਥਾਂ ਨਿਭਾਉਣ ਦਾ ਫ਼ੈਸਲਾ ਕਰ ਸਕਦੀ ਹੈ। ਆਪਣੇ ਘਰ ਵਿਚ ਕੈਦ ਕੁੜੀ ਆਪਣੀਆਂ ਕਿਤਾਬਾਂ ਦੇ ਪੰਨੇ ਜੋੜ ਕੇ ਪੜ੍ਹ ਵੀ ਸਕਦੀ ਹੈ। ਫਟੀਆਂ ਤਸਵੀਰਾਂ ਦਾ ਅਕਸ ਕਿਸੇ ਦੇ ਦਿਲ ਵਿਚ ਜੁੜਿਆ ਵੀ ਰਹਿ ਸਕਦਾ ਹੈ।

ਉਪਰਲੀ ਕਹਾਣੀ ਸਾਡੇ ਸਮਿਆਂ ਦੀ ਨੁਮਾਇੰਦਗੀ ਕਰਨ ਲਈ ਸੁਣਾਈ ਜਾ ਸਕਦੀ ਹੈ। ਇਹ ਸੁਆਲ ਤਾਂ ਆਵੇਗਾ ਕਿ ਉਸ ਕੁੜੀ ਉਰਫ਼ ਇਨਕਲਾਬ ਕੌਰ ਦਾ ਕੀ ਬਣਿਆ? ਉਹ ਇਸ ਵੇਲੇ ਇਰਾਦਾ ਕਤਲ ਦੇ ਇਲਜ਼ਾਮ ਹੇਠ ਫ਼ਰੀਦਕੋਟ ਜੇਲ੍ਹ ਵਿਚ ਬੰਦ ਹੈ। ਇਰਾਦਾ ਕਤਲ ਦਾ ਮਸਲਾ ਸਿਰਫ਼ ਕਾਨੂੰਨ ਦੀ ਧਾਰਾ 307 ਨਹੀਂ ਹੈ। ਇਹ ਸਮਾਜ ਦੀ ਸਮਝ ਅਤੇ ਸਮਾਜਕ ਸੋਚ ਨਾਲ ਜੁੜਿਆ ਹੋਇਆ ਹੈ। ਪੰਜਾਬੀਆਂ ਲਈ ਜਿਉਣਾ ਵਿਦੇਸ਼ ਜਾਣ ਅਤੇ ਮਰਨਾ ਪੰਜਾਬ ਵਿਚ ਰਹਿਣ ਨਾਲ ਜੁੜਿਆ ਜਾਪਦਾ ਹੈ। ਇਨ੍ਹਾਂ ਹਾਲਾਤ ਵਿਚ ਇਨਕਲਾਬ ਕੌਰ ਨੇ 'ਜ਼ਿੰਦਗੀ' ਨੂੰ ਧੱਕਾ ਮਾਰਿਆ ਹੈ। 'ਖ਼ੁਦਕੁਸ਼ੀ ਕਰਨ' ਦਾ ਨਾ-ਕਾਮਯਾਬ ਉਪਰਾਲਾ ਇਰਾਦਾ ਕਤਲ ਹੀ ਤਾਂ ਹੁੰਦਾ ਹੈ। ਕੁਝ ਦਿਨ ਪਹਿਲਾਂ ਤੱਕ ਖ਼ੁਦਕੁਸ਼ੀ ਦੇ ਨਾ-ਕਾਮਯਾਬ ਉਪਰਾਲੇ ਖ਼ਿਲਾਫ਼ ਧਾਰਾ 309 ਤਹਿਤ ਕਾਰਵਾਈ ਕੀਤੀ ਜਾਂਦੀ ਸੀ। ਮਾਮਲਾ ਤਾਂ ਉਹੋ ਹੈ ਪਰ ਕਾਨੂੰਨ ਆਪਣੀ ਕਾਰਵਾਈ ਵੱਖਰੀ ਧਾਰਾ ਹੇਠ ਕਰਦਾ ਹੈ। ਜੇ ਪੰਜਾਬ ਵਿਚ ਕੋਈ ਕਿਸੇ ਨੂੰ ਵਿਦੇਸ਼ ਜਾਣ ਤੋਂ ਰੋਕਦਾ ਹੈ ਤਾਂ ਇਸ ਨੂੰ 'ਸਵਰਗ' ਦੀ ਥਾਂ 'ਨਰਕ' ਵਿਚ ਧੱਕਣ ਦਾ ਜੁਰਮ ਮੰਨਿਆ ਜਾ ਸਕਦਾ ਹੈ। ਜਦੋਂ ਨਿਜ਼ਾਮ ਬੰਦੇ ਨੂੰ ਸੀਲ ਸ਼ਹਿਰੀ ਬਣਾਉਣ ਦੇ ਕਾਰਖ਼ਾਨੇ ਚਲਾ ਰਿਹਾ ਹੋਵੇ ਤਾਂ ਇਨਕਲਾਬ ਕੌਰ ਹੋਣ ਦਾ ਮਤਲਬ 'ਦੇਸ਼ ਧਰੋਹ' ਹੀ ਤਾਂ ਹੈ। ਸਮਾਜਕ ਨਿਜ਼ਾਮ ਤੋਂ ਬਾਅਦ ਸਿਆਸੀ ਨਿਜ਼ਾਮ ਉਤੇ ਸੁਆਲ ਕਰਨਾ ਘੱਟੋ-ਘੱਟ ਇਰਾਦਾ ਕਤਲ ਤਾਂ ਬਣਦਾ ਹੀ ਹੈ। ਜੇ ਮੁੰਡੇ ਦੀ ਉਡੀਕ ਵਿਚ ਪੈਦਾ ਹੋਈ ਕੁੜੀ ਇਨਕਲਾਬ ਕਰਨ ਲਈ ਵਿਦੇਸ਼ ਜਾਣ ਤੋਂ ਇਨਕਾਰ ਕਰੇਗੀ ਤਾਂ ਇਸ ਨਾਲ ਨਿਜ਼ਾਮ ਦੀ ਹਰ ਚੂਲ ਹਿੱਲਦੀ ਹੈ। ਵਿਦੇਸ਼ ਭੇਜਣ ਲਈ ਇੱਕ-ਜੁੱਟ ਸਮਾਜਕ, ਸਿਆਸੀ ਅਤੇ ਮਜ਼ਹਬੀ ਨਿਜ਼ਾਮ ਇਨਕਲਾਬ ਕੌਰ ਦੇ ਖ਼ਤਰੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਸੇ ਲਈ ਉਹ ਜੇਲ੍ਹ ਵਿਚ ਬੰਦ ਹੈ। ਸਮਾਜਕ ਸੋਚ ਮੁਤਾਬਕ ਜੋ ਕਾਰਵਾਈ ਧਾਰਾ 309 ਤਹਿਤ ਹੋਣੀ ਚਾਹੀਦੀ ਸੀ, ਉਹ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਧਾਰਾ 307 ਤਹਿਤ ਕੀਤੀ ਜਾ ਰਹੀ ਹੈ।

ਮਾਪਿਆਂ ਨੇ ਕੁੜੀ ਦਾ ਨਾਮ ਇਨਕਲਾਬ ਕੌਰ ਨਹੀਂ ਰੱਖਿਆ। ਉਸ ਦਾ ਨਾਮ ਹਰਦੀਪ ਕੌਰ ਰੱਖਿਆ ਗਿਆ ਸੀ। ਕਮਰੇ ਵਿਚ ਬੰਦ ਕੀਤੀ ਹਰਦੀਪ ਦਾ ਮਾਪਿਆਂ ਨੇ ਪੂਰਾ ਧਿਆਨ ਰੱਖਿਆ ਸੀ। ਉਸ ਨੂੰ ਵੇਲੇ ਸਿਰ ਰੋਟੀ-ਪਾਣੀ ਦਿੱਤਾ ਜਾਂਦਾ ਸੀ ਅਤੇ ਕੁਝ ਦਿਨ ਬਾਅਦ ਕਮਰੇ ਤੋਂ ਬਾਹਰ ਜਾਣ ਲਈ ਸਮਾਂ ਦਿੱਤਾ ਜਾਂਦਾ ਸੀ। ਜਦੋਂ ਮਾਪਿਆਂ ਦਾ 'ਭਰੋਸਾ ਬਹਾਲ' ਹੋ ਗਿਆ ਤਾਂ ਇਨਕਲਾਬ ਕੌਰ ਨੂੰ ਮੌਕਾ ਮਿਲ ਗਿਆ। ਘਰੋਂ ਭੱਜੀ ਇਨਕਲਾਬ ਕੌਰ ਦੇ ਸਾਰੇ ਦਸਤਾਵੇਜ਼ ਕੁਝ ਦਿਨਾਂ ਬਾਅਦ ਉਸ ਤੱਕ ਪਹੁੰਚਾ ਦਿੱਤੇ ਗਏ। ਸੁਨੇਹਾ ਸਾਫ਼ ਸੀ ਕਿ 'ਸਾਡੀ ਰਜ਼ਾ ਤੋਂ ਬਾਹਰ ਆਪਣਾ ਕੋਈ ਰਿਸ਼ਤਾ ਨਹੀਂ।' ਇਹ ਸਮਾਜਕ ਨਿਜ਼ਾਮ ਦਾ ਐਲਾਨ ਹੈ ਜੋ ਸ਼ਰਤਾਂ ਉਤੇ 'ਲਾਡ-ਪਿਆਰ' ਅਤੇ 'ਮੁੰਡਿਆਂ ਵਾਂਗ ਕੀਤੀ ਪਰਵਰਿਸ਼' ਦਾ ਅਹਿਸਾਨ ਜਤਾਉਣਾ ਕਦੇ ਨਹੀਂ ਭੁੱਲਦਾ।

ਹਰਦੀਪ ਕੌਰ ਦੱਸਦੀ ਹੈ ਕਿ ਘਰ ਦੀ ਕੈਦ ਵਿਚ ਉਸ ਨੂੰ ਤਰਕਸ਼ੀਲ ਸਾਹਿਤ ਦਾ ਸਹਾਰਾ ਰਿਹਾ। ਉਸ ਨੇ ਸ਼ਰਧਾ ਦੇ ਘੇਰੇ ਵਿਚੋਂ ਨਿਕਲ ਕੇ ਦਲੀਲ ਨਾਲ ਸੁਆਲ ਕਰਨ ਸਿੱਖੇ। ਉਸ ਨੇ ਸਮਾਜ ਦੀ ਕਾਣੀ ਵੰਡ ਨੂੰ ਮਿਟਾਉਣਾ ਅਤੇ ਨਾਇਨਸਾਫ਼ੀ ਨੂੰ ਖ਼ਤਮ ਕਰਨਾ ਜ਼ਿੰਦਗੀ ਦਾ ਮਕਸਦ ਬਣਾ ਲਿਆ। ਵਿਦਿਆਰਥੀ ਜਦੋਂ ਸਰਕਾਰੀ ਅਦਾਰਿਆਂ ਵਿਚ ਪੜ੍ਹਾਈ ਨੂੰ ਆਪਣੀ ਪਹੁੰਚ ਵਿਚ ਲਿਆਉਣ ਦੀਆਂ ਮੰਗਾਂ ਕਰਦੇ ਹਨ ਤਾਂ ਇਨਕਲਾਬ ਕੌਰ ਸਰਗਰਮ ਭੂਮਿਕਾ ਨਿਭਾਉਂਦੀ ਹੈ। ਔਰਤਾਂ ਖ਼ਿਲਾਫ਼ ਗੀਤਾਂ ਅਤੇ ਫ਼ਿਲਮਾਂ ਰਾਹੀਂ ਹੁੰਦੇ ਹਿੰਸਕ ਪ੍ਰਚਾਰ ਦਾ ਵਿਰੋਧ ਕਰਨਾ ਉਸ ਦੀ ਸਿਆਸਤ ਦਾ ਹਿੱਸਾ ਹੈ। ਪਿੰਡਾਂ ਵਿਚ ਪੰਚਾਇਤੀ ਜ਼ਮੀਨਾਂ ਉਤੇ ਦਲਿਤਾਂ ਦੇ ਹਕੂਕ ਬਹਾਲ ਕਰਨ ਵਾਲੇ ਸੰਘਰਸ਼ਾਂ ਵਿਚ ਉਹ ਸ਼ਾਮਿਲ ਹੈ। ਸਮਾਜ ਨੂੰ ਦਰਦਮੰਦੀ ਅਤੇ ਇਨਸਾਫ਼ ਦੀਆਂ ਧਾਰਨਾਵਾਂ ਨਾਲ ਜੋੜਨਾ ਉਸ ਦੀ ਸਿਆਸਤ ਦਾ ਖ਼ਾਸਾ ਹੈ। ਇਸ ਰਾਹ ਉਤੇ ਤੁਰਦਿਆਂ ਨਿਜ਼ਾਮ ਦੀਆਂ ਵੱਖ-ਵੱਖ ਪਰਤਾਂ ਨਾਲ ਟਕਰਾਅ ਹੋਣਾ ਲਾਜ਼ਮੀ ਹੈ। ਜਦੋਂ ਮੋਗੇ ਵਿਚ ਔਰਬਿਟ ਬੱਸ ਵਿਚੋਂ



ਧੱਕਾ ਦੇ ਕੇ ਨਾਬਾਲਗ ਕੁੜੀ ਦਾ ਕਤਲ ਕੀਤਾ ਗਿਆ ਤਾਂ ਇਨਕਲਾਬ ਕੌਰ ਨੂੰ ਉਸ ਦੀ ਹੋਣੀ 'ਰੱਬ ਦਾ ਭਾਣਾ' ਨਹੀਂ ਜਾਪਦੀ ਸਗੋਂ ਇਹ ਨਿਜ਼ਾਮ ਦੀ ਸਿਆਸੀ ਹਿੰਸਾ ਦੇ ਕਰੂਰ ਪ੍ਰਗਟਾਵੇ ਵਜੋਂ ਸਮਝ ਆਉਂਦੀ ਹੈ। ਇਨਕਲਾਬ ਕੌਰ ਦੇ 'ਘਰ ਵਾਲੇ ਬੰਦੀਖ਼ਾਨੇ' ਤੋਂ ਮਕਤਲ ਵਿਚਲਾ ਫ਼ਾਸਲਾ ਤਕਰੀਬਨ ਪੰਦਰਾਂ ਕਿਲੋਮੀਟਰ ਹੈ। ਇਨਕਲਾਬ ਕੌਰ ਇਸ ਫ਼ਾਸਲੇ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਸਮਝਦੀ ਹੈ। ਉਹ ਇਸ ਫ਼ਾਸਲੇ ਦੇ ਚੱਪੇ-ਚੱਪੇ ਤੋਂ ਜਾਣੂ ਹੈ। ਉਸ ਨੂੰ ਕਿਤਾਬਾਂ ਪਾੜੇ ਜਾਣ ਵਾਲੇ ਕਮਰੇ ਅਤੇ ਮਕਤਲ ਦਾ ਸਮਾਜ ਸ਼ਾਸਤਰ ਤੇ ਸਿਆਸਤ ਸਮਝ ਆਉਂਦੀ ਹੈ। ਉਸ ਲਈ ਇਨ੍ਹਾਂ ਦੋਵਾਂ ਥਾਵਾਂ ਦੀ ਸਿਆਸਤ ਦੀ ਗੂੜ੍ਹੀ ਸਾਂਝ ਉਤੇ ਸੁਆਲ ਕਰਨਾ ਇਨਕਲਾਬ ਵੱਲ ਜਾਂਦਾ ਰਾਹ ਹੈ। ਜਦੋਂ ਉਹ ਕਤਲ ਦੇ ਮੁਲਜ਼ਮਾਂ ਦੇ ਨਾਲ ਬੱਸ ਦੇ ਮਾਲਕਾਂ ਦੀ ਹੈਂਕੜ ਅਤੇ ਸਰਕਾਰੀ ਸਰਪ੍ਰਸਤੀ ਦਾ ਰਿਸ਼ਤਾ ਬੇਪਰਦ ਕਰਦੀ ਹੈ ਤਾਂ ਨਿਜ਼ਾਮ ਆਪਣੇ 'ਫ਼ਾਲਿਆਂ ਤੋਂ ਤਿੱਖੇ ਦੰਦ' ਦਿਖਾਉਂਦਾ ਹੈ। ਇਕ ਪਾਸੇ ਮੁਆਵਜ਼ੇ ਅਤੇ ਵਾਅਦਿਆਂ ਦੀ ਸਿਆਸਤ ਹੁੰਦੀ ਹੈ ਅਤੇ ਦੂਜੇ ਪਾਸੇ ਕਾਤਲਾਂ ਦੀ ਸ਼ਨਾਖ਼ਤ ਕਰਨ ਵਾਲਿਆਂ ਨੂੰ ਸਿਆਸੀ ਕਹਿ ਕੇ ਰੱਦ ਕੀਤਾ ਜਾਂਦਾ ਹੈ। ਇਨਕਲਾਬ ਕੌਰ ਤਾਂ ਮੰਨਦੀ ਹੈ ਕਿ ਇਹ ਸਿਆਸੀ ਕਤਲ ਹੈ ਅਤੇ ਇਸ ਉਤੇ ਸੁਆਲ ਕਰਨਾ ਸਿਆਸਤ ਹੈ। ਉਸ ਨੂੰ ਇਹ ਵੀ ਪਤਾ ਹੈ ਕਿ 'ਅਮਰੀਕਾ ਤੋਰਨ ਲਈ ਤਹੂ' ਅਤੇ 'ਮੁਆਵਜ਼ਾ ਲੈਣ ਵਾਲੇ' ਬਾਪੂਆਂ ਵਿਚ ਕਿੰਨੀ ਸਾਂਝ ਹੈ। ਇਨ੍ਹਾਂ 'ਬਾਪੂਆਂ' ਦਾ ਪਸਾਰਾ ਸੂਬੇ ਦੇ ਮੁੱਖ ਮੰਤਰੀ ਦੀ ਕੁਰਸੀ ਤੱਕ ਹੈ।

ਜ਼ਿਲ੍ਹਾ ਮੋਗਾ ਦੇ ਪਿੰਡ ਕੋਟਲਾ ਮਿਹਰ ਸਿੰਘ ਤੋਂ ਬੇਦਖ਼ਲ ਕੀਤੀ ਗਈ ਹਰਦੀਪ ਕੌਰ ਨੂੰ ਉਸ ਦੇ ਸਾਥੀਆਂ ਸਮੇਤ ਇਰਾਦਾ ਕਤਲ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਉਸ ਨੂੰ ਇਹ ਵੀ ਸਾਫ਼ ਹੋ ਗਿਆ ਹੋਵੇਗਾ ਕਿ ਘਰ ਦੇ ਬੰਦੀਖ਼ਾਨਿਆਂ, ਮਕਤਲ ਅਤੇ ਜੇਲ੍ਹਾਂ ਦੀ ਆਪਸੀ ਸਾਂਝ ਕਿੰਨੀ ਪੀਡੀ ਹੈ। ਮੌਜੂਦਾ ਮਾਹੌਲ ਵਿਚ ਇਨਕਲਾਬ ਕੌਰ ਹੋਣ ਦੇ ਮਾਅਨੇ ਕੀ ਹਨ? ਇਹ ਸੁਆਲ ਸਿਰਫ਼ ਹਰਦੀਪ ਕੌਰ ਲਈ ਅਹਿਮ ਨਹੀਂ ਹੈ। ਇਹ ਪੰਜਾਬੀ ਕੁੜੀ ਵੱਲੋਂ ਮਾਪਿਆਂ ਦੀ ਬੇਗ਼ੈਰਤ 'ਬੰਦਖ਼ਲਾਸੀ' ਦੀ ਥਾਂ ਸਮਾਜ ਦੀ ਵਡੇਰੀ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਹੈ। ਇਹ ਪੰਜਾਬ ਦੀ ਪਛਾਣ ਅਤੇ ਨਿਜ਼ਾਮ ਦੇ ਗ਼ੈਰ-ਮਨੁੱਖੀ ਖ਼ਾਸੇ ਨੂੰ ਸਮਝਣ ਦਾ ਮਸਲਾ ਹੈ। ਜਦੋਂ ਕੋਈ ਆਪਣਿਆਂ ਦੇ ਬੇਗ਼ਾਨੇ ਹੋਣ ਦੇ ਨਾਲ-ਨਾਲ ਤਸ਼ੱਦਦ ਦਾ ਸ਼ਿਕਾਰ ਹੋਣ ਤੋਂ ਬਾਅਦ ਫਟੇ ਕਾਗ਼ਜ਼ਾਂ ਨੂੰ ਜੋੜ ਕੇ ਪੜ੍ਹਦੀ ਹੈ ਤਾਂ ਇਹ ਕਾਗ਼ਜ਼ ਭਗਤ ਸਿੰਘ ਦੀ ਕਿਤਾਬ ਹੋ ਨਿਬੜਦੇ ਹਨ। ਇਹ ਆਖ਼ਰੀ ਮੌਕੇ ਅਧ-ਪੜ੍ਹੀ ਛੱਡੀ ਭਗਤ ਸਿੰਘ ਦੀ ਕਿਤਾਬ ਦਾ ਅਗਲਾ ਵਰਕਾ ਪੜ੍ਹਨਾ ਹੈ। ਜਦੋਂ ਪੰਜਾਬੀ ਸਵਰਗ ਦੀ ਭਾਲ ਵਿਚ ਵਿਦੇਸ਼ਾਂ ਨੂੰ ਵਹੀਰਾਂ ਘੱਤ ਰਹੇ ਹੋਣ ਤਾਂ ਇਨਕਲਾਬ ਕੌਰ ਹੋਣ ਦਾ ਮਤਲਬ ਬੋਤਾ ਸਿੰਘ-ਗਰਜਾ ਸਿੰਘ ਦੀ ਰੀਤ ਵਿਚ ਸ਼ਾਮਿਲ ਹੋਣ ਦਾ ਐਲਾਨ ਕਰਨਾ ਹੈ। ਸਮੇਂ ਦੀਆਂ ਵੱਡੀਆਂ ਤਾਕਤਾਂ ਦੇ ਮੂੰਹ-ਜ਼ੋਰ ਰੁਝਾਨ ਅੱਗੇ ਹਿੱਕ ਢਾਹ ਕੇ ਖੜ੍ਹੋ ਜਾਣਾ ਇਨ੍ਹਾਂ ਦੇ ਹਿੱਸੇ ਆਇਆ ਹੈ। ਬੇਦਖ਼ਲੀ ਤੋਂ ਬਾਅਦ ਆਪਣੇ ਪਿੰਡ ਦਾ ਨਾਮ ਆਪਣੇ ਨਾਮ ਨਾਲ ਜੋੜੀ ਰੱਖਣਾ ਪਿਤਾ-ਪੁਰਖ਼ੀ ਨਿਜ਼ਾਮ ਖ਼ਿਲਾਫ਼ ਨਾਬਰੀ ਹੈ। ਹਰਦੀਪ ਕੌਰ ਤੋਂ ਹਰਦੀਪ ਕੌਰ ਕੋਟਲਾ ਹੋ ਜਾਣਾ ਸਚੇਤ ਫ਼ੈਸਲਾ ਹੀ ਹੋ ਸਕਦਾ ਹੈ। ਹੁਣ ਤੱਕ ਅਹਿਸਾਨਾਂ ਨਾਲ ਕੁੜੀਆਂ ਪਾਲਣ ਵਾਲੇ ਸਮਾਜ ਨੂੰ ਸਿੱਧਾ ਮੁਖ਼ਾਤਬ ਹੋ ਕੇ ਇਹ ਕਹਿਣਾ ਇਨਕਲਾਬ ਕੌਰ ਦੇ ਹਿੱਸੇ ਆਇਆ ਹੈ ਕਿ ਆਪਣੀ ਰਜ਼ਾ ਵਿਚ ਮਾਣ-ਸਨਮਾਨ ਨਾਲ ਜਿਉਣਾ ਹਰ ਜੀਅ ਦਾ ਜਮਾਂਦਰੂ ਹੱਕ ਹੈ। ਉਹ ਘਰ ਦੇ ਬੰਦੀਖ਼ਾਨੇ ਵਿਚੋਂ ਦਲੀਲਾਂ ਦੀ ਬੋਲੀ ਸਿੱਖ ਕੇ ਤੁਰੀ ਹੈ। ਇਸ ਬੋਲੀ ਦਾ ਹਰ ਬੋਲ ਨਿਜ਼ਾਮ ਦੇ ਮਨੁੱਖ ਨੂੰ ਸੀਲ ਸ਼ਹਿਰੀ ਅਤੇ ਮੰਡੀ ਦੇ ਮਨੁੱਖ ਨੂੰ ਸੀਲ ਖ਼ਪਤਕਾਰ ਬਣਾਉਣ ਦੇ ਖ਼ਾਸੇ ਉਤੇ ਸੁਆਲ ਕਰਦਾ ਹੈ। ਇਹ ਸ਼ਰਧਾ ਦਾ ਹਰ ਰਿਸ਼ਤਾ ਰੱਦ ਕਰ ਕੇ 'ਸਰਬਤ ਦੇ ਭਲੇ' ਵਾਲੀ ਅਰਦਾਸ ਸਨਮੁੱਖ ਆਪਣੇ-ਆਪ ਨੂੰ ਸਰਬਤ ਦੇ ਹਿੱਸੇ ਵਜੋਂ ਪਛਾਣਨ ਦਾ ਉਪਰਾਲਾ ਹੈ।

ਜਦੋਂ ਇਨਕਲਾਬ ਕੌਰ ਨੇ ਅਮਰੀਕਾ ਜਾਣ ਤੋਂ ਇਨਕਾਰ ਕੀਤਾ ਸੀ ਤਾਂ ਇਸ ਦਾ ਮਤਲਬ ਪੰਜਾਬ ਦੀ ਜ਼ਿੰਦਗੀ ਨਾਲ ਇਕਰਾਰ ਕਰਨਾ ਸੀ। ਜਹਾਜ਼ੇ ਚੜ੍ਹਨ ਤੋਂ ਇਨਕਾਰ ਕਰਨ ਦਾ ਮਤਲਬ ਪੰਜਾਬ ਨੂੰ ਜਿਉਣਯੋਗ ਖ਼ਿੱਤਾ ਬਣਾਉਣ ਦਾ ਹੋਕਾ ਵੀ ਹੈ। ਇਹ ਇਕ ਪਾਸੇ ਸਵਰਗ ਲੱਭਣ ਲਈ ਪੰਜਾਬ ਤੋਂ ਬਾਹਰ ਜਾਣ ਤੋਂ ਇਨਕਾਰ ਕਰਨਾ ਹੈ ਅਤੇ ਦੂਜੇ ਪਾਸੇ ਪੰਜਾਬ ਨੂੰ 'ਕੈਲੀਫੋਰਨੀਆ' ਬਣਾਉਣ ਦੇ ਵਾਅਦਿਆਂ ਵਾਲੀਆਂ ਆਦਮਖ਼ੋਰ ਸਿਆਸਤ ਨੂੰ ਸਿੱਧਾ ਹੋ ਕੇ ਟੱਕਰਨਾ ਹੈ। ਇਸ ਇਨਕਾਰ ਨਾਲ ਇਹ ਦਾਅਵੇਦਾਰੀ ਮਜ਼ਬੂਤ ਹੁੰਦੀ ਹੈ ਕਿ ਪੰਜਾਬਣਾਂ ਮਰਦਾਂ ਦਾ ਯਰਗਮਾਲ ਨਹੀਂ ਹਨ। ਇਹ ਔਰਤ ਦੇ ਖ਼ੁਦਮੁਖ਼ਤਾਰ ਰੁਤਬੇ ਦਾ ਬੁਲੰਦ ਐਲਾਨ ਹੈ।

ਇਹ ਹੋ ਸਕਦਾ ਹੈ ਕਿ ਇਨਕਲਾਬ ਕੌਰ ਦੀ ਧਿਰ ਨੂੰ ਵੱਡੀ ਕਾਮਯਾਬੀ ਹਾਸਲ ਨਾ ਹੋਵੇ, ਪਰ ਉਨ੍ਹਾਂ ਨੇ ਪੰਜਾਬ ਵਿਚ ਗ਼ੈਰਤ ਦੀ ਫ਼ਸਲ ਬੀਜੀ ਹੈ। ਇਨਕਲਾਬ ਕੌਰ ਨੇ ਘਰ ਦੇ ਬੰਦੀਖ਼ਾਨੇ ਵਿਚ ਦਲੀਲ ਅਤੇ ਦਰਦਮੰਦੀ ਦੀ ਰੀਤ ਕਾਇਮ ਰੱਖੀ ਹੈ। ਨਤੀਜੇ ਵਜੋਂ ਉਹ ਇਸ ਰੀਤ ਦੀ ਸਿਆਸਤ ਦੀ ਲਗਾਤਾਰਤਾ ਕਾਇਮ ਰੱਖਣ ਵਾਲੀ ਕੜੀ ਬਣੀ ਹੈ। ਹਕੂਮਤ ਨੇ ਆਪਣੇ ਖ਼ਾਸੇ ਮੁਤਾਬਕ ਉਸ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਹੈ। ਉਹ ਆਪਣੇ ਵਿਦਿਆਰਥੀ ਸਾਥੀਆਂ ਸਮੇਤ ਔਰਬਿਟ ਦੀ ਬੱਸ ਉਤੇ ਹਮਲੇ ਤੋਂ ਬਾਅਦ ਇਰਾਦਾ ਕਤਲ ਦੇ ਮਾਮਲੇ ਵਿਚ ਫੜੀ ਗਈ ਹੈ। ਇਤਿਹਾਸ ਕਦੇ ਉਸ ਦੇ ਕੰਮਾਂ ਨੂੰ ਮਨੁੱਖ ਦੀ ਗ਼ੈਰਤ ਬਹਾਲ ਰੱਖਣ ਅਤੇ ਪੰਜਾਬ ਨੂੰ ਜ਼ਿੰਦਗੀ ਦਾ ਵਰਦਾਨ ਦੇਣ ਵਾਲੇ ਉਪਰਾਲਿਆਂ ਵਜੋਂ ਦਰਜ ਕਰੇਗਾ। ਇਤਿਹਾਸ ਵਿਚ ਇਹ ਦਰਜ ਹੋਵੇਗਾ ਕਿ ਜਦੋਂ 'ਨੰਨ੍ਹੀ ਛਾਂ' ਹੁਕਮਰਾਨ ਧਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਤਾਂ ਇਨਕਲਾਬ ਕੌਰ ਨੇ ਆਪਣੀ ਜ਼ਿੰਦਗੀ ਦਾ ਮਕਸਦ ਇਕ ਸ਼ਬਦ ਵਿਚ ਬਿਆਨ ਕੀਤਾ ਸੀ। ਇਹ ਪੰਜਾਬ ਨੂੰ ਕੈਲੀਫੋਰਨੀਆ ਜਾਣ ਅਤੇ ਬਣਨ ਤੋਂ ਰੋਕ ਕੇ ਇਸ ਨੂੰ ਪ੍ਰੋ. ਪੂਰਨ ਸਿੰਘ, ਫਿਰੋਜ਼ਦੀਨ ਸ਼ਰਫ਼ ਅਤੇ ਧਨੀ ਰਾਮ ਚਾਤ੍ਰਿਕ ਦੀਆਂ ਕਵਿਤਾਵਾਂ ਵਰਗੀ ਬੇਪਰਵਾਹੀ ਨਾਲ ਨਿਵਾਜਣ ਦਾ ਕਰਾਰ ਹੈ। ਪੰਜਾਬੀਆਂ ਦੇ ਇਸ ਨਾਬਰ ਖ਼ਾਸੇ ਦਾ ਐਲਾਨ ਕਬੀਰ ਨੇ ਕੀਤਾ ਹੈ, "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥" ਜੇ ਹੁਕਮਰਾਨ ਨੂੰ ਕਬੀਰ ਦੇ ਇਨ੍ਹਾਂ ਬੋਲਾਂ ਵਿਚ ਇਰਾਦਾ ਕਤਲ ਦਿਖਾਈ ਦਿੰਦਾ ਹੈ ਤਾਂ ਉਹ ਆਪਣੀ ਰੀਤ ਦੇ ਸੱਚੇ ਪੈਰੋਕਾਰ ਹਨ। ਪ੍ਰੋ. ਪੂਰਨ ਸਿੰਘ ਨੇ ਸ਼ਾਇਦ ਇਨਕਲਾਬ ਕੌਰ ਅਤੇ ਉਸ ਦੇ ਸਾਥੀਆਂ ਬਾਰੇ ਹੀ ਲਿਖਿਆ ਸੀ, "ਆ ਵੀਰਾ ਰਾਂਝਿਆ! ਆ ਭੈਣੇ ਹੀਰੇ! ਸਾਨੂੰ ਛੋੜ ਨਾ ਜਾਓ, ਤੁਸਾਂ ਬਿਨ ਅਸੀਂ ਸੱਖਣੇ।"

# ਹਜ਼ਾਰਾਂ ਗੁਣਾਂ ਵਾਲਾ ਹਜ਼ਾਰਾ ਸਿੰਘ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮੇਰਾ ਜਨਮ ਰੌਲਿਆਂ ਤੋਂ ਦਸ ਸਾਲ ਬਾਅਦ ਹੋਇਆ ਹੋਣ ਕਰ ਕੇ ਮੈਂ ਆਪ ਤਾਂ ਉਸ ਨੂੰ ਨਹੀਂ ਸੀ ਦੇਖਿਆ, ਪਰ ਪਿੰਡ ਦੇ ਬਜ਼ੁਰਗਾਂ ਦੀਆਂ ਸੱਥਾਂ ਵਿਚ ਅਕਬਰ-ਬੀਰਬਲ ਦੀਆਂ ਕਹਾਣੀਆਂ ਵਾਂਗ ਹਜ਼ਾਰਾ ਸਿੰਘ ਦੀਆਂ ਗੱਲਾਂ ਜ਼ਰੂਰ ਸੁਣੀਆਂ ਹੋਈਆਂ ਹਨ। ਲਾਗੇ-ਚਾਗੇ ਦੇ ਪਿੰਡਾਂ ਵਿਚ ਹੱਟੀ-ਭੱਠੀ ਉਤੇ ਜਦ ਕਦੇ ਹਜ਼ਾਰਾ ਸਿੰਘ ਦੀਆਂ ਸਿਫ਼ਤਾਂ ਹੋਣ ਲਗਦੀਆਂ ਤਾਂ ਬਜ਼ੁਰਗ ਚਸ਼ਮਦੀਦ ਗਵਾਹਾਂ ਵਾਂਗ ਆਪੋ-ਆਪਣਾ ਸੱਚ ਬਿਆਨ ਕਰਦੇ। ਅਜਿਹੇ ਮੌਕਿਆਂ ਉਤੇ ਸੰਨ ਸੰਤਾਲੀ ਤੋਂ ਬਾਅਦ ਜਨਮੇ ਮੇਰੀ ਉਮਰ ਦੇ ਮੁੰਡੇ ਸਿਰਫ਼ ਸ੍ਰੋਤੇ ਬਣ ਕੇ ਦਿਲਚਸਪ ਤੇ ਕੰਨ-ਰਸ ਭਰਪੂਰ ਕਿੱਸੇ ਸੁਣਦੇ ਤਾਂ ਰਹਿੰਦੇ, ਪਰ ਸਿਵਾਏ ਹੁੰਗਾਰਾ ਭਰਨ ਦੇ ਹੋਰ ਕੋਈ ਕਿੰਤੂ-ਪ੍ਰੰਤੂ ਨਾ ਕਰਦੇ। ਇਸ ਤੋਂ ਇਲਾਵਾ ਸਾਨੂੰ ਆਪਣੇ ਪਿਤਾ ਜੀ ਪਾਸੋਂ ਵੀ ਹਜ਼ਾਰਾ ਸਿੰਘ ਬਾਰੇ ਕਾਫ਼ੀ ਕੁਝ ਸੁਣਨ ਨੂੰ ਮਿਲਦਾ ਰਹਿੰਦਾ ਸੀ।

ਉਸ ਬਾਰੇ ਪਹਿਲੋਂ ਕਈ ਵਾਰ ਸੁਣੀਆਂ ਗੱਲਾਂ ਮੁੜ ਸੁਣਦਿਆਂ ਨਵੀਆਂ ਹੀ ਲਗਦੀਆਂ। ਜਿਨ੍ਹਾਂ ਦਿਨਾਂ ਵਿਚ ਜਿਉਣੇ ਮੌੜ ਦਾ ਓਪੇਰਾ ਪਿੰਡ-ਪਿੰਡ ਵੱਜ ਰਿਹਾ ਸੀ, ਉਨ੍ਹੀਂ ਦਿਨੀਂ ਹਜ਼ਾਰਾ ਸਿੰਘ ਮੁੜ ਜਿਉਂਦਾ ਹੋ ਕੇ ਆਪਣੇ ਪਿੰਡ ਆ ਗਿਆ ਜਾਪਦਾ। ਪਿੰਡ ਦੇ ਸਿਆਣੇ ਹਜ਼ਾਰਾ ਸਿੰਘ ਨੂੰ ਆਪਣੇ ਇਲਾਕੇ ਦਾ ਜਿਊਣਾ ਮੌੜ ਹੀ ਮੰਨਣ ਲੱਗੇ।

ਜਮਾਂਦਰੂ ਛੜਾ ਹਜ਼ਾਰਾ ਸਿੰਘ ਭਾਵੇਂ ਦੂਰ-ਦੂਰ ਤੱਕ ਲੁੱਟਾਂ-ਖੋਹਾਂ ਕਰਦਾ ਤੇ ਡਾਕੇ ਮਾਰਦਾ ਸੀ, ਪਰ ਉਸ ਦੀ ਗਰੀਬਾਂ ਪ੍ਰਤੀ ਰਹਿਮਦਿਲੀ ਦੀਆਂ ਕਹਾਣੀਆਂ ਵੀ ਆਪਣੀ ਥਾਈਂ ਮਸ਼ਹੂਰ ਸਨ। ਸਾਡੇ ਪਿੰਡ ਦੇ ਲਾਗਲੇ ਸ਼ਾਹਪੁਰ ਪੱਟੀ ਦੇ ਮਸ਼ਹੂਰ ਲੁਟੇਰੇ ਡੋਗਰ ਭਰਾ, ਦਰਿਆਓਂ ਪਾਰ ਪਿੰਡ ਹੇਡੋਂ ਦੇ ਕਿਸੇ ਗਰੀਬ ਪਰਿਵਾਰ ਦੀਆਂ ਸੂਣ ਵਾਲੀਆਂ ਦੋ ਝੋਟੀਆਂ ਚੋਰੀ ਖੋਲ੍ਹ ਲਿਆਏ। ਪੈੜਾਂ ਪਛਾਣਨ ਵਾਲੇ ਖੋਜੀ ਨੇ ਦੱਸਿਆ ਕਿ ਝੋਟੀਆਂ ਦਰਿਆ ਟੱਪਣ ਤੋਂ ਬਾਅਦ ਸ਼ਾਹਪੁਰ ਪਿੰਡ ਵਿਚ ਹਨ। ਸ਼ਾਹਪੁਰੀਏ ਡੋਗਰ ਭਰਾ ਇਲਾਕੇ ਭਰ ਵਿਚ ਮਾਰ-ਖੋਰੇ ਬਦਮਾਸ਼ ਗਿਣੇ ਜਾਂਦੇ ਸਨ। ਹੇਡੋਂ ਵਾਲੇ ਡੋਗਰਾਂ ਕੋਲ ਤਾਂ ਡਰਦੇ ਗਏ ਨਾ ਪਰ ਉਹ ਆਪਣੀ ਫਰਿਆਦ ਲੈ ਹਜ਼ਾਰਾ ਸਿੰਘ ਕੋਲ ਆ ਪਹੁੰਚੇ।

ਹੱਥ ਜੋੜ ਕੇ ਉਨ੍ਹਾਂ ਹਜ਼ਾਰਾ ਸਿੰਘ ਨੂੰ ਦੱਸਿਆ ਕਿ ਉਨ੍ਹਾਂ ਨੇ ਘਰ ਪਾਲੀਆਂ ਦੋਵੇਂ ਝੋਟੀਆਂ ਵੇਚ ਕੇ ਧੀ ਵਿਆਹੁਣੀ ਸੀ, ਪਰ ਡੋਗਰਾਂ ਨੇ ਉਨ੍ਹਾਂ ਨਾਲ ਗਰੀਬ ਮਾਰ ਕਰ ਦਿੱਤੀ। ਹਜ਼ਾਰਾ ਸਿੰਘ ਨੇ ਹੇਡੋਂ ਵਾਲੇ ਦੁਖਿਆਰਿਆਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਸ਼ਾਹਪੁਰੀਏ ਡੋਗਰ ਮੈਨੂੰ ਵੀ 'ਸਿਖੜਾ' ਸੱਦਦੇ ਹਨ ਤੇ ਮੇਰੀ ਜਾਨ ਦੇ ਦੁਸ਼ਮਣ ਹਨ ਪਰ ਤੁਸੀਂ ਬੇਫਿਕਰ ਹੋ ਕੇ ਧੀ ਦਾ ਕਾਰਜ ਰਚਾਵੋ, ਮੈਂ ਜਾਣਾਂ ਮੇਰਾ ਕੰਮ ਜਾਣੇ, ਤੁਹਾਡੀਆਂ ਝੋਟੀਆਂ ਦਸਾਂ ਦਿਨਾਂ 'ਚ ਤੁਹਾਡੀ ਖੁਰਲੀ 'ਤੇ ਖੜ੍ਹੀਆਂ ਹੋਣਗੀਆਂ।

ਕਹਿੰਦੇ ਨੇ ਹਜ਼ਾਰਾ ਸਿੰਘ ਡੋਗਰਾਂ ਨੂੰ ਜਾ ਕੇ ਕਹਿੰਦਾ, ਭਰਾਵੋ! ਧੰਦਾ ਮੈਂ ਵੀ ਤੁਹਾਡੇ ਵਾਲਾ ਈ ਕਰਦਾਂ, ਪਰ ਤੁਸੀਂ ਗਰੀਬ ਨੂੰ ਲੁੱਟ ਲਿਆਏ ਹੋ। ਹੰਕਾਰੇ ਹੋਏ ਡੋਗਰਾਂ ਨੇ ਉਹਦੀ ਗੱਲ ਮੰਨਣੀ ਤਾਂ ਕਿਤੇ ਦੂਰ ਰਹੀ, ਉਸ ਦੀ ਬੇਇਜ਼ਤੀ ਕਰ ਕੇ ਤੋਰਿਆ। ਖੁੰਧਕ ਖਾ ਕੇ ਹਜ਼ਾਰਾ ਸਿੰਘ ਤੀਜੀ-ਚੌਥੀ ਰਾਤ ਹੀ ਡੋਗਰਾਂ ਦੇ ਵਾੜੇ ਜਾ ਵੜਿਆ। ਕਿਵੇਂ ਉਸ ਨੇ ਬਗਲ ਦੀ ਕੰਧ ਟੱਪੀ ਤੇ ਕਿਵੇਂ ਕੁੱਤਿਆਂ ਅੱਗੇ ਮੀਟ ਸੁੱਟ ਕੇ ਉਨ੍ਹਾਂ ਨੂੰ ਚੁੱਪ ਕਰਾਇਆ, ਇਹ ਲੰਮੀ ਕਹਾਣੀ ਹੈ। ਬੱਸ, ਉਸ ਨੇ ਡੋਗਰਾਂ ਦੀ ਹੈਂਕੜ ਭੰਨਣ ਲਈ ਉਨ੍ਹਾਂ ਦੇ ਦੋ ਬਲਦ ਚੋਰੀ ਕਰ ਲਿਆਂਦੇ।

ਸੁਵਖਤੇ ਜਦ ਡੋਗਰਾਂ ਨੂੰ ਪਤਾ ਲੱਗਾ, ਤਾਂ ਉਨ੍ਹਾਂ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਇਹ ਚੋਰਾਂ 'ਤੇ ਮੋਰ 'ਸਿਖੜੇ' ਹਜ਼ਾਰਾ ਸਿੰਘ ਦੇ ਹੀ ਪਏ ਹਨ। ਡੋਗਰਾਂ ਨੂੰ ਹੱਥ ਬੰਨ੍ਹ ਕੇ ਹਜ਼ਾਰਾ ਸਿੰਘ ਦੀਆਂ ਮਿੰਨਤਾਂ ਕਰਦਿਆਂ ਮੇਰੇ ਬਾਪ ਨੇ ਦੇਖਿਆ ਹੋਇਆ ਸੀ। ਉਨ੍ਹਾਂ ਨੂੰ ਬਲਦਾਂ ਨਾਲੋਂ ਆਪਣੀ ਬੇਇਜ਼ਤੀ ਵੱਧ ਸਤਾ ਰਹੀ ਸੀ।

"ਹਜ਼ਾਰਾ ਸਿਆਂ, ਸਾਥੋਂ ਜੋ ਮਰਜ਼ੀ ਲੈ ਲੈ, ਪਰ ਸਾਡੇ ਬਲਦ ਮੋੜ ਦੇ।" ਡੋਗਰ ਵਾਰ-ਵਾਰ ਇਹੀ ਕਹੀ ਜਾਂਦੇ, ਪਰ ਹਜ਼ਾਰਾ ਸਿੰਘ ਅੱਗਿਓਂ ਵਾਰੀ ਦਾ ਵੱਟਾ ਲਾਹੁੰਦਿਆਂ ਮਖੌਲ ਵਜੋਂ ਕਹਿੰਦਾ, "ਓ ਮੀਆਂ ਜੀ, ਬਾਦਸ਼ਾਹੋ! ਐਸ ਇਲਾਕੇ ਵਿਚ ਕਿਹਦੀ ਜੁਰਅਤ ਪੈ ਗਈ ਤੁਹਾਡੇ ਪਸੂਆਂ ਦੀ ਵਾਅ ਵੱਲ ਦੇਖਣ ਦੀ? ਇਹ ਤਾਂ ਕੋਈ ਬਾਹਰਲਾ ਈ ਬੰਦਾ 'ਹੱਥ ਫੇਰ' ਗਿਆ ਤੁਹਾਡੇ 'ਤੇ।"

ਅੜਿੱਕੇ ਆਏ ਦੁਸ਼ਮਣ ਨੂੰ ਜਦ ਹਜ਼ਾਰਾ ਸਿੰਘ ਨੇ ਜੀਅ ਭਰ ਕੇ 'ਪਾਣੀਉਂ ਪਤਲਾ' ਕਰ ਲਿਆ ਤੇ ਸ਼ਰਮਿੰਦੇ ਹੋਏ ਡੋਗਰ ਵਾਰ-ਵਾਰ ਹੱਥ ਜੋੜਨ 'ਤੇ ਆ ਗਏ, ਤਦ ਹਜ਼ਾਰਾ ਸਿੰਘ ਮੁੱਛਾਂ ਵਿਚ ਖਚਰੀ ਹਾਸੀ ਹੱਸਦਿਆਂ ਬੋਲਿਆ, "ਐਓਂ ਕਰਦੇ ਆਂ ਫਿਰ! ਤੁਸੀਂ ਦੋਵੇਂ ਝੋਟੀਆਂ ਹੇਡੋਂ ਪਹੁੰਚਾ ਦਿਉ, ਤੇ ਮੁੜ ਕੇ ਆਉਂਦੇ ਹੋਏ ਆਪਣੇ ਬਲਦ ਮੇਰੇ ਕੋਲੋਂ ਲੈ ਜਾਇਉ।"

ਬਜ਼ੁਰਗ ਦੱਸਦੇ ਹੁੰਦੇ ਸਨ ਕਿ ਹੇਡੋਂ ਵਾਲਿਆਂ ਨੇ ਹਜ਼ਾਰਾਂ ਸਿੰਘ ਦਾ ਮਾਣ-ਤਾਣ ਕਰਦਿਆਂ ਉਸ ਨੂੰ ਆਪਣੀ ਧੀ ਦੇ ਵਿਆਹ 'ਤੇ ਸੱਦਿਆ, ਤੇ ਉਹ ਉਥੇ ਬੰਦਾ-ਸਰਦਾ ਖਰਚਾ ਵੀ ਕਰ ਕੇ ਆਇਆ ਸੀ।

ਸੰਨ ਸੰਤਾਲੀ ਦੀ ਵੱਢ-ਟੁੱਕ ਤੋਂ ਛੇ ਮਹੀਨੇ ਪਹਿਲਾਂ ਜਦੋਂ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਵਿਚ ਆਪਸੀ ਖਿੱਚੋਤਾਣ ਦਾ ਤਲਖ਼ ਮਾਹੌਲ ਬਣ ਰਿਹਾ ਸੀ, ਕਿਤੇ ਉਨ੍ਹਾਂ ਦਿਨਾਂ ਵਿਚ ਹਜ਼ਾਰਾ ਸਿੰਘ ਆਪਣੇ ਸਾਥੀਆਂ ਨੂੰ ਨਾਲ ਲੈ ਗੜ੍ਹਸ਼ੰਕਰ-ਨੰਗਲ ਰੋਡ 'ਤੇ ਟਿੱਬਿਆਂ ਦੀ ਚੜ੍ਹਾਈ ਮੁੱਢ 'ਲੁੱਟਣ ਨਾਕਾ' ਲਾ ਕੇ ਬਹਿ ਗਿਆ। ਇਸ ਰਾਹ ਤੋਂ ਊਠਾਂ 'ਤੇ ਸਾਮਾਨ ਲੱਦ ਕੇ ਵਪਾਰੀ ਲੰਘਦੇ ਹੁੰਦੇ ਸਨ। ਮੂੰਹ-ਹਨ੍ਹੇਰੇ ਉਨ੍ਹਾਂ ਤੁਰੇ ਜਾਂਦੇ ਇਕ ਵਪਾਰੀ ਨੂੰ ਪੋਲੀ ਜਿਹੀ ਲਾਠੀ ਮਾਰ ਕੇ ਸੁੱਟ ਲਿਆ। ਡਿਗਦੇ ਸਾਰ ਉਹਦੇ ਸਿਰ 'ਤੇ ਪਾਇਆ ਕੁੱਲਾ ਲਹਿ ਗਿਆ ਤੇ ਉਹਦੇ ਵਿਚ ਲੁਕਾਇਆ ਟੂੰਮ-ਛੱਲਾ ਵੀ ਖਿਲਰ ਗਿਆ। ਡਿੱਗੇ ਪਏ ਵਪਾਰੀ ਨੇ 'ਪੱਗਾਂ ਵਾਲੇ' ਸਰਦਾਰ ਡਾਕੂ ਦੇਖ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਓਏ ਸਰਦਾਰੋ...ਹਿੰਦੂ ਭਾਈ ਆਂ! ਤੁਹਾਡਾ ਹਿੰਦੂ ਭਾਈ, ਨਾ ਮਾਰਿਓ!"

ਵਪਾਰੀ ਨੇ ਤਾਂ 'ਹਿੰਦੂ ਭਾਈ' ਹੋਣ ਦਾ ਰੌਲਾ ਇਸ ਕਰ ਕੇ ਪਾਇਆ ਕਿ ਇਹ ਸਿੱਖ ਮੈਨੂੰ ਆਪਣਾ ਜਾਣ ਕੇ ਲੁੱਟਣਗੇ ਨਹੀਂ, ਪਰ 'ਹਜ਼ਾਰਾ ਸਿੰਘ ਐਂਡ ਕੰਪਨੀ' ਨੇ ਉਹਦੇ ਮੂੰਹੋਂ ਨਿਕਲੀ ਗੱਲ ਨੂੰ ਝੂਠੀ ਤੇ ਉਹਦੇ ਸਿਰ 'ਤੇ ਪਏ ਕੁੱਲੇ ਦੀ 'ਗਵਾਹੀ' ਨੂੰ ਹੀ ਸੱਚ ਮੰਨਿਆ। ਬਘਿਆੜ ਦੇ ਸਾਹਮਣੇ ਪਾਣੀ ਪੀ ਰਹੇ ਲੇਲੇ ਵਾਲੀ ਕਹਾਣੀ ਵਾਂਗ ਹਜ਼ਾਰਾ ਸਿੰਘ ਹੁਰਾਂ 'ਓਏ ਮੁਸਲਮਾਨ ਹੋ ਕੇ ਝੂਠ ਮਾਰਦਾ ਐਂ?' ਕਹਿ ਕੇ ਵਪਾਰੀ ਦਾ ਟੂੰਮ-ਛੱਲਾ ਆਪਣੇ ਖੀਸੇ ਵਿਚ ਪਾ ਲਿਆ।

ਕਈ ਸਾਲਾਂ ਪਿਛੋਂ ਇਸੇ ਇਲਾਕੇ ਵਿਚ ਟਿੱਬਿਆਂ ਵਿਚ ਵਸੇ ਪਿੰਡ ਸੰਤੋਖਗੜ੍ਹ ਮੈਂ ਬਰਾਤੇ ਗਿਆ। ਮੇਰੇ ਪਿੰਡ ਦਾ ਨਾਂ ਸੁਣ ਕੇ ਉਥੋਂ ਦੇ ਕੁਝ ਬਜ਼ੁਰਗਾਂ ਨੇ ਜੋ ਕਿਹਾ, ਰਤਾ ਠਹਿਰ ਕੇ ਦੱਸਦਾਂ।

ਇਹ ਅਟੱਲ ਸੱਚਾਈ ਹੈ ਕਿ ਡਾਕੇ-ਚੋਰੀਆਂ ਦੇ ਧੰਦੇ ਵਿਚ ਪਏ ਲੋਕ ਯਾਰੀਆਂ ਵਿਚ ਵੀ ਪੱਕੇ ਹੁੰਦੇ ਹਨ। 'ਏਕ ਫੂਲ ਦੋ ਮਾਲੀ' ਦੀ ਬਜਾਏ ਬਹੁਤੇ ਥਾਈਂ ਤੀਨ-ਤੀਨ ਜਾਂ ਚਾਰ-ਚਾਰ 'ਮਾਲੀ' ਵੀ ਬਣੇ ਹੁੰਦੇ ਸਨ। ਜ਼ਾਹਿਰ ਹੋਣ 'ਤੇ ਮਾਲੀਆਂ ਦੀ ਖਹਿਬਾਜ਼ੀ ਸ਼ੁਰੂ ਹੋ ਜਾਂਦੀ। ਅਜਿਹੀ ਤਿਕੜੀ-ਚੌਕੜੀ ਵਿਚ ਫਸੇ ਹਜ਼ਾਰਾ ਸਿੰਘ ਨੂੰ ਇਕ ਰਾਤ ਉਹਦੇ ਦੋਸਤ ਆਪਣੇ ਨਾਲ ਲੈ ਗਏ। ਕਿਸੇ ਮਾਰ 'ਤੇ ਤੂੜੀ ਦੇ ਕੁੱਪ ਕੋਲ ਛਹਿ ਲਾ ਕੇ ਬੈਠੇ ਕਿਸੇ ਜਣੇ ਨੇ ਹਜ਼ਾਰਾ ਸਿੰਘ ਦੀ ਪਿੱਠ ਵਿਚ ਬਰਛਾ ਖੋਭ ਦਿੱਤਾ। ਕੁੱਪ ਦੇ ਲਾਗ-ਪਾਸ ਦੇ ਘਰਾਂ, ਕੋਠਿਆਂ ਤੇ ਵਿਹੜਿਆਂ ਵਿਚ ਪਏ ਕਈ ਲੋਕਾਂ ਨੇ ਉਸ ਦੀ ਆਖਰੀ ਲੇਰ ਸੁਣੀ। ਉਸ ਨੇ ਕੂਕ ਮਾਰਦਿਆਂ ਆਪਣੇ ਭਤੀਜੇ ਦਾ ਨਾਂ ਲਿਆ, "ਓਹ ਕਰਮ ਸਿਆਂ...!"

ਅਣਿਆਈ ਮੌਤੇ ਮਾਰ ਗਏ 'ਕੱਲੇ-ਕਾਰੇ ਹਜ਼ਾਰਾ ਸਿੰਘ ਦਾ ਭਤੀਜਾ ਕਰਮ ਸਿੰਘ ਕੋਈ ਹੋਰ ਨਹੀਂ, ਸਗੋਂ ਮੇਰਾ ਬਾਪ ਹੀ ਸੀ। ਹਜ਼ਾਰਾ ਸਿੰਘ, ਮੇਰੇ ਬਾਬੇ ਦਾ ਭਰਾ ਜੋ ਭੰਗ ਦੇ ਭਾੜੇ ਜਾਨ ਗੁਆ ਕੇ ਕਤਲ ਦਾ ਮੁਕੱਦਮਾ ਸਾਡੇ ਗਲ ਪਾ ਗਿਆ। ਚਹੁੰ ਧੀਆਂ ਦੀ ਲੰਮੀ-ਚੌੜੀ ਕਬੀਲਦਾਰੀ ਵਾਲੇ ਮੇਰੇ ਬਾਪ ਨੇ ਆਪ ਚਾਚੇ ਦਾ ਇਹ ਮੁਕੱਦਮਾ ਕਿਵੇਂ ਲੜਿਆ, ਕਿਵੇਂ ਹਜ਼ਾਰਾ ਸਿੰਘ ਦੀ ਲਾਸ਼ ਪੋਸਟਮਾਰਟਮ ਵਾਸਤੇ ਗੱਡੇ 'ਤੇ ਲੱਦ ਕੇ ਫਿਲੌਰ ਨੂੰ ਲੈ ਕੇ ਗਏ, ਉਸ ਵੇਲੇ ਦੇ ਮੁਸਲਮਾਨ ਪੁਲਸੀਆਂ ਨੇ ਕਿਵੇਂ ਸਾਡੇ ਪਿੰਡ ਦੇ 'ਕੱਲੇ-'ਕੱਲੇ ਬੰਦੇ ਦਾ ਨਿਰਦਈ ਕੁੱਟ-ਕੁਟਾਪਾ ਕੀਤਾ, ਕਿਨ੍ਹਾਂ ਹਾਲਾਤ ਵਿਚ ਮੇਰਾ ਬਾਪ ਰਾਹੋਂ ਤੋਂ ਰੇਲ ਦਾ ਡੱਬਾ ਫੜ ਕੇ ਜਲੰਧਰ ਕੇਸ ਦੀਆਂ ਤਰੀਕਾਂ 'ਤੇ ਜਾਂਦਾ ਹੁੰਦਾ ਸੀ, ਉਨ੍ਹਾਂ ਦਿਨਾਂ ਵਿਚ ਕਿਵੇਂ ਸਾਡੇ ਰਿਸ਼ਤੇਦਾਰਾਂ ਨੇ ਸਾਥੋਂ ਮੂੰਹ ਮੋੜਿਆ, ਇਹ ਸਾਰੀ ਕਹਾਣੀ ਲਿਖਣੀ ਹੋਵੇ ਤਾਂ ਵੱਡੀ ਕਿਤਾਬ ਬਣ ਸਕਦੀ ਹੈ। ਭਾਈਆ ਜੀ ਜਦ ਕਦੇ ਇਸ ਮੁਕੱਦਮੇ ਦੀਆਂ ਹੱਡ-ਬੀਤੀਆਂ ਸੁਣਾਉਂਦੇ, ਉਹ ਭਾਵੇਂ ਅਡੋਲ ਰਹਿ ਕੇ ਮੁਸੀਬਤਾਂ ਭਰੇ ਵੇਰਵੇ ਦਿੰਦੇ ਰਹਿੰਦੇ ਪਰ ਸਾਡੀਆਂ ਭੈਣ-ਭਰਾਵਾਂ ਦੀਆਂ ਅੱਖਾਂ ਜ਼ਰੂਰ ਗਿੱਲੀਆਂ ਹੋ ਜਾਂਦੀਆਂ। ਕਹਿੰਦੇ ਨੇ, ਉਸ ਮੁਕੱਦਮੇ ਵਿਚ ਸਾਡੇ ਵਕੀਲ ਸਨ ਸ. ਸਵਰਨ ਸਿੰਘ ਜੋ ਬਾਅਦ ਵਿਚ ਵਿਦੇਸ਼ ਮੰਤਰੀ ਬਣੇ। ਉਨ੍ਹਾਂ ਦੀ ਬਾਰੀਕ-ਬੀਨੀ ਸਦਕਾ ਹਜ਼ਾਰਾ ਸਿੰਘ ਦੇ ਕਾਤਲਾਂ ਨੂੰ ਸਜ਼ਾਵਾਂ ਹੋਈਆਂ।

ਆਖਰ ਵਿਚ ਗੜ੍ਹਸ਼ੰਕਰੋਂ ਨੰਗਲ ਵੱਲ ਜਾਂਦੀ ਸੜਕ 'ਤੇ ਟਿੱਬਿਆਂ ਵਿਚ ਵਾਕਿਆ ਪਿੰਡ ਸੰਤੋਖਗੜ੍ਹ ਵਾਲੀ ਵਿਚਾਲੇ ਛੱਡੀ ਗੱਲ ਵੀ ਪੂਰੀ ਕਰ ਦਿਆਂ। ਉਸ ਪਿੰਡ ਵਿਚ ਮੈਂ ਕਿਸੇ ਦੋਸਤ ਦੀ ਬਰਾਤੇ ਗਿਆ ਹੋਇਆ ਸਾਂ। ਅਨੰਦ ਕਾਰਜ ਵੇਲੇ ਸਟੇਜ ਤੋਂ ਬੋਲਣ ਉਪਰੰਤ ਜਦ ਮੈਂ ਬਾਹਰ ਆਇਆ ਤਾਂ ਉਥੋਂ ਦੇ ਕੁਝ ਬਜ਼ੁਰਗ ਬਾਬੇ ਬੜੀ ਉਤਸੁਕਤਾ ਨਾਲ ਮੇਰੇ ਦੁਆਲੇ ਹੋ ਗਏ। ਪਹਾੜੀ ਲਹਿਜ਼ੇ ਵਾਲੀ ਪੰਜਾਬੀ ਵਿਚ ਉਨ੍ਹਾਂ ਮੈਨੂੰ ਪੁੱਛਿਆ, "ਮੌਲਾ, ਤੂੰ ਦੁਪਾਲਪੁਰਾਂ ਈ ਐਂ?"


ਮੇਰੀ 'ਹਾਂ' ਸੁਣ ਕੇ ਉਨ੍ਹਾਂ ਝੱਟ ਹਜ਼ਾਰਾ ਸਿੰਘ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ। ਜਦੋਂ ਮੈਂ ਦੱਸਿਆ ਕਿ ਉਹ ਮੇਰਾ ਹੀ ਬਾਬਾ ਲੱਗਦਾ ਸੀ, ਤਾਂ ਉਨ੍ਹਾਂ ਦੀਆਂ ਅੱਖਾਂ ਚਮਕ ਉਠੀਆਂ। ਮੇਰੀ ਨੀਲੀ ਪੱਗ, ਖੁੱਲ੍ਹੀ ਦਾੜ੍ਹੀ ਤੇ ਗਾਤਰਾ ਦੇਖ ਕੇ ਉਨ੍ਹਾਂ ਸੋਚਿਆ ਹੋਵੇਗਾ ਕਿ ਹਜ਼ਾਰਾ ਸਿੰਘ ਦਾ ਪੋਤਾ ਤਾਂ 'ਪੁੱਠੇ ਰਾਹ' ਹੀ ਪਿਆ ਹੋਇਐ। ਕੁਝ ਅਜਿਹਾ ਚਿਤਵਦਿਆਂ ਉਨ੍ਹਾਂ ਮੇਰੇ ਬਾਬੇ ਦੀ ਵਡਿਆਈ ਵਜੋਂ ਕਿਹਾ, "ਹਜ਼ਾਰਾ ਸਿਹੁ ਕਿਹਨੇ ਬਣ ਜਾਣੈ ਜੀ!"

"ਭਾਈਆ, ਹੁਣ ਮੈਂ ਹਜ਼ਾਰਾ ਸਿੰਘ ਵਰਗਾ ਡਾਕੂ-ਲੁਟੇਰਾ ਤਾਂ ਬਣਨੋਂ ਰਿਹਾ।" ਮੈਂ ਮਖੌਲ ਕੀਤਾ।

"ਕਾਕਾ, ਉਹ ਤੁਹਾਡਾ ਵਡਾਰੂ ਸੀ, ਜੋ ਮਰਜ਼ੀ ਕਹਿ ਲੈ, ਪਰ ਭਾਈ ਹਜ਼ਾਰਾ ਸਿਹੁ ਵਿਚ ਹਜ਼ਾਰਾਂ ਗੁਣ ਥੇ।" ਲੰਮਾ ਸਾਹ ਲੈ ਕੇ ਇਕ ਬਜ਼ੁਰਗ ਨੇ ਮਾਨੋ ਸਾਡੇ ਵਡਾਰੂ ਨੂੰ ਸ਼ਰਧਾਂਜਲੀ ਭੇਟ ਕਰ ਦਿੱਤੀ।

# ਇੰਗਲੈਂਡ ਚੋਣਾਂ ਅਤੇ ਸਕਾਟਲੈਂਡ ਦੀ ਆਜ਼ਾਦੀ

ਬਰਤਾਨਵੀ ਪਾਰਲੀਮੈਂਟ ਦੀਆਂ ਆਮ ਚੋਣਾਂ ਦੇ ਨਤੀਜਿਆਂ ਦਾ ਮੁੱਖ ਪੱਖ ਇਹ ਹੈ ਕਿ ਇੰਗਲੈਂਡ ਵਿਚ ਕੰਜ਼ਰਵੇਟਿਵ ਪਾਰਟੀ ਅਤੇ ਸਕਾਟਲੈਂਡ ਵਿਚ ਸਕਾਟਿਸ਼ ਨੈਸ਼ਨਲ ਪਾਰਟੀ (ਐਸ.ਐਨ.ਪੀ.) ਦੀ ਜਿੱਤ ਹੋਈ। ਸਕਾਟਿਸ਼ ਪਾਰਟੀ ਨੇ ਸਕਾਟਲੈਂਡ ਦੀਆਂ ਕੁਲ 59 ਸੀਟਾਂ ਵਿਚੋਂ 56 ਜਿੱਤੀਆਂ। ਇੰਗਲੈਂਡ ਅਤੇ ਸਕਾਟਲੈਂਡ ਦੇ ਚੋਣ ਇਤਿਹਾਸ ਵਿਚ ਅਜਿਹਾ ਧਰੁਵੀਕਰਨ ਪਹਿਲਾਂ ਨਹੀਂ ਦਿਸਿਆ। ਲੇਬਰ ਪਾਰਟੀ ਜੋ ਸਕਾਟਲੈਂਡ ਵਿਚ ਪਹਿਲਾਂ ਹਾਵੀ ਰਹੀ ਸੀ, ਨੇ ਸਕਾਟਿਸ਼ ਲੋਕਾਂ ਦੀਆਂ ਸਿਆਸੀ ਇੱਛਾਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ



ਪ੍ਰੀਤਮ ਸਿੰਘ
ਆਕਸਫੋਰਡ, ਯੂ.ਕੇ.

ਅਤੇ ਹੁਣ ਇਸ ਨੂੰ ਖਮਿਆਜ਼ਾ ਚੁਕਾਉਣਾ ਪਿਆ। ਸਕਾਟਿਸ਼ ਲੋਕ ਜਿਥੇ ਯੂ.ਕੇ.ਤੋਂ ਆਜ਼ਾਦੀ ਚਾਹੁੰਦੇ ਹਨ, ਉਥੇ ਉਹ ਕਿਫ਼ਾਇਤ-ਪੱਖੀ ਕੰਜ਼ਰਵੇਟਿਵ ਪਾਰਟੀ ਦੀ ਬ੍ਰਿਟਿਸ਼ ਸੱਤਾ ਉਤੇ ਵਾਪਸੀ ਦੇ ਵੀ ਸਖ਼ਤ ਖ਼ਿਲਾਫ਼ ਸਨ। ਪਿਛਲੇ 30 ਸਾਲਾਂ ਤੋਂ ਸਕਾਟਲੈਂਡ ਵਿਚੋਂ ਕਦੇ ਕੰਜ਼ਰਵੇਟਿਵ ਉਮੀਦਵਾਰ ਨਹੀਂ ਜਿੱਤਿਆ। ਉਸ ਖਿੱਤੇ ਵਿਚ ਪਹਿਲਾਂ ਹੌਲੀ-ਹੌਲੀ ਅਤੇ ਹੁਣ ਕਾਫ਼ੀ ਤੇਜ਼ੀ ਨਾਲ ਇਹ ਭਾਵਨਾ ਪ੍ਰਚੰਡ ਹੋ ਰਹੀ ਹੈ ਕਿ ਜਦੋਂ ਸਕਾਟ ਕੌਮ ਬ੍ਰਿਟਿਸ਼ ਪਾਰਲੀਮੈਂਟ ਵਿਚ ਇੱਕ ਵੀ ਕੰਜ਼ਰਵੇਟਿਵ ਨਹੀਂ ਭੇਜਦੀ ਤਾਂ ਉਨ੍ਹਾਂ ਦਾ ਰਾਜ ਪ੍ਰਬੰਧ ਕੰਜ਼ਰਵੇਟਿਵ ਪਾਰਟੀ ਦੀ ਕੇਂਦਰ ਸਰਕਾਰ ਕਿਉਂ ਚਲਾਏ?

ਐਸ.ਐਨ.ਪੀ. ਨੇ ਕੰਜ਼ਰਵੇਟਿਵਜ਼ ਦੀਆਂ ਸਾਦਗੀ-ਪੱਖੀ ਨੀਤੀਆਂ ਖ਼ਿਲਾਫ਼ ਸਾਂਝਾ ਗੱਠਜੋੜ ਬਣਾਉਣ ਲਈ ਲੇਬਰ ਪਾਰਟੀ ਵੱਲ ਹੱਥ ਵਧਾਇਆ ਸੀ, ਪਰ ਲੇਬਰ ਨੇਤਾ ਐਡ ਮਿਲੀਬੈਂਡ ਨੇ ਸਾਹਸ ਤੇ ਕਲਪਨਾਸ਼ੀਲਤਾ ਦੀ ਘਾਟ ਦਿਖਾਉਂਦਿਆਂ ਦੋਸਤੀ ਦੀ ਇਹ ਪੇਸ਼ਕਸ਼ ਠੁਕਰਾ ਦਿੱਤੀ। ਮਿਲੀਬੈਂਡ ਨੂੰ ਸੂਝਵਾਨ ਆਗੂ ਮੰਨਿਆ ਜਾਂਦਾ ਹੈ, ਪਰ ਉਹਨੇ ਇੰਗਲਿਸਤਾਨੀ ਕੌਮੀਪ੍ਰਸਤੀ ਨੂੰ ਹਵਾ ਦੇਣ ਦੀ ਕੰਜ਼ਰਵੇਟਿਵ ਪਾਰਟੀ ਦੀ ਖੇਡ ਤੋਂ ਉਲਟ ਰੁਖ਼ ਅਪਨਾਉਣ ਦੀ ਦਲੇਰੀ ਨਹੀਂ ਦਿਖਾਈ, ਤੇ ਇਥੋਂ ਤਕ ਕਹਿ ਦਿੱਤਾ ਕਿ ਜੇ ਚੋਣਾਂ ਮਗਰੋਂ ਐਸ.ਐਨ.ਪੀ. ਦੀ ਮਦਦ ਨਾਲ ਸਰਕਾਰ ਬਣਾਉਣ ਦੀ ਲੋੜ ਪਈ ਤਾਂ ਇਹਦਾ ਹੱਥ ਫੜਨ ਦੀ ਥਾਂ ਸਰਕਾਰ ਨਾ ਬਣਾਉਣੀ ਬਿਹਤਰ ਸਮਝੇਗਾ। ਇਹੀ ਪੈਂਤੜਾ ਲੇਬਰ ਪਾਰਟੀ ਨੂੰ ਮਹਿੰਗਾ ਪਿਆ। ਮਿਲੀਬੈਂਡ ਵੱਲੋਂ ਐਸ.ਐਨ.ਪੀ. ਪ੍ਰਤੀ ਦਰਸਾਈ ਨਾਵਾਜਬ ਹਿਕਾਰਤ ਨੇ ਲੇਬਰ-ਪੱਖੀ ਵੋਟਰਾਂ ਨੂੰ ਪਾਰਟੀ ਨਾਲੋਂ ਤੋੜਨ ਅਤੇ ਐਸ.ਐਨ.ਪੀ. ਨਾਲ ਜੋੜਨ ਦਾ ਕੰਮ ਕੀਤਾ। ਖਮਿਆਜ਼ਾ ਜਿਮ ਮਰਫ਼ੀ ਵਰਗੇ ਮਕਬੂਲ ਤੇ ਸਤਿਕਾਰਤ ਲੇਬਰ ਲੀਡਰਾਂ ਨੂੰ ਭੁਗਤਣਾ ਪਿਆ। ਉਹ ਐਸ.ਐਨ.ਪੀ. ਪੱਖੀ ਲਹਿਰ ਦਾ ਸ਼ਿਕਾਰ ਹੋ ਗਏ। ਇਕ ਅਹਿਮ ਸਕਾਟਿਸ਼ ਲੇਬਰ ਲੀਡਰ ਡੱਗਲਸ ਅਲੈਗਜ਼ੈਂਡਰ ਜਿਸ ਨੂੰ ਭਵਿੱਖੀ ਵਿਦੇਸ਼ ਮੰਤਰੀ ਦੇ ਰੂਪ ਵਿਚ ਦੇਖਿਆ ਜਾ ਰਿਹਾ ਸੀ, ਗਲਾਸਗੋ ਯੂਨੀਵਰਸਿਟੀ ਦੀ ਅੰਡਰ-ਗ੍ਰੈਜੂਏਟ (20 ਸਾਲਾ) ਵਿਦਿਆਰਥਣ ਮਹੈਰੀ ਬਲੈਕ ਪਾਸੋਂ ਹਾਰ ਗਿਆ। ਇਸ ਵਿਦਿਆਰਥਣ ਨੇ ਨਾ ਸਿਰਫ਼ ਸਭ ਤੋਂ ਛੋਟੀ ਉਮਰ ਦੀ ਐਸ.ਐਨ.ਪੀ. ਦੀ ਸੰਸਦ ਮੈਂਬਰ, ਸਗੋਂ ਯੂ.ਕੇ. ਦੇ ਇਤਿਹਾਸ ਵਿਚ 1667 ਤੋਂ ਬਾਅਦ ਸਭ ਤੋਂ ਘੱਟ ਉਮਰ ਦੀ ਐਮ.ਪੀ. ਬਣ ਕੇ ਇਤਿਹਾਸ ਸਿਰਜਿਆ। ਉਸ ਦੇ ਪਰਿਵਾਰ ਦਾ ਸਿਆਸੀ ਇਤਿਹਾਸ ਸਕਾਟਲੈਂਡ ਵਿਚ ਆ ਰਹੀ ਸਿਆਸੀ ਤਬਦੀਲੀ ਦਾ ਸੂਚਕ ਕਿਹਾ ਜਾ ਸਕਦਾ ਹੈ। ਉਸ ਦਾ ਪਿਤਾ ਲੇਬਰ ਪਾਰਟੀ ਦਾ ਕੱਟੜ ਹਮਾਇਤੀ ਸੀ ਅਤੇ ਉਹ ਵੀ ਸਮਾਜਵਾਦੀ ਸੋਚ ਵਾਲੇ ਪਰਿਵਾਰ ਵਿਚ ਵੱਡੀ ਹੋਈ, ਪਰ ਜਦੋਂ ਟੋਨੀ ਬਲੇਅਰ ਦੀ ਅਗਵਾਈ ਹੇਠ ਲੇਬਰ ਪਾਰਟੀ ਦਾ ਝੁਕਾਅ ਸੱਜੇ-ਪੱਖੀ ਹੋਇਆ ਤਾਂ ਬਲੈਕ ਦਾ ਲੇਬਰ ਪਾਰਟੀ ਨਾਲੋਂ ਮੋਹ ਭੰਗ ਹੋ ਗਿਆ। ਬਲੇਅਰ ਵੱਲੋਂ ਜਾਰਜ ਬੁਸ਼ ਦੀ ਅਗਵਾਈ ਵਾਲੇ ਅਮਰੀਕੀ ਰਿਪਬਲਿਕਨ ਪ੍ਰਸ਼ਾਸਨ ਨਾਲ ਸਾਂਝ ਪਾ ਕੇ ਇਰਾਕ ਯੁੱਧ ਵਿਚ ਹਿੱਸਾ ਲੈਣ ਦੇ ਫ਼ੈਸਲੇ ਨੇ ਮੋਹ-ਭੰਗ ਦਾ ਅਮਲ ਤੇਜ਼ ਕੀਤਾ। ਆਪਣੀ ਜਿੱਤ ਮਗਰੋਂ ਦਿੱਤੇ ਧੰਨਵਾਦੀ ਭਾਸ਼ਣ ਵਿਚ ਮਹੈਰੀ ਬਲੈਕ ਨੇ ਆਪਣੀ ਸਮਾਜਵਾਦੀ ਸੋਚ ਤੇ ਸੂਹਜ ਦਾ ਸਪਸ਼ਟ ਮੁਜ਼ਾਹਰਾ ਕੀਤਾ।

ਸਕਾਟਲੈਂਡ ਦੀ ਆਜ਼ਾਦੀ ਲਈ ਰਾਇਸ਼ੁਮਾਰੀ ਵਿਚ ਸਕਾਟਿਸ਼ ਨੈਸ਼ਨਲ ਪਾਰਟੀ ਦੀ ਹਾਰ ਨੇ ਇਸ ਪਾਰਟੀ ਨੂੰ ਕਮਜ਼ੋਰ ਕਰਨ ਦੀ ਥਾਂ ਮਜ਼ਬੂਤ ਕੀਤਾ। ਇਹ ਆਮ ਰੁਝਾਨਾਂ ਤੋਂ ਉਲਟ ਵਰਤਾਰਾ ਸੀ ਅਤੇ ਇਸ ਦੀ ਵਜ੍ਹਾ ਜਜ਼ਬਾਤੀ ਸੀ। ਬਹੁਤ ਸਾਰੇ ਸਕਾਟਾਂ, ਖ਼ਾਸ ਕਰ ਕੇ ਪੁਰਾਣੀ ਪੀੜ੍ਹੀ ਨਾਲ ਸਬੰਧਤ ਲੋਕਾਂ ਨੇ ਰਾਇਸ਼ੁਮਾਰੀ ਦੌਰਾਨ ਸਿਰਫ਼ ਇਸ ਡਰ ਕਰ ਕੇ ਆਜ਼ਾਦੀ ਦੇ ਖ਼ਿਲਾਫ਼ ਵੋਟ ਪਾਈ ਸੀ ਕਿ ਜੇ ਸਕਾਟਲੈਂਡ ਆਜ਼ਾਦ ਹੋ ਗਿਆ ਤਾਂ ਉਨ੍ਹਾਂ ਦੀਆਂ ਪੈਨਸ਼ਨਾਂ ਘਟ ਜਾਣਗੀਆਂ। ਅਜਿਹੀ ਸੋਚ ਦੇ ਦਬਾਅ ਹੇਠ ਆ ਕੇ ਕੌਮੀ ਆਜ਼ਾਦੀ ਦਾ ਮੌਕਾ ਖੁੰਝਾਅ ਦੇਣ ਕਾਰਨ ਉਹ ਖ਼ੁਦ ਨੂੰ ਅਪਰਾਧੀ ਮਹਿਸੂਸ ਕਰ ਰਹੇ ਸਨ। ਮੇਰੇ ਇੱਕ ਸਕਾਟਿਸ਼ ਮਿੱਤਰ ਜਿਸ ਨੇ ਆਜ਼ਾਦੀ ਦੇ ਖ਼ਿਲਾਫ਼ ਵੋਟ ਪਾਈ ਸੀ, ਨੇ ਰਾਇਸ਼ੁਮਾਰੀ ਵਿਚ ਆਜ਼ਾਦੀ ਦੇ ਮੁੱਦਈਆਂ ਦੀ ਹਾਰ ਤੋਂ ਕੁਝ ਦਿਨ ਬਾਅਦ ਫ਼ੋਨ 'ਤੇ ਦੱਸਿਆ ਸੀ ਕਿ ਆਪਣੀ 14 ਸਾਲਾਂ ਦੀ ਧੀ ਨੂੰ ਇਸ ਰਾਇਸ਼ੁਮਾਰੀ ਦੇ ਨਤੀਜੇ ਕਾਰਨ ਹੋਈ ਉਦਾਸੀ ਉਸ ਤੋਂ ਬਰਦਾਸ਼ਤ ਨਹੀਂ ਹੋ ਰਹੀ ਅਤੇ ਧੀ ਨੂੰ ਵਰਚਾਉਣ ਦੀ ਖ਼ਾਤਿਰ ਉਹ ਹੁਣ ਐਸ.ਐਨ.ਪੀ. ਦਾ ਮੈਂਬਰ ਬਣ ਗਿਆ ਹੈ।

ਕੰਜ਼ਰਵੇਟਿਵ ਪਾਰਟੀ ਨੇ ਆਪਣੀ ਚੋਣ ਮੁਹਿੰਮ ਦੌਰਾਨ ਇੱਕ ਨੁਕਤੇ 'ਤੇ ਪ੍ਰਚਾਰ ਖ਼ਾਸ ਤੌਰ 'ਤੇ ਕੇਂਦ੍ਰਿਤ ਕੀਤਾ ਕਿ ਲੇਬਰ ਪਾਰਟੀ ਲਈ ਵੋਟ ਪਾਉਣ ਦਾ ਭਾਵ ਹੋਵੇਗਾ ਸਕਾਟਿਸ਼ ਨੈਸ਼ਨਲ ਪਾਰਟੀ ਨੂੰ ਸੱਤਾ ਵਿਚ ਲਿਆਉਣਾ। ਇਸ ਪ੍ਰਚਾਰ ਸਦਕਾ ਉਨ੍ਹਾਂ ਨੇ ਨਿਰਪੱਖ ਜਾਂ ਅੰਤਿਮ ਮੌਕੇ ਫ਼ੈਸਲਾ ਲੈਣ ਵਾਲੇ ਅੰਗਰੇਜ਼ ਵੋਟਰਾਂ ਨੂੰ ਡਰਾ ਦਿੱਤਾ ਅਤੇ ਅਜਿਹੇ ਵੋਟਰ ਕੰਜ਼ਰਵੇਟਿਵ ਪਾਰਟੀ ਦੇ ਹੱਕ ਵਿਚ ਭੁਗਤ ਗਏ। ਅਜਿਹੀ ਰਣਨੀਤੀ ਨੇ ਮੈਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈਆਂ ਆਮ ਚੋਣਾਂ ਵਿਚ ਰਾਜੀਵ ਗਾਂਧੀ ਵੱਲੋਂ ਕੀਤੇ ਪ੍ਰਚਾਰ ਦੀ ਯਾਦ ਦਿਵਾ ਦਿੱਤੀ। ਉਸ ਪ੍ਰਚਾਰ ਵਿਚ ਉਸ ਨੇ ਅਕਾਲੀ ਦਲ ਦੇ ਆਨੰਦਪੁਰ ਸਾਹਿਬ ਮਤੇ ਨੂੰ ਵੱਖਵਾਦੀ ਪ੍ਰੋਗਰਾਮ ਵਜੋਂ ਉਭਾਰ ਕੇ ਰਾਸ਼ਟਰਪ੍ਰਸਤ ਵੋਟਰਾਂ ਨੂੰ ਕਾਂਗਰਸ ਦੇ ਹੱਕ ਵਿਚ ਭੁਗਤਣ ਲਈ ਮਜਬੂਰ ਕਰ ਦਿੱਤਾ ਸੀ ਅਤੇ ਅਜਿਹਾ ਕਰ ਕੇ ਚੋਣਾਂ ਵਿਚ ਉਹ ਕਾਮਯਾਬੀ ਹਾਸਲ ਕੀਤੀ ਜਿਹੜੀ ਉਸ ਦੇ ਨਾਨੇ ਜਵਾਹਰ ਲਾਲ ਨਹਿਰੂ ਨੂੰ ਵੀ ਹਾਸਲ ਨਹੀਂ ਸੀ ਹੋਈ।

ਯੂਨਾਈਟਿਡ ਕਿੰਗਡਮ ਇੰਡੀਪੈਂਡੈਂਸ ਪਾਰਟੀ (ਯੂ.ਕੇ.ਆਈ.ਪੀ.) ਨੂੰ ਉਸ ਦੀ ਹੀ ਖੇਡ ਵਿਚ ਮਾਤ ਦੇਣ ਲਈ ਕੰਜ਼ਰਵੇਟਿਵ ਪਾਰਟੀ ਨੇ ਆਪਣੇ ਚੋਣ ਮੈਨੀਫ਼ੈਸਟੋ ਵਿਚ ਐਲਾਨ ਕੀਤਾ ਕਿ ਜੇ ਉਹ ਮੁੜ ਸੱਤਾ ਵਿਚ ਆ ਗਈ ਤਾਂ ਯੂਰਪੀ ਸੰਘ ਵਿਚ ਰਹਿਣ ਜਾਂ ਨਾ ਰਹਿਣ ਬਾਰੇ ਰਾਇਸ਼ੁਮਾਰੀ ਕਰਵਾਈ ਜਾਵੇਗੀ। ਕੰਜ਼ਰਵੇਟਿਵ ਮੈਨੀਫ਼ੈਸਟੋ ਅਨੁਸਾਰ ਇਹ ਰਾਇਸ਼ੁਮਾਰੀ ਮੌਜੂਦਾ ਪਾਰਲੀਮੈਂਟ ਦੇ ਕਾਰਜਕਾਲ ਦੌਰਾਨ ਕਰਵਾਈ ਜਾਵੇਗੀ। ਇਸ ਰਾਹੀਂ ਸਕਾਟਲੈਂਡ ਤੇ ਇੰਗਲੈਂਡ ਦਰਮਿਆਨ ਕਸ਼ੀਦਗੀ ਵਧਣੀ ਸੁਭਾਵਿਕ ਹੈ। ਐਸ.ਐਨ.ਪੀ. ਯੂਰਪੀਨ ਸੰਘ ਪੱਖੀ ਹੈ ਅਤੇ ਇਸ ਨੇ ਐਲਾਨ ਕੀਤਾ ਹੈ ਕਿ ਕਿਸੇ ਵੀ ਰਾਇਸ਼ੁਮਾਰੀ ਦੀ ਸੂਰਤ ਵਿਚ ਇਹ ਯੂਰਪੀ ਸੰਘ ਦੇ ਹੱਕ ਵਿਚ ਭੁਗਤੇਗੀ। ਐਸ.ਐਨ.ਪੀ. ਨੇ ਵੈਲਸ਼ ਨੈਸ਼ਨਲਿਸਟ ਪਾਰਟੀ-ਪਲਾਇਡ ਸਾਈਮਰੂ (ਵੇਲਜ਼ ਦੀ ਪਾਰਟੀ) ਨਾਲ ਮਿਲ ਕੇ ਇਹ ਵੀ ਐਲਾਨ ਕੀਤਾ ਕਿ ਜੇ ਰਾਇਸ਼ੁਮਾਰੀ ਹੁੰਦੀ ਹੈ ਤਾਂ ਇਹ ਸਿਰਫ਼ ਯੂ.ਕੇ.-ਕੇਂਦ੍ਰਿਤ ਨਹੀਂ ਹੋਣੀ ਚਾਹੀਦੀ, ਬਲਕਿ ਇਸ ਮੁਲਕ ਵਿਚ ਸ਼ਾਮਲ ਚਾਰ ਵੱਖ-ਵੱਖ ਕੌਮਾਂ- ਯੂ.ਕੇ. ਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਉਤਰੀ ਆਇਰਲੈਂਡ ਦੀ ਵੱਖੋ-ਵੱਖਰੀ ਆਜ਼ਾਦਾਨਾ ਰਾਇਸ਼ੁਮਾਰੀ ਕਰਵਾ ਕੇ ਉਨ੍ਹਾਂ ਨੂੰ ਇਹ ਤੈਅ ਕਰਨ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਯੂਰਪੀ ਸੰਘ ਨਾਲ ਰਹਿਣਾ ਚਾਹੁੰਦੀਆਂ ਹਨ ਜਾਂ ਨਹੀਂ। ਗਰੀਨ ਪਾਰਟੀ ਨੇ ਵੀ ਯੂਰਪੀ ਸੰਘ ਬਾਰੇ ਰਾਇਸ਼ੁਮਾਰੀ ਦੀ ਮੰਗ ਦੀ ਹਮਾਇਤ ਕੀਤੀ ਹੈ, ਪਰ ਵੱਖਰੇ ਸਿਧਾਂਤਕ ਆਧਾਰ 'ਤੇ। ਇਹ ਪਾਰਟੀ ਮੰਨਦੀ ਹੈ ਕਿ ਯੂਰਪੀ ਸੰਘ ਨੇ ਅਫ਼ਸਰਸ਼ਾਹੀ ਦਾ ਕੇਂਦਰੀਕਰਨ ਕੀਤਾ ਹੈ ਅਤੇ ਮੁਕਾਮੀ ਪੱਧਰ ਦਾ ਵਿਕੇਂਦਰੀਕਰਨ ਘਟਾ ਦਿੱਤਾ ਹੈ।

ਕੰਜ਼ਰਵੇਟਿਵ ਪਾਰਟੀ ਤੇ ਐਸ.ਐਨ.ਪੀ. ਦਰਮਿਆਨ ਧਰੁਵੀਕਰਨ ਇੰਗਲੈਂਡ ਤੇ ਸਕਾਟਲੈਂਡ ਦਰਮਿਆਨ ਧਰੁਵੀਕਰਨ ਹੋ ਰਿਹਾ ਹੈ। ਕੰਜ਼ਰਵੇਟਿਵ ਪਾਰਟੀ ਕਿਫ਼ਾਇਤ-ਪੱਖੀ ਹੈ, ਐਸ.ਐਨ.ਪੀ. ਕਿਫ਼ਾਇਤ ਦੇ ਖ਼ਿਲਾਫ਼ ਹੈ। ਕੰਜ਼ਰਵੇਟਿਵ ਪਾਰਟੀ ਪਰਮਾਣੂ ਤਾਕਤ ਦੇ ਹੱਕ ਵਿਚ ਹੈ, ਐਸ.ਐਨ.ਪੀ. ਖ਼ਿਲਾਫ਼ ਹੈ। ਕੰਜ਼ਰਵੇਟਿਵ ਯੂਰਪੀ ਸੰਘ ਦੇ ਖ਼ਿਲਾਫ਼ ਹਨ, ਐਸ.ਐਨ.ਪੀ. ਡਟ ਕੇ ਇਸ ਦੇ ਹੱਕ ਵਿਚ ਹੈ। ਕੰਜ਼ਰਵੇਟਿਵ ਸੱਜੇ-ਪੱਖੀ ਹਨ ਅਤੇ ਮੁਕਤ ਬਾਜ਼ਾਰ ਵਿਚ ਯਕੀਨ ਰੱਖਦੇ ਹਨ, ਐਸ.ਐਨ.ਪੀ. ਖੱਬੇ-ਪੱਖੀ ਸੋਸ਼ਲ ਡੈਮੋਕਰੈਟਿਕ ਧਿਰ ਹੈ। ਜੋ ਹਾਲਾਤ ਬਣ ਰਹੇ ਹਨ, ਉਨ੍ਹਾਂ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਜੇ ਬ੍ਰਿਟੇਨ ਦੇ ਪ੍ਰਸ਼ਾਸਨਿਕ ਢਾਂਚੇ ਵਿਚ ਵਿਆਪਕ ਤਬਦੀਲੀਆਂ ਸੰਭਵ ਬਣਾ ਕੇ ਅਤੇ ਖ਼ਾਸ ਕਰ ਕੇ ਸਕਾਟਲੈਂਡ ਨੂੰ ਮੁਕੰਮਲ ਵਿੱਤੀ ਖ਼ੁਦਮੁਖ਼ਤਾਰੀ ਦੇ ਕੇ ਯੂ.ਕੇ. ਦੇ ਅੰਦਰ ਹੀ ਰੱਖਣ ਦੇ ਸੁਹਿਰਦ ਯਤਨ ਨਹੀਂ ਕੀਤੇ ਜਾਂਦੇ ਤਾਂ ਇਹ ਪੇਸ਼ੀਨਗੋਈ ਕਰਨੀ ਔਖੀ ਨਹੀਂ ਹੋਵੇਗੀ ਕਿ 2015 ਵਿਚ ਹੋਈਆਂ ਆਮ ਚੋਣਾਂ ਸਮੁੱਚੇ ਯੂ.ਕੇ. ਵਿਚ ਹੋਈਆਂ ਆਖਰੀ ਆਮ ਚੋਣਾਂ ਸਾਬਤ ਹੋਣਗੀਆਂ।

# ਵਿਦੇਸ਼ੀ ਤਾਕਤਾਂ ਦਾ ਭਾਰਤੀ ਰਾਜਨੀਤੀ ’ਤੇ ਪ੍ਰਭਾਵ ਜਾਂ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਹਫਤੇ ਦੋ ਬੜੇ ਅਹਿਮ ਸਵਾਲਾਂ ਦਾ ਭਾਰਤੀ ਮੀਡੀਏ ਨੂੰ ਸਾਹਮਣਾ ਕਰਨਾ ਪਿਆ। ਇੱਕ ਸਵਾਲ ਬਹਿਸ ਦੇ ਦੌਰਾਨ ਇੱਕ ਪਾਰਲੀਮੈਂਟ ਮੈਂਬਰ ਨੇ ਦਿੱਲੀ ਵਿਚ ਕਰ ਦਿੱਤਾ ਕਿ ਭਾਰਤੀ ਰਾਜਨੀਤੀ ਕਦੀ ਅਮਰੀਕਾ ਦੇ ਪ੍ਰਭਾਵ ਹੇਠ ਚੱਲਦੀ ਹੈ ਤੇ ਕਦੀ ਰੂਸ ਦੇ, ਉਨ੍ਹਾਂ ਦੇਸ਼ਾਂ ਦੀ ਰਾਜਨੀਤੀ ਸਾਡੇ ਪ੍ਰਭਾਵ ਹੇਠ ਕਦੇ ਕਿਉਂ ਨਹੀਂ ਚੱਲ ਸਕੀ। ਇਹ ਗੱਲ ਕਹਿਣ ਵਾਲਾ ਪਾਰਲੀਮੈਂਟ ਮੈਂਬਰ ਕੱਚੀ ਅਕਲ ਵਾਲਾ ਸੀ। ਸੱਚਾਈ ਇਹ ਹੈ ਕਿ ਭਾਰਤ ਦੀ ਰਾਜਨੀਤੀ ਵੀ ਕਈ ਵਾਰੀ ਅਮਰੀਕਾ ਜਾਂ ਰੂਸ, ਤੇ ਕਈ ਵਾਰ ਕਿਸੇ ਹੋਰ ਦੇਸ਼ ਤੋਂ ਪ੍ਰਭਾਵਤ ਹੋਈ ਹੈ ਤੇ ਉਨ੍ਹਾਂ ਦੇਸ਼ਾਂ ਦੀ ਰਾਜਨੀਤੀ ਉਤੇ ਵੀ ਸਾਡਾ ਰੰਗ ਕਈ ਵਾਰ ਵੇਖਿਆ ਗਿਆ ਹੈ। ਸਿਰਫ ਵੇਖਿਆ ਹੀ ਨਹੀਂ ਗਿਆ, ਇਸ ਬਾਰੇ ਚਰਚੇ ਵੀ ਚੱਲੇ ਹਨ, ਪਰ ਉਨ੍ਹਾਂ ਚਰਚਿਆਂ ਤੋਂ ਭਾਰਤ ਨੇ ਸ਼ੋਭਾ ਕਦੇ ਨਹੀਂ ਖੱਟੀ। ਚਰਚਾ ਹੁਣ ਵੀ ਚੱਲਦੀ ਹੈ। ਦੂਸਰਾ ਸਵਾਲ ਇਸੇ ਹਫਤੇ ਇਹ ਖੜਾ ਹੋ ਗਿਆ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਮਾਮਲੇ ਵਿਚ ਪਹਿਲਾਂ ਸਰਕਾਰ ਪੜਤਾਲ ਕਰਾਉਣ ਨੂੰ ਬੜੀ ਕਾਹਲੀ ਸੀ, ਹੁਣ ਉਸ ਨੇ ਇਨਕਾਰ ਕਰ ਦਿੱਤਾ ਹੈ, ਇਸ ਇਨਕਾਰ ਦਾ ਕਾਰਨ ਕੀ ਹੈ?

ਜਦੋਂ ਅਸੀਂ ਹੋਰ ਦੇਸ਼ਾਂ ਦੀ ਰਾਜਨੀਤੀ ਉਤੇ ਭਾਰਤੀ ਰਾਜਨੀਤੀ ਦੇ ਪ੍ਰਭਾਵ ਦੀ ਗੱਲ ਕਰਦੇ ਹਾਂ ਤਾਂ ਗਵਾਂਢ ਦੇ ਪਾਕਿਸਤਾਨ ਵਰਗੇ ਦੇਸ਼ਾਂ ਤੱਕ ਨਹੀਂ ਰਹਿ ਸਕਦੇ, ਹਾਲਾਂਕਿ ਉਥੋਂ ਦੀ ਰਾਜਨੀਤੀ ਵੀ ਭਾਰਤ ਉਤੇ ਪ੍ਰਭਾਵ ਪਾਉਂਦੀ ਤੇ ਭਾਰਤ ਦਾ ਪ੍ਰਭਾਵ ਕਬੂਲਦੀ ਕਈ ਵਾਰ ਵੇਖੀ ਗਈ ਹੈ। ਹਰ ਪਾਕਿਸਤਾਨੀ ਹਾਕਮ ਆਪਣੇ ਵਿਰੋਧੀਆਂ ਨੂੰ ਭਾਰਤ ਨਾਲ ਨਰਮੀ ਦਾ ਮਿਹਣਾ ਦਿੰਦਾ ਹੈ ਤੇ ਹਰ ਹਾਕਮ ਜਦੋਂ ਭਾਰਤ ਨਾਲ ਕੋਈ ਮੀਟਿੰਗ ਕਰ ਲਵੇ ਤਾਂ ਦੁਵੱਲੇ ਸਬੰਧਾਂ ਦੇ ਸੁਧਾਰ ਦਾ ਸਿਹਰਾ ਲੈਣਾ ਚਾਹੁੰਦਾ ਹੈ। ਨਰਿੰਦਰ ਮੋਦੀ ਵਰਗਾ ਭਾਰਤੀ ਪ੍ਰਧਾਨ ਮੰਤਰੀ ਵੀ ਕਦੇ ਇਨ੍ਹਾਂ ਸਬੰਧਾਂ ਦੇ ਸੁਧਾਰ ਦਾ ਸਿਹਰਾ ਚਾਹੁੰਦਾ ਹੈ ਤੇ ਕਦੀ ਪਾਕਿਸਤਾਨ ਨੂੰ ਸਬਕ ਸਿਖਾਉਣ ਦੀਆਂ ਗੱਲਾਂ ਕਰਦਾ ਹੈ। ਇੰਦਰਾ ਗਾਂਧੀ ਤੋਂ ਰਾਜੀਵ ਗਾਂਧੀ ਤੱਕ ਵੀ ਇਹ ਦਾਅ ਵਰਤਦੇ ਰਹੇ ਸਨ ਤੇ ਵਾਜਪਾਈ ਨੇ ਵੀ ਇਹ ਪੈਂਤੜੇ ਵਰਤੇ ਸਨ।

ਇਹ ਮਸਲਾ ਗਲੀ-ਗਵਾਂਢ ਦੇ ਸਬੰਧ ਵਰਗਾ ਹੈ। ਹੋਰ ਦੇਸ਼ਾਂ ਦੇ ਮਾਮਲੇ ਵਿਚ ਵੀ ਇਹ ਗੱਲ ਲੁਕਣ ਵਾਲੀ ਨਹੀਂ ਕਿ ਲੰਮਾ ਸਮਾਂ ਭਾਰਤ ਦੀ ਰੂਸ ਨਾਲ ਨੇੜਤਾ ਰਹੀ ਹੈ। ਇਸ ਦਾ ਕਾਰਨ ਇਹ ਸੀ ਕਿ ਅਮਰੀਕੀ ਹਕੂਮਤਾਂ ਨਵੇਂ ਆਜ਼ਾਦ ਹੋਏ ਬਹੁਤ ਸਾਰੇ ਦੇਸ਼ਾਂ ਨੂੰ ਆਪਣੀ ਜੇਬ ਵਿਚ ਪਾਉਣ ਪਿੱਛੋਂ ਭਾਰਤ ਨੂੰ ਵੀ ਆਪਣਾ ਪਿੱਛਲੱਗ ਬਣਾਉਣ ਦੇ ਯਤਨ ਕਰ ਰਹੀਆਂ ਸਨ। ਭਾਰਤ ਦੇ ਗਵਾਂਢ ਦੇ ਦੋਵੇਂ ਪਾਸੇ ਚੀਨ ਅਤੇ ਪਾਕਿਸਤਾਨ ਵਿਚ ਅਮਰੀਕਾ ਨਾਲ ਨੇੜ ਵਾਲੀਆਂ ਸਰਕਾਰਾਂ ਹੋਣ ਕਰ ਕੇ ਸੋਵੀਅਤ ਰੂਸ ਨਾਲ ਸੁਖਾਵੇਂ ਸਬੰਧ ਬਣਾਉਣੇ ਇਸ ਦੀ ਲੋੜ ਸੀ, ਜਿਸ ਤੋਂ ਕੁਝ ਲੋਕਾਂ ਨੂੰ ਇੰਦਰਾ ਗਾਂਧੀ ਦੇ ਸਮਾਜਵਾਦੀ ਝੁਕਾਅ ਦੇ ਸੁਫਨੇ ਆਉਣ ਲੱਗੇ। ਇੰਦਰਾ ਗਾਂਧੀ ਸਰਮਾਏਦਾਰੀ ਦੀ ਪੱਕੀ ਪ੍ਰਤੀਨਿਧ ਸੀ। ਅੱਜ ਦੇ ਵੱਡੇ ਧਨਵੈਲ ਅੰਬਾਨੀਆਂ ਦਾ ਬਾਪੂ ਉਸੇ ਨੇ ਉਭਾਰ ਕੇ ਸਰਮਾਏਦਾਰੀ ਦੇ ਬਿਰਲੇ-ਟਾਟੇ ਵਰਗੇ ਥੰਮ੍ਹਾਂ ਦੇ ਮੁਕਾਬਲੇ ਖੜਾ ਕੀਤਾ ਸੀ। ਉਸ ਵੇਲੇ ਧੀਰੂ ਭਾਈ ਅੰਬਾਨੀ ਨੂੰ ਉਭਾਰਨ ਪਿੱਛੇ ਇੰਦਰਾ ਗਾਂਧੀ ਦੀਆਂ ਰਾਜਸੀ ਮਜਬੂਰੀਆਂ ਸਨ। ਸੰਵਿਧਾਨ ਵਿਚ ‘ਸਮਾਜਵਾਦ’ ਦਾ ਸ਼ਬਦ ਦਰਜ ਕਰ ਦੇਣ ਨਾਲ ਉਹ ਸਮਾਜਵਾਦੀ ਨਹੀਂ ਸੀ ਬਣ ਗਈ।

ਅਜੋਕੇ ਪੜਾਅ ਵਿਚ ਜਦੋਂ ਸੋਵੀਅਤ ਯੂਨੀਅਨ ਨਹੀਂ ਰਿਹਾ, ਰੂਸ ਨਾਲ ਸਾਂਝ ਹੁਣ ਵੀ ਨਿਭ ਰਹੀ ਹੈ ਤੇ ਸਾਰੀ ਉਮਰ ਰੂਸ ਅਤੇ ਕਮਿਊਨਿਸਟਾਂ ਦਾ ਵਿਰੋਧ ਕਰਨ ਵਾਲੇ ਵਾਜਪਾਈ ਦੇ ਰਾਜ ਵਿਚ ਵੀ ਨਿਭੀ ਸੀ। ਅਮਰੀਕਾ-ਭਗਤੀ ਲਈ ਆਪਣੀ ਕੁਰਸੀ ਦਾਅ ਉਤੇ ਲਾਉਣ ਵਾਲੇ ਮਨਮੋਹਨ ਸਿੰਘ ਦੇ ਸਮੇਂ ਵੀ ਰੂਸ ਨਾਲ ਸਾਂਝ ਨਿਭਦੀ ਗਈ। ਕਾਰਨ ਫਿਰ ਰਾਜਸੀ ਮਜਬੂਰੀ ਸੀ। ਡਾਲਰ ਕੋਲੋਂ ਕੁੱਟ ਖਾ ਕੇ ਭਾਰਤ ਜਦੋਂ ਅਮਰੀਕਾ ਤੋਂ ਆਜ਼ਾਦ ਪੁਲਾਂਘ ਪੁੱਟਣ ਲੱਗਾ ਤਾਂ ਉਸ ਨੂੰ ਰੂਸ, ਇੰਡੀਆ, ਚੀਨ ਮਿਲਾ ਕੇ ‘ਰਿਕ’ ਦਾ ਗੱਠਜੋੜ ਕਰਨਾ ਪਿਆ ਤੇ ਫਿਰ ਇਸ ਨਾਲ ਬਰਾਜ਼ੀਲ ਨੂੰ ਜੋੜ ਕੇ ‘ਬਰਿਕ’ ਬਣਾਉਣ ਮਗਰੋਂ ਸਾਊਥ ਅਫਰੀਕਾ ਨੂੰ ਮਿਲਾ ਕੇ ‘ਬਰਿਕਸ’ ਦਾ ਮੋਰਚਾ ਓਸੇ ਮਨਮੋਹਨ ਸਿੰਘ ਦੇ ਵੇਲੇ ਬਣਾਉਣਾ ਪਿਆ ਸੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸਿਰਫ ‘ਬਰਾਕ’ ਕਹਿ ਕੇ ਯਾਰੀ ਵਾਲਾ ਪ੍ਰਭਾਵ ਬਣਾਉਣ ਵਾਲਾ ਨਰਿੰਦਰ ਮੋਦੀ ਵੀ ਹੁਣ ‘ਬਰਿਕਸ’ ਦੇ ਸੋਹਲੇ ਏਸੇ ਲਈ ਗਾ ਲੈਂਦਾ ਹੈ।

ਸੰਸਾਰ ਰਾਜਨੀਤੀ ਵਿਚ ਇੱਕ ਮੌਕੇ ਰੂਸ ਦੀ ਕਮਿਊਨਿਸਟ ਸਰਕਾਰ ਨੂੰ ਅਮਰੀਕਾ ਤੇ ਬ੍ਰਿਟੇਨ ਨੇ ਹਿਟਲਰ ਦੇ ਨਾਲ ਭਿੜਾਉਣ ਲਈ ਜਰਮਨੀ ਵੱਲ ਨਰਮੀ ਵਿਖਾਈ ਸੀ, ਪਰ ਜਦੋਂ ਰੂਸ ਇਹੋ ਚਾਲ ਖੇਡਣ ਲੱਗਾ ਤਾਂ ਇਹ ਤੜਫ ਉਠੇ ਸਨ। ਅਮਰੀਕਾ ਦੀ ਨੀਤੀ ਸੀ ਕਿ ਹਿਟਲਰ ਨਾਲ ਲੜ ਕੇ ਰੂਸ ਕਮਜ਼ੋਰ ਹੋ ਗਿਆ ਤਾਂ ਉਸ ਨੂੰ ਕੁੱਟਣ ਦੀ ਸੌਖ ਹੋਵੇਗੀ ਤੇ ਜੇ ਜੰਗ ਵਿਚ ਰੂਸ ਹਾਰ ਜਾਵੇ ਤਾਂ ਉਦੋਂ ਜੰਗ ਦੇ ਥਕਾਏ ਹੋਏ ਹਿਟਲਰ ਨੂੰ ਕੁੱਟ ਲਵਾਂਗੇ। ਰੂਸ ਤਾਂ ਉਨ੍ਹਾਂ ਦੀ ਚਾਲ ਵਿਚ ਫਸਣੋ ਬਚ ਗਿਆ, ਪਰ ਅਮਰੀਕਾ ਨੇ ਇਸ ਚੱਕਰ ਵਿਚ ਪਾ ਕੇ ਬ੍ਰਿਟੇਨ ਨੂੰ ਏਨਾ ਕਮਜ਼ੋਰ ਕਰਵਾ ਲਿਆ ਕਿ ਉਦੋਂ ਤੱਕ ਸੰਸਾਰ ਦੀ ਸਰਦਾਰੀ ਕਰਦਾ ਰਿਹਾ ਬ੍ਰਿਟੇਨ ਅਗਲੇ ਸਮੇਂ ਲਈ ਅਮਰੀਕਾ ਦਾ ਪਿੱਛਲੱਗ ਬਣ ਕੇ ਰਹਿ ਗਿਆ। ਇਹ ਖੇਡ ਕਈ ਪਾਸੀਂ ਚੱਲਦੀ ਰਹੀ ਸੀ ਤੇ ਹੁਣ ਵੀ ਚੱਲਦੀ ਹੈ। ਅਮਰੀਕਾ ਵਾਲੇ ਭਾਰਤ ਨੂੰ ਹੁਣ ਜਦੋਂ ‘ਭਵਿੱਖ ਦੀ ਮਹਾਂਸ਼ਕਤੀ’ ਕਹਿ ਕੇ ਵਡਿਆਉਂਦੇ ਹਨ ਤਾਂ ਭਾਰਤ ਨੂੰ ਮਹਾਂਸ਼ਕਤੀ ਬਣਦਾ ਵੇਖਣ ਲਈ ਨਹੀਂ ਉਡੀਕ ਰਹੇ, ਅਸਲ ਵਿਚ ਬਿੱਲੀ ਦੇ ਰਸਤਾ ਕੱਟਣ ਵਾਲੇ ਮੁਹਾਵਰੇ ਵਾਂਗ ਉਹ ਰਾਜਨੀਤੀ ਦਾ ਅੱਗਲਵਾਂਡੀ ਘੇਰਨ ਦਾ ਦਾਅ ਖੇਡਣਾ ਚਾਹੁੰਦੇ ਹਨ। ਇੱਕ ਮਹਾਂਸ਼ਕਤੀ ਵਜੋਂ ਉਹ ਇਸ ਤਰ੍ਹਾਂ ਕਰਨਗੇ ਹੀ।

ਜਿਥੋਂ ਤੱਕ ਉਨ੍ਹਾਂ ਦੇਸ਼ਾਂ ਦੀ ਰਾਜਨੀਤੀ ਵਿਚ ਭਾਰਤ ਦੇ ਪ੍ਰਭਾਵ ਦੀ ਗੱਲ ਹੈ, ਇਸ ਕੰਮ ਵਿਚ ਹਰ ਥਾਂ ‘ਗੌਂਅ ਭੁੰਨਾਵੇ ਜੌਂ’ ਦੀ ਨੀਤੀ ਹੁੰਦੀ ਹੈ। ਹੁਣੇ ਹੋਈਆਂ ਬ੍ਰਿਟੇਨ ਦੀਆਂ ਚੋਣਾਂ ਤੋਂ ਇਹੋ ਜ਼ਾਹਰ ਹੋਇਆ ਹੈ। ਕੰਜ਼ਰਵੇਟਿਵ ਆਗੂ ਡੇਵਿਡ ਕੈਮਰਨ ਨੇ ਪਿਛਲੇ ਦਿਨੀਂ ਉਨ੍ਹਾਂ ਪ੍ਰਵਾਸੀ ਲੋਕਾਂ ਨੂੰ ਪਤਿਆਉਣ ਦਾ ਯਤਨ ਕੀਤਾ, ਜਿਨ੍ਹਾਂ ਵੱਲ ਉਸ ਦੀ ਨੀਤੀ, ਅਤੇ ਖਾਸ ਤੌਰ ਉਤੇ ਇੱਕ ਟਰੱਕ ਉਤੇ ਵੱਡੀ ਹੱਥਕੜੀ ਛਾਪ ਕੇ ਪ੍ਰਵਾਸੀ ਆਬਾਦੀ ਵਾਲੇ ਇਲਾਕਿਆਂ ਵਿਚ ਘੁੰਮਾਉਣ ਦੀ ਨੀਤੀ ਦੇ ਕਾਰਨ ਪ੍ਰਵਾਸੀ ਲੋਕਾਂ ਵਿਚ ਨਾਰਾਜ਼ਗੀ ਤੋਂ ਉਸ ਨੂੰ ਵੋਟਾਂ ਖੁੱਸਣ ਦਾ ਡਰ ਸੀ। ਚੋਣ ਦੌਰਾਨ ਡੇਵਿਡ ਕੈਮਰਨ ਵੱਖ-ਵੱਖ ਥਾਂ ਗੁਰਦੁਆਰਿਆਂ ਤੇ ਮੰਦਰਾਂ ਵਿਚ ਮੱਥੇ ਘਸਾਉਣ ਗਿਆ। ਫਿਰ ਵੀ ਇਹ ਨੀਤੀ ਰਾਸ ਨਹੀਂ ਆਈ ਅਤੇ ਪ੍ਰਵਾਸੀ ਲੋਕਾਂ ਦੀ ਵੱਡੀ ਗਿਣਤੀ ਵਾਲੇ ਚੋਣ ਖੇਤਰਾਂ ਵਿਚ ਫਿਰ ਲੇਬਰ ਪਾਰਟੀ ਜਿੱਤ ਗਈ। ਏਨੇ ਨਾਲ ਇਹ ਗੱਲ ਬਾਹਰ ਆ ਗਈ ਕਿ ਭਾਰਤ ਵਿਚ ਧਰਮ ਨੂੰ ਰਾਜਨੀਤੀ ਲਈ ਵਰਤਣ ਦਾ ਜਿਹੜਾ ਗੁਰ ਅਮਰੀਕਾ, ਕੈਨੇਡਾ ਆਦਿ ਕਈ ਦੇਸ਼ਾਂ ਵਿਚ ਮਾਡਰੇਟਾਂ ਦੇ ਨਾਲ ਹੁਣ ਰੂੜ੍ਹੀਵਾਦੀ ਨੇਤਾ ਵੀ ਵਰਤਣ ਲੱਗੇ ਹਨ, ਉਹ ਗੁਰ ਵਰਤਣ ਤੋਂ ਕੈਮਰਨ ਵਰਗਿਆਂ ਨੂੰ ਵੀ ਹੁਣ ਕੋਈ ਪ੍ਰਹੇਜ਼ ਨਹੀਂ। ਇਹ ਭਾਰਤੀ ਰਾਜਨੀਤੀ ਦਾ ਉਨ੍ਹਾਂ ਉਤੇ ਪ੍ਰਭਾਵ ਹੈ।

ਅਸੀਂ ਇਸ ਸਬੰਧ ਵਿਚ ਅਮਰੀਕਾ ਦਾ ਨਾਂ ਇਸ ਲਈ ਲਿਆ ਹੈ ਕਿ ਅਗਲੀ ਰਾਸ਼ਟਰਪਤੀ ਚੋਣ ਲਈ ਹੁਣ ਉਥੇ ਸਰਗਰਮੀ ਸ਼ੁਰੂ ਹੋ ਚੁੱਕੀ ਹੈ ਤੇ ਹਿਲੇਰੀ ਕਲਿੰਟਨ ਉਮੀਦਵਾਰ ਬਣਨ ਲਈ ਕਾਹਲੀ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਉਸ ਦੀਆਂ ਸਿਫਤਾਂ ਕਰ ਕੇ ਵੀ ਹਾਲੇ ਹਮਾਇਤ ਨਹੀਂ ਦਿੱਤੀ, ਕਿਉਂਕਿ ਪੁਰਾਣਾ ਟਕਰਾਅ ਯਾਦ ਹੈ, ਪਰ ਇਸ ਚੋਣ ਜੰਗ ਵਿਚ ਹਿਲੇਰੀ ਦੇ ਕੁੱਦਣ ਨਾਲ ਅਮਰੀਕਾ ਦੀ ਰਾਜਨੀਤੀ ਉਤੇ ਭਾਰਤੀ ਰਾਜਨੀਤੀ ਦੇ ਪ੍ਰਭਾਵ ਦੇ ਕਈ ਕਿੱਸੇ ਛਿੜ ਗਏ ਹਨ। ਹਿਲੇਰੀ ਦਾ ਪਤੀ ਬਿੱਲ ਕਲਿੰਟਨ ਦੋ ਵਾਰ ਰਾਸ਼ਟਰਪਤੀ ਰਹਿ ਚੁੱਕਾ ਹੈ। ਅਟਲ ਬਿਹਾਰੀ ਵਾਜਪਾਈ ਦੇ ਭਾਰਤੀ ਪ੍ਰਧਾਨ ਮੰਤਰੀ ਹੁੰਦਿਆਂ ਵੀ ਉਹੋ ਰਾਸ਼ਟਰਪਤੀ ਸੀ ਤੇ ਜਦੋਂ ਵਾਜਪਾਈ ਨੇ ਅਮਰੀਕਾ ਜਾਣਾ ਸੀ, ਉਦੋਂ ਪਹਿਲੀ ਵਾਰ ਇਹ ਰੌਲਾ ਪਿਆ ਸੀ ਕਿ ‘ਅਮਰੀਕੀ ਰਾਜਨੀਤੀ ਦਾ ਭਾਰਤੀਕਰਨ’ ਸ਼ੁਰੂ ਹੋ ਗਿਆ ਹੈ। ਇਸ ਰੌਲੇ ਦਾ ਇੱਕ ਕਾਰਨ ਸੀ। ਕਿਸੇ ਦੇਸ਼ ਦਾ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਆਵੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ‘ਐਟ ਹੋਮ’, ਰਾਤ ਦਾ ਖਾਣਾ ਦੇਣ ਦੀ ਕੂਟਨੀਤਕ ਰਵਾਇਤ ਹੈ। ਇਸ ਮੌਕੇ ਉਸ ਦੇਸ਼ ਨਾਲ ਸਬੰਧ ਰੱਖਦੇ ਮਾਣਯੋਗ ਵਿਅਕਤੀਆਂ ਨੂੰ ਵੀ ਸੱਦਿਆ ਜਾਂਦਾ ਹੈ। ਵਾਜਪਾਈ ਦੇ ਮਾਣ ਵਿਚ ਖਾਣਾ ਦੇਣ ਵੇਲੇ ਮਾਣਯੋਗ ਹਸਤੀਆਂ ਦੀ ਥਾਂ ਉਨ੍ਹਾਂ ਅਮੀਰਾਂ ਨੂੰ ਸੱਦਾ ਦੇਣ ਦੀ ਚਰਚਾ ਚੱਲ ਪਈ, ਜਿਨ੍ਹਾਂ ਨੇ ਭਾਰਤੀ ਮੂਲ ਦੇ ਇੱਕ ਵਿਵਾਦਾਂ ਨਾਲ ਭਰੇ ਹੋਏ ਸਿੱਖ ਬਿਜਨਸਮੈਨ ਦੇ ਰਾਹੀਂ ਰਾਸ਼ਟਰਪਤੀ ਕਲਿੰਟਨ ਦੀ ਪਤਨੀ ਹਿਲੇਰੀ ਦੀ ਸੈਨੇਟ ਚੋਣ ਮੁਹਿੰਮ ਲਈ ਮੋਟੇ ਚੋਣ ਚੰਦੇ ਵਾਲੇ ਚੈਕ ਦਿੱਤੇ ਸਨ। ਅਮਰੀਕਾ ਵਿਚ ਅੱਗੇ ਕਦੇ ਏਦਾਂ ਨਹੀਂ ਸੀ ਹੋਇਆ। ਇਸ ਲਈ ਉਸ ਰਾਤ ਦਾ ਖਾਣਾ ਓਥੋਂ ਦੇ ਮੀਡੀਏ ਵਿਚ ਬੜੀ ਦੇਰ ਤੱਕ ਚਰਚਾ ਦਾ ਮੁੱਦਾ ਬਣਿਆ ਰਿਹਾ ਸੀ।

ਬਦਨਾਮੀ ਵਾਲੀ ਇਸ ਖੇਡ ਵਿਚ ਜਿਸ ਬੰਦੇ ਨੂੰ ਕੇਂਦਰੀ ਧੁਰਾ ਮੰਨਿਆ ਗਿਆ, ਉਹ ਅਗਲੇ ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਵੀ ਨੇੜੂ ਹੋ ਗਿਆ ਤੇ ਏਡਾ ਨੇੜੂ ਹੋ ਗਿਆ ਕਿ ਭਾਰਤੀ ਏਜੰਸੀਆਂ ਦੀਆਂ ਫਾਈਲਾਂ ਵਿਚ ਉਸ ਦੇ ਵਿਰੁੱਧ ਕਈ ਕੁਝ ਦਰਜ ਹੋਣ ਦੇ ਬਾਵਜੂਦ ਉਸ ਨੂੰ ਭਾਰਤ ਸਰਕਾਰ ਨੇ ‘ਪਦਮ ਸ੍ਰੀ’ ਦਾ ਖਿਤਾਬ ਦੇ ਦਿੱਤਾ ਸੀ। ਹੁਣ ਜਦੋਂ ਹਿਲੇਰੀ ਕਲਿੰਟਨ ਰਾਸ਼ਟਰਪਤੀ ਚੋਣ ਲੜਨ ਲੱਗੀ ਹੈ, ਉਦੋਂ ਦੇ ਕਿੱਸਿਆਂ ਨਾਲ ਅਮਰੀਕੀ ਰਾਜਨੀਤੀ ਨੂੰ ਭਾਰਤੀ ਰਾਜਨੀਤੀ ਦਾ ਰੰਗ ਚੜ੍ਹਨ ਦੀ ਚਰਚਾ ਵੀ ਮੁੜ ਕੇ ਛਿੜ ਗਈ ਹੈ। ਦੋਸ਼ਾਂ ਦਾ ਜਵਾਬ ਹਿਲੇਰੀ ਨਹੀਂ ਦੇਂਦੀ, ਉਹ ਸਿੱਖ ਬਿਜਨਸਮੈਨ ਦੇ ਰਿਹਾ ਹੈ। ਇਹ ਵੀ ਅਮਰੀਕਾ ਉਤੇ ਭਾਰਤ ਦੀ ਰਾਜਨੀਤੀ ਦਾ ਰੰਗ ਹੈ।

ਅਸੀਂ ਉਨ੍ਹਾਂ ਦੀ ਰਾਜਨੀਤੀ ਦੀ ਹੋਰ ਚਰਚਾ ਨਾ ਕਰ ਕੇ ਇੱਕ ਭਾਰਤੀ ਮੁੱਦੇ ਦੀ ਗੱਲ ਕਰ ਸਕਦੇ ਹਾਂ, ਜਿਸ ਬਾਰੇ ਹੁਣ ਕਿਹਾ ਜਾ ਰਿਹਾ ਹੈ ਕਿ ਇਸ ਵਿਚ ਵੀ ਵਿਦੇਸ਼ੀ ਦਖਲ ਹੋ ਸਕਦਾ ਹੈ। ਇਹ ਮੁੱਦਾ ਪੰਡਿਤ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਵੱਲੋਂ ਆਪਣੇ ਵਕਤ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਦੀ ਜਾਸੂਸੀ ਕਰਵਾਏ ਜਾਣ ਦੀਆਂ ਖਬਰਾਂ ਵਾਲਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਈ ਭਾਜਪਾ ਆਗੂਆਂ ਨੇ ਕਿਹਾ ਸੀ ਕਿ ਜੇ ਸੱਤਾ ਵਿਚ ਆ ਗਏ ਤਾਂ ਨੇਤਾ ਜੀ ਦੇ ਜੀਵਨ ਦੇ ਅੰਤਲੇ ਸਮੇਂ ਬਾਰੇ ਪੜਤਾਲ ਕਰਾਉਣਗੇ, ਪਰ ਪੜਤਾਲ ਕਰਾਉਣ ਦੀ ਥਾਂ ਪੌਣਾ ਸਾਲ ਲੰਘਣ ਪਿੱਛੋਂ ਇਹ ਮੁੱਦਾ ਉਛਾਲ ਦਿੱਤਾ ਕਿ ਪੰਡਿਤ ਨਹਿਰੂ ਤੇ ਇੰਦਰਾ ਗਾਂਧੀ ਦੇ ਵਕਤ ਨੇਤਾ ਜੀ ਦੇ ਪਰਿਵਾਰ ਦੀ ਜਾਸੂਸੀ ਕਰਵਾਈ ਜਾਂਦੀ ਸੀ। ਕੈਨੇਡਾ ਜਾਣ ਤੋਂ ਪਹਿਲਾਂ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਮੋਦੀ ਜਰਮਨੀ ਵਿਚ ਸਨ। ਉਥੇ ਉਨ੍ਹਾਂ ਨੂੰ ਨੇਤਾ ਜੀ ਦੇ ਭਰਾ ਦਾ ਪੋਤਰਾ ਮਿਲਿਆ ਤੇ ਉਸ ਮਿਲਣੀ ਪਿੱਛੋਂ ਭਾਜਪਾ ਆਗੂ ਇਹ ਕਹਿਣ ਲੱਗ ਪਏ ਕਿ ਹੁਣ ਨੇਤਾ ਜੀ ਦੇ ਕੇਸ ਦੀ ਸਾਰੀ ਪੜਤਾਲ ਹੋਵੇਗੀ। ਮਹੀਨਾ ਇੱਕ ਨਹੀਂ ਲੰਘਿਆ ਤੇ ਹੁਣ ਇਹ ਗੱਲ ਸਾਫ ਕਰ ਦਿੱਤੀ ਗਈ ਹੈ ਕਿ ਏਦਾਂ ਦੀ ਪੜਤਾਲ ਨਹੀਂ ਕਰਾਉਣੀ। ਕੁਝ ਲੋਕ ਕਹਿੰਦੇ ਹਨ ਕਿ ਇਸ ਕੰਮ ਬਾਰੇ ਨੇਤਾ ਜੀ ਦੇ ਪਰਿਵਾਰ ਵਿਚ ਇੱਕ ਰਾਏ ਨਹੀਂ ਤੇ ਕੁਝ ਨੇ ਇਹ ਕਿਹਾ ਕਿ ਵਾਜਪਾਈ ਸਰਕਾਰ ਵੇਲੇ ਭਾਜਪਾ ਨੇ ਇਹ ਪੜਤਾਲ ਕਰਵਾ ਲਈ ਸੀ, ਪਰ ਸਿੱਟਾ ਕੁਝ ਨਹੀਂ ਸੀ ਨਿਕਲਿਆ। ਇਸ ਲਈ ਹੁਣ ਲੋੜ ਨਹੀਂ। ਇਸ ਬਹਿਸ ਵਿਚ ਇੱਕ ਸੱਜਣ ਨੇ ਇਹ ਕਹਿ ਦਿੱਤਾ ਕਿ ਕਿਤੇ ਇਹ ਤਾਂ ਨਹੀਂ ਕਿ ਜਿਹੜੀਆਂ ਵਿਦੇਸ਼ੀ ਤਾਕਤਾਂ ਦੇ ਨਾਲ ਪੰਡਿਤ ਨਹਿਰੂ ਦੀ ਸਾਂਝ ਸੀ ਤੇ ਉਨ੍ਹਾਂ ਤਾਕਤਾਂ ਦੇ ਆਖੇ ਜਾਸੂਸੀ ਕਰਵਾਈ ਗਈ ਸੀ, ਉਨ੍ਹਾਂ ਤਾਕਤਾਂ ਨਾਲ ਹੁਣ ਤੁਹਾਡੀ ਸਾਂਝ ਪੈ ਗਈ ਹੈ? ਸਵਾਲ ਪੁੱਛਣ ਵਾਲੇ ਨੇ ਚੋਭ ਕਾਫੀ ਤਿੱਖੀ ਲਾਈ ਸੀ, ਪਰ ਜਵਾਬ ਦੇਣ ਵਾਲੇ ਹੱਸਦੇ ਰਹੇ ਅਤੇ ਬਹਿਸ ਸਿਰੇ ਲਾਏ ਬਿਨਾਂ ਛੱਡ ਦਿੱਤੀ। ਸਵਾਲ ਉਥੇ ਦਾ ਉਥੇ ਖੜਾ ਰਹਿ ਗਿਆ ਕਿ ਪੜਤਾਲ ਨਾ ਕਰਵਾਉਣ ਦਾ ਕਾਰਨ ਕੀ ਹੈ?

ਗੱਲ ਮੁੜ ਕੇ ਉਥੇ ਆ ਜਾਂਦੀ ਹੈ, ਜਿੱਥੋਂ ਤੁਰੀ ਸੀ, ਕਿ ਦੂਸਰੇ ਦੇਸ਼ਾਂ ਦੀ ਰਾਜਨੀਤੀ ਭਾਰਤ ਨੂੰ ਵੱਧ ਪ੍ਰਭਾਵਤ ਕਰਦੀ ਹੈ ਕਿ ਭਾਰਤ ਦੀ ਰਾਜਨੀਤੀ ਵੀ ਉਨ੍ਹਾਂ ਉਤੇ ਕਿਸੇ ਤਰ੍ਹਾਂ ਦਾ ਅਸਰ ਛੱਡਦੀ ਹੈ?

ਇੰਜ ਲੱਗਦਾ ਹੈ ਕਿ ਚੋਣਾਂ ਵੇਲੇ ਉਨ੍ਹਾਂ ਦੇਸ਼ਾਂ ਦੀ ਰਾਜਨੀਤੀ ਹੁਣ ਹਰ ਪੁੱਠਾ-ਸਿੱਧਾ ਦਾਅ ਵਰਤਣ ਦੀ ਭਾਰਤੀ ਰਾਜਨੀਤੀ ਦਾ ਚੋਲਾ ਪਹਿਨਣ ਨੂੰ ਤਿਆਰ ਹੋ ਰਹੀ ਹੈ, ਪਰ ਭਾਰਤੀ ਰਾਜਨੀਤੀ ਵੀ ਆਜ਼ਾਦ ਨਹੀਂ। ਕੱਲ੍ਹ-ਕਲੋਤਰ ਨੂੰ ਜੇ ਕਿਸੇ ਪੱਛਮੀ ਦੇਸ਼ ਦੇ ਮੀਡੀਏ ਨੇ ਖਬਰ ਛਾਪ ਦਿੱਤੀ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਮਾਮਲੇ ਦੀ ਪੜਤਾਲ ਵੀ ਕਿਸੇ ਹੋਰ ਤਾਕਤ ਦੇ ਕਹਿਣ ਉਤੇ ਰੋਕਣੀ ਪਈ ਸੀ ਤਾਂ ਭਾਰਤੀ ਰਾਜਨੀਤੀ ਭੜਕ ਪਵੇਗੀ। ਹਿਲੇਰੀ ਕਲਿੰਟਨ ਉਤੇ ਜੇ ਇਸ ਤਰ੍ਹਾਂ ਦਾ ਦੋਸ਼ ਲੱਗ ਸਕਦਾ ਹੈ ਕਿ ਭਾਰਤ ਨਾਲ ਐਟਮੀ ਸਮਝੌਤੇ ਦੇ ਪਰਦੇ ਹੇਠ ਉਸ ਨੇ ਚੰਦਿਆਂ ਦਾ ਲੈਣ-ਦੇਣ ਕਰਨਾ ਮੰਨ ਲਿਆ ਸੀ ਤਾਂ ਭਾਰਤ ਦੇ ਕਿਸੇ ਲੀਡਰ ਉਤੇ ਵੀ ਇਸ ਤਰ੍ਹਾਂ ਦਾ ਦੋਸ਼ ਕਦੇ ਵੀ ਲਾਇਆ ਜਾ ਸਕਦਾ ਹੈ। ਗੱਲ ਇਕੱਲੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਮੁੱਦੇ ਦੀ ਨਹੀਂ, ਹੁਣ ਭਾਰਤ ਸਰਕਾਰ ਓਸੇ ਕੰਪਨੀ ਤੋਂ ਤੋਪਾਂ ਖਰੀਦਣ ਲਈ ਵੀ ਤਿਆਰ ਹੁੰਦੀ ਸੁਣੀਂਦੀ ਹੈ, ਜਿਸ ਨਾਲ ਹੋਏ ਸੌਦੇ ਦਾ ਤੀਹ ਤੋਂ ਵੱਧ ਸਾਲ ਵਿਰੋਧ ਕੀਤਾ ਸੀ। ਏਦਾਂ ਦੇ ਸੌਦੇ ਕਦੇ ਵੀ ਆਪਣੇ ਆਪ ਨਹੀਂ ਹੋਇਆ ਕਰਦੇ, ਦੋਵਾਂ ਦੇਸ਼ਾਂ ਦੀ ਰਾਜਨੀਤੀ ਇਨ੍ਹਾਂ ਦਾ ਆਧਾਰ ਤਿਆਰ ਕਰਿਆ ਕਰਦੀ ਹੈ ਤੇ ਇਹ ਆਧਾਰ ਇੱਕ ਵਾਰ ਫਿਰ ਕੁਝ ਲੋਕ ਤਿਆਰ ਕਰਨ ਲੱਗੇ ਹੋਏ ਸੁਣੀਂਦੇ ਹਨ।

ਸਟਾਫ ਦੀ ਲੋੜ ਹੈ
ਟਰੱਕ ਸਟਾਪ ਤੇ ਟਰੱਕ ਰੀਪੇਅਰ ਕਰਨ ਵਾਲੇ ਮਕੈਨਿਕਾਂ ਅਤੇ ਅਮਰੀਕਨ ਰੈਸਟੋਰੈਂਟ ਵਾਸਤੇ ਕੰਮ ਕਰਨ ਵਾਲੇ ਬੰਦਿਆਂ ਦੀ ਜ਼ਰੂਰਤ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ
ਫੋਨ: 832-512-7172

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਮੋਦੀ ਵਜ਼ਾਰਤ ਵਿਚੋਂ ਗਹਿਣਿਆਂ ਦੇ ਮਾਮਲੇ ਵਿਚ ਹਰਸਿਮਰਤ ਦੀ ਝੰਡੀ

**ਬਠਿੰਡਾ:** ਕੇਂਦਰੀ ਵਜ਼ੀਰ ਹਰਸਿਮਰਤ ਕੌਰ ਬਾਦਲ ਦੀ ਗਹਿਣਿਆਂ ਦੇ ਮਾਮਲੇ ਵਿਚ ਪੂਰੀ ਵਜ਼ਾਰਤ ਵਿਚੋਂ ਝੰਡੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 26 ਮੈਂਬਰੀ ਕੈਬਨਿਟ ਵਿਚੋਂ ਸਭ ਤੋਂ ਵੱਧ ਗਹਿਣੇ ਕੇਂਦਰੀ ਮੰਤਰੀ ਬੀਬਾ ਬਾਦਲ ਕੋਲ ਹਨ। ਜਾਇਦਾਦ ਦੇ ਮਾਮਲੇ ਵਿਚ ਕੇਂਦਰੀ ਮੰਤਰੀ ਦਾ ਕੈਬਨਿਟ ਵਿਚੋਂ ਦੂਸਰਾ ਨੰਬਰ ਹੈ। ਪ੍ਰਧਾਨ ਮੰਤਰੀ ਦਫ਼ਤਰ ਕੋਲ ਕੇਂਦਰੀ ਵਜ਼ੀਰਾਂ ਵੱਲੋਂ ਨਸ਼ਰ ਕੀਤੇ ਸੰਪਤੀ ਦੇ ਵੇਰਵਿਆਂ ਅਨੁਸਾਰ ਕੈਬਨਿਟ ਵਿਚ ਸ਼ਾਮਲ ਪੰਜ ਮਹਿਲਾ ਵਜ਼ੀਰਾਂ ਕੋਲ ਕੁੱਲ 7.41 ਕਰੋੜ ਦੇ ਗਹਿਣੇ ਹਨ।

ਇਕੱਲੀ ਮਹਿਲਾ ਵਜ਼ੀਰ ਬੀਬਾ ਬਾਦਲ ਕੋਲ 5.40 ਕਰੋੜ ਦੀ ਗਹਿਣੇ ਹਨ ਜਦਕਿ ਬਾਕੀ ਚਾਰ ਮਹਿਲਾ ਵਜ਼ੀਰਾਂ ਕੋਲ ਸਿਰਫ 2.01 ਕਰੋੜ ਰੁਪਏ ਦੇ ਗਹਿਣੇ ਹਨ। ਹਰਸਿਮਰਤ ਕੌਰ ਬਾਦਲ ਜਦੋਂ ਸਾਲ 2009 ਵਿਚ ਸੰਸਦ ਮੈਂਬਰ ਬਣੇ ਸਨ, ਤਾਂ ਉਦੋਂ ਉਨ੍ਹਾਂ ਕੋਲ 1.94 ਕਰੋੜ ਰੁਪਏ ਦੇ ਗਹਿਣੇ ਸਨ। ਗਹਿਣਿਆਂ ਦੇ ਮਾਮਲੇ ਵਿਚ ਦੂਸਰਾ ਨੰਬਰ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਦਾ ਹੈ, ਜਿਨ੍ਹਾਂ ਕੋਲ 1.47 ਕਰੋੜ ਰੁਪਏ ਦੇ ਗਹਿਣੇ ਹਨ।

ਮੇਨਕਾ ਗਾਂਧੀ ਕੋਲ ਕੁੱਲ ਜਾਇਦਾਦ 37.66 ਕਰੋੜ ਰੁਪਏ ਦੀ ਹੈ। ਕੇਂਦਰੀ ਮਾਨਵ ਸਰੋਤ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਕੋਲ 19.85 ਲੱਖ ਰੁਪਏ ਦੇ ਗਹਿਣੇ ਹਨ ਜਦਕਿ ਉਸ ਕੋਲ ਕੁੱਲ ਸੰਪਤੀ 9.30 ਕਰੋੜ ਰੁਪਏ ਦੀ ਹੈ।

ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਕੋਲ ਸਿਰਫ਼ 8.36 ਲੱਖ ਰੁਪਏ ਦੇ ਹੀ ਗਹਿਣੇ ਹਨ ਜਦਕਿ ਉਨ੍ਹਾਂ ਕੋਲ ਕੁੱਲ ਸੰਪਤੀ 12.19 ਕਰੋੜ ਰੁਪਏ ਦੀ ਹੈ। ਡਾ. ਨਜਮਾ ਹੈਪਤੁੱਲਾ ਕੋਲ 21 ਲੱਖ ਰੁਪਏ ਦੇ ਗਹਿਣੇ ਹਨ ਤੇ ਕਿ ਕੁੱਲ ਸੰਪਤੀ 26.69 ਕਰੋੜ ਰੁਪਏ ਦੀ ਹੈ। ਵਿਰੋਧੀ ਧਿਰ ਵਿਚੋਂ ਸੋਨੀਆ ਗਾਂਧੀ ਦੀ ਗਹਿਣਿਆਂ ਦੀ ਕੀਮਤ ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਕੋਲ ਇਸ ਵੇਲੇ 62.26 ਲੱਖ ਰੁਪਏ ਦੇ ਗਹਿਣੇ ਹਨ ਤੇ ਸਾਲ 2009 ਵਿਚ ਉਨ੍ਹਾਂ ਕੋਲ 29.37 ਲੱਖ ਰੁਪਏ ਦੇ ਗਹਿਣੇ ਸਨ। ਮਿਲੇ ਵੇਰਵਿਆਂ ਅਨੁਸਾਰ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਚੌਧਰੀ ਬਿਰੇਂਦਰ ਸਿੰਘ ਕੋਲ 24.30 ਲੱਖ ਰੁਪਏ ਦੇ ਗਹਿਣੇ ਹਨ ਜਦਕਿ ਉਨ੍ਹਾਂ ਕੋਲ 9.72 ਕਰੋੜ ਰੁਪਏ ਦੀ ਕੁੱਲ ਸੰਪਤੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਸਿਰਫ਼ 1.20 ਲੱਖ ਰੁਪਏ ਦੀ ਗਹਿਣੇ ਹਨ ਤੇ ਉਹ ਕੁੱਲ 1.26 ਕਰੋੜ ਰੁਪਏ ਦੀ ਸੰਪਤੀ ਦੇ ਮਾਲਕ ਹਨ। ਪ੍ਰਧਾਨ ਮੰਤਰੀ ਨੇ ਆਪਣੀ ਪਤਨੀ ਵਾਲੇ ਕਾਲਮ ਵਿਚ ਸੰਪਤੀ ਦੇ ਵੇਰਵਿਆਂ ਬਾਰੇ ਕੋਈ ਜਾਣਕਾਰੀ ਨਹੀਂ ਲਿਖੀ ਹੈ। ਕੇਂਦਰੀ ਵਜ਼ਾਰਤ ਵਿਚ ਸਭ ਤੋਂ ਜ਼ਿਆਦਾ ਸੰਪਤੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਹੈ, ਜੋ 113 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਦੂਜਾ ਨੰਬਰ ਹਰਸਿਮਰਤ ਕੌਰ ਬਾਦਲ ਦਾ ਹੈ, ਜਿਨ੍ਹਾਂ ਕੋਲ ਕੁੱਲ ਸੰਪਤੀ 108 ਕਰੋੜ ਰੁਪਏ ਦੇ ਕਰੀਬ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ 1.56 ਕਰੋੜ ਰੁਪਏ ਦੀ ਸੰਪਤੀ ਹੈ ਜਿਸ ਵਿਚੋਂ 4.80 ਲੱਖ ਰੁਪਏ ਦੇ ਗਹਿਣੇ ਹਨ।



## ਹਰਸਿਮਰਤ ਦੀ ਚੋਣ ਰੱਦ ਕਰਨ ਬਾਰੇ ਪਟੀਸ਼ਨ ਖਾਰਜ

**ਚੰਡੀਗੜ੍ਹ:** ਕੇਂਦਰੀ ਕੈਬਨਿਟ ਮੰਤਰੀ ਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਹਾਈਕੋਰਟ ਤੋਂ ਉਸ ਵੇਲੇ ਵੱਡੀ ਰਾਹਤ ਮਿਲ ਗਈ ਜਦੋਂ ਉਨ੍ਹਾਂ ਦੀ ਚੋਣ ਖਿਲਾਫ ਦਾਇਰ ਚੋਣ ਪਟੀਸ਼ਨ ਖ਼ਾਰਜ ਕਰ ਦਿੱਤੀ ਗਈ। ਹਾਈਕੋਰਟ ਦੇ ਬੈਂਚ ਵੱਲੋਂ ਇਸ ਬਾਬਤ ਬੀਤੀ 29 ਅਪਰੈਲ ਨੂੰ ਰਾਖਵਾਂ ਰੱਖਿਆ ਆਪਣਾ ਫ਼ੈਸਲਾ ਸੁਣਾ ਦਿੱਤਾ ਗਿਆ। ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨ.ਐੱਸ.ਯੂ.ਆਈ. ਦੇ ਕੌਮੀ ਸਕੱਤਰ ਨਵਜੋਤ ਸਿੰਘ ਵੱਲੋਂ ਬੀਤੇ ਸਾਲ ਜੂਨ ਮਹੀਨੇ ਹੀ ਆਪਣੇ ਵਕੀਲ ਤੇ ਪੰਜਾਬ ਕਾਂਗਰਸ ਦੇ ਕਾਨੂੰਨੀ ਬੁਲਾਰੇ ਐਡਵੋਕੇਟ ਸੁਰਜੀਤ ਸਿੰਘ ਸਵੈਚ ਰਾਹੀਂ ਹਾਈਕੋਰਟ ਵਿਚ ਇਹ ਚੋਣ ਪਟੀਸ਼ਨ ਦਾਇਰ ਕਰਦਿਆਂ ਬੀਬੀ ਬਾਦਲ ਉਤੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਤੈਅ ਹੱਦ ਤੋਂ ਵੱਧ 1.05 ਕਰੋੜ ਰੁਪਏ ਚੋਣ ਖ਼ਰਚ ਕਰਨ, ਪ੍ਰਚਾਰ ਵਿਚ ਕੌਮੀ ਝੰਡੇ ਤੇ ਸਿੱਖ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਜਿਹੇ ਦੋਸ਼ਾਂ ਲਾਉਂਦੇ ਹੋਏ ਚੋਣ ਰੱਦ ਕਰਨ ਦੀ ਮੰਗ ਕੀਤੀ ਗਈ ਸੀ।

# ਪੰਜਾਬ ਸਰਕਾਰ ਨੂੰ ਵਿਸਰ ਗਏ ਵਿਰਾਸਤੀ ਸ਼ਹਿਰ

**ਚੰਡੀਗੜ੍ਹ:** ਫੰਡਾਂ ਦੀ ਘਾਟ ਤੇ ਪੰਜਾਬ ਸਰਕਾਰ ਦੀ ਬੇਰੁਖੀ ਕਾਰਨ ਸੂਬੇ ਵਿਚ ਇਤਿਹਾਸਕ ਮਹੱਤਵ ਵਾਲੇ ਸੈਂਕੜੇ ਸਥਾਨ, ਪੁਰਾਤਨ ਲਿਖ਼ਤਾਂ, ਰਿਕਾਰਡ, ਅਜਾਇਬਘਰ ਤੇ ਸੱਭਿਆਚਾਰਕ ਤੇ ਵਿਰਾਸਤੀ ਨਿਸ਼ਾਨੀਆਂ ਅਲੋਪ ਹੋਣ ਦੀ ਕਗ਼ਾਰ ਉਤੇ ਹਨ। ਸਰਕਾਰ ਦੀ ਇਸ ਪਾਸੇ ਬੇਰੁਖ਼ੀ ਕਾਰਨ ਪੁਰਾਤਨ ਲਿਖਤਾਂ, ਰਿਕਾਰਡ ਤੇ ਹੋਰ ਪੁਰਾਤੱਤਵੀ ਨਿਸ਼ਾਨੀਆਂ ਅਲੋਪ ਹੋ ਰਹੀਆਂ ਹਨ ਤੇ ਇਤਿਹਾਸਕ ਖੋਜ ਤੇ ਸਾਹਿਤਕ ਕਾਰਜਾਂ ਵਿਚ ਵੀ ਖੜੋਤ ਆ ਚੁੱਕੀ ਹੈ। ਪੰਜਾਬ ਦੇ ਅਜਾਇਬਘਰਾਂ ਦੇ ਰੱਖ-ਰਖਾਅ ਤੇ ਵਿਕਾਸ ਲਈ ਪਿਛਲੇ ਪੰਜ ਸਾਲਾਂ ਦੌਰਾਨ ਕੋਈ ਵੀ ਫੰਡ ਜਾਰੀ ਨਹੀਂ ਹੋ ਸਕਿਆ। ਪੰਜਾਬ ਵਿਚ ਭਾਵੇਂ ਸੈਂਕੜੇ ਵਿਰਾਸਤੀ ਧਰੋਹਰਾਂ ਮੌਜੂਦ ਹਨ ਪਰ ਸਰਕਾਰ ਵੱਲੋਂ ਸਿਰਫ 10 ਅਜਾਇਬਘਰਾਂ ਨੂੰ ਹੀ ਸਾਂਭ-ਸੰਭਾਲ ਤੇ ਵਿਕਾਸ ਪੱਖੋਂ ਆਪਣੇ ਅਧਿਕਾਰ ਖੇਤਰ ਵਿਚ ਰੱਖਿਆ ਹੋਇਆ ਹੈ। ਇਨ੍ਹਾਂ ਵਿਚੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੇ ਅਜਾਇਬਘਰ, ਕਿਲ੍ਹਾ ਮੁਬਾਰਕ ਪਟਿਆਲਾ ਦੇ ਸ਼ੀਸ਼ ਮਹਿਲ ਗੈਲਰੀ, ਪੁਰਾਤੱਤਵ ਅਜਾਇਬਘਰ ਸੰਘੋਲ ਤੇ ਫ਼ਿਰੋਜ਼ਸ਼ਾਹ ਸਥਿਤ ਐਂਗਲੋ ਸਿੱਖ ਵਾਰ ਮੈਮੋਰੀਅਲ ਅਜਾਇਬਘਰ ਲਈ ਪਿਛਲੇ 5 ਸਾਲਾਂ 'ਚ ਕੇਂਦਰ ਨੇ 15.79 ਕਰੋੜ ਰੁਪਏ ਜਾਰੀ ਕੀਤੇ ਜਦੋਂਕਿ ਪੰਜਾਬ ਸਰਕਾਰ ਨੇ ਧੇਲਾ ਵੀ ਨਹੀਂ ਖ਼ਰਚਿਆ।



ਅੰਮ੍ਰਿਤਸਰ ਸਥਿਤ ਮਹਾਰਾਜਾ ਰਣਜੀਤ ਸਿੰਘ ਅਜਾਇਬਘਰ ਤੇ ਬਨਾਸਰ ਬਾਗ਼ ਅਜਾਇਬਘਰ ਸੰਗਰੂਰ ਸਮੇਤ ਦੂਜੇ ਅਜਾਇਬਘਰਾਂ ਦੀ ਹਾਲਤ ਫੰਡਾਂ ਦੀ ਘਾਟ ਕਾਰਨ ਨਿੱਘਰਦੀ ਜਾ ਰਹੀ ਹੈ। ਕਈ ਮਹੱਤਵਪੂਰਨ ਦੁਰਲਭ ਲਿਖ਼ਤਾਂ ਤੇ ਰਿਕਾਰਡ ਵਾਲੀ ਪਟਿਆਲਾ ਆਰਕਾਈਵਜ਼ ਦੀ ਤਾਂ ਹੋਂਦ ਹੀ ਗੁਆਚ ਗਈ ਜਾਪਦੀ ਹੈ। ਸਭਿਆਚਾਰ, ਅਜਾਇਬਘਰਾਂ ਤੇ ਪੁਰਾਤੱਤਵ ਰਿਕਾਰਡ ਦੇ ਰੱਖ-ਰਖਾਉ, ਸਾਂਭ-ਸੰਭਾਲ ਤੇ ਵਿਕਾਸ ਲਈ ਬਾਕਾਇਦਾ ਇਕ ਵੱਖਰਾ ਵਿਭਾਗ ਮੌਜੂਦ ਹੈ ਪਰ ਸੂਬੇ ਦੇ ਭਾਸ਼ਾ ਵਿਭਾਗ ਵਾਂਗ ਇਹ ਵੀ ਆਖ਼ਰੀ ਸਾਹਾਂ ਉੱਤੇ ਆਇਆ ਜਾਪਦਾ ਹੈ। ਇਨ੍ਹਾਂ ਵਿਭਾਗਾਂ ਲਈ ਸਰਕਾਰ ਸਿਰਫ਼ ਉਨਾ ਕੁ ਹੀ ਬਜਟ ਅਲਾਟ ਕਰਦੀ ਹੈ ਜਿੰਨੇ ਕੁ ਨਾਲ ਇਨ੍ਹਾਂ ਦੇ ਮੁੱਠੀ ਭਰ ਸਟਾਫ਼ ਨੂੰ ਤਨਖ਼ਾਹਾਂ ਮਿਲਦੀਆਂ ਰਹਿਣ ਤੇ ਵਿਭਾਗਾਂ ਦੀ ਹੋਂਦ ਬਚੀ ਰਹਿ ਸਕੇ। ਇਹੀ ਕਾਰਨ ਹੈ ਕਿ ਸੂਬੇ ਵਿਚ ਨਾ ਤਾਂ ਸਾਹਿਤ ਤੇ ਭਾਸ਼ਾਵਾਂ ਦਾ ਵਿਕਾਸ ਹੋ ਰਿਹਾ ਹੈ ਤੇ ਨਾ ਹੀ ਅਜਾਇਬਘਰਾਂ ਤੇ ਪੁਰਾਤੱਤਵੀ ਧਰੋਹਰਾਂ ਦੀ ਸਾਂਭ-ਸੰਭਾਲ ਹੋ ਰਹੀ ਹੈ। ਸਰਕਾਰ ਵੱਲੋਂ ਇਸ ਵਿੱਤੀ ਸਾਲ ਲਈ ਜਾਰੀ ਕੀਤੀ ਗਈ ਆਬਕਾਰੀ ਨੀਤੀ ਵਿਚ ਸ਼ਰਾਬ ਉੱਤੇ ਸਭਿਆਚਾਰਕ ਕਾਰਜਾਂ ਲਈ ਪੰਜ ਰੁਪਏ ਪ੍ਰਤੀ ਪਰੂਫ਼ ਲਿਟਰ ਵਾਧੂ ਲਾਇਸੈਂਸ ਫ਼ੀਸ ਲਗਾਈ ਗਈ ਹੈ ਜਿਸ ਤੋਂ ਸਾਲ ਦੌਰਾਨ 100 ਕਰੋੜ ਰੁਪਏ ਇੱਕਠੇ ਹੋਣ ਦਾ ਅਨੁਮਾਨ ਹੈ ਪਰ ਬਜਟ ਵਿਚ ਇਨ੍ਹਾਂ ਕਾਰਜਾਂ ਲਈ ਵਿਸ਼ੇਸ਼ ਫੰਡ ਦਾ ਕੋਈ ਉਪਬੰਧ ਨਹੀਂ ਕੀਤਾ ਗਿਆ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿਚ ਕਰਤਾਰਪੁਰ, ਹੁਸ਼ਿਆਰਪੁਰ, ਸੁਨਾਮ, ਫਤਿਹਗੜ੍ਹ ਸਾਹਿਬ, ਆਨੰਦਪੁਰ ਸਾਹਿਬ ਤੇ ਕਿਲ੍ਹਾ ਰਾਏਪੁਰ ਵਿਖੇ ਮਹਾਨ ਸ਼ਖ਼ਸੀਅਤਾਂ ਦੀ ਯਾਦ ਵਿਚ ਸਮਾਰਕ ਬਣਾਉਣ ਦਾ ਐਲਾਨ ਜ਼ਰੂਰ ਕੀਤਾ ਪਰ ਫੰਡਾਂ ਦੀ ਤਫ਼ਸੀਲ ਨਹੀਂ ਦੱਸੀ। ਸੂਬੇ ਦੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਹਾਲੇ ਤੱਕ ਕੋਈ ਸਭਿਆਚਾਰਕ ਨੀਤੀ ਤੈਅ ਨਹੀਂ ਕੀਤੀ ਗਈ ਜਿਸ ਕਰਕੇ ਅਸੱਭਿਅਕ ਗਾਇਕੀ ਸਿਖ਼ਰਾਂ ਛੋਹ ਰਹੀ ਹੈ ਤੇ ਨਿੱਤ ਨਵੇਂ ਵਿਵਾਦ ਉੱਠ ਰਹੇ ਹਨ।

# ਬਾਪੂ ਸੂਰਤ ਸਿੰਘ ਖਾਲਸਾ ਦੀ ਚੜ੍ਹਦੀ ਕਲਾ ਲਈ ਅਰਦਾਸ

**ਫਰੀਮਾਂਟ (ਬਿਊਰੋ):** ਸਥਾਨਕ ਝੀਲ ਐਲਿਜ਼ਾਬੈਥ ਉਤੇ ਸਿੱਖ ਸੰਗਤਾਂ ਵਲੋਂ ਮੋਮਬੱਤੀਆਂ ਜਗਾ ਕੇ ਬਾਪੂ ਸੂਰਤ ਸਿੰਘ ਖਾਲਸਾ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਦੇ ਸਿਰੜ ਤੇ ਸਹਿਜ ਨੂੰ ਸਜਦਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਭਾਈ ਖਾਲਸਾ ਵਲੋਂ ਭਾਰਤ ਦੀਆਂ ਜੇਲਾ ਵਿਚ ਸਜ਼ਾ ਪੂਰੀ ਕਰ ਚੁੱਕੇ ਸਿੰਘਾਂ ਦੀ ਰਿਹਾਈ ਲਈ ਰੱਖੀ ਗਈ ਭੁੱਖ ਹੜਤਾਲ ਸਵਾ ਸੌ ਦਿਨਾਂ ਦੇ ਨੇੜੇ ਪਹੁੰਚ ਚੁਕੀ ਹੈ। ਉਨ੍ਹਾਂ ਦੇ ਇਰਾਦੇ ਬੁਲੰਦ ਨੇ ਪਰ ਸਰੀਰ ਬੇਹੱਦ ਕਮਜ਼ੋਰ ਹੋ ਗਿਆ ਹੈ। ਉਨ੍ਹਾਂ ਦੇ ਪਰਿਵਾਰ, ਅਮਰੀਕੀ ਸਿੱਖ ਨੌਜਵਾਨਾਂ ਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਇਸ ਕੈਂਡਲ ਲਾਈਟ ਵਿਜਲ ਦਾ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਸਟਾਕਟਨ ਦੇ ਸਕੱਤਰ ਭਾਈ ਦਲਜੀਤ ਸਿੰਘ, ਗੁਰਦੁਆਰਾ ਸੈਨ ਹੋਜ਼ੇ ਤੋਂ ਭਾਈ ਸੁਖਦੇਵ ਸਿੰਘ ਬੈਨੀਵਾਲ, ਫਤਹਿ ਸਪੋਰਟਸ ਕਲੱਬ ਤੇ ਗੁਰਦੁਆਰਾ ਟਰਲਕ ਵਲੋਂ ਭਾਈ ਸੰਦੀਪ ਸਿੰਘ, ਗੁਰਦੁਆਰਾ ਮਿਲਪੀਟਸ ਵਲੋਂ ਡਾ. ਪ੍ਰਿਤਪਾਲ ਸਿੰਘ, ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵਲੋਂ ਪੂਨੀਤ ਕੌਰ ਖਾਲਸਾ, ਪੀਟਰ ਫਰੈਡਰਿਕ, ਓਰਗੇਨਾਈਜ਼ੇਸ਼ਨ ਫਾਰ ਮਾਈਨਾਰਟੀਜ਼ ਆਫ ਇੰਡੀਆ, ਜੋਧਬੀਰ ਸਿੰਘ (ਰੇਡੀਓ ਚੜ੍ਹਦੀ ਕਲਾ) ਸਮੇਤ ਹੋਰਨਾਂ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਬਾਪੂ ਸੂਰਤ ਸਿੰਘ ਦੇ ਦ੍ਰਿੜ ਇਰਾਦੇ ਦੀ ਸ਼ਲਾਘਾ ਕੀਤੀ। ਬੁਲਾਰਿਆਂ ਨੇ ਇਸ ਗੱਲ 'ਤੇ ਅਫਸੋਸ ਤੇ ਗੁੱਸਾ ਜ਼ਾਹਰ ਕੀਤਾ ਕਿ ਆਪਣੇ ਆਪ ਨੂੰ ਲੋਕਤੰਤਰੀ ਕਹਾਉਂਦੀ ਭਾਰਤ ਸਰਕਾਰ ਅਸਲ ਵਿਚ ਹਿੰਦੂ ਤਾਨਾਸ਼ਾਹਾਂ ਵਾਲਾ ਰਵੱਈਆ ਅਪਨਾ ਕੇ ਘੱਟ ਗਿਣਤੀਆਂ ਵਿਚ ਦਹਿਸ਼ਤ ਪੈਦਾ ਕਰ ਰਹੀ ਹੈ। ਚੌਪਈ ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਬਾਅਦ ਭਾਈ ਸੰਦੀਪ ਸਿੰਘ ਨੇ ਬਾਪੂ ਸੂਰਤ ਸਿੰਘ ਦੀ ਚੜ੍ਹਦੀ ਕਲਾ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ।





# ਭੁਪਿੰਦਰ ਸਿੰਘ ਢਿੱਲੋਂ ਵਲੋਂ ਹਮਾਇਤੀਆਂ ਲਈ ਪਰਿਵਾਰਕ ਪਿਕਨਿਕ



ਪਿਕਨਿਕ ਵਿਚ ਸ਼ਾਮਲ ਲੋਕ



**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਜਿਨ੍ਹਾਂ ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਸਿਟੀ ਕੌਂਸਲ ਲਈ ਚੋਣ ਲੜੀ ਸੀ, ਵਲੋਂ ਚੋਣ ਵਿਚ ਭਰਵੀਂ ਹਮਾਇਤ ਦੇਣ ਲਈ ਸਿੱਖ ਭਾਈਚਾਰੇ ਦਾ ਧੰਨਵਾਦ ਕਰਨ ਵਾਸਤੇ ਧੰਨਵਾਦੀ ਸਮਾਗਮ (ਪਿਕਨਿਕ) ਇਥੇ ਆਲਮ ਰਾਕ ਪਾਰਕ ਵਿਚ ਕਰਵਾਇਆ ਗਿਆ।

ਪਿਕਨਿਕ 'ਚ ਆਮ ਵੋਟਰਾਂ ਤੇ ਸੁਪੋਰਟਰਾਂ ਦੀ ਭਾਰੀ ਗਿਣਤੀ ਤੋਂ ਇਲਾਵਾ ਪੰਥਕ ਸੰਸਥਾਵਾਂ ਦੇ ਪ੍ਰਮੁੱਖ ਆਗੂਆਂ ਨੇ ਵੀ ਹਾਜ਼ਰੀ ਭਰੀ। ਇਨ੍ਹਾਂ 'ਚ ਗੁਰਦੁਆਰਾ ਸੈਨ ਹੋਜ਼ੇ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ ਅਲਾਇੰਸ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਕੌਂਸਲ ਆਫ ਖਾਲਿਸਤਾਨ, ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁਪ, ਬੇ ਏਰੀਆ ਸਿੱਖ ਅਲਾਇੰਸ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਆਫ ਅਮਰੀਕਾ ਅਤੇ ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਆਦਿ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਸਨ।

# ਡਾ. ਹਰਿੰਦਰ ਸਿੰਘ ਗਰੇਵਾਲ ਦੀ ਚੋਣ ਲਈ ਫੰਡ ਇਕੱਤਰ



**ਫਰਿਜ਼ਨੋ (ਬਿਊਰੋ):** ਸਾਲ 2016 ਵਿਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਕੈਲੀਫੋਰਨੀਆ ਦੇ ਡਿਸਟ੍ਰਿਕਟ 12 ਤੋਂ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਮਾਡੈਸਟੋ ਇਲਾਕੇ ਦੀ ਜਾਣੇ-ਪਛਾਣੇ ਸ਼ਖਸ ਡਾ. ਹਰਿੰਦਰ ਸਿੰਘ ਗਰੇਵਾਲ ਦੀ ਚੋਣ ਲਈ ਇਕ ਫੰਡਰੇਜ਼ ਡਿਨਰ ਲੰਘੇ ਦਿਨੀਂ ਡਾ. ਨਿਰਮਲ ਸਿੰਘ ਰਾਏ ਅਤੇ ਸਹਿਯੋਗੀਆਂ ਵਲੋਂ ਕੀਤਾ ਗਿਆ।

ਇਸ ਮੌਕੇ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਅਮਰੀਕੀ ਭਾਈਚਾਰੇ ਨੇ ਵੀ ਹਿੱਸਾ ਪਾਇਆ। ਵੱਖ-ਵੱਖ ਬੁਲਾਰਿਆ ਨੇ ਡਾ. ਗਰੇਵਾਲ ਦੀਆਂ ਪੰਜਾਬੀ ਅਤੇ ਭਾਰਤੀ ਭਾਈਚਾਰੇ ਲਈ ਕੀਤੇ ਕੰਮਾਂ ਦਾ ਜ਼ਿਕਰ ਕੀਤਾ।

ਇਸ ਸਮੇਂ ਡਾ. ਗਰੇਵਾਲ ਨੇ ਸਮੁੱਚੇ ਭਾਈਚਾਰੇ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ ਰਲ ਕੇ ਚੱਲਣ ਦੀ ਵਚਨਬੱਧਤਾ ਪ੍ਰਗਟਾਈ। ਡਾ. ਨਿਰਮਲ ਸਿੰਘ ਰਾਏ ਨੇ ਉਨ੍ਹਾਂ ਦੀ ਚੰਗੀ ਸ਼ਖਸੀਅਤ ਦਾ ਜ਼ਿਕਰ ਕੀਤਾ ਜਦਕਿ ਡਾ. ਮੀਤਇੰਦਰ ਕੌਰ ਰਾਏ ਨੇ ਸਮੂਹ ਔਰਤਾਂ ਤੋਂ ਸਹਿਯੋਗ ਦੀ ਮੰਗ ਕੀਤੀ। ਮਨੀਕ ਕੌਰ ਸੇਖੋਂ, ਜਗਤਾਰ ਸਿੰਘ ਸੇਖੋਂ, ਅਜੀਤ ਸਿੰਘ ਸੰਧੂ, ਪਰਮਿੰਦਰ ਸਿੰਘ ਗਰੇਵਾਲ ਅਤੇ ਹੋਰਨਾਂ ਬੁਲਾਰਿਆਂ ਨੇ ਡਾ. ਗਰੇਵਾਲ ਦੀ ਜਿੱਤ ਲਈ ਰਲ ਕੇ ਹੰਭਲਾ ਮਾਰਨ ਲਈ ਕਿਹਾ।

# ਜਥੇਦਾਰ ਜਗਜੀਤ ਸਿੰਘ ਗਾਭਾ ਦੀ ਕੈਲੀਫੋਰਨੀਆ ਫੇਰੀ

ਜਥੇਦਾਰ ਜਗਜੀਤ ਸਿੰਘ ਗਾਭਾ ਅੱਜ ਕੱਲ੍ਹ ਕੈਲੀਫੋਰਨੀਆ ਆਏ ਹੋਏ ਹਨ। ਜਥੇਦਾਰ ਗਾਭਾ ਜਲੰਧਰ ਸ਼ਹਿਰ ਦੇ ਗੁਰੂ ਤੇਗ ਬਹਾਦਰ ਨਗਰ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਮੁੱਖ ਸੇਵਾਦਾਰ ਹਨ ਅਤੇ 1994 ਤੋਂ ਇਹ ਸੇਵਾ ਨਿਭਾ ਰਹੇ ਹਨ। ਜਿਥੇ ਉਹ ਆਪ ਤਨ, ਮਨ ਤੇ ਧਨ ਨਾਲ ਗੁਰੂ ਸੇਵਾ ਵਿਚ ਜੁਟੇ ਹੋਏ ਹਨ, ਉਥੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਵੀ ਗੁਰੂ ਸੇਵਾ ਨੂੰ ਸਮਰਪਿਤ ਹੈ। ਜਦ ਉਹ 1994 ਵਿਚ ਇਸ ਸੇਵਾ ਵਿਚ ਆਏ ਤਾਂ ਗੁਰੂ ਘਰ ਦੀ ਇਮਾਰਤ ਦੇ ਸਿਰਫ ਦੋ ਕਮਰੇ ਸਨ, ਨਾਲ ਛੋਟੀ ਜਿਹੀ ਡਿਸਪੈਂਸਰੀ ਚੱਲਦੀ ਸੀ, ਪਰ ਅੱਜ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੀ ਸ਼ਾਨਦਾਰ ਤੇ ਅਲੌਕਿਕ ਆਭਾ ਵਾਲੀ ਸੁੰਦਰ ਇਮਾਰਤ ਹੈ ਜੋ ਉਨ੍ਹਾਂ ਅਤੇ ਸਹਿਯੋਗੀ ਪ੍ਰਬੰਧਕ ਕਮੇਟੀ ਦੀ ਅਣਥੱਕ ਮਿਹਨਤ ਤੇ ਗੁਰੂ ਕਿਰਪਾ ਨਾਲ ਪਰਵਾਨ ਹੋਈ ਹੈ।

ਜਿਥੇ ਇਸ ਗੁਰੂ ਘਰ ਵਿਚ ਕੀਰਤਨ ਤੇ ਕਥਾ ਦੇ ਪ੍ਰਵਾਹ ਚੱਲਦੇ ਹਨ, ਉਥੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਦਾ ਹੈ। ਜਲੰਧਰ ਸ਼ਹਿਰ ਵਿਚ ਅਣਗਿਣਤ ਗੁਰੂ ਘਰ ਹਨ ਪਰ ਗੁਰਦੁਆਰਾ ਨੌਵੀਂ ਪਾਤਸ਼ਾਹੀ ਦਾ ਨਾਮ ਜੇ ਪਹਿਲੇ ਨੰਬਰ ਉਤੇ ਆਖ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਜਥੇਦਾਰ ਜਗਜੀਤ ਸਿੰਘ ਗਾਭਾ ਅਣਥੱਕ ਸੇਵਾਦਾਰ ਅਤੇ ਗੁਰੂ ਰੰਗ ਵਿਚ ਰੰਗੇ ਹੋਏ ਹਨ। ਗੁਰੂ ਘਰ ਦੀ ਇਮਾਰਤ ਦਾ ਅੰਦਰਲਾ ਨਜ਼ਾਰਾ ਅਤਿਅੰਤ ਪਿਆਰਾ ਹੈ।



ਦਰਬਾਰ ਹਾਲ ਦੇ ਅੰਦਰ ਬਜ਼ੁਰਗਾਂ ਦੇ ਬੈਠਣ ਵਾਸਤੇ ਜੋ ਪ੍ਰਬੰਧ ਕੀਤੇ ਗਏ ਹਨ, ਉਹ ਸ਼ਬਦ ਗੁਰੂ ਦੇ ਸਤਿਕਾਰ ਨੂੰ ਮੁਖ ਰੱਖ ਕੇ ਸੁਚੱਜੇ ਤਰੀਕੇ ਨਾਲ ਕੀਤੇ ਗਏ ਹਨ। ਉਥੇ ਆਰਾਮਦੇਹ ਸੀਟਾਂ ਉਤੇ ਬੈਠ ਕੇ ਬਜ਼ੁਰਗ ਕੀਰਤਨ ਤੇ ਕਥਾ ਦਾ ਅਨੰਦ ਮਾਣ ਸਕਦੇ ਹਨ। ਦੂਜੀ ਅਨੋਖੀ ਤੇ ਨਿਆਰੀ ਸੇਵਾ ਇਹ ਹੈ ਕਿ ਗੁਰੂ ਘਰ ਵਲੋਂ 54 ਸੀਟਾਂ ਵਾਲੀ ਵੱਡੀ ਬੱਸ ਖਰੀਦੀ ਹੋਈ ਹੈ ਜੋ ਸ਼ਰਧਾਲੂਆਂ ਨੂੰ ਹਰ ਰੋਜ਼ ਸਵੇਰੇ-ਸ਼ਾਮ ਘਰੋ-ਘਰੀ ਛੱਡ ਕੇ ਵੀ ਆਉਂਦੀ ਹੈ। ਗੁਰੂ ਘਰ ਦੀ ਇਕ ਵੱਡੀ ਵੈਨ ਵੀ ਹੈ ਜਿਸ ਵਿਚ ਸੀਟਾਂ ਕੱਢ ਕੇ ਕਾਰਪੈਟ ਵਿਛਾਇਆ ਗਿਆ ਹੈ ਅਤੇ ਗੁਰੂ ਦੀ ਸਵਾਰੀ ਜਦ ਕਿਤੇ ਜਾਂਦੀ ਹੈ ਤਾਂ ਬਾਕਾਇਦਾ ਪੰਜ ਸਿੰਘ ਜੋੜੇ ਉਤਾਰ ਕੇ ਮਰਿਆਦਾ ਸਹਿਤ ਸਵਾਰੀ ਨਾਲ ਜਾਂਦੇ ਹਨ। ਹਰ ਸਨਿਚਰਵਾਰ ਤੇ ਐਤਵਾਰ ਗੁਰਮਤਿ ਦੀਆਂ ਕਲਾਸਾਂ ਲੱਗਦੀਆਂ ਹਨ ਤੇ ਬੱਚਿਆਂ ਨੂੰ ਦਸਤਾਰਾਂ ਤੇ ਦੁਮਾਲੇ ਸਜਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਕਲਾਸਾਂ ਦੀ ਸੇਵਾ ਜਥੇਦਾਰ ਗਾਭਾ ਦੇ ਪੁੱਤਰ ਮਨਪ੍ਰੀਤ ਸਿੰਘ ਗਾਭਾ ਨਿਭਾ ਰਹੇ ਹਨ।

ਜਥੇਦਾਰ ਗਾਭਾ ਤੇ ਇਨ੍ਹਾਂ ਦੇ ਸਾਥੀ ਸੇਵਾਦਾਰਾਂ ਦੀਆਂ ਸੇਵਾਵਾਂ ਸਦਕਾ ਹੀ ਗੁਰੂ ਘਰ ਦੇ ਨਾਲ ਸ਼ਾਨਦਾਰ ਹਸਪਤਾਲ ਵੀ ਚੱਲ ਰਿਹਾ ਹੈ ਜਿਥੇ ਨਾਮਵਰ ਡਾਕਟਰ ਮਾਨਵਤਾ ਦੀ ਸੇਵਾ ਕਰ ਰਹੇ ਹਨ। ਇਹ ਗੁਰੂ ਅਸਥਾਨ ਅਤੇ ਹਸਪਤਾਲ ਜਲੰਧਰ ਹੀ ਨਹੀਂ, ਸਗੋਂ ਪੰਜਾਬ ਵਿਚ ਸਰਬੱਤ ਦਾ ਭਲਾ ਮੰਗਣ ਵਾਲੀ ਸੰਸਥਾ ਬਣ ਕੇ ਸੇਵਾ ਕਰ ਰਿਹਾ ਹੈ। ਜਥੇਦਾਰ ਗਾਭਾ ਨਾਲ ਫੋਨ ਨੰਬਰ 510-589-3115 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ ਵਾਜਬ ਰੇਟ
Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਪਿੰਡ ਪ੍ਰੋਡਕਸ਼ਨ ਦਾ ਵਿਸਾਖੀ ਮੇਲਾ: ਖੂਬ ਪਿਆ ਸੁਰੀਲੀਆਂ ਸੁਰਾਂ ਦਾ ਛਰਾਟਾ










**ਡਿਟਰਾਇਟ, ਮਿਸ਼ੀਗਨ (ਐਸ. ਅਸ਼ੋਕ ਭੌਰਾ):** ਪਰਦੇਸੀਂ ਵੱਸਦੇ ਪੰਜਾਬੀਆਂ ਨੇ ਆਪਣਾ ਤੂੜੀ-ਤੰਦ ਤਾਂ ਨਹੀਂ ਸਾਂਭਣਾ ਹੁੰਦਾ, ਪਰ ਪਿਛਲੇ ਕੁਝ ਅਰਸੇ ਤੋਂ ਆਪਣੇ ਵਿਰਸੇ ਤੇ ਬੋਲੀ ਜਾਂ ਗੀਤ-ਸੰਗੀਤ ਤੇ ਮੇਲਿਆਂ ਪ੍ਰਤੀ ਪੰਜਾਬੀ ਜਿੰਨੇ ਸੁਚੇਤ ਹੋ ਰਹੇ ਹਨ, ਉਹਦੇ ਨਾਲ ਪੰਜਾਬ ਵਸਦੇ ਲੋਕਾਂ ਨੂੰ ਵੀ ਅੰਦਰੋਂ ਝੰਜੋੜਿਆ ਜਾ ਰਿਹਾ ਹੈ। ਇਹ ਸਾਰਾ ਇੰਤਕਾਲ ਸੋਸ਼ਲ ਮੀਡੀਆ ਨਾਲੋ-ਨਾਲ ਕਰੀ ਜਾ ਰਿਹਾ ਹੈ।

ਪ੍ਰੋ. ਮੋਹਨ ਸਿੰਘ ਮੇਲਾ ਪੂਰੇ ਪੱਚੀ ਸਾਲ ਵੇਖਿਆ, ਆਪ ਅੱਠ ਸਾਲ ਸ਼ੌਂਕੀ ਮੇਲਾ ਲਾਇਆ, ਬੜੇ ਮੁਲਕਾਂ ਵਿਚ ਖੇਡ ਮੇਲੇ ਵੇਖੇ, ਗੀਤ-ਸੰਗੀਤ ਦੇ ਵੱਡੇ-ਵੱਡੇ ਇਕੱਠ ਵੀ, ਪਰ ਹਾਲ ਹੀ ਵਿਚ ਡਿਟਰਾਇਟ ਤੋਂ ਦਰਸ਼ਨ ਸਿੰਘ ਗਰੇਵਾਲ ਤੇ ਸਿਆਨ ਵੀਡੀਓ ਦੇ ਰਾਜਿੰਦਰ ਦੇ ਬੁਲਾਏ ਉਤੇ ਮਿਸ਼ੀਗਨ ਦੇ ਗੱਭਰੂ ਤੇ ਹਿੰਮਤੀ ਪੰਜਾਬੀਆਂ ਦੀ ਸੰਸਥਾ 'ਪਿੰਡ ਪ੍ਰੋਡਕਸ਼ਨ' ਦਾ ਵਿਸਾਖੀ ਮੇਲਾ ਦੇਖਣ ਦਾ ਮੌਕਾ ਮਿਲਿਆ ਤਾਂ ਲੱਗਾ ਕਿ ਪੰਜਾਬ ਵਿਚ ਤਾਂ ਭਾਵੇਂ ਹੁਣ ਜੱਟ ਦਮਾਮੇ ਮਾਰਦੇ ਮੇਲੇ ਨੂੰ ਨਹੀਂ ਜਾਂਦੇ ਪਰ ਇਥੇ ਵਿਸਾਖੀ ਦੀਆਂ ਲੁੱਡੀਆਂ ਜ਼ਰੂਰ ਪੈਣ ਲੱਗ ਪਈਆਂ ਹਨ। ਇਹ ਮੇਲੇ ਇਸ ਕਰ ਕੇ ਵੀ ਲੋਕਾਂ ਦੇ ਦਿਲਾਂ ਅੰਦਰ ਵੜ ਰਹੇ ਹਨ ਕਿਉਂਕਿ ਇਥੇ ਕਿਹੜਾ ਪੱਕੇ ਲੀਡਰਾਂ ਨੇ ਕੱਚੇ ਸਿਆਸੀ ਭਾਸ਼ਣ ਕਰਨੇ ਹੁੰਦੇ ਹਨ!

ਹੁਣ ਇਸੇ ਮੇਲੇ ਦੀ ਤਸਵੀਰ ਖਿੱਚਣ ਲੱਗਾ ਹਾਂ, ਤੁਹਾਨੂੰ ਵੀ ਲੱਗੇਗਾ ਕਿ ਜੋ ਮੈਂ ਕਹਿ ਰਿਹਾਂ, ਉਹਨੂੰ ਤਸਦੀਕ ਕਰਨਾ ਹੀ ਚਾਹੀਦਾ ਹੈ...ਕੈਂਟਨ ਵਿਚ ਹੋਣ ਵਾਲੇ ਵਿਸਾਖੀ ਮੇਲੇ ਦੇ ਆਡੀਟੋਰੀਅਮ ਵੱਲ ਕਾਰ ਪਾਰਕਾਂ ਦੇ ਹਾਲਾਤ ਇਹ ਸਨ: ਪੰਦਰਾਂ ਦੀ ਸਾਰੀ ਟਿਕਟ ਸੀ ਤੇ ਲੱਦ ਸਾਰਾ ਟੱਬਰ ਲਿਆਂਦਾ। ਹੁਣ ਦਵਿੰਦਰ ਕਹੀ ਜਾਂਦਾ, ਟਿਕਟਾਂ ਹੈ ਨ੍ਹੀਂ। ਭਲਾ ਅਸੀਂ ਸ਼ੁਦਾਈ ਆਂ ਜਿਹੜੇ ਢਾਈ ਸੌ ਮੀਲ ਤੋਂ ਜੀਅ-ਜੰਤ ਖਿੱਚੀ ਲਿਆਂਦਾ...ਇਹ ਤਾਂ ਬਈ ਕੁਛ ਨ੍ਹੀਂ ਗੱਲ...ਹਾਅ ਦੇਖ ਬੰਦਾ ਚੰਗਾ ਭਲਾ, ਹਵਾੜ ਸਵੇਰੇ ਮਾਰਨ ਲੱਗ ਪਿਐ...ਬੇਬੇ ਚੁੱਪ ਕਰ ਕੇ ਤੁਰੀ ਚੱਲ, ਗੋਡੇ ਚਲਦੇ ਨ੍ਹੀਂ, ਮੂੰਹ ਚੱਲੀ ਜਾਂਦੈ...ਵੇ ਤੀਰਥਾ! ਫਿਟੇ ਮੂੰਹ ਤੇਰੇ, ਮਾਂ ਨੂੰ ਐਵੇਂ ਬੋਲੀ ਜਾਨੈ...ਆਉਣਾ ਤਾਂ ਹੈ ਨ੍ਹੀਂ ਸੀ, ਮੈਂ ਤਾਂ ਬਾਵੇ ਨੂੰ ਸੁਣਨ ਕਰ ਕੇ ਆ ਗਈ, ਪਈ ਬੜੇ ਤਵੇ ਲਾਉਂਦਾ ਬਾਦਲਾਂ 'ਤੇ...ਸਾਲੀ ਐਥੇ ਪਾਰਕਿੰਗ ਨ੍ਹੀਂ ਮਿਲਦੀ, ਉਧਰ ਲਾਈ ਤਾਂ ਐਡੀ ਦੂਰ ਘੁੱਟ ਲਾਉਣੀ ਔਖੀ ਹੋ ਜਾਣੀ ਆ...ਹੈ ਹਾ ਨ੍ਹੀਂ ਬਹੂ ਤੈਨੂੰ ਕੀ ਹੋਇਆ ਤੀ, ਤੂੰ ਵੀ ਦੇ ਲੈਂਦੀ ਗੇੜਾ...ਵੇਖ ਅੱਜ ਰੱਬ ਲੈਣ ਆਇਆ, ਕਿਵੇਂ ਗਿੱਧਾ ਪਾਉਣ ਲਈ ਘਰੋਂ ਤਿਆਰ ਹੋ ਕੇ ਆਈਆਂ, ਪਰਸੋਂ ਕੰਮ 'ਤੇ ਸਿਆਣ ਨ੍ਹੀਂ ਹੋਣੀਆਂ...ਬਈ ਦਵਿੰਦਰ, ਗੀਤ ਕੰਠ ਤੋਂ ਉਹ ਲੁਆ ਦੇ 'ਕਿਸੇ ਕਿਸੇ ਇਨਸਾਨ 'ਚ'... ਡੱਫੀਂ ਘੱਟ...ਟਿਕਟਾਂ ਤੇਰਾਂ ਸੌ ਵੇਚ 'ਲੀਆਂ, ਕਪੈਸਟੀ ਸੱਤ ਸੌ ਦੀ ਆ...ਫਾਇਰ ਆਲਾ ਆਕੜਿਆ ਫਿਰਦਾ, ਇਕ ਨ੍ਹੀਂ ਉਪਰ ਹੋਣ ਦੇਣਾ... ਹਾਲੇ ਚਾਰ-ਪੰਜ ਸੌ ਬਾਹਰ ਤੁਰਿਆ ਫਿਰਦਾ...ਮੈਂ ਤਾਂ ਕਹਿੰਨਾ, ਬਾਵੇ ਤੋਂ ਇਕ ਗੀਤ ਹੀ ਸੁਣ ਲਈਏ, ਭਾਵੇਂ ਹੋ ਜੇ ਸਭ ਕੁਝ ਬੰਦ...ਦਵਿੰਦਰ ਆਏਂ ਟੈਨਸ਼ਨ ਵਿਚ ਚੀਕਾਂ ਮਾਰ ਰਿਹਾ ਸੀ।





ਖੈਰ! 'ਪਿੰਡ ਪ੍ਰੋਡਕਸ਼ਨ' ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ ਕਿ ਮੇਲਾ ਵਿਸਾਖੀ ਵਰਗਾ ਹੀ ਲੱਗਾ। ਮਿਸ਼ੀਗਨ ਦੇ ਸਿਤਾਰੇ, ਸ਼ੌਕੀਨ ਗੱਭਰੂ ਤੇ ਮਹਿਕ ਪੰਜਾਬ ਦੀ, ਸੋਹਣੀਆਂ ਪੰਜਾਬਣਾਂ ਦੇ ਭੰਗੜੇ ਤੇ ਗਿੱਧੇ ਨੇ ਦੱਸ ਦਿੱਤਾ ਕਿ ਪ੍ਰੋਗਰਾਮ ਇਕੱਲੇ ਗਾਉਣ ਵਾਲਿਆਂ ਦਾ ਨਹੀਂ, ਵਿਸਾਖੀ ਤੇ ਬੋਲੀਆਂ ਦਾ ਵੀ ਐ...ਟੋਰਾਂਟੋ ਤੋਂ ਆਈ ਗਿੱਧੇ ਦੀ ਟੀਮ ਵਿਚ ਕੁੜੀਆਂ ਤਾਂ ਭਾਵੇਂ ਪੰਜ ਹੀ ਸਨ, ਪਰ ਧਮਕ ਨਾਲ ਸਟੇਜ ਕੰਬਣ ਲਾ ਦਿੱਤੀ, ਤੇ ਲੋਕਲ ਗਾਇਕਾਂ ਕੇ ਵੀ ਸਿੰਘ ਤੇ ਨਿਰਮਲ ਨਿੰਮੇ ਨੇ ਵੀ ਕਾਫੀ ਰੰਗ ਬੰਨ੍ਹਿਆ।

ਰਾਜਵੀਰ ਐਂਟਰਟੇਨਮੈਂਟ ਤੇ ਲਖਵੀਰ ਜੌਹਲ ਦੀ ਟੀਮ ਨੇ ਵਾਕਿਆ ਹੀ ਵਿਸਾਖੀ ਦਾ ਸਿਖਰ ਦਿਖਾਇਆ। ਵਾਰਿਸ ਹੋਰਾਂ ਲਈ ਰੀੜ੍ਹ ਦੀ ਹੱਡੀ ਵਾਂਗ ਕੰਮ ਕਰਨ ਵਾਲੇ ਦੀਪਕ ਵਾਲੀ ਨੇ ਸਭ ਤੋਂ ਪਹਿਲਾਂ ਬੀਬਾ ਕਿਰਨਦੀਪ ਭੁੱਲਰ ਨੂੰ ਪੇਸ਼ ਕੀਤਾ, ਤੇ ਫਿਰ ਗੀਤ-ਸੰਗੀਤ ਦੇ ਤ੍ਰਿੰਜਣ ਵਿਚ ਜਿਹੜੇ ਧੁਨਾਂ ਦੇ ਚਰਖੇ ਚੱਲੇ, ਉਨ੍ਹਾਂ ਦੀ ਝਲਕ ਵੇਖੋ...ਕਿਰਨਦੀਪ ਭੁੱਲਰ ਨੇ ਗਾਇਆ, 'ਚੰਡੀਗੜ੍ਹ ਜੂਲੀਅਟ ਤੜਫ ਰਹੀ, ਮੇਰਾ ਰੋਮੀਓ ਨੱਕੇ ਮੋੜ ਰਿਹਾ', 'ਤੂੰ ਕਿਹੜਾ ਨਿੱਤ ਆਖਣਾ'। ਖੈਰ! ਪੂਰਾ ਜ਼ੋਰ ਲਾ ਕੇ ਗਾਉਣ ਦੀ ਸਿਖਰ ਬਣਾਉਣ ਦੀ ਕੋਸ਼ਿਸ਼ ਪੂਰੀ ਕੀਤੀ। ਅਸਲ ਵਿਚ ਪਹਿਲੀ ਵਾਰ ਸੀ ਜਦੋਂ ਲੱਗਿਆ ਕਿ ਲੋਕ ਗੁਰਦਾਸ ਦੇ ਸ਼ੋਆਂ ਤੋਂ ਬਾਅਦ ਇਓਂ ਵੀ ਪਰਿਵਾਰ ਨਾਲ ਬਹਿ ਕੇ ਸੁਣ ਲੈਂਦੇ ਹਨ।





ਲਖਵਿੰਦਰ ਵਡਾਲੀ ਨੇ ਬਾਪੂ ਪੂਰਨ ਚੰਦ ਅਤੇ ਚਾਚੇ ਪਿਆਰੇ ਲਾਲ ਨੂੰ ਇਕ ਤਰ੍ਹਾਂ ਨਾਲ ਹਾਜ਼ਰ ਕਰ ਦਿੱਤਾ। 'ਮਾਹੀਆ ਵੇ ਤੇਰੇ ਦੇਖਣ ਨੂੰ, ਚੱਕ ਚਰਖਾ ਵੀਹੀ ਦੇ ਵਿਚ ਡਾਹਵਾਂ' ਨਾਲ ਉਹ ਸਿਖਰ ਸਿਰਜ ਗਿਆ, ਬਲਕਿ ਕਈ ਥਾਂ ਉਹਦੀਆਂ ਸੁਰਾਂ ਇੰਨ-ਬਿੰਨ ਪਿਆਰੇ ਲਾਲ ਦੀ ਝਲਕ ਪਾਉਂਦੀਆਂ ਰਹੀਆਂ। ਅਸਲ ਵਿਚ ਵਡਾਲੀ ਦੇ ਗੀਤਾਂ ਨਾਲ ਮਾਹੌਲ ਅਜਿਹਾ ਬਣਿਆ ਕਿ ਇਕ ਚਿੱਟ ਕੱਪੜੀਏ ਲੰਮੇ ਸ਼ਰਾਬੀ ਦੀ ਚੁੱਪ ਵਰਗੀ ਰੌਲੀ ਤੋਂ ਸਿਵਾ ਸ਼ਾਇਦ ਕੋਈ ਉਚੀ ਵੀ ਨਾ ਬੋਲਿਆ ਹੋਵੇ। ਸ਼ਾਇਰੀ ਦੀ ਸਿਖਰ ਨਾਲ ਲੱਗਾ ਕਿ ਚੰਗਾ ਸੁਣਨ ਵਾਲੇ ਹਾਲੇ ਬਹੁਤ ਹਨ। 'ਤੇਰੇ ਬਿਨਾਂ ਰਾਂਝਣਾਂ ਵੇ ਹੀਰ ਕਿਹੜੇ ਕੰਮ ਦੀ' ਅਤੇ ਇਸ਼ਕੇ ਦੀ ਗਲੀ ਤੋਂ ਚਰਖਾ ਚੁੱਕਣ ਵਿਚ ਡਾਹੁਣ ਤੱਕ ਵਾਰਿਸ ਵਡਾਲੀ ਬੰਧੂ ਤਾਂ ਬਹਿ ਕੇ ਸਿਖਰ ਸਿਰਜਦੇ ਸਨ ਪਰ ਪੁੱਤਰ ਸਮੇਂ ਦਾ ਹਾਣੀ ਹੋ ਕੇ ਵੀ ਕਮਾਲ ਕਰ ਰਿਹੈ। ਉਹਦੀ ਸ਼ਾਇਰੀ ਦਾ ਹਰ ਬੋਲ ਸਹੀ ਅਰਥਾਂ ਵਿਚ ਬੋਚਿਆ ਗਿਆ। ਕੰਠ ਕਲੇਰ ਦਾ ਤਾਂ ਖੈਰ ਮੁਕਾਮ ਹੀ ਆਪਣਾ ਹੈ, ਤੇ ਉਹਦੇ ਜਿਹਾ ਕੋਈ ਹੋਰ ਨਹੀਂ ਵਾਲੀ ਗੱਲ ਹੈ। 'ਜੇ ਤੂੰ ਸਮਝੇ ਤਾਂ ਮੋਤੀ, ਜੇ ਨਾ ਸਮਝੇਂ ਤਾਂ ਪਾਣੀ', 'ਕਿਸੇ ਕਿਸੇ ਇਨਸਾਨ 'ਚ', 'ਦਿਲ ਦੀ ਗੱਲ ਹੈ ਸੱਜਣਾ, ਵੇ ਕਿਸੇ ਦਿਲ ਵਾਲੇ ਨੂੰ ਦੱਸਾਂਗੇ', 'ਹਰ ਬੰਦੇ ਨੂੰ ਕੰਮ ਨਾਲ ਇਥੇ ਮਤਲਬ ਹੈ', 'ਰੱਬ ਜਦੋਂ ਮਾਰਦਾ ਤਾਂ ਮੱਤ ਮਾਰਦਾ', ਤੇ 'ਕੈਸਾ ਇਹ ਪਰਦੇਸ' ਨਾਲ ਸਭ ਦੇ ਦਿਲ ਲੁੱਟਣ ਵਾਲਾ ਕੰਠ ਨਚਾਉਣ ਵਿਚ ਵੀ ਸਫਲ ਰਿਹਾ।

ਰਣਜੀਤ ਬਾਵਾ...ਗਾਇਕੀ ਦਾ ਬਾਵਾ ਹੀ ਹੈ। ਅਲੂੰਆਂ ਜਿਹਾ ਮੁੰਡਾ, ਮੱਸ-ਫੁੱਟ, ਪਰ ਲੋਕਾਂ ਵਿਚ ਲੋਹੜੇ ਦਾ ਕਰੇਜ਼। ਮੁੰਡਿਆਂ ਵਿਚ ਵੀ ਬਹੁਤ, ਕੁੜੀਆਂ ਵਿਚ ਵੀ, ਬੀਬੀਆਂ ਵਿਚ ਵੀ, ਤੇ ਕਮਾਲ ਇਹ ਸੀ ਕਿ ਡਾਕਟਰ, ਇੰਜੀਨੀਅਰ ਵੀ ਵੱਡੀ ਗਿਣਤੀ ਵਿਚ ਬਾਵੇ ਕਰ ਕੇ ਆਏ ਸਨ; ਉਂਜ, ਇਸ ਵਰਗ ਦੀਆਂ ਮਹਿਫਿਲਾਂ ਹੋਰ ਤਰ੍ਹਾਂ ਦੀਆਂ ਹਾਈ-ਫਾਈ ਹੁੰਦੀਆਂ ਨੇ। 'ਯਾਰੀ ਚੰਡੀਗੜ੍ਹ ਵਾਲੀਏ ਨੀ ਤੇਰੀ', 'ਬਾਵਿਆ ਬੋਲ', 'ਜਿੰਨੇ ਦੀ ਤੇਰੀ ਜੀਨ', 'ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ', 'ਭੰਨ੍ਹ ਕੇ ਟਰੱਕ ਬਹਿ ਗਿਆ', 'ਫਾਟਕ ਕੋਟਕਪੂਰੇ ਦਾ'...ਸ਼ਾਇਰੀ ਦਾ ਪੂਰਾ ਚਿੱਠਾ। ਰਾਜਨੀਤੀ 'ਤੇ ਟਕੋਰਾਂ। ਤੇ ਪਹਿਲੀ ਵਾਰ ਇੰਨਾ ਕਮਾਲ ਦਾ ਸੰਗਮ- ਵਡਾਲੀ, ਕੰਠ ਤੇ ਬਾਵਾ। ਉਦਣ ਲੱਗਾ ਸੀ ਕਿ ਲੋਕਾਂ ਨੇ ਇਹ ਤਿੰਨੇ ਕਲਾਵੇ ਵਿਚ ਕਿਉਂ ਲਏ ਹੋਏ ਹਨ!


'ਪਿੰਡ ਪ੍ਰੋਡਕਸ਼ਨ' ਅਤੇ ਦਵਿੰਦਰ ਇਕੋ ਸਿੱਕੇ ਦੇ ਪਹਿਲੂ। ਉਂਜ ਚਰਨਜੀਤ ਸੇਖੋਂ, ਸੁੱਖੀ ਨਰਵਾਲ, ਗੋਲਡੀ ਢਿੱਲੋਂ, ਅਮਨ ਮੁੰਡੀ, ਲਾਲੀ ਮਾਂਗਟ, ਗੁਰਨੇਕ ਧਨੋਆ, ਜਸਵਿੰਦਰ ਸੱਲ੍ਹ, ਰਣਜੀਤ ਸਿੰਘ ਤੇ ਰਾਜਿੰਦਰ ਸਿਆਨ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ। ਮੇਲੇ ਵਿਚ ਵੱਡੇ-ਵੱਡੇ ਲੋਕ ਆਏ, ਪਰ ਚੈਨ ਸਿੰਘ ਸੰਧੂ ਤੇ ਦਰਸ਼ਨ ਸਿੰਘ ਗਰੇਵਾਲ ਨੇ ਮੇਲੇ ਦਾ ਸਿਖਰ ਵੀ ਵੇਖਿਆ ਤੇ ਸਭ ਤੋਂ ਵੱਧ ਸਮਾਂ ਵੀ ਪਰਿਵਾਰ ਨਾਲ ਮੇਲੇ ਨੂੰ ਦਿੱਤਾ। ਹਰਵਿੰਦਰ ਰਿਆੜ ਜਸ ਪੰਜਾਬੀ ਟੀ.ਵੀ. ਦੀ ਟੀਮ ਨਾਲ ਹਾਜ਼ਰ ਸੀ। ਕੈਮਰੇ ਕਰੇਨਾਂ ਉਤੇ ਵੀ, ਅਤੇ ਹੱਥਾਂ ਵਿਚ ਵੀ ਚੱਲਦੇ ਰਹੇ। ਬੱਚੇ ਖੇਡਦੇ ਰਹੇ। ਸਟਾਲ ਵੀ ਸਨ, ਬੱਚੇ ਵੀ ਸਨ, ਬੁੱਢੇ ਵੀ ਸਨ, ਬੀਬੀਆਂ ਵੀ ਤੇ ਯੁਵਾ ਪੀੜ੍ਹੀ ਵੀ। ਬਹੁਤਾ ਮੰਚ ਸੰਚਾਲਨ ਦਵਿੰਦਰ ਗਰੇਵਾਲ ਨੇ ਕੀਤਾ।

ਸੱਤ-ਅੱਠ ਘੰਟੇ ਬਹਿ ਕੇ ਵੀ ਲੋਕ ਨਾ ਉਠੇ, ਮੇਲਾ ਮੁੱਕਦਾ ਨਹੀਂ ਸੀ, ਮੁਕਾਉਣਾ ਪਿਆ। ਇਕ ਗੱਲ ਚੇਤੇ ਵਿਚ ਵੱਸ ਗਈ...ਮੇਲਾ ਮੁੱਕਿਆ, ਗੇਟ ਖੁੱਲ੍ਹੇ, ਕੋਈ ਬੰਦਾ ਅੱਧਾ ਕੁ ਸ਼ਰਾਬੀ ਸੀ। ਪੁੱਛਣ ਲੱਗਾ, 'ਬਾਵਾ?' ਕਿਸੇ ਨੇ ਕਿਹਾ, 'ਉਹ ਤਾਂ ਚਲੇ ਗਿਆ'। ਫਿਰ ਕਹਿੰਦਾ, 'ਕੰਠ?' ਉਤਰ ਮਿਲਿਆ, 'ਉਹ ਵੀ ਗਿਆ।' 'ਵਡਾਲੀ?' 'ਉਹ ਵੀ।' 'ਬੀਬੀ...?' 'ਉਹ ਵੀ ਗਈ।' ਮੱਥੇ 'ਤੇ ਹੱਥ ਮਾਰ ਕੇ ਆਂਹਦਾ- 'ਦਵਿੰਦਰ, ਆਹ ਮਾੜੀ ਕੀਤੀ ਤੈਂ, ਅੰਦਰ ਤਾਂ ਚਲੋ ਵੜ ਨ੍ਹੀਂ ਹੋਇਆ, ਸਾਲੀ ਫੋਟੋ ਵੀ ਰਹਿ ਗਈ।'

ਇਹ ਵਿਸਾਖੀ, ਮੇਲੇ ਵਾਂਗ ਵਿਸਾਖੀ ਹੀ ਲੱਗੀ, ਤੇ ਚਿਰਾਂ ਪਿਛੋਂ ਪ੍ਰਤੱਖ ਦੇਖਿਆ ਕਿ ਅਜਿਹੇ ਸੰਗੀਤ ਪ੍ਰੋਗਰਾਮ ਪਰਿਵਾਰ ਨਾਲ ਬਹਿ ਕੇ ਦੇਖੇ ਜਾ ਸਕਦੇ ਹਨ।










# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ




## 7 ਜੂਨ 2015, ਐਤਵਾਰ

ਸਵੇਰੇ 11 ਤੋਂ ਸ਼ਾਮ 4 ਵਜੇ ਤੱਕ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*





ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ।

*ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। *ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ। *ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ।

*ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮਿੰਟਗੁਮਰੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਦਸ਼ਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਪਿਟਸਬਰਗ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਰਿਵਰਸਾਈਡ।

## ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-REM-1984

**www.remember84.com Facebook Page: June 84 Movement**

## ਮਾਰਕੁਏਜ਼ ਗੈਬਰੀਅਲ ਗਾਰਸ਼ੀਆ

# ਦਸਤਖਤਾਂ ਦਾ ਮੁੱਲ



### ਕਲਾ ਪਰਿਕਰਮਾ

ਕੋਲੰਬੀਆ ਦੀ ਰਾਜਧਾਨੀ ਬਗੋਤਾ ਵਿਚ ਲੱਗੇ ਕੌਮਾਂਤਰੀ ਪੁਸਤਕ ਮੇਲੇ ਵਿਚੋਂ ਚੋਰੀ ਹੋਈ ਕੋਲੰਬੀਆ ਦੇ ਚੋਟੀ ਦੇ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਦੇ ਸੰਸਾਰ ਪ੍ਰਸਿੱਧ ਨਾਵਲ 'ਵੰਨ ਹੰਡਰਡ ਯੀਅਰਸ ਆਫ਼ ਸੌਲੀਟਿਊਡ' ਦੀ ਪਹਿਲੇ ਅਡੀਸ਼ਨ ਦੀ ਕਾਪੀ ਆਖ਼ਰਕਾਰ ਲੱਭ ਲਈ ਗਈ। ਮਾਰਕੁਏਜ਼ ਦੇ ਦਸਤਖਤਾਂ ਵਾਲੀ ਇਹ ਕਾਪੀ ਕਿਸੇ ਨੇ ਮੇਲੇ ਦੌਰਾਨ ਬੁੱਕ-ਰੈਕ ਵਿਚੋਂ ਚੋਰੀ ਕਰ ਲਈ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਕਿਤਾਬ ਦੀ ਕੀਮਤ 60 ਹਜ਼ਾਰ ਡਾਲਰ ਲਗਾਈ ਗਈ ਹੈ।


**ਜਗਜੀਤ ਸਿੰਘ ਸੇਖੋਂ**

ਦਰਅਸਲ ਇਸ ਕਿਤਾਬ ਦੇ ਮਾਲਕ ਅਲਵਾਰੋ ਕੈਸਤੀਲੋ ਲਈ ਇਹ ਕਿਤਾਬ ਅਨਮੋਲ ਹੈ। ਅਲਵਾਰੋ ਦੁਰਲੱਭ ਕਿਤਾਬਾਂ ਦਾ ਕਾਰੋਬਾਰ ਕਰਦਾ ਹੈ ਅਤੇ ਉਸ ਨੇ ਇਹ ਕਿਤਾਬ ਉਰੂਗੁਏ ਦੀ ਰਾਜਧਾਨੀ ਮੋਨਤੇਵੀਦੀਓ ਤੋਂ 2006 ਵਿਚ ਖਰੀਦੀ ਸੀ। ਮਗਰੋਂ ਉਸ ਨੇ 1967 ਵਿਚ ਛਪੀ ਇਸ ਕਿਤਾਬ ਉਤੇ ਮਾਰਕੁਏਜ਼ ਤੋਂ ਦਸਤਖ਼ਤ ਕਰਵਾ ਲਏ ਸਨ। ਪਿਛੋਂ ਉਸ ਨੂੰ ਇਹ ਕਿਤਾਬ ਇੰਨੀ ਜ਼ਿਆਦਾ ਚੰਗੀ ਲੱਗੀ ਕਿ ਉਸ ਨੇ ਇਸ ਨੂੰ ਅਗਾਂਹ ਵੇਚਿਆ ਨਹੀਂ, ਸਗੋਂ ਆਪਣੇ ਕੋਲ ਰੱਖ ਲਿਆ। ਪਿਛਲੇ ਸਾਲ 17 ਅਪਰੈਲ ਨੂੰ ਮਾਰਕੁਏਜ਼ ਦੀ ਮੌਤ ਤੋਂ ਬਾਅਦ ਉਸ ਦੀਆਂ ਕਿਤਾਬਾਂ ਦੇ ਮੁੱਲ ਬਹੁਤ ਵਧ ਗਏ। ਸਿੱਟੇ ਵਜੋਂ ਕੈਸਤੀਲੋ ਨੇ ਯਾਦ ਵਜੋਂ ਇਹ ਕਿਤਾਬ ਸਦਾ-ਸਦਾ ਲਈ ਆਪਣੇ ਕੋਲ ਰੱਖਣ ਦਾ ਫੈਸਲਾ ਕਰ ਲਿਆ। ਇਸ ਕਿਤਾਬ ਉਤੇ ਮਾਰਕੁਏਜ਼ ਨੇ ਲਿਖਿਆ ਸੀ, ਪੁਰਾਣੀਆਂ ਕਿਤਾਬਾਂ ਦੇ ਕਾਰੋਬਾਰੀ ਅਲਵਾਰੋ ਕੈਸਤੀਲੋ ਲਈ, ਸਦਾ-ਸਦਾ ਲਈ ਯਾਦ। ਤੁਹਾਡਾ ਦੋਸਤ, ਗੈਬੋ।

ਕੈਸਤੀਲੋ ਮੁਤਾਬਕ ਉਹਦੇ ਲਈ ਮਾਰਕੁਏਜ਼ ਦੇ ਇਹ ਸ਼ਬਦ ਅਨਮੋਲ ਹਨ। ਇਸੇ ਕਰ ਕੇ ਉਸ ਨੂੰ ਕਿਤਾਬ ਚੋਰੀ ਹੋਣ ਦਾ ਸਭ ਤੋਂ ਵੱਧ ਦੁੱਖ ਹੋਇਆ ਸੀ। ਮਾਰਕੁਏਜ਼ ਦਾ ਜਨਮ 6 ਮਾਰਚ 1927 ਨੂੰ ਹੋਇਆ ਸੀ ਅਤੇ 1982 ਨੂੰ ਉਸ ਨੂੰ ਸਾਹਿਤ ਦੇ ਨੋਬੇਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਉਸ ਦੇ ਨਾਵਲ 'ਵੰਨ ਹੰਡਰਡ ਯੀਅਰਜ਼ ਆਫ ਸੌਲੀਟਿਊਡ' ਨੇ ਸੰਸਾਰ ਭਰ ਵਿਚ ਧੁੰਮਾਂ ਪਾ ਦਿੱਤੀਆਂ ਸਨ। ਮਾਰਕੁਏਜ਼ ਨੇ ਇਸ ਤੋਂ ਇਲਾਵਾ ਇਨ ਈਵਲ ਆਰ, ਔਟਮ ਆਫ ਦਿ ਪੈਟਰੀਆਰਕ, ਲਵ ਇਨ ਦਿ ਟਾਈਮ ਆਫ ਕੌਲਰਾ, ਜਨਰਲ ਇਨ ਹਿਜ਼ ਲੈਬੀਰਿੰਥ, ਆਫ ਲਵ ਐਂਡ ਅਦਰ ਡੈਮਨਜ਼, ਲੀਫ ਸਟੌਰਮ, ਨੌ ਵਨ ਰਾਈਟਜ਼ ਟੂ ਦਿ ਕਰਨਲ, ਮੈਮਰੀਜ਼ ਆਫ ਮਾਈ ਮੈਲੇਨਕਲੀ ਵ੍ਹੋਰਜ਼ ਆਦਿ ਨਾਵਲ ਲਿਖੇ। ਉਹਨੇ ਕਹਾਣੀਆਂ ਅਤੇ ਨਸਰ (ਵਾਰਤਕ) ਦੀਆਂ ਤਕਰੀਬਨ ਇਕ ਦਰਜਨ ਕਿਤਾਬਾਂ ਦੀ ਰਚਨਾ ਕੀਤੀ। ਆਪਣੀਆਂ ਰਚਨਾਵਾਂ ਵਿਚ ਯਾਦਾਂ ਨੂੰ ਉਹਨੇ ਬਹੁਤ ਅਹਿਮੀਅਤ ਦਿੱਤੀ ਹੈ। ਉਹਨੇ ਲਿਖਿਆ ਹੈ ਕਿ ਜੀਵਨ ਉਹ ਨਹੀਂ ਜੋ ਜੀਵਿਆ ਹੁੰਦਾ ਹੈ, ਬਲਕਿ ਉਹ ਹੈ ਜੋ ਸਾਡੀਆਂ ਯਾਦਾਂ ਵਿਚ ਸਾਂਭਿਆ ਪਿਆ ਹੁੰਦਾ ਹੈ। ਯਾਦਾਂ ਆਤਮਾ ਦੀ ਆਵਾਜ਼ ਹਨ। ਇਹ ਬੰਦੇ ਨੂੰ ਜਦੋਂ ਮੱਤ ਦਿੰਦੀਆਂ ਹਨ ਤਾਂ ਆਤਮ ਹੋ ਨਿਬੜਦੀਆਂ ਨੇ।




*ਕਿਊਬਾ ਦੇ ਲੀਡਰ ਫੀਦਲ ਕਾਸਤਰੋ ਨਾਲ ਫੁਰਸਤ ਦੇ ਕੁਝ ਪਲ।*




*ਨਾਵਲ 'ਵੰਨ ਹੰਡਰਡ ਯੀਅਰਜ਼ ਆਫ ਸੌਲੀਟਿਊਡ' ਦਾ ਸਪੇਨੀ ਟਾਈਟਲ।*

ਖੌਰੇ ਇਸੇ ਕਰ ਕੇ ਹੀ ਕੈਸਤੀਲੋ ਦਸਤਖਤਾਂ ਵਾਲੀ ਕਿਤਾਬ ਬਾਰੇ ਇੰਨਾ ਭਾਵੁਕ ਹੋ ਗਿਆ ਸੀ। ਉਹ ਅਸਲ ਵਿਚ ਇਸ ਕਿਤਾਬ ਨੂੰ ਮਾਰਕੁਏਜ਼ ਦੀ ਯਾਦ ਵਜੋਂ ਸਾਂਭਣਾ ਚਾਹੁੰਦਾ ਹੈ। ਉਸ ਦੱਸਦਾ ਹੈ ਕਿ 2 ਮਈ ਨੂੰ ਜਦੋਂ ਇਹ ਕਿਤਾਬ ਚੋਰੀ ਹੋਈ ਤਾਂ ਇਹ ਦਿਨ ਉਸ ਦੀ ਜ਼ਿੰਦਗੀ ਦਾ ਸਭ ਤੋਂ ਉਦਾਸ ਦਿਨ ਸੀ। ਉਸ ਨੇ ਇਹ ਕਿਤਾਬ ਲੱਭਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੱਤਾ। ਕੈਸਤੀਲੋ ਦੱਸਦਾ ਹੈ ਕਿ 1967 ਵਿਚ ਛਪੀ 'ਵੰਨ ਹੰਡਰਡ ਯੀਅਰਜ਼ ਆਫ ਸੌਲੀਟਿਊਡ' ਦੀਆਂ ਸਿਰਫ 8 ਹਜ਼ਾਰ ਕਾਪੀਆਂ ਛਪੀਆਂ ਸਨ। ਉਸ ਨੂੰ ਮਾਣ ਹੈ ਕਿ ਮਾਰਕੁਏਜ਼ ਦੇ ਦਸਤਖਤਾਂ ਵਾਲੀ ਇਕ ਕਾਪੀ ਉਹਦੇ ਕੋਲ ਹੈ। ਕੈਸਤੀਲੋ ਹੁੱਬ ਕੇ ਕਹਿੰਦਾ ਹੈ, "ਹੁਣ ਇਹ ਕਿਤਾਬ ਇਕੱਲੇ ਉਸ ਦੀ ਮਲਕੀਅਤ ਨਹੀਂ, ਸਗੋਂ ਉਸ ਦੇ ਦੇਸ਼ ਦਾ ਸਰਮਾਇਆ ਹੈ।"




## ਦਿੱਲੀ ਵਿਚ ਮਾਰਕੁਏਜ਼ ਦੀ ਮਹਿਫਿਲ

*ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਦੇ ਪ੍ਰਸਿੱਧ ਨਾਵਲ 'ਕਰੋਨੀਕਲ ਆਫ ਏ ਡੈੱਥ ਫੋਰਟੋਲਡ' ਉਤੇ ਆਧਾਰਤ ਨਾਟਕ ਨਵੀਂ ਦਿੱਲੀ ਵਿਚ ਖੇਡਿਆ ਗਿਆ। ਇਹ ਨਾਟਕ ਮੰਜਰੀ ਕੌਲ ਅਤੇ ਪ੍ਰੋਮਨਾ ਸੇਨਗੁਪਤਾ ਵਲੋਂ ਤਿਆਰ ਕੀਤਾ ਗਿਆ ਸੀ। ਮਾਰਕੁਏਜ਼ ਦੇ ਇਸ ਨਾਵਲ ਉਤੇ ਪਹਿਲਾਂ ਫਿਲਮ ਵੀ ਬਣ ਚੁੱਕੀ ਹੈ। ਇਸ ਨਾਵਲ 'ਤੇ ਆਧਾਰਤ ਨਾਟਕ ਸੰਸਾਰ ਭਰ ਵਿਚ ਕਈ ਥਾਂਈਂ ਖੇਡਿਆ ਜਾ ਚੁਕਾ ਹੈ।*

*ਇਸ ਨਾਵਲ ਦੀ ਕਹਾਣੀ ਇਹ ਹੈ ਕਿ ਨੌਜਵਾਨ ਦਾ ਕਤਲ ਹੋ ਜਾਂਦਾ ਹੈ, ਇਸ ਨੌਜਵਾਨ ਦੇ ਕਤਲ ਦੀ ਗੁੱਥੀ ਸੁਲਝਾਉਂਦਿਆਂ ਮਾਰਕੁਏਜ਼ ਨੇ ਸਮਾਜਕ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਦੀ ਗੱਲ ਬਹੁਤ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤੀ ਹੈ। ਦਰਅਸਲ ਵਿਆਹ ਤੋਂ ਪਹਿਲਾਂ ਹੀ ਲਾੜੇ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਹੋਣ ਵਾਲੀ ਪਤਨੀ ਦਾ ਕੁਆਰਪਨ ਭੰਗ ਹੋ ਚੁੱਕਾ ਹੈ। ਸਿੱਟੇ ਵਜੋਂ ਕੁੜੀ ਨੂੰ ਘਰ ਬੈਠਣਾ ਪੈ ਜਾਂਦਾ ਹੈ ਅਤੇ ਕੁੜੀ ਵਲੋਂ ਪ੍ਰੇਮੀ ਦਾ ਨਾਂ ਦੱਸਣ ਤੋਂ ਬਾਅਦ ਉਸ ਦੇ ਭਰਾ ਨੌਜਵਾਨ ਦਾ ਕਤਲ ਕਰ ਦਿੰਦੇ ਹਨ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਈ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-169



*ਨਕਲੀ ਗੱਡੇ ਉਤੇ ਚੜ੍ਹੀਆਂ, ਅਸਲੀ ਪਾ ਕੇ ਲੀੜੇ।*
*ਇਹ ਵੀ ਮੁੱਕ ਜੂ, ਜਿੱਦਾਂ ਮੁੱਕ ਗਏ ਚਰਖੀ ਰੰਗਲੇ ਪੀੜ੍ਹੇ।*
*ਕੈਮਰੇ ਰਾਹੀਂ ਦੱਸਦਾਂ, ਦੇਖੋ ਸਭਿਆਚਾਰ ਕਹਾਣੀ।*
*ਸ਼ਮਲੇ ਵਾਲੀ ਪੱਗ ਧੰਨੇ ਦੇ ਮੇਲੇ ਤੁਰ ਪਈ ਢਾਣੀ।*

### ਕੈਪਸ਼ਨ ਮੁਕਾਬਲਾ-167



ਪਾ ਪੰਜਾਲੀ ਜੋੜੀ ਦੇ ਗਲ਼,
ਗਾਧੀ ਖਿੱਚਣ ਲਾਇਆ।
ਬੂੜੀਆਂ ਦੇ ਵਿਚ ਫਸੇ ਬੂੜੀਏ
ਜਿਨ੍ਹਾਂ ਲੱਠ ਘੁਮਾਇਆ।
ਟਿੱਕ ਟਿੱਕ ਚੱਲੀ ਕੁੱਤੇ ਵਾਲੀ
ਗੇੜਾ ਬੈੜ ਨੂੰ ਆਇਆ।
ਭਰੀਆਂ ਉਪਰ, ਖਾਲੀ ਥੱਲੇ
ਟਿੰਡਾਂ ਚੱਕਰ ਚਲਾਇਆ।
ਵਾਰੀ ਵਾਰੀ ਖਾਲੀ ਹੋ ਕੇ
ਪਾਰੀ ਨੂੰ ਛਲਕਾਇਆ।
ਵਿਚ ਖੁਸ਼ੀ ਦੇ ਜੱਟ ਝੂਮਿਆ
ਇੱਕ ਹੱਥ ਕੰਨ ਦੇ ਉਤੇ ਆਇਆ।
ਮਿਰਜ਼ੇ ਵਾਲੀ ਹੇਕ ਲਗਾ ਕੇ
ਘਾਟਾ ਵਾਧਾ ਸਭ ਭੁਲਾਇਆ।
*-ਜਗਮੀਤ ਸਿੰਘ ਪੰਧੇਰ*

---

ਗਾਧੀ ਉਤੇ ਬੈਠ ਹਲਟ ਦੀ
ਝੂਟੇ ਸਦਾ ਹੀ ਲੈਂਦੇ ਸੀ।
ਬਲਦਾਂ ਦੇ ਲਾ ਆਰ ਨਠਾਉਂਦੇ
ਬਾਬੇ ਦੀਆਂ ਝਿੜਕਾਂ ਸਹਿੰਦੇ ਸੀ।
ਇਕ-ਦੂਜੇ ਨੂੰ ਜੁੜ ਖਿੱਚਣ ਦਾ
ਜੁਗਾੜ ਕਿਸੇ ਲੁਹਾਰ ਬਣਾਇਆ।
ਗਾਧੀ, ਚੱਕਲੀ, ਬੂੜੇ, ਤੱਕਲੇ ਨੇ
ਰਲ ਲੱਠ ਤੇ ਵੈੜ ਘੁਮਾਇਆ।
ਕੁੱਤੇ ਦੀ ਟੱਕ ਟੱਕ, ਟਿੰਡਾਂ ਦੀ ਸ਼ਾ-ਸ਼ਾ
ਢੋਅ ਪਾਣੀ ਚੱਠੇ ਵਿਚ ਪਾਇਆ।

ਚਲ੍ਹਾ ਖੜ੍ਹਾ ਅੱਗੇ ਬਾਹਾਂ ਖਿਲਾਰੀ
ਆਡ ਨੇ ਤ੍ਰਿਹਾਏ ਖੇਤ ਪਹੁੰਚਾਇਆ।
ਧਰਤੀ ਦੀ ਹਿੱਕ ਸੀ ਸੋਨਾ ਉਗਲਦੀ
ਜਦੋਂ ਪਾਣੀ ਨੇ ਜੀਵਨ ਵਰਤਾਇਆ।
ਕਾਸ਼! ਇਹ ਖੂਹ ਵੀ ਚੱਲਦੇ ਰਹਿੰਦੇ
ਟਿਊਬਵੈਲਾਂ ਨੇ ਭਾਣਾ ਵਰਤਾਇਆ।
ਅੰਨ੍ਹੇਵਾਹ ਪਾਣੀ ਕੱਢ ਕੱਢ
ਛੋਟਾ ਜ਼ਿਮੀਦਾਰ ਵੀ ਮਾਰ ਮੁਕਾਇਆ।
*-ਸੇਵਾ ਸਿੰਘ ਨੂਰਪੁਰੀ*

---

ਲੱਗ ਗਏ ਟਿਊਬਵੈਲ ਹੁਣ
ਬਟਨ ਦੱਬੋ, ਪਾਣੀ ਘੱਗ ਮਾਰਦਾ।
ਨਹੀਂ ਭੁੱਲ ਸਕਦੇ ਪੁਰਾਣੀਆਂ ਯਾਦਾਂ,
ਕਿਤੇ ਕੋਈ ਗਾਧੀ 'ਤੇ ਬੈਠਾ ਗਾਵੇ ਢੋਲੇ।
ਟਿੰਡਾਂ ਦਾ ਪਾਣੀ ਡਿੱਗ ਪਾੜਸ਼ੇ 'ਚ
ਸੰਗੀਤ ਆਵਾਜ਼ ਹੈ ਆਉਂਦੀ,
ਜਿਵੇਂ ਝਰਨੇ ਤੋਂ ਪਾਣੀ ਡਿੱਗਦਾ।
ਸਰਦ ਰੁੱਤ ਤੱਕਦੇ ਸਵੇਰ ਲੋਕੋ
ਦੇਖੋ ਹਲਟ ਚਲਦਾ,
ਪਾਣੀ ਨਿੱਘਾ ਭਾਫਾਂ ਛੱਡਦਾ।
ਗਾਧੀਆਂ-ਮੌਣਾਂ ਸਭ ਅਲੋਪ ਹੋਈਆਂ
ਝੰਡੀ ਰਹੇਗੀ ਬਤਨੇ ਬਡਾਲੀਏ ਦੀ,
ਜੋੜੀ ਬਲਦਾਂ ਦੀ ਪੁੱਤਰਾਂ ਤੋਂ ਵੱਧ ਪਿਆਰੀ
ਆ ਜੋੜ ਹਲਟ ਮੁਕਾਬਲੇ ਸੀ ਕਰਦਾ।
*-ਦਰਸ਼ਨਪਾਲ ਦੋਸਾਂਝ*

### ਕੈਪਸ਼ਨ ਮੁਕਾਬਲਾ-166

ਵੱਡੀ ਬੇਬੇ ਨੇ ਸਾਗ ਬਣਾਇਆ
ਗੰਦਲਾਂ ਦੇ ਵਿਚ ਬਾਥੂ ਪਾ ਕੇ।
ਹਾਂਡੀ ਦੇ ਵਿਚ ਘੋਟਿਆ ਇੰਜ
ਹਰੀਆਂ ਮਿਰਚਾਂ ਅੱਲ੍ਹਣ ਪਾ ਕੇ।
ਅੱਧੇ ਪਿੰਡ ਵਿਚ ਖੁਸ਼ਬੂ ਫੈਲੀ
ਜਦੋਂ ਅਦਰਕ-ਲਸ੍ਹਣ ਦਾ ਤੁੜਕਾ ਲਾਵੇ।
ਲੋਹ ਥੱਲੇ ਫਿਰ ਬਾਲ ਪਾਥੀਆਂ
ਮੱਕੀ ਦੇ ਉਹ ਮੰਨ ਪਕਾਵੇ।
ਇਕ ਵਾਰੀ ਤਾਂ ਛਕ ਕੇ ਰੋਟੀ
ਮੁਰਗ-ਮੁਸੱਲਮ ਸਭ ਭੁੱਲ ਜਾਵੇ।
*-ਸੇਵਾ ਸਿੰਘ ਨੂਰਪੁਰੀ*


HURRY! LIMITED-TIME OFFER!
BIGGEST SALE EVER IN HINDI TV
OVER 50% OFF PER MONTH
FOR A YEAR!
Requires 24-month commitment, credit qualification and subscription to qualifying American programming. Early Termination Fee applies.
$24.99/mo for 12 months
HINDI MEGA PACK $54.99/mo EVERYDAY PRICE
AMERICA'S TOP 120
$29.99/mo. for 12 months. Everyday price $59.99/mo.
ENJOY THESE FAVORITES, PLUS MORE
LOCAL CHANNELS INCLUDED
All offers requires 24-month commitment, credit qualification and subscription to qualifying American programming. Early Termination Fee applies.
DISH. The only satellite provider with Hindi TV. Call today!
We Install DISH Network All Over The USA
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
Satellite Plus Security cameras inc.
www.SPSecurityCameras.com
1.877.593.1510
559.226.1510
dish
AUTHORIZED RETAILER
International programming requires additional $10/mo International Basic package or any America's Top package.
$30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.
Important Terms and Conditions: Promotional Offers: Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offers end 6/10/2015.

# ਫਰਜ਼ੀ ਪੈਨਸ਼ਨਰਾਂ ਅੱਗੇ ਹੁਣ ਪੰਜਾਬ ਸਰਕਾਰ ਵੀ ਹੋਈ ਬੇਵੱਸ

**ਜਲੰਧਰ:** ਪੰਜਾਬ ਵਿਚ ਵੱਡੀ ਗਿਣਤੀ ਜਾਅਲੀ ਪੈਨਸ਼ਨਰਾਂ ਬਾਰੇ ਖੁਲਾਸਾ ਹੋਣ ਪਿੱਛੋਂ ਵੀ ਅਜਿਹੇ 'ਲਾਭਪਾਤਰੀਆਂ' ਉਤੇ ਸਰਕਾਰੀ ਮਿਹਰ ਜਾਰੀ ਹੈ। ਅਜਿਹੇ ਫਰਜ਼ੀ ਲਾਭਪਾਤਰੀਆਂ ਖਿਲਾਫ ਕਾਰਵਾਈ ਤਾਂ ਕੀ ਹੋਣੀ ਸੀ ਸਗੋਂ ਆਏ ਮਹੀਨੇ ਪੈਨਸ਼ਨ ਲੈਣ ਲਈ ਇਹ ਸਭ ਤੋਂ ਅੱਗੇ ਹੁੰਦੇ ਹਨ। ਦੱਸਿਆ ਜਾ ਰਿਹਾ ਹੈ ਇਹ ਫਰਜ਼ੀ ਪੈਨਸ਼ਨਰ ਪਿੰਡਾਂ ਦੇ ਸਰਪੰਚਾਂ ਜਾਂ ਜਿਲ੍ਹਾ ਅਕਾਲੀ ਆਗੂਆਂ ਦੇ ਨੇੜਲੇ ਹਨ ਤੇ ਇਸੇ ਲਿਹਾਜ਼ਦਾਰੀ ਕਰਕੇ ਇਨ੍ਹਾਂ ਖਿਲਾਫ ਕਾਰਵਾਈ ਨਹੀਂ ਹੋ ਰਹੀ। ਦੱਸਣਯੋਗ ਹੈ ਕਿ ਇਸ ਸਮੇਂ ਅਕਾਲੀ-ਭਾਜਪਾ ਸਰਕਾਰ ਵੱਲੋਂ 13 ਲੱਖ 55 ਹਜ਼ਾਰ ਤੋਂ ਵੱਧ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਦਿੱਤੀ ਜਾ ਰਹੀ ਹੈ, ਜਿਨ੍ਹਾਂ ਵਿਚੋਂ ਢਾਈ ਲੱਖ ਤੋਂ ਵੱਧ ਵਿਅਕਤੀ ਪੈਨਸ਼ਨ ਲੈਣ ਦੇ ਯੋਗ ਨਹੀਂ ਹਨ।

ਇਹ ਖੁਲਾਸਾ ਸਰਕਾਰ ਵੱਲੋਂ ਘਰ-ਘਰ ਜਾ ਕੇ ਬੁਢਾਪਾ ਪੈਨਸ਼ਨ ਬਾਰੇ ਕੀਤੇ ਸਰਵੇ ਦੌਰਾਨ ਹੋਇਆ ਹੈ। ਸਰਵੇ ਦੀ ਰਿਪੋਰਟ ਅਨੁਸਾਰ 2.50 ਲੱਖ ਤੋਂ ਵੱਧ ਬਜ਼ੁਰਗ ਨਿਯਮਾਂ ਅਨੁਸਾਰ ਇਹ ਪੈਨਸ਼ਨ ਦੇ ਹੱਕਦਾਰ ਨਹੀਂ ਹਨ, ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ 2012 ਦੀਆਂ ਚੋਣਾਂ ਸਮੇਂ ਆਪਣੇ ਮਨੋਰਥ ਪੱਤਰ ਵਿਚ ਪੰਜਾਬ ਦੇ ਬਜ਼ੁਰਗਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਬੁਢਾਪਾ ਪੈਨਸ਼ਨ ਦੀ ਰਕਮ 250 ਤੋਂ ਵਧਾ ਕੇ 800 ਰੁਪਏ ਕਰਨਗੇ। ਭਾਵੇਂ ਮੁੱਖ ਮੰਤਰੀ ਜਾਂ ਉੱਪ ਮੁਖ ਮੰਤਰੀ ਨੇ ਬਜ਼ੁਰਗਾਂ ਨਾਲ ਕੀਤਾ ਵਾਅਦਾ ਵਫਾ ਤਾਂ ਨਹੀਂ ਕੀਤਾ ਪਰ ਜਦੋਂ ਬੁਢਾਪਾ ਪੈਨਸ਼ਨਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਸਰਵੇ ਸ਼ੁਰੂ ਹੋਇਆ ਤਾਂ ਆਪੋ ਆਪਣੇ ਹਲਕੇ ਦੇ ਅਕਾਲੀ ਜਥੇਦਾਰਾਂ ਨੇ ਆਪਣਾ ਰਸੂਖ ਵਰਤ ਕੇ ਨਿਯਮਾਂ ਦੇ ਉਲਟ ਕੁਝ ਵਿਅਕਤੀਆਂ ਨੂੰ ਵੀ ਪੈਨਸ਼ਨ ਲਗਵਾ ਦਿੱਤੀ। ਪੰਜਾਬ ਵਿਚ ਹੁਣ ਕੁੱਲ 13 ਲੱਖ 55 ਹਜ਼ਾਰ ਤੋਂ ਵੱਧ ਬਜ਼ੁਰਗ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲੈ ਰਹੇ ਹਨ ਤੇ ਜਦੋਂ ਹੁਣ ਸਰਵੇ ਕੀਤਾ ਗਿਆ ਤਾਂ ਮੁਢਲੀ ਜਾਂਚ ਦੌਰਾਨ 2.50 ਲੱਖ ਤੋਂ ਵੱਧ ਵਿਅਕਤੀ ਅਯੋਗ ਹਨ। ਸਰਵੇ ਅਨੁਸਾਰ ਘੱਟ ਉਮਰ ਵਾਲੇ, ਵੱਧ ਆਮਦਨ ਵਾਲੇ, ਵੱਧ ਜ਼ਮੀਨ ਵਾਲੇ, ਗੈਰ ਹਾਜ਼ਰ ਵਿਅਕਤੀ ਹਨ, ਜੋ ਪੈਨਸ਼ਨ ਲੈ ਰਹੇ ਹਨ। ਪੰਜਾਬ ਵਿਚ ਬੁਢਾਪਾ ਪੈਨਸ਼ਨ ਲੈਣ ਵਾਲਿਆਂ ਦੇ ਫਾਰਮ ਭਾਵੇਂ ਸਰਕਾਰੀ ਦਫ਼ਤਰਾਂ (ਸੀ.ਡੀ.ਪੀ.ਓ) ਰਾਹੀਂ ਭਰੇ ਗਏ ਸਨ ਪਰ ਪੈਨਸ਼ਨ ਦੇ ਹੱਕਦਾਰ ਵਿਅਕਤੀ ਦੀ ਸ਼ਨਾਖਤ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਕੀਤੀ ਗਈ ਸੀ। ਸਰਪੰਚਾਂ ਵੱਲੋਂ ਜਥੇਦਾਰਾਂ ਦੀਆਂ ਹਦਾਇਤਾਂ ਉਤੇ ਯੋਗ ਵਿਅਕਤੀਆਂ ਦੇ ਨਾਲ-ਨਾਲ ਉਨ੍ਹਾਂ ਅਯੋਗ ਵਿਅਕਤੀਆਂ ਦੇ ਵੀ ਫਾਰਮ ਵੀ ਭਰ ਦਿੱਤੇ ਗਏ, ਜਿਹੜੇ ਚੋਣਾਂ ਸਮੇਂ ਉਨ੍ਹਾਂ ਦੇ ਪਾਰਟੀ ਨਾਲ ਸਬੰਧਤ ਵੋਟਰ ਜਾਂ ਸਮਰਥਕ ਸਨ।

ਸਰਕਾਰ ਵੱਲੋਂ ਬੀਤੇ ਨਵੰਬਰ-ਦਸੰਬਰ ਮਹੀਨਿਆਂ ਦੌਰਾਨ ਬੁਢਾਪਾ ਪੈਨਸ਼ਨਰਾਂ ਦੀ ਸ਼ਨਾਖਤ ਲਈ ਸਰਵੇਖਣ ਕਰਵਾਇਆ ਗਿਆ ਸੀ, ਜਿਸ ਵਿਚ 2.50 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ। ਇਸ ਤੋਂ ਇਲਾਵਾ 5500 ਪੈਨਸ਼ਨਰ ਅਜਿਹੇ ਹਨ, ਜੋ ਕਿ ਸਵਰਗਵਾਸੀ ਹੋਣ ਦੇ ਬਾਵਜੂਦ ਪੈਨਸ਼ਨ ਹਾਸਲ ਕਰ ਰਹੇ ਸਨ। 2.43 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ, ਜੋ ਆਮਦਨੀ ਤੇ ਹੋਰ ਕਾਰਨ ਕਰਕੇ ਅਯੋਗ ਪਾਏ ਗਏ ਸਨ। ਪੈਨਸ਼ਨ ਅਦਾਇਗੀਆਂ ਦੇ ਅਮਲ ਵਿਚ ਬੇਨਿਯਮੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਭਾਗ ਨੇ ਪਿੰਡਾਂ ਵਿਚ ਰਹਿੰਦੇ ਸਮੂਹ ਪੈਨਸ਼ਨਰਾਂ ਨੂੰ ਭਵਿੱਖ ਵਿਚ ਸਰਪੰਚਾਂ ਦੀ ਬਜਾਇ ਇਲੈਕਟ੍ਰਾਨਿਕ ਫੰਡ ਟਰਾਂਸਫਰ (ਈ.ਐਫ.ਟੀ.) ਪ੍ਰਣਾਲੀ ਰਾਹੀਂ ਅਦਾਇਗੀ ਦਾ ਫੈਸਲਾ ਕੀਤਾ ਸੀ, ਪਰ ਕਪੂਰਥਲਾ ਜ਼ਿਲ੍ਹੇ ਦੇ ਕਸਬਾ ਢਿਲਵਾਂ ਵਿਚ ਇਕ 70 ਸਾਲਾ ਬਜ਼ੁਰਗ ਵੱਲੋਂ ਬੁਢਾਪਾ ਪੈਨਸ਼ਨ ਨਾ ਮਿਲਣ ਤੋਂ ਦੁਖੀ ਹੋ ਕੇ ਆਤਮਦਾਹ ਕਰਨ ਦੀ ਘਟਨਾ ਕਾਰਨ ਹੋਈ ਕਿਰਕਿਰੀ ਦੇ ਚੱਲਦਿਆਂ ਸਰਕਾਰ ਛੇਤੀ ਹੀ ਪੈਨਸ਼ਨਰਾਂ ਤੱਕ ਰਾਸ਼ੀ ਪਹੁੰਚਾਉਣ ਦੇ ਰੌਂਅ ਵਿਚ ਹੈ।

### *ਜਾਅਲੀ ਪੈਨਸ਼ਨਰਾਂ ਖਿਲਾਫ ਨਾ ਹੋਈ ਕਾਰਵਾਈ*



### ਪੈਨਸ਼ਨ ਫੰਡਾਂ ਵਿਚੋਂ ਮੋਟਾ ਪੈਸਾ ਬਚਾ ਲੈਂਦੀ ਹੈ ਸਰਕਾਰ

ਲੋੜਵੰਦਾਂ ਨੂੰ ਪੈਨਸ਼ਨ ਦੇਣ ਲਈ ਸਰਕਾਰ ਨੇ ਇਕ ਵਿਸ਼ੇਸ਼ ਫੰਡ ਕਾਇਮ ਕੀਤਾ ਹੋਇਆ ਹੈ ਜਿਸ ਤਹਿਤ ਹਰ ਸਾਲ ਸਟੈਂਪ ਡਿਊਟੀ ਤੇ ਬਿਜਲੀ ਡਿਊਟੀ ਰਾਹੀਂ ਤਕਰੀਬਨ 1000 ਕਰੋੜ ਤੋਂ ਵੱਧ ਪੂੰਜੀ ਇਕੱਠੀ ਕੀਤੀ ਜਾਂਦੀ ਹੈ ਜਦੋਂਕਿ ਇਨ੍ਹਾਂ ਵਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਦੀ ਰਾਸ਼ੀ ਸਿਰਫ 692 ਕਰੋੜ ਰੁਪਏ ਹੀ ਬਣਦੀ ਹੈ। ਇਸ ਤਰ੍ਹਾਂ ਵੱਧ ਆਮਦਨ ਤੇ ਘੱਟ ਖ਼ਰਚ ਦੇ ਬਾਵਜੂਦ ਲੋੜਵੰਦਾਂ ਨੂੰ ਸਮੇਂ ਸਿਰ ਪੈਨਸ਼ਨ ਨਹੀਂ ਮਿਲਦੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਪਹਿਲਕਦਮੀ ਕਰਦਿਆਂ ਇਸ ਮੰਤਵ ਲਈ ਇਕ ਵਿਸ਼ੇਸ਼ ਸਮਰਪਿਤ ਫੰਡ ਬਣਾ ਕੇ ਉਸ ਵਿਚੋਂ ਪੈਨਸ਼ਨਾਂ ਦਾ ਭੁਗਤਾਨ ਕਰਨਾ ਸ਼ੁਰੂ ਕੀਤਾ ਸੀ। ਮਗਰੋਂ ਸਿਆਸੀ ਅਦਲਾ-ਬਦਲੀ ਨਾਲ ਨਾ ਸਿਰਫ ਪੈਨਸ਼ਨ ਵੰਡਣ ਦੇ ਕਾਰਜ ਵਿਚ ਹੀ ਦੇਰੀ ਹੋਣੀ ਸ਼ੁਰੂ ਹੋ ਗਈ ਬਲਕਿ ਵਿਸ਼ੇਸ਼ ਸਮਰਪਿਤ ਫੰਡ ਨੂੰ ਸਿਆਸੀ ਮੰਤਵਾਂ ਲਈ ਵਰਤੇ ਜਾਣ ਦੀ ਰਵਾਇਤ ਵੀ ਸ਼ੁਰੂ ਹੋ ਗਈ। ਇਹੀ ਕਾਰਨ ਹੈ ਕਿ ਸਰਕਾਰ ਸੂਬੇ ਦੇ 20 ਲੱਖ ਲੋੜਵੰਦਾਂ ਨੂੰ 250 ਰੁਪਏ ਮਹੀਨਾ ਦੀ ਮਾਮੂਲੀ ਪੈਨਸ਼ਨ ਵੀ ਸਮੇਂ ਸਿਰ ਦੇਣ ਵਿਚ ਨਾਕਾਮ ਸਿੱਧ ਹੋ ਰਹੀ ਹੈ ਜਦੋਂਕਿ ਹਰਿਆਣਾ ਸਰਕਾਰ ਸਮਾਜ ਦੇ ਇਨ੍ਹਾਂ ਵਰਗਾਂ ਨੂੰ 1200 ਰੁਪਏ ਮਹੀਨਾ ਪੈਨਸ਼ਨ ਦੇ ਰਹੀ ਹੈ।

## ਕਰਜ਼ੇ ਹੇਠ ਦੱਬੇ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

**ਬਠਿੰਡਾ:** ਕਰਜ਼ੇ ਦੇ ਬੋਝ ਥੱਲੇ ਦੱਬੇ ਦੋ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ। ਕਿਸਾਨ ਕੁਲਦੀਪ ਸਿੰਘ (32 ਕੁ ਸਾਲ) ਪੁੱਤਰ ਗਾਂਧਾ ਸਿੰਘ ਵਾਸੀ ਝੰਡੂਕੇ ਕੋਆਪ੍ਰੇਟਿਵ ਬੈਂਕ, ਸੈਂਟਰਲ ਬੈਂਕ ਤੇ ਆੜ੍ਹਤੀਏ ਦੇ ਕਰਜ਼ੇ ਸਮੇਤ ਸਾਢੇ ਪੰਜ ਲੱਖ ਰੁਪਏ ਦਾ ਕਰਜ਼ਾਈ ਸੀ। ਫਸਲ ਚੰਗੀ ਨਾ ਹੋਣ ਕਰਕੇ ਕਰਜ਼ਾ ਉਤਾਰਨ ਤੋਂ ਬੇਵੱਸ ਕੁਲਦੀਪ ਸਿੰਘ ਕਾਫੀ ਪਰੇਸ਼ਾਨ ਰਹਿੰਦਾ ਸੀ।

ਗਰੀਬੀ ਤੋਂ ਤੰਗ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਇਸੇ ਤਰ੍ਹਾਂ ਪਿੰਡ ਸੰਗੋਵਾਲ ਦੇ ਇਕ ਕਿਸਾਨ ਵੱਲੋਂ ਕਣਕ ਦੀ ਫ਼ਸਲ ਵਿਚ ਪਏ ਘਾਟੇ ਤੇ ਆਰਥਿਕ ਤੰਗੀ ਕਾਰਨ ਜ਼ਹਿਰੀਲੀ ਦਵਾਈ ਖਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਮਹਿੰਦਰ ਸਿੰਘ ਕੋਲ ਆਪਣੀ ਸਿਰਫ਼ ਦੋ ਏਕੜ ਜ਼ਮੀਨ ਦੀ ਮਾਲਕੀ ਹੈ ਜਦਕਿ ਉਹ 24 ਕਿੱਲੇ ਤੋਂ ਵੱਧ ਜ਼ਮੀਨ ਠੇਕੇ ਉਤੇ ਲਈ ਸੀ ਪਰ ਕਣਕ ਦੀ ਫ਼ਸਲ ਘੱਟ ਨਿਕਲਣ ਤੇ ਲੱਖਾਂ ਦਾ ਕਰਜ਼ਾਈ ਹੋਣ ਕਰਕੇ ਸਲਫ਼ਾਸ ਖਾ ਲਈ। ਵੱਖ-ਵੱਖ ਕਿਸਾਨ ਯੂਨੀਅਨਾਂ ਨੇ ਮੰਗ ਕੀਤੀ ਹੈ ਕਿ ਪੀੜਤ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਜਾਵੇ।

## ਲੋੜਵੰਦਾਂ ਲਈ ਬਣਾਏ ਮਕਾਨ ਲਿਹਾਜ਼ੀਆਂ ਨੇ ਸਾਂਭੇ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਵਿਚ ਲੋੜਵੰਦਾਂ ਲਈ ਬਣਾਈਆਂ ਕਲੋਨੀਆਂ ਸਰਕਾਰ ਦੇ ਲਿਹਾਜ਼ੀਆਂ ਨੇ ਨੱਪੀਆਂ ਹੋਈਆਂ ਹਨ। ਸਰਦੇ-ਪੁੱਜਦੇ ਪਰਿਵਾਰ ਇਥੇ ਸੱਤ-ਸੱਤ ਮਕਾਨ ਅਲਾਟ ਕਰਵਾਈ ਬੈਠੇ ਹਨ ਜਦ ਕਿ ਲੋੜਵੰਦ ਇਕ ਮਕਾਨ ਲਈ ਵੀ ਤਰਸ ਰਹੇ ਹਨ। ਪਿੰਡ ਭਾਈ ਕੇਰਾ ਵਿਚ ਅਜਿਹੇ 150 ਮਕਾਨ ਹਨ ਪਰ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਇਹ ਲੋੜਵੰਦਾਂ ਨੂੰ ਨਹੀਂ ਦਿੱਤੇ ਗਏ। ਪਿੰਡ ਖੇਮਾ ਖੇੜਾ ਵਿਚ 160 ਮਕਾਨਾਂ ਵਿਚੋਂ 147 ਮਕਾਨਾਂ ਦੇ ਸਰਟੀਫਿਕੇਟ ਜਾਰੀ ਕੀਤੇ ਗਏ ਹਨ। ਅਲਾਟ ਕੀਤੇ ਮਕਾਨਾਂ ਵਿਚ 50 ਲੋੜਵੰਦ ਪਰਿਵਾਰ ਬੈਠੇ ਹਨ ਤੇ ਬਾਕੀ ਮਕਾਨ ਸਿਆਸਤਦਾਨਾਂ ਨੇ ਆਪਣੇ ਹਮਾਇਤੀਆਂ ਨੂੰ ਵੰਡੇ ਹੋਏ ਹਨ, ਜੋ ਖਾਲ੍ਹੀ ਪਏ ਹਨ। ਇਕ-ਇਕ ਪਰਿਵਾਰ ਨੂੰ ਚਾਰ-ਚਾਰ ਮਕਾਨ ਵੀ ਦਿੱਤੇ ਗਏ ਹਨ। ਇਕ ਪੰਚ ਦੇ ਪਰਿਵਾਰ ਦੇ ਸੱਤ ਜੀਅ ਹਨ ਤੇ ਹਰ ਜੀਅ ਨੂੰ ਇਕ-ਇਕ ਮਕਾਨ ਅਲਾਟ ਕੀਤਾ ਗਿਆ ਹੈ। ਦੂਜੇ ਪਾਸੇ ਸਿਆਸੀ ਖਹਿਬਾਜ਼ੀ ਦਾ ਸ਼ਿਕਾਰ ਲੋੜਵੰਦ ਪਰਿਵਾਰ ਛੱਤ ਨੂੰ ਤਰਸ ਰਹੇ ਹਨ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ)



ਰਾਮਵੀਰ ਮੁਤਾਬਕ ਇਹ ਕਲੋਨੀਆਂ ਪੰਚਾਇਤ ਵੱਲੋਂ ਦੱਸੀ ਲੋੜ ਅਨੁਸਾਰ ਉਸਾਰੀਆਂ ਜਾਂਦੀਆਂ ਹਨ। ਬਲਾਕ ਲੰਬੀ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸੁਰਜੀਤ ਸਿੰਘ ਨੇ ਕਿਹਾ ਕਿ ਪੰਚਾਇਤਾਂ ਪਾਸੋਂ ਲੋੜਵੰਦਾਂ ਬਾਰੇ ਮਤਾ ਪਾਸ ਕਰਵਾ ਕੇ ਇਹ ਕਲੋਨੀਆਂ ਉਸਾਰੀਆਂ ਜਾਂਦੀਆਂ ਹਨ।

ਕੁਝ ਗਰੀਬ ਪਰਿਵਾਰਾਂ ਨੂੰ ਪਾਵਰਕੌਮ ਵੱਲੋਂ ਹਜ਼ਾਰਾਂ ਰੁਪਏ ਦੇ ਬਿਜਲੀ ਬਿੱਲ ਭੇਜ ਦਿੱਤੇ ਗਏ ਹਨ ਜਦਕਿ ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਮਕਾਨਾਂ ਵਿਚ ਘੱਟ ਹੀ ਰਹਿੰਦੇ ਹਨ। ਖਾਤਾ ਨੰਬਰ 48 ਸੋਨੀ ਨੂੰ 22 ਹਜ਼ਾਰ ਰੁਪਏ ਤੇ 18 ਛਿੰਦਰਪਾਲ ਕੌਰ ਨੂੰ 18630 ਰੁਪਏ ਬਿੱਲ ਆਇਆ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਸ਼ਮਣ ਸਿੰਘ ਸੇਵੇਵਾਲਾ ਨੇ ਕਲੋਨੀਆਂ ਦੀ ਖ਼ਸਤਾ ਹਾਲਤ ਤੇ ਕਾਣੀ ਵੰਡ ਉਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਸਿਆਸੀ ਲਾਹਾ ਲੈਣ ਤੇ ਲੋਕਾਂ ਦਾ ਗੁੱਸਾ ਠੰਢਾ ਕਰਨ ਲਈ ਭਲਾਈ ਸਕੀਮਾਂ ਵਰਤੀਆਂ ਜਾਂਦੀਆਂ ਹਨ।

## ਸਪਾਈਸ ਜੈਟ ਵਲੋਂ ਦਿੱਲੀ-ਅੰਮ੍ਰਿਤਸਰ ਲਈ ਉਡਾਣਾਂ ਵਿਚ ਵਾਧਾ

**ਅੰਮ੍ਰਿਤਸਰ:** ਹਵਾਈ ਕੰਪਨੀ ਸਪਾਈਸ ਜੈੱਟ ਨੇ ਗਰਮੀਆਂ ਦੀਆਂ ਛੁੱਟੀਆਂ ਦੇ ਮੌਸਮ ਵਿਚ ਯਾਤਰੀਆਂ ਦੀ ਸਹੂਲਤ ਲਈ ਦਿੱਲੀ-ਅੰਮ੍ਰਿਤਸਰ ਤੇ ਦਿੱਲੀ-ਧਰਮਸ਼ਾਲਾ ਦੌਰਾਨ ਡੇਢ ਮਹੀਨੇ ਲਈ ਦੋ ਵਾਧੂ ਉਡਾਣਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਸਪਾਈਸ ਜੈਟ ਲਿਮ: ਦੇ ਸੀ.ਈ.ਓ. ਸੰਜੀਵ ਕਪੂਰ ਨੇ ਦੱਸਿਆ ਕਿ ਗਰਮੀਆਂ ਦੀਆਂ ਛੁਟੀਆਂ ਵਿਚ ਸ੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਕਰਨ ਜਾਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਇਕ ਹੋਰ ਫਲਾਈਟ 15 ਮਈ ਤੋਂ 30 ਜੂਨ ਤੱਕ ਰੋਜਾਨਾ ਦਿੱਲੀ-ਅੰਮ੍ਰਿਤਸਰ ਤੇ ਅੰਮ੍ਰਿਤਸਰ-ਦਿੱਲੀ ਲਈ ਸ਼ੁਰੂ ਕੀਤੀ ਜਾ ਰਹੀ ਹੈ।

ਫਲਾਈਟ ਨੰਬਰ: 2517 ਦਿੱਲੀ ਤੋਂ ਅੰਮ੍ਰਿਤਸਰ ਲਈ ਸ਼ਾਮ 7 ਵਜੇ ਚੱਲ ਕੇ ਅੰਮ੍ਰਿਤਸਰ ਰਾਤ 8.15 ਵਜੇ ਪੁੱਜੇਗੀ ਤੇ ਫਲਾਈਟ ਨੰਬਰ: 2518 ਅੰਮ੍ਰਿਤਸਰ ਤੋਂ ਰਾਤ 8.20 ਵਜੇ ਚੱਲ ਕੇ ਰਾਤ 9.50 ਵਜੇ ਦਿੱਲੀ ਪੁੱਜਿਆ ਕਰੇਗੀ।

# ਇੰਜ ਲਾਇਆ ਖਾਈ ਫੇਮੇ ਕੀ ਪਿੰਡ ਦੀ ਪੰਚਾਇਤ ਨੂੰ ਰਗੜਾ...

**ਫਿਰੋਜ਼ਪੁਰ**: ਇਥੋਂ ਅੱਠ ਕਿਲੋਮੀਟਰ ਦੂਰ ਪਿੰਡ ਖਾਈ ਫ਼ੇਮੇ ਕੀ ਵਿਚ ਨਵੀਂ ਜੇਲ੍ਹ ਬਣਾਏ ਜਾਣ ਦੀ ਯੋਜਨਾ ਹਾਲ ਦੀ ਘੜੀ ਰੱਦ ਹੋ ਗਈ ਹੈ। ਨਵੀਂ ਜੇਲ੍ਹ ਦੇ ਨਿਰਮਾਣ ਲਈ ਪ੍ਰਸ਼ਾਸਨ ਵੱਲੋਂ ਪਿੰਡ ਖਾਈ ਫੇਮੇ ਕੀ ਦੀ ਪੰਚਾਇਤੀ 44 ਏਕੜ ਤਿੰਨ ਕਨਾਲ ਜ਼ਮੀਨ ਦੀ ਚੋਣ ਕੀਤੀ ਗਈ ਸੀ। ਸਰਕਾਰ ਇਸ ਜ਼ਮੀਨ ਨੂੰ ਵੇਚ ਕੇ ਇਕੱਤਰ ਹੋਣ ਵਾਲੀ ਰਕਮ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਕਰਾਉਣ ਨੂੰ ਤਿਆਰ ਹੋ ਗਈ ਸੀ। ਕਿਹਾ ਗਿਆ ਸੀ ਕਿ ਇਸ ਰਕਮ ਦਾ ਵਿਆਜ ਪਿੰਡ ਦੇ ਵਿਕਾਸ ਉਤੇ ਖਰਚ ਕੀਤਾ ਜਾਵੇਗਾ। ਇਸ ਗੱਲ ਨੂੰ ਚਾਰ ਸਾਲ ਬੀਤ ਗਏ ਹਨ ਪਰ ਸਰਕਾਰ ਨੇ ਅੱਜ ਤੱਕ ਇਸ ਜ਼ਮੀਨ ਦੀ ਬਣਦੀ ਰਕਮ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਵਾਈ। ਉਦੋਂ ਤੋਂ ਲੈ ਕੇ ਹੁਣ ਤੱਕ ਬਲਾਕ ਪੰਚਾਇਤ ਅਫ਼ਸਰ ਜ਼ਮੀਨ ਨੂੰ ਖੁੱਲ੍ਹੀ ਬੋਲੀ ਨਾਲ ਠੇਕੇ ਉਤੇ ਚੜ੍ਹਾ ਦਿੰਦੇ ਹਨ। ਕਈ ਵਾਰ ਬੋਲੀ ਦੇਰੀ ਨਾਲ ਹੋਣ ਕਾਰਨ ਮਾਰਕੀਟ ਰੇਟ ਤੋਂ ਅੱਧਾ ਠੇਕਾ ਵੀ ਪੰਚਾਇਤ ਨੂੰ ਨਹੀਂ ਮਿਲਦਾ।

ਦੱਸਣਯੋਗ ਹੈ ਕਿ ਸਰਕਾਰ ਨੇ 160 ਸਾਲ ਪੁਰਾਣੀ ਫਿਰੋਜ਼ਪੁਰ ਸੈਂਟਰਲ ਜੇਲ੍ਹ ਵੇਚਣ ਲਈ ਲਾਈ ਹੋਈ ਹੈ ਪਰ ਸਰਕਾਰ ਨੂੰ ਖ਼ਰੀਦਦਾਰ ਨਹੀਂ ਮਿਲ ਰਿਹਾ। ਲਿਹਾਜ਼ਾ ਸਰਕਾਰ ਇਸ ਜੇਲ੍ਹ ਦੀ ਜ਼ਮੀਨ ਵੇਚ ਕੇ 265 ਕਰੋੜ ਰੁਪਏ ਵੱਟਣਾ ਚਾਹੁੰਦੀ ਹੈ ਪਰ ਇੰਨੀ ਰਕਮ ਦੇਣ ਵਾਸਤੇ ਕੋਈ ਖ਼ਰੀਦਦਾਰ ਨਹੀਂ ਮਿਲ ਰਿਹਾ। ਹਾਲਾਂਕਿ ਨਵੀਂ ਜੇਲ੍ਹ ਦਾ ਪ੍ਰੋਜੈਕਟ 135 ਕਰੋੜ ਰੁਪਏ ਦਾ ਦੱਸਿਆ ਜਾ ਰਿਹਾ ਹੈ। ਮੌਜੂਦਾ ਜੇਲ੍ਹ ਵਿਚ ਕੈਦੀਆਂ ਦੀ ਸਮਰਥਾ 1236 ਹੈ ਪਰ ਇਸ ਵੇਲੇ ਇਥੇ 1650 ਕੈਦੀ ਤੇ ਹਵਾਲਾਤੀ ਬੰਦ ਹਨ। ਗੌਰਤਲਬ ਹੈ ਕਿ ਜ਼ਿਲ੍ਹਾ ਹੈੱਡਕੁਆਟਰ ਤੋਂ ਤਕਰੀਬਨ ਅੱਠ ਕਿਲੋਮੀਟਰ ਦੂਰ ਪਿੰਡ ਖਾਈ ਫੇਮੇ ਕੀ ਵਿਚ ਨਵੀਂ ਜੇਲ੍ਹ ਬਣਾਉਣ ਦੀ ਯੋਜਨਾ ਚਾਰ ਸਾਲ ਪਹਿਲਾਂ ਤਿਆਰ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਇਸ ਪਿੰਡ ਦੀ 44 ਏਕੜ ਤਿੰਨ ਕਨਾਲ ਜ਼ਮੀਨ ਨਵੀਂ ਜੇਲ੍ਹ ਵਾਸਤੇ ਰਿਜ਼ਰਵ ਰੱਖੀ ਹੋਈ ਸੀ। ਹੁਣ ਕਿਹਾ ਜਾ ਰਿਹਾ ਹੈ ਕਿ ਆਧੁਨਿਕ ਜੇਲ੍ਹ ਦੇ ਨਿਰਮਾਣ ਵਾਸਤੇ 65 ਏਕੜ ਜ਼ਮੀਨ ਦੀ ਜ਼ਰੂਰਤ ਹੈ। ਪੰਚਾਇਤੀ ਜ਼ਮੀਨ ਦੇਣ ਦੇ ਇਵਜ਼ ਵਿਚ ਪੰਚਾਇਤ ਨੂੰ ਇਸ ਵੇਲੇ ਸਿਰਫ ਠੇਕਾ ਹੀ ਮਿਲ ਰਿਹਾ ਹੈ ਜੋ ਮਾਰਕੀਟ ਰੇਟ ਨਾਲੋਂ ਘੱਟ ਹੈ। ਜੇਲ੍ਹ ਵਿਭਾਗ ਦੇ ਡੀ.ਆਈ.ਜੀ. ਕੈਪਟਨ ਲਖਵਿੰਦਰ ਸਿੰਘ ਜਾਖੜ ਨੇ ਤਾਂ ਪਿਛਲੇ ਸਾਲ ਹੀ ਕਹਿ ਦਿੱਤਾ ਸੀ ਕਿ ਫਿਰੋਜ਼ਪੁਰ ਵਿਚ ਨਵੀਂ ਜੇਲ੍ਹ ਬਣਾਉਣ ਦੀ ਯੋਜਨਾ ਅਜੇ ਠੰਡੇ ਬਸਤੇ ਵਿਚ ਹੈ।

ਸ਼ਹਿਰ ਵਿਚਕਾਰ 45 ਏਕੜ ਵਿਚ ਬਣੀ ਇਸ ਜੇਲ੍ਹ ਦਾ ਨਿਰਮਾਣ ਸੰਨ 1854 ਵਿਚ ਕੀਤਾ ਗਿਆ ਸੀ। ਭਾਰਤ ਦੇ ਸਾਬਕਾ ਲੋਕ ਸਭਾ ਮੈਂਬਰ ਰਾਧਾ ਰਮਨ, ਮੁਸ਼ਤਾਕ ਅਹਿਮਦ, ਰੂਪ ਲਾਲ ਤੇ ਬ੍ਰਹਮ ਪ੍ਰਕਾਸ਼ ਜਿਹੇ ਆਜ਼ਾਦੀ ਘੁਲਾਟੀਏ ਇਸ ਜੇਲ੍ਹ ਵਿਚ ਸਜ਼ਾ ਕੱਟ ਚੁੱਕੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਕੁਝ ਸਮਾਂ ਇਸ ਜੇਲ੍ਹ ਵਿਚ ਸਜ਼ਾ ਕੱਟ ਚੁੱਕੇ ਹਨ। ਸਾਬਕਾ ਭਾਜਪਾ ਵਿਧਾਇਕ ਸੁਖਪਾਲ ਸਿੰਘ ਨੇ ਪਿਛਲੀ ਸਰਕਾਰ ਵੇਲੇ ਇਸ ਜੇਲ੍ਹ ਨੂੰ ਸ਼ਹਿਰ ਤੋਂ ਬਾਹਰ ਲੈ ਜਾਣ ਦੀ ਯੋਜਨਾ ਪੰਜਾਬ ਸਰਕਾਰ ਨੂੰ ਬਣਾ ਕੇ ਭੇਜੀ ਸੀ। ਕਿਹਾ ਗਿਆ ਸੀ ਕਿ ਇਸ ਜੇਲ੍ਹ ਨੂੰ ਵੇਚ ਕੇ ਇਕੱਤਰ ਰਕਮ ਤੋਂ ਨਵੇਂ ਮਿੰਨੀ ਸਕੱਤਰੇਤ ਤੋਂ ਇਲਾਵਾ ਕਈ ਹੋਰ ਪ੍ਰੋਜੈਕਟ ਸਿਰੇ ਚੜ੍ਹਾਏ ਜਾ ਸਕਦੇ ਹਨ। ਪੰਜਾਬ ਸਰਕਾਰ ਨੇ ਸਾਲ 2010 ਵਿਚ ਇਸ ਯੋਜਨਾ ਲਈ ਸਹਿਮਤੀ ਪ੍ਰਗਟ ਕਰਦਿਆਂ ਅਧਿਕਾਰੀਆਂ ਨੂੰ ਨਵੀਂ ਜੇਲ੍ਹ ਦੇ ਨਿਰਮਾਣ ਵਾਸਤੇ ਢੁਕਵੀਂ ਜ਼ਮੀਨ ਲੱਭਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਪਿੰਡ ਖਾਈ ਫੇਮੇ ਕੀ ਦੀ ਪੰਚਾਇਤੀ 44 ਏਕੜ ਤਿੰਨ ਕਨਾਲ ਜ਼ਮੀਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਸੰਦ ਕਰ ਲਈ ਗਈ।

ਪਿੰਡ ਦੇ ਸਾਬਕਾ ਸਰਪੰਚ ਨਛੱਤਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਇਸ ਜ਼ਮੀਨ ਨੂੰ ਵੇਚ ਕੇ ਇਕੱਤਰ ਹੋਣ ਵਾਲੀ ਰਕਮ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਕਰਾਉਣ ਨੂੰ ਤਿਆਰ ਹੋ ਗਈ ਸੀ। ਕਿਹਾ ਗਿਆ ਸੀ ਕਿ ਇਸ ਰਕਮ ਦਾ ਵਿਆਜ ਪਿੰਡ ਦੇ ਵਿਕਾਸ ਉਤੇ ਖਰਚ ਕੀਤਾ ਜਾਵੇਗਾ। ਇਸ ਗੱਲ ਨੂੰ ਚਾਰ ਸਾਲ ਬੀਤ ਗਏ ਹਨ ਪਰ ਸਰਕਾਰ ਨੇ ਅੱਜ ਤੱਕ ਇਸ ਜ਼ਮੀਨ ਦੀ ਬਣਦੀ ਰਕਮ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਵਾਈ। ਉਦੋਂ ਤੋਂ ਲੈ ਕੇ ਹੁਣ ਤੱਕ ਬਲਾਕ ਪੰਚਾਇਤ ਅਫ਼ਸਰ ਜ਼ਮੀਨ ਨੂੰ ਖੁੱਲ੍ਹੀ ਬੋਲੀ ਨਾਲ ਠੇਕੇ ਉਤੇ ਚੜ੍ਹਾ ਦਿੰਦੇ ਹਨ। ਕਈ ਵਾਰ ਬੋਲੀ ਦੇਰੀ ਨਾਲ ਹੋਣ ਕਾਰਨ ਮਾਰਕੀਟ ਰੇਟ ਤੋਂ ਅੱਧਾ ਠੇਕਾ ਵੀ ਪੰਚਾਇਤ ਨੂੰ ਨਹੀਂ ਮਿਲਦਾ।

### *ਚਾਰ ਸਾਲ ਤੋਂ ਜ਼ਮੀਨ ਦਾ ਧੇਲਾ ਨਾ ਮਿਲਿਆ*



# ਬਾਲਟੀਮੋਰ ਦਾ ਲੋਕ ਉਭਾਰ

*ਕੁਝ ਸਮਾਂ ਪਹਿਲਾਂ ਪੁਲਿਸ ਹੱਥੋਂ ਬਾਲਟੀਮੋਰ ਵਿਚ ਇਕ ਨੌਜਵਾਨ ਦੀ ਹੱਤਿਆ ਖਿਲਾਫ ਲੋਕਾਂ ਦੇ ਰੋਹ ਦਾ ਲਾਵਾ ਫਟ ਗਿਆ ਸੀ ਜਿਸ ਨੂੰ ਕਾਬੂ ਹੇਠ ਲਿਆਉਣ ਲਈ ਪ੍ਰਸ਼ਾਸਨ ਨੂੰ ਬਹੁਤ ਮੁਸ਼ੱਕਤ ਕਰਨੀ ਪਈ ਸੀ। ਲੋਕ ਪੁਲਿਸ ਵਧੀਕੀਆਂ ਤੋਂ ਇੰਨੇ ਔਖੇ ਸਨ ਕਿ ਉਨ੍ਹਾਂ ਪਿੱਛੇ ਹਟਣ ਬਾਰੇ ਸੋਚਿਆਂ ਤੱਕ ਨਹੀਂ ਅਤੇ ਜੇਤੂ ਮਾਰਚ ਅੱਗੇ ਵਧਾ ਕੇ ਮਿਸਾਲ ਕਾਇਮ ਕੀਤੀ। ਪਰਮਜੀਤ ਰੋਡੇ ਨੇ ਆਪਣੇ ਇਸ ਲੇਖ ਵਿਚ ਇਸ ਸਮੁੱਚੇ ਹਾਲਾਤ ਉਤੇ ਗੰਭੀਰ ਟਿੱਪਣੀ ਕੀਤੀ ਹੈ। -ਸੰਪਾਦਕ*

ਅਮਰੀਕਾ ਦੇ ਸੂਬੇ ਮੈਰੀਲੈਂਡ ਦਾ ਸ਼ਹਿਰ ਬਾਲਟੀਮੋਰ ਇਕ ਹਫ਼ਤਾ ਮੈਦਾਨੇ-ਜੰਗ ਵਿਚ ਤਬਦੀਲ ਹੋਇਆ ਰਿਹਾ। ਹਾਲਾਤ ਇਸ ਹੱਦ ਤੱਕ ਗੰਭੀਰ ਸਨ ਕਿ ਦਸ ਹਜ਼ਾਰ ਲੋਕਾਂ ਦੇ ਹਜੂਮ ਨੂੰ ਕਾਬੂ ਕਰਨ ਲਈ ਨੇੜਲੇ ਸ਼ਹਿਰਾਂ ਦੀ ਪੁਲਿਸ ਤੋਂ ਇਲਾਵਾ ਵੱਡੀ ਨਫ਼ਰੀ ਵਿਚ ਨੈਸ਼ਨਲ ਗਾਰਡ ਬੁਲਾਉਣੇ ਪਏ। ਲੋਕ-ਰੋਹ ਇੰਨਾ ਪ੍ਰਚੰਡ ਸੀ ਕਿ ਉਹ ਕਰਫਿਊ ਦੀ ਪਰਵਾਹ ਕੀਤੇ ਬਿਨਾਂ ਪੁਲਿਸ ਤੇ ਫੌਜ ਨਾਲ ਟੱਕਰ ਲੈਂਦੇ ਰਹੇ। ਗ੍ਰਿਫ਼ਤਾਰੀਆਂ, ਪੈਪਰ ਸਪਰੇਅ ਤੇ ਅੱਥਰੂ ਗੈਸ ਦੇ ਗੋਲੇ ਵੀ ਲੋਕਾਂ ਦੇ ਮਨੋਬਲ ਨੂੰ ਡੇਗ ਨਾ ਸਕੇ।

ਮਸਲਾ ਫਰੈਡੀ ਗਰੇਅ ਨਾਂ ਦੇ 25 ਸਾਲਾ ਨੌਜਵਾਨ ਦੇ ਕਤਲ ਦਾ ਸੀ। ਘਟਨਾ ਇਸ ਤਰ੍ਹਾਂ ਵਾਪਰੀ ਕਿ ਫਰੈਡੀ ਗਰੇਅ ਅਤੇ ਇਕ ਹੋਰ ਨੌਜਵਾਨ ਖੜ੍ਹੇ ਆਪਸ ਵਿਚ ਗੱਲਾਂ ਕਰ ਰਹੇ ਸਨ ਤਾਂ ਅਚਾਨਕ ਉਥੇ ਪੁਲਿਸ ਪਾਰਟੀ ਆ ਗਈ। ਪੁਲਿਸ ਮੁਤਾਬਕ ਜਦੋਂ ਫਰੈਡੀ ਗਰੇਅ ਨਾਲ ਉਨ੍ਹਾਂ

**ਪਰਮਜੀਤ ਰੋਡੇ**
ਫੋਨ: 510-501-4191

ਦੀਆਂ ਅੱਖਾਂ ਚਾਰ ਹੋਈਆਂ ਤਾਂ ਉਹ ਉਥੋਂ ਦੌੜ ਗਿਆ। ਪੁਲਿਸ ਨੇ ਪਿੱਛਾ ਕੀਤਾ ਅਤੇ ਉਸ ਨੂੰ ਦਬੋਚ ਲਿਆ, ਪਰ ਇਸ ਖਿੱਚ-ਧੂਹ ਦੌਰਾਨ ਉਸ ਦੀ ਧੌਣ ਤੇ ਰੀੜ੍ਹ ਦੀ ਹੱਡੀ 'ਤੇ ਸੱਟ ਵੱਜੀ। ਇਹ ਨੌਜਵਾਨ ਪਹਿਲਾਂ ਹੀ ਦਮੇ ਦਾ ਮਰੀਜ਼ ਸੀ। ਜਦੋਂ ਇਕ ਪੁਲਿਸ ਅਫ਼ਸਰ ਨੇ ਗੋਡਾ ਉਸ ਦੀ ਧੌਣ 'ਤੇ ਰੱਖਿਆ ਹੋਇਆ ਸੀ ਅਤੇ ਦੂਜਾ ਮੂਧੇ-ਮੂੰਹ ਪਏ ਦੇ ਹੱਥ ਨੂੜ ਰਿਹਾ ਸੀ, ਤਾਂ ਉਸ ਨੂੰ ਸਾਹ ਨਹੀਂ ਸੀ ਆ ਰਿਹਾ। ਉਸ ਨੇ ਹਾੜ੍ਹੇ ਕੱਢੇ ਕਿ ਉਸ ਨੂੰ ਇਨਹੇਲਰ ਦਿੱਤਾ ਜਾਵੇ। ਪੁਲਿਸ ਨੇ ਪਰਵਾਹ ਕੀਤੇ ਬਿਨਾਂ ਧੂਹ ਕੇ ਉਸ ਨੂੰ ਵੈਨ ਵਿਚ ਸੁੱਟ ਲਿਆ, ਬਾਵਜੂਦ ਇਸ ਤੱਥ ਦੇ ਕਿ ਤਲਾਸ਼ੀ ਦੌਰਾਨ ਜਿਹੜਾ ਚਾਕੂ ਉਸ ਕੋਲੋਂ ਮਿਲਿਆ ਸੀ, ਉਹ ਕੋਲ ਰੱਖਣਾ ਮੈਰੀਲੈਂਡ ਦੇ ਕਾਨੂੰਨ ਮੁਤਾਬਕ ਗੈਰ-ਕਾਨੂੰਨੀ ਨਹੀਂ ਸੀ। ਜਦੋਂ ਪੁਲਿਸ ਫਰੈਡੀ ਨੂੰ ਲਿਜਾ ਰਹੀ ਸੀ ਤਾਂ ਰਸਤੇ ਵਿਚ ਵੈਨ ਚਾਰ ਵਾਰ ਰੋਕੀ ਗਈ। ਪਹਿਲੀ ਵਾਰ ਉਦੋਂ ਜਦੋਂ ਫਰੈਡੀ ਦੇ ਪੈਰਾਂ ਨੂੰ ਬੇੜੀਆਂ ਪਾਈਆਂ ਗਈਆਂ; ਦੂਜੀ ਤੇ ਤੀਜੀ ਵਾਰ ਰੋਕਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਪਰ ਚੌਥੀ ਵਾਰ ਉਦੋਂ ਜਦੋਂ ਰਸਤੇ ਵਿਚੋਂ ਇਕ ਹੋਰ ਬੰਦੇ ਨੂੰ ਗ੍ਰਿਫ਼ਤਾਰ ਕਰ ਕੇ ਗੱਡੀ ਵਿਚ ਬਿਠਾਇਆ ਗਿਆ। ਬਾਅਦ ਵਿਚ ਜਦੋਂ ਫਰੈਡੀ ਦੀ ਹਾਲਤ ਜ਼ਿਆਦਾ ਵਿਗੜ ਗਈ ਤਾਂ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਥੇ ਇਕ ਹਫ਼ਤਾ ਬੇਹੋਸ਼ ਰਹਿਣ ਪਿੱਛੋਂ ਉਹ ਦਮ ਤੋੜ ਗਿਆ।

ਫਰੈਡੀ ਗਰੇਅ ਦੀ ਮੌਤ ਦੀ ਖ਼ਬਰ, ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਫਿਰ ਕੀ ਸੀ, ਦਸ ਹਜ਼ਾਰ ਤੋਂ ਵੱਧ ਲੋਕ ਆਪ-ਮੁਹਾਰੇ ਹੀ ਸੜਕਾਂ ਉਤੇ ਨਿਕਲ ਤੁਰੇ। ਮੌਤ ਲਈ ਜ਼ਿੰਮੇਵਾਰ ਛੇ ਪੁਲਿਸ ਅਫ਼ਸਰਾਂ ਨੂੰ ਤਨਖਾਹ ਸਮੇਤ ਛੁੱਟੀ ਉਤੇ ਭੇਜਣ ਅਤੇ ਸਸਪੈਂਡ ਕਰਨ ਦਾ ਐਲਾਨ ਕਰ ਦਿੱਤਾ ਗਿਆ, ਪਰ ਲੋਕਾਂ ਨੂੰ ਇਹ ਮਨਜ਼ੂਰ ਨਹੀਂ ਸੀ। ਉਹ ਇਨ੍ਹਾਂ ਅਫ਼ਸਰਾਂ 'ਤੇ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕਰ ਰਹੇ ਸਨ। ਬੱਸ, ਜ਼ੋਰਦਾਰ ਵਿਖਾਵੇ ਸ਼ੁਰੂ ਹੋ ਗਏ। ਇਕ ਵਾਰ ਤਾਂ ਪੁਲਿਸ, ਲੋਕਾਂ ਦੇ ਮੂਹਰੇ ਭੱਜ ਤੁਰੀ। ਲੋਕਾਂ ਨੇ ਪੁਲਿਸ 'ਤੇ ਇੱਟਾਂ-ਵੱਟੇ ਵਰ੍ਹਾਏ, ਪੁਲਿਸ ਦੀਆਂ ਗੱਡੀਆਂ ਤੇ ਹੋਰ ਬਿਲਡਿੰਗਾਂ ਨੂੰ ਅੱਗ ਦੀ ਭੇਟ ਚਾੜ੍ਹ ਦਿੱਤਾ। ਲੁੱਟ-ਮਾਰ ਤੇ ਭੰਨ-ਤੋੜ ਕੀਤੀ। ਗੱਲ ਕੀ, ਆਪਣੇ ਰੋਹ ਤੇ ਗੁੱਸੇ ਦੇ ਪ੍ਰਗਟਾਵੇ ਲਈ ਹਰ ਜਾਇਜ਼ ਤੇ ਨਾਜਾਇਜ਼ ਢੰਗ ਵਰਤਿਆ।

ਲੋਕ ਜਾਣਨਾ ਚਾਹੁੰਦੇ ਸਨ ਕਿ ਜੇ ਫਰੈਡੀ ਪੁਲਿਸ ਨੂੰ ਦੇਖ ਦੇ ਦੌੜ ਗਿਆ, ਤਾਂ ਇਹ ਜੁਰਮ ਕਿਵੇਂ ਹੋਇਆ? ਜਾਮਾ ਤਲਾਸ਼ੀ ਦੌਰਾਨ ਉਸ ਕੋਲੋਂ ਕੋਈ ਵੀ ਗੈਰ-ਕਾਨੂੰਨੀ ਚੀਜ਼ ਨਾ ਮਿਲਣ ਦੇ ਬਾਵਜੂਦ ਗ੍ਰਿਫ਼ਤਾਰ ਕਿਉਂ ਕੀਤਾ? ਦਰਦ ਨਾਲ ਕਰਾਹ ਰਹੇ ਅਤੇ ਸਾਹ ਲੈਣ ਦੀ ਤਕਲੀਫ਼ ਨਾਲ ਹਾਲੋਂ-ਬੇਹਾਲ ਹੋਏ ਨੂੰ ਲੋੜੀਂਦੀ ਡਾਕਟਰੀ ਮਦਦ



ਕਿਉਂ ਨਹੀਂ ਦਿੱਤੀ ਗਈ? ਰਸਤੇ ਵਿਚ ਗੱਡੀ ਰੋਕ ਕੇ ਪੈਰਾਂ ਨੂੰ ਬੇੜੀਆਂ ਪਾਉਣ ਦੀ ਕੀ ਤੁਕ ਸੀ? ਪੁਲਿਸ ਵਾਲਿਆਂ ਨੂੰ ਸਸਪੈਂਡ ਕਰਨ ਦੀ ਥਾਂ ਕਤਲ ਕੇਸ ਕਿਉਂ ਨਾ ਦਰਜ ਕੀਤਾ? ਇਨ੍ਹਾਂ ਸੁਆਲਾਂ ਦੇ ਜਵਾਬ ਦੀ ਥਾਂ ਪੁਲਿਸ ਦੀ ਟੇਕ ਤਾਕਤ ਤੇ ਅਫ਼ਵਾਹਾਂ ਰਾਹੀਂ ਲੋਕਾਂ ਵਿਚ ਭੁਲੇਖੇ ਖੜ੍ਹੇ ਕਰਨ 'ਤੇ ਸੀ।

ਹੌਲੀ-ਹੌਲੀ ਲੋਕਾਂ ਦੇ ਇਸ ਸੰਘਰਸ਼ ਦਾ ਸੇਕ ਹੋਰ ਸ਼ਹਿਰਾਂ ਵਿਚ ਵੀ ਮਹਿਸੂਸ ਹੋਣ ਲੱਗਾ। ਵੱਖ-ਵੱਖ ਸਮਿਆਂ 'ਤੇ ਲੋਕ-ਘੋਲਾਂ ਦੇ ਕੇਂਦਰ ਰਹਿ ਚੁੱਕੇ ਸ਼ਹਿਰਾਂ, ਖਾਸ ਕਰ ਕੇ ਓਕਲੈਂਡ, ਸੈਨ ਫਰਾਂਸਿਸਕੋ, ਲਾਸ ਏਂਜਲਸ, ਨਿਊ ਯਾਰਕ, ਸ਼ਿਕਾਗੋ ਆਦਿ ਦੇ ਚੇਤੰਨ ਲੋਕ ਬਾਲਟੀਮੋਰ ਦੇ ਸੰਘਰਸ਼ ਦੀ ਹਮਾਇਤ ਵਿਚ ਸੜਕਾਂ 'ਤੇ ਆ ਗਏ। ਗੱਲ ਵਧਦੀ ਦੇਖ ਬਾਲਟੀਮੋਰ ਦੇ ਅਧਿਕਾਰੀ ਝੁਕ ਗਏ। ਪਹਿਲਾਂ ਤਾਂ ਕਾਹਲੀ ਨਾਲ ਪੁਲਿਸ ਜਾਂਚ ਰਿਪੋਰਟ ਤਿਆਰ ਕੀਤੀ ਗਈ ਅਤੇ ਫਿਰ ਛੇ ਅਫ਼ਸਰਾਂ 'ਤੇ ਦੋਇਮ ਦਰਜੇ ਦੇ ਕਤਲ ਚਾਰਜ ਦਾਇਰ ਕਰ ਦਿੱਤੇ। ਲੋਕਾਂ ਦੇ ਇਸ ਸ਼ਾਨਾਂਮੱਤੇ ਘੋਲ ਦੀ ਜਿੱਤ ਨੂੰ ਫਲੈਸ਼ ਕਰਨ ਦੀ ਬਜਾਏ ਮੀਡੀਆ ਨੇ ਇਸ ਨੂੰ ਹਿੰਸਾ 'ਤੇ ਕਾਬੂ ਕਰਨ ਲਈ ਪੁਲਿਸ ਤੇ ਮਿਲਟਰੀ ਦੀ ਜਿੱਤ ਦੇ ਤੌਰ 'ਤੇ ਪੇਸ਼ ਕੀਤਾ।

ਪਹਿਲਾਂ ਵੀ ਇਸ ਸੰਘਰਸ਼ ਦੌਰਾਨ ਮੀਡੀਆ ਅਤੇ ਸਿਆਸਤਦਾਨਾਂ ਨੇ ਜਨਤਾ ਦਾ ਧਿਆਨ ਪੁਲਿਸ ਦੇ ਜ਼ੁਲਮਾਂ 'ਤੇ ਕੇਂਦਰਤ ਕਰਨ ਦੀ ਥਾਂ ਜਾਣ-ਬੁੱਝ ਕੇ ਅਖੌਤੀ ਲੋਕ ਹਿੰਸਾ 'ਤੇ ਕੇਂਦਰਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਹਿੰਸਾ ਤੇ ਭੰਨ-ਤੋੜ ਦਾ ਵਰਤਾਰਾ ਇੰਨਾ ਸਿਧ-ਪੱਧਰਾ ਨਹੀਂ ਹੁੰਦਾ ਜਿੰਨਾ ਸਮਝਿਆ ਜਾ ਰਿਹਾ ਹੈ। ਜੇ ਆਦਰਸ਼ਵਾਦੀ ਹੋਣ ਦੀ ਥਾਂ ਹਕੀਕਤ ਮੁਖੀ ਹੋ ਕੇ ਸੋਚਿਆ ਜਾਵੇ ਤਾਂ ਗੱਲ ਛੇਤੀ ਹੀ ਸਮਝ ਆ ਜਾਂਦੀ ਹੈ।

ਪਹਿਲਾਂ ਬਾਲਟੀਮੋਰ ਦੀ ਗੱਲ ਕਰਦੇ ਹਾਂ। ਬਾਲਟੀਮੋਰ ਅਮਰੀਕਾ ਦਾ ਵੱਡਾ ਸਨਅਤੀ ਕੇਂਦਰ ਸੀ। ਸਰਮਾਏਦਾਰਾਂ ਅਤੇ ਸਨਅਤਕਾਰਾਂ ਨੇ ਬਾਲਟੀਮੋਰ ਦੇ ਮਿਹਨਤਕਸ਼ਾਂ ਨੂੰ ਰੱਜ ਕੇ ਲੁੱਟਿਆ ਤੇ ਮੁਨਾਫ਼ੇ ਦੇ ਅੰਬਾਰ ਲਾਏ। ਜਦੋਂ ਆਰਥਿਕਤਾ, ਸਨਅਤੀ ਉਤਪਾਦਨ ਤੋਂ ਸ਼ਿਫਟ ਹੋਈ ਤਾਂ ਹੋਰ ਵੱਡੇ ਸਨਅਤੀ ਸ਼ਹਿਰਾਂ ਡਿਟਰਾਇਟ, ਫਲਿੰਟ, ਕੈਮਡਨ, ਨਿਊ ਵਾਰਕ, ਨਿਊ ਜਰਸੀ, ਬਫਲੋ, ਨਿਊ ਯਾਰਕ ਵਾਂਗ ਬਾਲਟੀਮੋਰ ਵੀ ਸਰਮਾਏਦਾਰੀ ਦੇ 'ਸੈਕਰੀਫ਼ਾਈਸ ਜ਼ੋਨਜ਼' ਦੀ ਭੇਟ ਚੜ੍ਹ ਗਿਆ, ਭਾਵ ਕਾਰਪੋਰੇਸ਼ਨਾਂ ਨੇ ਆਪਣਾ ਸਰਮਾਇਆ ਇਥੋਂ ਕੱਢ ਕੇ ਵੱਧ ਮੁਨਾਫੇ ਵਾਲੇ ਇਲਾਕਿਆਂ ਵਿਚ ਲਾ ਦਿੱਤਾ ਤੇ ਮਿੱਲਾਂ ਵਿਚ ਕੰਮ ਕਰ ਕੇ ਰੋਜ਼ੀ ਕਮਾਉਣ ਵਾਲੇ ਲੋਕ ਬੇਰੋਜ਼ਗਾਰੀ ਵੱਲ ਧੱਕੇ ਗਏ। ਸਟੀਲ ਮਿੱਲਾਂ, ਇੰਜਣ ਫੈਕਟਰੀਆਂ, ਆਟੋ ਸਨਅਤ ਤੇ ਸ਼ਿਪ-ਯਾਰਡਾਂ 'ਚ ਉੱਲੂ ਬੋਲਣ ਲੱਗੇ।

ਬਾਲਟੀਮੋਰ ਕਿਸੇ ਸਮੇਂ ਅਮਰੀਕਾ ਦਾ ਛੇਵਾਂ ਵੱਡਾ ਸ਼ਹਿਰ ਸੀ, ਪਰ ਹੁਣ 26ਵੇਂ ਨੰਬਰ 'ਤੇ ਚਲਾ ਗਿਆ ਹੈ। 1960 ਵਿਚ ਬਾਲਟੀਮੋਰ ਦੀ ਆਬਾਦੀ 9 ਲੱਖ 40000 ਸੀ ਜੋ ਘਟ ਕੇ 6 ਲੱਖ 22000 ਰਹਿ ਗਈ ਹੈ। ਸਰਕਾਰੀ ਅੰਕੜਿਆਂ ਮੁਤਾਬਕ 23.8% ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਕੰਮ ਕਰਨ ਦੀ ਉਮਰ ਵਾਲੇ 39% ਲੋਕ ਬੇਰੋਜ਼ਗਾਰ ਹਨ। ਫਰੈਡੀ ਗਰੇਅ ਦੇ ਗੁਆਂਢ ਦੇ ਇਲਾਕੇ 'ਚ ਤਾਂ ਬੇਰੋਜ਼ਗਾਰੀ 52% ਹੈ। 16000 ਬਿਲਡਿੰਗਾਂ ਨਕਾਰਾ ਹੋਈਆਂ ਪਈਆਂ ਹਨ ਜਿਥੇ ਹੁਣ ਭੂਤਾਂ ਦਾ ਵਾਸਾ ਹੈ।

ਬਾਲਟੀਮੋਰ ਦੀ ਪੁਲਿਸ ਬਹੁਤ ਬਦਨਾਮ ਹੈ। ਲੋਕਾਂ ਨਾਲ ਵਧੀਕੀਆਂ ਕਰ ਕੇ ਸ਼ਹਿਰ ਨੂੰ ਹਰ ਸਾਲ ਔਸਤਨ 20 ਕੇਸ ਲੈ-ਦੇ ਕੇ ਸੈਟਲ ਕਰਨੇ ਪੈਂਦੇ ਹਨ। ਇਕ ਰਿਪੋਰਟ ਮੁਤਾਬਕ ਇਸ ਸਾਲ ਸਿਟੀ ਨੂੰ 5.7 ਮਿਲੀਅਨ ਤਾਂ ਸੈਟਲਮੈਂਟ ਲਈ ਦੇਣੇ ਪਏ ਤੇ 5.8 ਮਿਲੀਅਨ ਕਾਨੂੰਨੀ ਫੀਸਾਂ ਵਗੈਰਾ ਲਈ। ਇਸ 11.5 ਮਿਲੀਅਨ ਦੇ ਵਾਧੂ ਬੋਝ ਲਈ ਸਿਰਫ਼ ਤੇ ਸਿਰਫ਼ ਬਾਲਟੀਮੋਰ ਦੀ ਪੁਲਿਸ ਜ਼ਿੰਮੇਵਾਰ ਹੈ। ਇਸ ਲਈ ਫਰੈਡੀ ਗਰੇਅ ਦੀ ਪੁਲਿਸ ਹੱਥੋਂ ਮੌਤ ਵਿਰੁਧ ਗਰੀਬੀ ਦਾ ਸ਼ਿਕਾਰ ਲੋਕਾਂ ਦੀ ਰੋਹ ਤੇ ਗੁੱਸੇ ਭਰੀ ਆਪ-ਮੁਹਾਰੀ ਲਹਿਰ ਨੂੰ ਬਾਲਟੀਮੋਰ ਦੇ ਇਨ੍ਹਾਂ ਹਾਲਾਤ ਦੇ ਪ੍ਰਸੰਗ ਵਿਚ ਹੀ ਵਿਚਾਰਨਾ ਚਾਹੀਦਾ ਹੈ।

ਇਹ ਗੱਲ ਸਾਰੀਆਂ ਆਪ-ਮੁਹਾਰੀਆਂ ਲਹਿਰਾਂ ਬਾਰੇ ਸੱਚ ਹੈ ਕਿ ਇਨ੍ਹਾਂ ਵਿਚ ਅਰਾਜਕਤਾ ਅਤੇ ਗੜਬੜ ਦਾ ਪੱਖ ਕਾਫੀ ਮਜ਼ਬੂਤ ਹੁੰਦਾ ਹੈ। ਕਿਸੇ ਸੰਜੀਦਾ ਜਥੇਬੰਦੀ ਵੱਲੋਂ ਸੰਜੀਦਾ ਰੂਪ ਵਿਚ ਖੜ੍ਹੀ ਕੀਤੀ ਲਹਿਰ 'ਚ ਇਸ ਤੱਤ ਨੂੰ ਕਾਫ਼ੀ ਹੱਦ ਤੱਕ ਕਾਬੂ ਹੇਠ ਰੱਖਿਆ ਜਾ ਸਕਦਾ ਹੈ, ਪਰ ਬਾਲਟੀਮੋਰ ਵਰਗੀਆਂ ਜ਼ੁਲਮ ਖਿਲਾਫ਼ ਉੱਠੀਆਂ ਆਪ-ਮੁਹਾਰੀਆਂ ਲਹਿਰਾਂ 'ਚ ਅਜਿਹਾ ਕੁਝ ਵੀ ਨਾ ਵਾਪਰਨ ਬਾਰੇ ਸੋਚਣਾ ਮਹਿਜ਼ ਖ਼ਾਮ-ਖ਼ਿਆਲੀ ਹੈ। ਅਜਿਹਾ ਕੁਝ ਨਾ ਵਾਪਰਨ ਦੀ ਵਾਜਬ ਇੱਛਾ ਦੇ ਬਾਵਜੂਦ ਸਾਡਾ ਧਿਆਨ ਮੁੱਖ ਰੂਪ ਵਿਚ ਜ਼ੁਲਮ ਦਾ ਸ਼ਿਕਾਰ ਧਿਰ ਨਾਲ ਹਮਦਰਦੀ ਅਤੇ ਮਦਦ 'ਤੇ ਕੇਂਦਰਤ ਰਹਿਣਾ ਚਾਹੀਦਾ ਹੈ।

ਅਮਰੀਕਾ ਜੋ ਕੱਲ੍ਹ ਸੀ, ਉਹ ਅੱਜ ਨਹੀਂ ਅਤੇ ਜੋ ਅੱਜ ਹੈ, ਉਹ ਕੱਲ੍ਹ ਨਹੀਂ ਹੋਵੇਗਾ। ਦੇਸ਼ ਵਿਚ ਪੁਲਿਸ ਵਧੀਕੀਆਂ ਵਧ ਰਹੀਆਂ ਹਨ ਅਤੇ ਲੋਕ ਸਹਿਣ ਤੋਂ ਇਨਕਾਰੀ ਹੋ ਰਹੇ ਹਨ। ਜ਼ੁਲਮ ਖਿਲਾਫ਼ ਉਠੀ ਹਰ ਲਹਿਰ ਪਹਿਲੀ ਨਾਲੋਂ ਵੱਧ ਪ੍ਰਚੰਡ ਹੁੰਦੀ ਹੈ। ਲੋਕ ਪਹਿਲਾਂ ਨਾਲੋਂ ਵੱਧ ਚੇਤਨ ਤੇ ਜਥੇਬੰਦ ਹੋ ਰਹੇ ਹਨ, ਬੁੱਧੀਜੀਵੀਆਂ ਦਾ ਗਿਣਨਯੋਗ ਹਿੱਸਾ ਇਨ੍ਹਾਂ ਘਟਨਾਵਾਂ 'ਤੇ ਹਾਂ ਪੱਖੀ ਪ੍ਰਤੀਕਰਮ ਦੇਣ ਲੱਗਿਆ ਹੈ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਭਗਤ ਸਿੰਘ, ਗਾਂਧੀ, ਜਿਨਾਹ ਅਤੇ ਅਕਾਲੀ

*ਪਿਛਲੇ ਸੌ ਵਰ੍ਹਿਆਂ ਦੌਰਾਨ ਭਗਤ ਸਿੰਘ ਬਾਰੇ ਚਰਚਾ ਸਭ ਤੋਂ ਵੱਧ ਹੋਈ ਹੈ। ਮੁਲਕ ਦੀ ਆਜ਼ਾਦੀ ਖਾਤਰ ਸਿਰਫ 23 ਵਰ੍ਹਿਆਂ ਦੀ ਉਮਰ ਵਿਚ ਸ਼ਹੀਦ ਹੋਣ ਵਾਲੇ ਇਸ ਨੌਜਵਾਨ ਦੀ ਸਿਆਸੀ ਸਮਰੱਥਾ ਨੂੰ ਹਰ ਧਿਰ ਤਸਲੀਮ ਕਰਦੀ ਹੈ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਦੌਰ ਵਿਚ ਜਿਹੜੀ ਸਿਆਸਤ ਕਰਨ ਲਈ ਟਿੱਲ ਲਾਇਆ ਸੀ, ਉਸ ਦੀ ਗੂੰਜ ਅੱਜ ਵੀ ਸੁਣੀ ਜਾ ਸਕਦੀ ਹੈ। ਇਸ ਦੇ ਨਾਲ ਹੀ ਇਨ੍ਹਾਂ ਨੌਜਵਾਨਾਂ, ਖਾਸ ਕਰ ਕੇ ਭਗਤ ਸਿੰਘ ਬਾਰੇ ਕਈ ਵਿਵਾਦ ਵੀ ਉਠਦੇ ਰਹੇ ਹਨ। ਹਾਲ ਹੀ ਵਿਚ ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਦੇ ਬਿਆਨ ਨਾਲ ਭਗਤ ਸਿੰਘ ਬਾਰੇ ਚਰਚਾ ਇਕ ਵਾਰ ਫਿਰ ਛਿੜੀ ਹੈ। ਤੁਸ਼ਾਰ ਨੇ ਭਾਵੇਂ ਸਪਸ਼ਟੀਕਰਨ ਦਿੱਤਾ ਹੈ ਕਿ ਉਸ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਪਰ ਇਤਿਹਾਸ ਗਵਾਹ ਹੈ ਕਿ ਭਗਤ ਸਿੰਘ ਅਤੇ ਮਹਾਤਮਾ ਗਾਂਧੀ ਵਿਚਕਾਰ ਖਿਆਲਾਂ ਦਾ ਟਕਰਾਅ ਬੜਾ ਤੀਬਰ ਰਿਹਾ ਹੈ। ਪੱਤਰਕਾਰ ਜਗਤਾਰ ਸਿੰਘ ਨੇ ਇਸ ਇਤਿਹਾਸ ਦੀਆਂ ਪਰਤਾਂ ਆਪਣੇ ਇਸ ਲੇਖ ਵਿਚ ਫਰੋਲੀਆਂ ਹਨ। -ਸੰਪਾਦਕ*

ਤੁਸ਼ਾਰ ਗਾਂਧੀ ਨੇ ਮਹਾਨ ਇਨਕਲਾਬੀ ਸ਼ਹੀਦ ਭਗਤ ਸਿੰਘ ਸਬੰਧੀ ਮਹਾਤਮਾ ਗਾਂਧੀ ਦੇ ਵਿਚਾਰਾਂ ਦਾ ਬੜਾ ਸਪਸ਼ਟ ਖੁਲਾਸਾ ਉਸ ਸਮੇਂ ਕੀਤਾ ਹੈ ਜਦੋਂ ਆਜ਼ਾਦੀ ਦਾ ਇਹ ਪ੍ਰਵਾਨਾ ਪੂਰੇ ਹਿੰਦੋਸਤਾਨ ਦੀ ਹੀ ਨਹੀਂ, ਬਲਕਿ ਪਾਕਿਸਤਾਨ ਦੀ ਨੌਜਵਾਨ ਪੀੜ੍ਹੀ ਦੇ ਮਨਾਂ ਅੰਦਰ ਵੀ ਲੋਕ ਨਾਇਕ ਦੇ ਪ੍ਰਤੀਕ ਵਜੋਂ ਮੁੜ ਉਭਰ ਰਿਹਾ ਹੈ ਤੇ ਇਹ ਆਪਣੇ ਆਪ ਬਹੁਤ ਵਿਲੱਖਣ ਵਰਤਾਰਾ ਹੈ। ਉਸ ਦੀ ਸ਼ਖਸੀਅਤ ਨੇ ਜਵਾਨ ਪੀੜ੍ਹੀ ਦੀ ਮਾਨਸਿਕਤਾ ਵਿਚ ਉਸ ਸਮੇਂ ਮੁੜ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਲਈ ਹੈ ਜਦੋਂ ਰਵਾਇਤੀ ਸਿਆਸਤਦਾਨਾਂ ਦਾ ਲੋਕ ਮਨਾਂ ਵਿਚ ਅਕਸ ਲੁੜਕਦਾ ਲੁੜਕਦਾ ਪੌੜੀ ਦੇ ਸਭ ਤੋਂ ਹੇਠਲੇ ਡੰਡੇ ਉਤੇ ਆ ਗਿਆ ਹੈ। ਮੁਲਕ ਦੇ ਆਜ਼ਾਦੀ ਸੰਗਰਾਮ ਦੌਰਾਨ ਸ਼ਹੀਦ ਭਗਤ ਸਿੰਘ ਧਰਮ ਨਿਰਪੱਖ ਅਤੇ ਬਦਲਵੀਂ ਸਿਆਸਤ ਦੇ ਪ੍ਰਤੀਕ ਬਣ ਕੇ ਉਭਰੇ ਸਨ।

ਮਹਾਤਮਾ ਗਾਂਧੀ (ਮੋਹਨਦਾਸ ਕਰਮ ਚੰਦ ਗਾਂਧੀ ਦੇ ਪੜਪੋਤਰੇ ਤੁਸ਼ਾਰ ਗਾਂਧੀ ਨੇ ਪਿਛਲੇ ਦਿਨੀਂ ਜੈਪੁਰ ਵਿਚ ਕਿਹਾ ਹੈ ਕਿ ਮਹਾਤਮਾ ਗਾਂਧੀ ਨੇ ਸ਼ਹੀਦ ਭਗਤ ਸਿੰਘ ਦੀ ਫਾਂਸੀ ਤੁੜਵਾਉਣ ਲਈ ਇਸ ਲਈ ਦਖਲ ਨਹੀਂ ਸੀ ਦਿੱਤਾ, ਕਿਉਂਕਿ ਉਹ ਅੰਗਰੇਜ਼ ਹਾਕਮਾਂ ਲਈ ਮੁਜਰਮ ਸਨ। ਇਹ ਗੱਲ ਤਾਂ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ



**ਜਗਤਾਰ ਸਿੰਘ**
ਫੋਨ: +91-97797-11201

ਦੀ ਇਨਕਲਾਬੀ ਵਿਚਾਰਧਾਰਾ ਨੂੰ ਮਹਾਤਮਾ ਗਾਂਧੀ ਬਿਲਕੁਲ ਗਲਤ ਸਮਝਦੇ ਸਨ। ਭਗਤ ਸਿੰਘ ਹੋਰਾਂ ਵਲੋਂ ਅਸੈਂਬਲੀ ਵਿਚ ਬੰਬ ਸੁੱਟਣ ਦੀ ਘਟਨਾ ਨੂੰ ਮਹਾਤਮਾ ਗਾਂਧੀ ਨੇ 'ਦੋ ਨੌਜਵਾਨਾਂ ਦਾ ਅਹਿਮਕਾਨਾ ਕਾਰਾ' ਕਹਿ ਕੇ ਨਿੰਦਿਆ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਲਾਏ ਜਾਣ ਤੋਂ ਦੂਜੇ ਦਿਨ ਕਰਾਚੀ ਲਈ ਰਵਾਨਾ ਹੋਣ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ ਆਪਣੇ ਬਿਆਨ ਵਿਚ ਕਿਹਾ ਸੀ, "ਮੈਂ ਮੁਲਕ ਦੇ ਨੌਜਵਾਨਾਂ ਨੂੰ ਅਜਿਹੀਆਂ ਕਾਰਵਾਈਆਂ ਕਰਨ ਤੋਂ ਸਖਤੀ ਨਾਲ ਵਰਜਦਾ ਹਾਂ। ਸਾਨੂੰ ਉਨ੍ਹਾਂ ਦੀ ਕੁਰਬਾਨੀ ਦੀ ਭਾਵਨਾ, ਮਿਹਨਤ ਤੇ ਬੁਲੰਦ ਹੌਸਲੇ ਦੀ ਤਾਂ ਦਾਦ ਦੇਣੀ ਚਾਹੀਦੀ ਹੈ, ਪਰ ਇਨ੍ਹਾਂ ਖੂਬੀਆਂ ਨੂੰ ਇਸ ਤਰ੍ਹਾਂ ਨਹੀਂ ਵਰਤਣਾ ਚਾਹੀਦਾ ਜਿਵੇਂ ਇਨ੍ਹਾਂ ਨੇ ਵਰਤਿਆ ਹੈ। ਅਸੀਂ ਇਸ ਮੁਲਕ ਨੂੰ ਖੂਨ ਖਰਾਬੇ ਰਾਹੀਂ ਆਜ਼ਾਦ ਨਹੀਂ ਕਰਾਉਣਾ।"

ਸ਼ਹੀਦ ਭਗਤ ਸਿੰਘ ਦੇ ਮੁੜ ਤੋਂ ਲੋਕ ਨਾਇਕ ਬਣ ਕੇ ਉਭਰਨ ਦੇ ਪ੍ਰਸੰਗ ਵਿਚ ਹੀ ਉਸ ਵੇਲੇ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਦੀ ਸਿਆਸੀ ਸੋਚ ਤੇ ਉਨ੍ਹਾਂ ਵਲੋਂ ਕੀਤੀ ਗਈ ਅਮਲੀ ਸਿਆਸਤ ਨੂੰ ਮੁੜ ਵਿਚਾਰ ਕੇ ਦੁਬਾਰਾ ਪ੍ਰਿਭਾਸ਼ਤ ਕੀਤਾ ਜਾਣਾ ਚਾਹੀਦਾ ਹੈ। ਇਹ ਕਾਰਜ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਤੇ ਮਹਾਤਮਾ ਗਾਂਧੀ ਹਰ ਪੱਧਰ ਉਤੇ ਦੋ ਵੱਖੋ ਵੱਖ ਤੇ ਇਕ ਦੂਜੇ ਤੋਂ ਉਲਟ ਵਿਚਾਰਧਾਰਾ ਦੇ ਪ੍ਰਤੀਕ ਬਣੇ ਹੋਏ ਹਨ। ਇਕ ਮੌਕੇ ਕਾਂਗਰਸ ਵਿਚ ਵੀ ਇਸ ਮੁੱਦੇ ਉਤੇ ਨਵੀਂ ਸਫਬੰਦੀ ਉਭਰ ਆਈ ਸੀ ਕਿਉਂਕਿ ਮੁਹੰਮਦ ਅਲੀ ਜਿਨਾਹ ਖੁੱਲ੍ਹ ਕੇ ਭਗਤ ਸਿੰਘ ਦੇ ਹੱਕ ਵਿਚ ਖੜ੍ਹ ਗਏ ਸਨ ਅਤੇ ਮਹਾਤਮਾ ਗਾਂਧੀ ਨੇ ਉਸ ਦੀ ਵਿਚਾਰਧਾਰਾ ਤੇ ਪਹੁੰਚ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ।

ਇਨਕਲਾਬੀ ਹੋਣ ਕਰ ਕੇ ਭਗਤ ਸਿੰਘ ਮੁਲਕ ਦੇ ਸਿਆਸੀ, ਆਰਥਿਕ ਤੇ ਸਮਾਜਕ ਸਿਸਟਮ ਨੂੰ ਬਦਲਣਾ ਚਾਹੁੰਦਾ ਸੀ, ਦੂਜੇ ਬੰਨੇ ਮਹਾਤਮਾ ਗਾਂਧੀ ਦੀ ਪਹੁੰਚ ਸਮਝੌਤਾਵਾਦੀ ਤੇ ਸੋਧਵਾਦੀ ਸੀ। ਭਾਰਤ ਤੇ ਪਾਕਿਸਤਾਨ ਦੇ ਇਤਿਹਾਸਕਾਰਾਂ ਨੂੰ ਆਜ਼ਾਦੀ ਸੰਗਰਾਮ ਦੌਰਾਨ ਦੋਹਾਂ ਆਗੂਆਂ ਵਲੋਂ ਨਿਭਾਏ ਗਏ ਰੋਲ ਦੀ ਨਿੱਠ ਕੇ ਪਰਖ ਪੜਚੋਲ ਕਰਨੀ ਚਾਹੀਦੀ ਹੈ ਕਿਉਂਕਿ ਜਿਸ ਮੁਲਕ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਘੁਲਾਟੀਆਂ ਨੇ ਲੜਾਈ ਲੜੀ, ਹੁਣ ਵਾਲਾ ਪਾਕਿਸਤਾਨ ਵੀ ਉਸ ਦਾ ਹਿੱਸਾ ਸੀ। ਪਿਛਲੇ ਕੁਝ ਸਾਲਾਂ ਤੋਂ ਸ਼ਹੀਦ ਭਗਤ ਸਿੰਘ ਦੀ ਵਿਰਾਸਤ ਨੂੰ ਅਪਨਾਉਣ ਲਈ ਲਾਹੌਰ ਵਿਚ ਉੱਠੀ ਹੋਈ ਲਹਿਰ ਦਿਨੋ ਦਿਨ ਜ਼ੋਰ ਫੜ ਰਹੀ ਹੈ।

ਹੁਣ ਜਦੋਂ ਸ਼ਹੀਦ ਭਗਤ ਸਿੰਘ ਮੁਲਕ ਦੀ ਨਵੀਂ ਪੀੜ੍ਹੀ ਦੇ ਮਨ ਮਸਤਕ ਵਿਚ ਨਾਇਕ ਬਣ ਕੇ ਮੁੜ ਉਭਰ ਰਿਹਾ ਹੈ ਤਾਂ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਉਸ ਨੇ ਆਪਣੀ ਸਾਰੀ ਉਮਰ ਵਿਚ ਕਦੇ ਵੀ ਪੀਲੀ ਪੱਗ ਨਹੀਂ ਸੀ ਬੰਨ੍ਹੀ। ਉਸ ਦੀ ਪੱਗ ਦਾ ਰੰਗ ਅਕਸਰ ਚਿੱਟਾ ਹੁੰਦਾ ਸੀ ਤੇ ਕਦੇ ਕਦੇ ਉਹ ਕਾਲੀ ਪੱਗ ਵੀ ਬੰਨ੍ਹ ਲੈਂਦਾ ਸੀ। ਸ਼ਾਇਦ ਉਸ ਦੀ ਸ਼ਹਾਦਤ ਸਦਕਾ ਹੀ ਉਸ ਦੀ ਪੱਗ ਨਾਲ ਕੁਰਬਾਨੀ ਦਾ ਪ੍ਰਤੀਕ ਪੀਲਾ ਰੰਗ ਜੁੜ ਗਿਆ ਹੋਵੇ। ਭਗਤ ਸਿੰਘ ਇਨਕਲਾਬੀ ਚਿੰਤਕ ਤੇ ਫਿਲਾਸਫਰ ਸੀ ਜਿਹੜਾ ਨਿੱਠ ਕੇ ਪੜ੍ਹਦਾ ਸੀ ਅਤੇ ਆਪਣੀ ਸਮਾਜਵਾਦੀ ਤੇ ਹਥਿਆਰਬੰਦ ਘੋਲ ਪੱਖੀ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਲਗਾਤਾਰ ਲਿਖਦਾ ਵੀ ਰਹਿੰਦਾ ਸੀ। ਫਾਂਸੀ ਦਿੱਤੇ ਜਾਣ ਸਮੇਂ ਭਗਤ ਸਿੰਘ ਦੀ ਉਮਰ ਸਿਰਫ 23 ਸਾਲ ਦੀ ਹੀ ਸੀ ਅਤੇ ਇਸ ਛੋਟੀ ਜਿਹੀ ਉਮਰੇ ਉਸ ਦੀ ਸਮਾਜਵਾਦੀ ਵਿਚਾਰਧਾਰਾ ਨਾਲ ਵਚਨਬੱਧਤਾ ਤੇ ਸਮਾਜਕ ਵਰਤਾਰਿਆਂ ਦੀ ਸਪਸ਼ਟ ਸਿਆਸੀ ਸੂਝ ਬਹੁਤ ਵਿਲੱਖਣ ਤੇ ਅਣਕਿਆਸਿਆ ਵਰਤਾਰਾ ਹੈ।

ਭਗਤ ਸਿੰਘ ਦੀ ਜਨਮ ਤੇ ਕਰਮ ਭੂਮੀ ਪੰਜਾਬ ਹੋਣ ਕਾਰਨ ਪਹਿਲਾਂ ਇਸ ਖਿੱਤੇ ਦੀਆਂ ਸਿਆਸੀ ਪਾਰਟੀਆਂ ਤੇ ਲੀਡਰਾਂ ਦੀ ਉਸ ਦੇ ਸਬੰਧ ਵਿਚ ਨਿਭਾਈ ਗਈ ਭੂਮਿਕਾ ਨੂੰ ਪਹਿਲਾਂ ਵਿਚਾਰ ਲੈਣਾ ਚਾਹੀਦਾ ਹੈ। ਕਾਂਗਰਸ ਪਾਰਟੀ ਤੋਂ ਬਿਨਾਂ ਉਸ ਦੇ ਜੱਦੀ ਸੂਬੇ ਪੰਜਾਬ ਵਿਚ ਸਰਗਰਮ ਦੂਜੀ ਮੁੱਖ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸੀ ਅਤੇ ਇਸ ਦੇ ਬਹੁਤੇ ਆਗੂ ਅਕਾਲੀ ਦਲ ਦੀ ਧਾਰਾ ਵਿਚ ਵੀ ਵਿਚਰਦੇ ਰਹੇ ਸਨ। ਉਸ ਸਮੇਂ ਅਕਾਲੀ ਵਿਚਾਰਧਾਰਾ ਜਿਸ ਨੂੰ ਉਸ ਸਮੇਂ ਸਿੱਖ ਵਿਚਾਰਧਾਰਾ ਹੀ ਸਮਝਿਆ ਜਾਂਦਾ ਸੀ, ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੁੰਦਾ ਸੀ ਕਿਉਂਕਿ ਅਕਾਲੀ ਦਲ ਉਸ ਸਮੇਂ ਤੱਕ ਸ਼੍ਰੋਮਣੀ ਕਮੇਟੀ ਦੀ ਹੀ ਸਹਾਇਕ ਜਥੇਬੰਦੀ ਹੁੰਦੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਭਗਤ ਸਿੰਘ ਹੋਰਾਂ ਨੂੰ ਫਾਂਸੀ ਦੇਣ ਤੋਂ ਇੱਕ ਮਹੀਨੇ ਤੋਂ ਘੱਟ ਸਮਾਂ ਪਹਿਲਾਂ 28 ਫਰਵਰੀ 1931 ਨੂੰ ਹੋਇਆ ਸੀ। ਉਸ ਸਮੇਂ ਇਨ੍ਹਾਂ ਫਾਂਸੀਆਂ ਦਾ ਮੁੱਦਾ ਪੂਰਾ ਭਖਿਆ ਹੋਣ ਕਰ ਕੇ ਕੌਮੀ ਪੱਧਰ ਦੀਆਂ ਅਖਬਾਰਾਂ ਦੀਆਂ ਸੁਰਖੀਆਂ ਬਣਿਆ ਹੋਇਆ ਸੀ। ਇਸ ਮੀਟਿੰਗ ਵਿਚ ਭਗਤ ਸਿੰਘ ਬਾਰੇ ਹੋਏ ਕਿਸੇ ਜ਼ਿਕਰ ਦਾ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਉਤੇ ਕੁਝ ਨਹੀਂ ਹੈ। ਹਾਂ, ਇਸ ਇਜਲਾਸ ਵਿਚ ਪੰਡਤ ਮੋਤੀ ਲਾਲ ਨਹਿਰੂ ਅਤੇ ਮੌਲਾਨਾ ਮੁਹੰਮਦ ਅਲੀ ਦੀਆਂ ਮੌਤਾਂ ਸਬੰਧੀ ਸੋਗ ਮਤੇ ਜ਼ਰੂਰ ਪਾਸ ਕੀਤੇ ਗਏ ਸਨ। ਸ਼੍ਰੋਮਣੀ ਕਮੇਟੀ ਦੇ 4 ਅਕਤੂਬਰ 1931 ਨੂੰ ਹੋਏ ਜਨਰਲ ਇਜਲਾਸ ਵਿਚ ਵੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਦਿੱਤੀ ਗਈ ਫਾਂਸੀ ਦੀ ਨਿੰਦਾ ਕਰਨ ਦਾ ਮਤਾ ਪਾਸ ਨਹੀਂ ਕੀਤਾ ਗਿਆ ਸੀ। ਇਨ੍ਹਾਂ ਦੋਹਾਂ ਮੀਟਿੰਗਾਂ ਦੀ ਕਾਰਵਾਈ ਦਾ ਰਿਕਾਰਡ ਮੌਜੂਦ ਹੈ। ਇਹੀ ਹਾਲ ਸ਼੍ਰੋਮਣੀ ਅਕਾਲੀ ਦਲ ਦਾ ਹੈ।

ਲੰਮੇ ਸਮੇਂ ਤੱਕ ਸ਼੍ਰੋਮਣੀ ਅਕਾਲੀ ਦਲ ਨੇ ਸ਼ਹੀਦ ਭਗਤ ਸਿੰਘ ਦੀ ਵਿਰਾਸਤ ਤੋਂ ਮੂੰਹ ਮੋੜੀ ਰੱਖਿਆ ਸੀ। ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿਚ 1972 ਵਿਚ ਬਣੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਪਹਿਲੀ ਵਾਰੀ ਸ਼ਹੀਦ ਭਗਤ ਸਿੰਘ ਦੀ ਮਾਂ ਸ੍ਰੀਮਤੀ ਵਿਦਿਆਵਤੀ ਨੂੰ 'ਪੰਜਾਬ ਮਾਤਾ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਸੀ। ਪੰਜਾਬ ਦੇ ਇੱਕ ਹੋਰ ਆਗੂ ਲਾਲਾ ਲਾਜਪਤ ਰਾਏ ਦੇ ਸ਼ਹੀਦ ਭਗਤ ਸਿੰਘ ਬਾਰੇ ਵਿਚਾਰ ਜਾਣਨੇ ਵੀ ਬਹੁਤ ਜ਼ਰੂਰੀ ਹਨ, ਕਿਉਂਕਿ ਇਸੇ ਆਗੂ ਦੀ ਪੁਲਿਸ ਕੁੱਟ ਨਾਲ ਹੋਈ ਮੌਤ ਦਾ ਬਦਲਾ ਲੈਣ ਲਈ ਹੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਲਾਹੌਰ ਵਿਚ ਅੰਗਰੇਜ਼ ਪੁਲਿਸ ਅਫਸਰ ਜੌਨ ਸਾਂਡਰਸ ਨੂੰ ਕਤਲ ਕੀਤਾ ਸੀ ਅਤੇ ਇਸੇ ਕੇਸ ਵਿਚ ਹੀ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਪ੍ਰਸਿੱਧ ਇਤਿਹਾਸਕਾਰ ਇਰਫਾਨ ਹਬੀਬ ਅਨੁਸਾਰ ਲਾਲਾ ਲਾਜਪਤ ਰਾਇ ਭਗਤ ਸਿੰਘ ਨੂੰ ਰੂਸ ਦਾ ਏਜੰਟ ਕਿਹਾ ਕਰਦਾ ਸੀ। ਭਗਤ ਸਿੰਘ ਨੇ ਹੀ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਦਿੱਤਾ ਸੀ ਤੇ ਸਮਾਜਵਾਦੀ ਵਿਚਾਰਧਾਰਾ ਉਤੇ ਆਧਾਰਿਤ ਸਮਾਜਕ ਇਨਸਾਫ ਤੇ ਬਦਲਵਾਂ ਰਾਜ ਪ੍ਰਬੰਧ ਉਸਾਰਨ ਦੀ ਵਕਾਲਤ ਕੀਤੀ ਸੀ।

ਮੁਹੰਮਦ ਅਲੀ ਜਿਨਾਹ ਨੇ ਕੇਂਦਰੀ ਅਸੈਂਬਲੀ (ਪਾਰਲੀਮੈਂਟ) ਵਿਚ 12 ਸਤੰਬਰ, 1929 ਨੂੰ ਉਸ ਸਮੇਂ ਸ਼ਹੀਦ ਭਗਤ ਤੇ ਉਸ ਦੇ ਸਾਥੀਆਂ ਦੇ ਹੱਕ ਵਿਚ ਤਕਰੀਰ ਕੀਤੀ ਸੀ ਜਦੋਂ ਉਹ ਜੇਲ੍ਹ ਵਿਚ ਚੰਗੇ ਵਿਹਾਰ ਦੀ ਮੰਗ ਲਈ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਕਰ ਰਹੇ ਸਨ। ਉਸ ਨੇ ਕਿਹਾ ਸੀ, "ਅਣਮਿਥੇ ਸਮੇਂ ਦੀ ਭੁੱਖ ਹੜਤਾਲ ਜੰਗ ਦਾ ਐਲਾਨ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਿਅਕਤੀ ਆਪਣੀ ਜਾਨ ਕੁਰਬਾਨ ਲਈ ਪੂਰੀ ਤਰ੍ਹਾਂ ਦ੍ਰਿੜ ਹਨ। ਹਰ ਕੋਈ ਮਰਨ ਵਰਤ ਨਹੀਂ ਰੱਖ ਸਕਦਾ। ਅਜਿਹਾ ਵਿਅਕਤੀ ਨਾ ਤਾਂ ਕੋਈ ਸਾਧਾਰਨ ਮਨੁੱਖ ਹੁੰਦਾ ਹੈ ਅਤੇ ਨਾ ਹੀ ਘਿਨਾਉਣੇ ਕਤਲ ਦਾ ਮੁਜਰਮ ਹੋ ਸਕਦਾ ਹੈ। ਲੋਕ ਇਸ ਜ਼ੁਲਮੀ ਤੇ ਘਿਨਾਉਣੇ ਰਾਜ ਪ੍ਰਬੰਧ ਦਾ ਵਿਰੋਧ ਕਰਦੇ ਹਨ ਅਤੇ ਭਗਤ ਸਿੰਘ ਵਰਗੇ ਹਜ਼ਾਰਾਂ ਨੌਜਵਾਨ ਜੇਲ੍ਹਾਂ ਤੋਂ ਬਾਹਰ ਵੀ ਹਨ।"

ਜਿਨਾਹ ਉਸ ਸਮੇਂ ਕਾਂਗਰਸ ਪਾਰਟੀ ਵਿਚ ਹੀ ਸਨ ਅਤੇ ਉਨ੍ਹਾਂ ਦੀ ਪਛਾਣ ਆਧੁਨਿਕ ਸੋਚ ਤੇ ਦਿੱਖ ਵਾਲੇ ਆਗੂ ਵਜੋਂ ਬਣੀ ਸੀ। ਉਸ ਨੇ ਗ੍ਰਹਿ ਮੰਤਰੀ ਨੂੰ ਪੁੱਛਿਆ ਸੀ, "ਤੁਸੀਂ ਉਨ੍ਹਾਂ ਉਤੇ ਮੁਕੱਦਮਾ ਚਲਾਉਣਾ ਚਾਹੁੰਦੇ ਹੋ ਜਾਂ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਨਾ ਚਾਹੁੰਦੇ ਹੋ?"

ਭਗਤ ਸਿੰਘ ਤੇ ਉਸ ਦੇ ਦੋ ਸਾਥੀਆਂ ਨੂੰ 5 ਮਾਰਚ 1931 ਨੂੰ ਹੋਏ ਗਾਂਧੀ-ਇਰਵਿਨ ਸਮਝੌਤੇ ਤੋਂ ਕੁਝ ਦਿਨਾਂ ਤੋਂ ਬਾਅਦ ਹੀ ਫਾਂਸੀ ਦੇ ਦਿੱਤਾ ਗਿਆ ਸੀ। ਇਸ ਸਮਝੌਤੇ ਤਹਿਤ ਕਾਂਗਰਸ ਵਲੋਂ ਨਾ-ਮਿਲਵਰਤਣ ਲਹਿਰ ਵਾਪਸ ਲੈਣ ਦੇ ਇਵਜ਼ ਵਿਚ ਜੇਲ੍ਹਾਂ ਅੰਦਰ ਬੰਦ ਉਹ ਸਾਰੇ ਵਿਅਕਤੀ ਰਿਹਾਅ ਕੀਤੇ ਜਾਣੇ ਸਨ ਜਿਹੜੇ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਨਹੀਂ ਸਨ। ਗਾਂਧੀ ਨੇ ਅੰਗਰੇਜ਼ ਹਾਕਮਾਂ ਨਾਲ ਗੱਲਬਾਤ ਦੌਰਾਨ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਕੇਸ ਬਾਰੇ ਕੋਈ ਗੱਲ ਇਸ ਲਈ ਨਹੀਂ ਸੀ ਕੀਤੀ, ਕਿਉਂਕਿ ਉਹ ਇਨ੍ਹਾਂ ਦਾ ਕੱਟੜ ਵਿਰੋਧੀ ਸੀ।

ਭਗਤ ਸਿੰਘ ਹੋਰਾਂ ਵਲੋਂ ਸਾਂਡਰਸ ਦੇ ਕੀਤੇ ਗਏ ਕਤਲ ਨੂੰ ਗਾਂਧੀ ਨੇ "ਸ਼ਰਮਨਾਕ ਕਾਰਾ" ਕਹਿ ਕੇ ਨਕਾਰਿਆ ਸੀ। ਉਨ੍ਹਾਂ ਦਾ ਦੂਜਾ ਐਕਸ਼ਨ 1929 ਦੇ ਅਪਰੈਲ ਮਹੀਨੇ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਣਾ ਸੀ। ਗਾਂਧੀ ਨੇ ਇਸ ਐਕਸ਼ਨ ਦੀ ਵੀ ਮੁਖਾਲਫਤ ਕਰਦਿਆਂ ਆਖਿਆ ਸੀ, "ਬੰਬ ਸੁੱਟਣ ਵਾਲਿਆਂ ਨੇ ਆਜ਼ਾਦੀ ਦੇ ਉਸੇ ਨਿਸ਼ਾਨੇ ਨੂੰ ਢਾਹ ਲਾਈ ਹੈ ਜਿਸ ਦੇ ਨਾਂ ਉਤੇ ਉਨ੍ਹਾਂ ਨੇ ਬੰਬ ਸੁੱਟੇ ਹਨ। ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਇਸ ਐਕਸ਼ਨ ਦੀ ਜ਼ੁਬਾਨੀ ਕਲਾਮੀ ਜਾਂ ਚੋਰੀ ਛਿਪੇ ਵੀ ਹਮਾਇਤ ਨਹੀਂ ਕਰਨੀ ਚਾਹੀਦੀ।" ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਆਪਣੇ ਇਸ ਐਕਸ਼ਨ ਨੂੰ ਅਦਾਲਤ ਵਿਚ ਇਹ ਆਖਦਿਆਂ ਸਹੀ ਠਹਿਰਾਇਆ ਸੀ, "ਹਥਿਆਰਾਂ ਦੀ ਬੇਲੋੜੀ ਵਰਤੋਂ ਨਿਰੀ ਹਿੰਸਾ ਹੁੰਦੀ ਹੈ ਅਤੇ ਇਸ ਦੀ ਕੋਈ ਵਾਜਬੀਅਤ ਨਹੀਂ ਹੁੰਦੀ, ਪਰ ਜਦੋਂ ਹਥਿਆਰਾਂ ਦੀ ਵਰਤੋਂ ਕਿਸੇ ਵਾਜਬ ਮਕਸਦ ਦੀ ਪ੍ਰਾਪਤੀ ਦੀ ਜਦੋਜਹਿਦ ਨੂੰ ਅੱਗੇ ਵਧਾਉਣ ਲਈ ਕੀਤੀ ਜਾਂਦੀ ਹੈ ਤਾਂ ਇਹ ਨੈਤਿਕ ਪੱਖੋਂ ਜਾਇਜ਼ ਹੁੰਦੀ ਹੈ। ਸੰਘਰਸ਼ਾਂ ਵਿਚੋਂ ਹਥਿਆਰਾਂ ਨੂੰ ਬਿਲਕੁਲ ਹੀ ਮਨਫੀ ਕਰਨਾ ਮਹਿਜ਼ ਖਾਮ-ਖਿਆਲੀ ਹੈ। ਮੁਲਕ ਵਿਚ ਉਠ ਚੁੱਕੀ ਨਵੀਂ ਲਹਿਰ ਸ੍ਰੀ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਲ ਪਾਸ਼ਾ, ਰੇਜ਼ਾ ਖਾਨ, ਵਾਸ਼ਿੰਗਟਨ, ਗੈਰੀਬਲ ਤੇ ਲੈਨਿਨ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੈ।"

ਦੂਜੇ ਪਾਸੇ, ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸਮਾਜਵਾਦੀ ਵਿਚਾਰਧਾਰਾ ਦਾ ਵਿਰੋਧੀ ਹੋਣ ਦੇ ਬਾਵਜੂਦ ਭਗਤ ਸਿੰਘ ਦੀ ਇਹ ਕਹਿ ਕੇ ਹਿਮਾਇਤ ਕੀਤੀ ਸੀ ਕਿ ਬੰਬ ਧਮਾਕਾ "ਇਨਕਲਾਬੀ ਲਹਿਰ ਦਾ ਪ੍ਰਤੱਖ ਪ੍ਰਗਟਾਵਾ" ਹੈ ਅਤੇ ਇਸ ਨਾਲ "ਨਾ ਸਿਰਫ ਲੋਕਾਂ ਦੀ ਹਮਦਰਦੀ ਹੈ, ਬਲਕਿ ਇਸ ਨੇ ਅਵਾਮ ਵਿਚ ਨਵਾਂ ਜਜ਼ਬਾ ਵੀ ਪੈਦਾ ਕੀਤਾ ਹੈ।" ਇਤਿਹਾਸਕਾਰ ਇਰਫਾਨ ਹਬੀਬ ਨੇ ਨੇਤਾ ਜੀ ਦੇ ਇਹ ਬਿਆਨ ਆਪਣੀ ਕਿਤਾਬ 'ਟੂ ਮੇਕ ਡੈੱਫ ਹੀਅਰ' ਵਿਚ ਦਰਜ ਕੀਤੇ ਹੋਏ ਹਨ।

ਇਕ ਹੋਰ ਘਟਨਾ ਨੇ ਵੀ ਮਹਾਤਮਾ ਗਾਂਧੀ ਦੇ ਇਨਕਲਾਬੀ ਕਾਰਕੁਨਾਂ ਪ੍ਰਤੀ ਧਾਰਨ ਕੀਤੇ ਗਏ ਵਿਰੋਧੀ ਰਵੱਈਏ ਨੂੰ ਸਾਹਮਣੇ ਲਿਆਂਦਾ ਹੈ। ਕਾਂਗਰਸ ਪਾਰਟੀ ਵਲੋਂ ਉਸ ਸਮੇਂ ਛਾਪੇ ਜਾਂਦੇ ਪਰਚੇ 'ਬੁਲੇਟਿਨ' ਦੇ ਸੰਪਾਦਕ ਜਵਾਹਰ ਲਾਲ ਨਹਿਰੂ ਨੇ ਭਗਤ ਸਿੰਘ ਤੇ ਬੀ.ਕੇ. ਦੱਤ ਦਾ ਬਿਆਨ ਛਾਪ ਦਿੱਤਾ ਸੀ। ਗਾਂਧੀ ਨੇ ਗੁੱਸੇ 'ਚ ਲਾਲ-ਪੀਲਾ ਹੁੰਦਿਆਂ ਨਹਿਰੂ ਨੂੰ ਇਸ ਵਿਰੁੱਧ ਸਖਤ ਤਾੜਨਾ ਕੀਤੀ ਸੀ। ਨਹਿਰੂ ਨੇ ਮੁਆਫੀ ਮੰਗਦਿਆਂ ਉਸ ਨੂੰ ਜਵਾਬ ਦਿੱਤਾ ਸੀ, "ਮੈਨੂੰ ਅਫਸੋਸ ਹੈ ਕਿ ਤੁਹਾਨੂੰ 'ਬੁਲੇਟਿਨ' ਵਿਚ ਭਗਤ ਸਿੰਘ ਤੇ ਦੱਤ ਦਾ ਬਿਆਨ ਛਪਣਾ ਦਰੁਸਤ ਨਹੀਂ ਲੱਗਿਆ।"

ਭਗਤ ਸਿੰਘ ਦੇ ਮਹਾਤਮਾ ਗਾਂਧੀ ਨਾਲ ਸਿਆਸੀ ਨਿਸ਼ਾਨੇ ਬਾਰੇ ਤਿੱਖੇ ਮੱਤਭੇਦ ਸਨ। ਉਸ ਨੇ ਆਪਣਾ ਰਾਜਨੀਤਕ ਨਿਸ਼ਾਨਾ ਇਨ੍ਹਾਂ ਸ਼ਬਦਾਂ ਵਿਚ ਦੱਸਿਆ ਸੀ, "ਅਸੀਂ ਸਮਾਜਵਾਦੀ ਇਨਕਲਾਬ ਚਾਹੁੰਦੇ ਹਾਂ ਅਤੇ ਇਸ ਦੀ ਸ਼ੁਰੂਆਤ ਰਾਜਸੀ ਇਨਕਲਾਬ ਨਾਲ ਹੋਵੇਗੀ। ਰਾਜਸੀ ਇਨਕਲਾਬ ਦਾ ਮਤਲਬ ਇਹ ਨਹੀਂ ਹੈ ਕਿ ਰਾਜਸੀ ਸੱਤਾ ਅੰਗਰੇਜ਼ਾਂ ਤੋਂ ਹਿੰਦੋਸਤਾਨੀਆਂ ਨੂੰ ਤਬਦੀਲ ਹੋ ਜਾਵੇ, ਬਲਕਿ ਉਨ੍ਹਾਂ ਹਿੰਦੋਸਤਾਨੀਆਂ ਦੇ ਹੱਥਾਂ ਵਿਚ ਜਾਵੇ ਜਿਹੜੇ ਸਾਡੇ ਆਖਰੀ ਨਿਸ਼ਾਨੇ ਨਾਲ ਸਹਿਮਤ ਹਨ। ਜੇ ਹੋਰ ਸਪਸ਼ਟ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਰਾਜਸੀ ਸੱਤਾ ਲੋਕਾਂ ਦੀ ਹਿਮਾਇਤ ਨਾਲ ਇਨਕਲਾਬੀ ਪਾਰਟੀ ਨੂੰ ਸੌਂਪੀ ਜਾਵੇ। ਇਸ ਤੋਂ ਬਾਅਦ ਸਮਾਜਵਾਦੀ ਸਿਧਾਂਤਾਂ ਦੇ ਆਧਾਰ ਉਤੇ ਪੂਰੀ ਦਿਆਨਤਦਾਰੀ ਨਾਲ ਸਮਾਜ ਦੀ ਨਵ-ਉਸਾਰੀ ਕੀਤੀ ਜਾਵੇ।"

ਭਗਤ ਸਿੰਘ ਦਾ ਏਜੰਡਾ ਜਿਥੇ ਲੋਕ ਪੱਖੀ ਸੀ, ਉਥੇ ਭਾਰਤੀ ਪੂੰਜੀਪਤੀਆਂ ਵਲੋਂ ਹਿਮਾਇਤ ਅਤੇ ਪੈਸਾ ਮਿਲਦਾ ਹੋਣ ਕਾਰਨ ਗਾਂਧੀ ਰਾਜਨੀਤਕ ਤੇ ਸਮਾਜਕ ਸਿਸਟਮ ਨੂੰ ਬਦਲਣਾ ਚਾਹੁੰਦੇ ਹੀ ਨਹੀਂ ਸਨ। ਉਨ੍ਹਾਂ ਦਾ ਮਕਸਦ ਸਿਰਫ ਸੱਤਾ ਦੀ ਤਬਦੀਲੀ ਹੀ ਸੀ। ਇਸ ਤੋਂ ਵੀ ਅੱਗੇ, ਭਗਤ ਸਿੰਘ ਜਿਥੇ ਨਾਸਤਿਕ ਤੇ ਸਮਾਜਵਾਦੀ ਸੀ, ਉਥੇ ਗਾਂਧੀ ਨੇ ਨਰਮ ਹਿੰਦੁਤਵ ਦੇ ਧਾਰਮਕਿ ਚਿੰਨ੍ਹਾਂ ਤੇ ਸੰਕਲਪਾਂ ਨੂੰ ਅਪਨਾਇਆ ਹੋਇਆ ਸੀ। ਜਦੋਂ ਗਾਂਧੀ ਵਰਗੇ ਉੱਚੇ ਕੱਦ ਵਾਲਾ ਆਗੂ ਧਾਰਮਿਕ ਚਿੰਨ੍ਹਾਂ ਤੇ ਰਸਮਾਂ ਦੀ ਰਾਜਨੀਤਕ ਸਿੱਧੀ ਲਈ ਵਰਤੋਂ ਕਰਦਾ ਹੈ ਤਾਂ ਫਿਰ ਧਰਮ ਨਿੱਜੀ ਮਾਮਲਾ ਨਹੀਂ ਰਹਿੰਦਾ। ਹਰ ਰੋਜ਼ ਸ਼ਾਮ ਨੂੰ ਕੀਤੀ ਜਾਂਦੀ ਆਰਤੀ ਅਜਿਹਾ ਹੀ ਕਦਮ ਸੀ। ਉਸ ਦਾ ਰਾਜਸੀ ਨਿਸ਼ਾਨਾ "ਰਾਮਰਾਜ" ਸਥਾਪਤ ਕਰਨ ਦਾ ਸੀ ਅਤੇ ਇਸ ਦਾ ਮਤਲਬ ਕੀ ਸੀ, ਇਸ ਦਾ ਵੀ ਸਿਰਫ ਉਸੇ ਨੂੰ ਹੀ ਪਤਾ ਸੀ। ਇਥੇ ਇਹ ਜਾਣ ਲੈਣਾ ਵੀ ਲਾਜ਼ਮੀ ਹੈ ਕਿ ਲੰਮਾ ਸਮਾਂ ਪੱਛਮੀ ਮੀਡੀਆ ਕਾਂਗਰਸ ਪਾਰਟੀ ਨੂੰ ਹਿੰਦੂ ਕਾਂਗਰਸ ਹੀ ਕਿਹਾ ਕਰਦਾ ਸੀ।


ਮਹਾਤਮਾ ਗਾਂਧੀ ਦੀ ਜੀਵਨ ਜਾਚ ਤੇ ਸਿਆਸਤ ਨੂੰ 'ਬੰਬ ਦੀ ਫਿਲਾਸਫੀ' ਨਾਮੀ ਆਪਣੇ ਲੇਖ ਵਿਚ ਭਗਵਤੀ ਚਰਨ ਵੋਹਰਾ ਨੇ ਇਸ ਤਰ੍ਹਾਂ



ਭਗਤ ਸਿੰਘ



ਮੋਹਨਦਾਸ ਕਰਮ ਚੰਦ ਗਾਂਧੀ




ਮੁਹੰਮਦ ਅਲੀ ਜਿਨਾਹ

ਨਕਾਰਿਆ ਹੈ, "ਇਹ ਭਾਵੇਂ ਸੱਚ ਹੈ ਕਿ ਦਰਮਿਆਨੇ ਦਰਜੇ ਦੇ ਲੀਡਰ ਆਪਣੀ ਯਾਤਰਾ ਉਨ੍ਹਾਂ ਥਾਂਵਾਂ ਤੱਕ ਹੀ ਮਹਿਦੂਦ ਰੱਖਦੇ ਹਨ ਜਿਥੇ ਮੇਲ ਰੇਲ ਗੱਡੀ ਜਾਂਦੀ ਹੋਵੇ, ਪਰ ਗਾਂਧੀ ਆਪਣੀ ਯਾਤਰਾ ਉਥੋਂ ਤੱਕ ਕਰ ਲੈਂਦੇ ਹਨ ਜਿਥੋਂ ਤੱਕ ਮੋਟਰ ਕਾਰ ਉਨ੍ਹਾਂ ਨੂੰ ਲਿਜਾ ਸਕਦੀ ਹੋਵੇ। ਸਿਰਫ ਅਮੀਰਾਂ ਦੇ ਘਰਾਂ ਵਿਚ ਰਹਿਣਾ, ਬਹੁਤਾ ਸਮਾਂ ਆਪਣੇ ਖੁਸ਼ਾਮਦੀਆਂ ਵਿਚ ਹੀ ਘਿਰੇ ਰਹਿਣਾ, ਸਾਧਾਰਨ ਤੇ ਅਨਪੜ੍ਹ ਲੋਕਾਂ ਨੂੰ ਮਿਥੇ ਸਮੇਂ ਉਤੇ 'ਦਰਸ਼ਨ ਦੇਣਾ' ਗਾਂਧੀ ਦੇ ਇਸ ਦਾਅਵੇ ਨੂੰ ਨਕਾਰਦਾ ਹੈ ਕਿ ਉਨ੍ਹਾਂ ਨੂੰ ਲੋਕਾਂ ਦੀ ਨਬਜ਼ ਦੀ ਪੂਰੀ ਸਮਝ ਹੈ।

ਕੀ ਮਹਾਤਮਾ ਗਾਂਧੀ ਪਿਛਲੇ ਕੁਝ ਸਾਲਾਂ ਦੌਰਾਨ ਲੋਕਾਂ ਦੇ ਸਮਾਜਕ ਜੀਵਨ ਵਿਚ ਘੁਲੇ ਮਿਲੇ ਹਨ? ਕੀ ਉਨ੍ਹਾਂ ਨੇ ਪਿੰਡ ਦੇ ਕਿਸਾਨਾਂ ਨਾਲ ਧੂਣੀ ਉਤੇ ਬੈਠ ਕੇ ਉਨ੍ਹਾਂ ਦਾ ਦੁੱਖ ਸੁੱਖ ਸਮਝਣ ਦੀ ਕੋਸ਼ਿਸ਼ ਕੀਤੀ ਹੈ? ਕੀ ਉਸ ਨੇ ਕਦੇ ਕਾਰਖਾਨੇ ਦੇ ਕਿਸੇ ਮਜ਼ਦੂਰ ਨਾਲ ਆਪਣੀ ਸੋਚ ਸਾਂਝੀ ਕੀਤੀ ਹੈ? ਸਾਡਾ ਇਹ ਦਾਅਵਾ ਹੈ ਕਿ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਲੋਕ ਕੀ ਸੋਚਦੇ ਹਨ ਤੇ ਕੀ ਚਾਹੁੰਦੇ ਹਾਂ?"

ਇਨ੍ਹਾਂ ਵਿਰੋਧੀ ਧਾਰਨਾਵਾਂ ਕਾਰਨ ਹੀ ਇਹ ਜ਼ਰੂਰੀ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਪ੍ਰਸੰਗ ਵਿਚ ਗਾਂਧੀ ਅਤੇ ਜਿਨਾਹ ਵਲੋਂ ਨਿਭਾਏ ਰੋਲ ਨੂੰ ਮੁੜ ਵਿਚਾਰਿਆ ਜਾਵੇ ਤਾਂ ਕਿ ਲੋਕ ਸਚਾਈ ਤੋਂ ਜਾਣੂ ਹੋ ਸਕਣ।

# ਗੀਤਾਂ 'ਤੇ ਸੈਂਸਰ ਬੋਰਡ ਕਿਉਂ ਨਾ ਬਣ ਸਕਿਆ?




ਐਸ. ਅਸ਼ੋਕ ਭੌਰਾ
ਫੋਨ: 510-415-3315

ਅਸ਼ੀਰਵਾਦ ਦੇਣ ਲਈ ਉਮਰ ਗੁਜ਼ਾਰਨੀ ਜ਼ਰੂਰੀ ਹੈ ਤੇ ਜਿਹੜੇ ਉਮਰ ਹੰਢਾਅ ਕੇ ਵੀ ਅਸੀਸ ਦੇਣ ਦੇ ਯੋਗ ਨਾ ਹੋ ਸਕਣ ਤਾਂ ਸਮਝ ਲਵੋ, ਜ਼ਿੰਦਗੀ ਰਾਹ 'ਤੇ ਤੁਰ ਨਹੀਂ ਸਕੀ। ਇਸੇ ਕਰ ਕੇ ਬਹੁਤੇ ਖਿਲਾਰਾ ਪਾ ਕੇ ਬੈਠੇ ਰਹੇ ਤੇ ਇਕੱਠਾ ਕੁਝ ਵੀ ਨਾ ਹੋਇਆ।

ਸੈਂਸਰ ਬੋਰਡ ਦੀ ਗੱਲ ਕਰਨ ਤੋਂ ਪਹਿਲਾਂ ਇਕ ਗੱਲ- ਮਨੁੱਖ ਜਦੋਂ ਵਪਾਰ ਨੂੰ ਜ਼ਮੀਰ ਤੋਂ ਵੱਡਾ ਸਮਝਣ ਲੱਗ ਪਵੇ, ਜਾਂ ਜਦੋਂ ਤੁਹਾਡੀ ਨੀਅਤ 'ਤੇ ਸ਼ੱਕ ਹੋਣ ਲੱਗੇ ਤਾਂ ਸਰਕਾਰਾਂ ਕਾਨੂੰਨ ਬਣਾਉਣ ਨੂੰ ਤਰਜੀਹ ਦੇਣ ਲੱਗ ਪੈਂਦੀਆਂ ਹਨ। ਫਿਲਮਾਂ ਦਾ ਸੈਂਸਰ ਬੋਰਡ ਅਮਲੀ ਰੂਪ ਵਿਚ ਕੰਮ ਕਰ ਰਿਹਾ ਹੈ, ਤੇ ਕਿਸੇ ਹੱਦ ਤੱਕ ਕਾਰਗਰ ਵੀ ਸਿੱਧ ਹੋ ਰਿਹਾ ਹੈ, ਪਰ ਜਿਸ ਪੰਜਾਬ ਦੇ ਗੀਤ ਕਦੇ ਸਾਰੇ ਦੇ ਸਾਰੇ ਹੀ ਲੋਕ ਗੀਤਾਂ ਵਰਗੇ ਹੁੰਦੇ ਸਨ, ਉਸੇ ਪੰਜਾਬ ਦੇ ਗੀਤਾਂ ਨੂੰ ਛਾਨਣੀ ਵਿਚੋਂ ਲੰਘਾਉਣ ਲਈ ਸੈਂਸਰ ਬੋਰਡ ਦੀ ਮੰਗ ਉਠਦੀ ਰਹੀ ਹੈ, ਤਾਂ ਲੱਗਦਾ ਨਹੀਂ ਕਿ ਅਸੀਂ ਭਟਕ ਹੀ ਨਹੀਂ ਗਏ, ਸਗੋਂ ਕੁਰਾਹੇ ਪੈ ਰਹੇ ਹਾਂ।

ਵਰਤਮਾਨ ਹਾਲਾਤ 'ਤੇ ਟਿੱਪਣੀ ਕਰੀਏ ਤਾਂ ਜੇ ਧੀਆਂ ਸਕੂਲਾਂ, ਕਾਲਜਾਂ ਨੂੰ ਜਾਂਦਿਆਂ ਸੁਰੱਖਿਅਤ ਨਹੀਂ; ਬੱਸਾਂ, ਮੋੜਾਂ ਤੇ ਚੌਕਾਂ ਵਿਚ ਨੌਜਵਾਨ ਭੂਤਰੇ ਫਿਰ ਰਹੇ ਹਨ ਤਾਂ ਇਹ ਕਹਿਣ ਵਿਚ ਝਿਜਕ ਨਹੀਂ ਕਿ ਅਸੀਂ ਚੱਜ-ਆਚਾਰ ਤੇ ਇਖਲਾਕ ਫੂਕ ਲਿਆ ਹੈ, ਤੇ ਅਸਭਿਅਕ ਹੋ ਕੇ ਆਪਣੇ ਕਿਰਦਾਰ ਦਾ ਜਨਾਜ਼ਾ ਕੱਢ ਲਿਆ ਹੈ। ਸਭ ਤੋਂ ਵੱਡਾ ਨੁਕਸਾਨ ਇਹ ਕਰਵਾ ਲਿਆ ਹੈ ਕਿ ਸਾਡੇ ਗੀਤ ਹੀ ਸਾਥੋਂ ਰੁੱਸ ਗਏ ਹਨ, ਸਾਡੇ ਰਿਸ਼ਤਿਆਂ ਨੂੰ ਲਾਂਬੂ ਲੱਗ ਗਿਆ ਹੈ। ਵੇਖੋ, ਸੁਰਾਂ ਵਿਚੋਂ ਆਹ ਆਵਾਜ਼ ਕਿਉਂ ਉਠੀ ਹੈ:

ਜੇ ਤੂੰ ਬੰਜਰ-ਵੀਰਾਨ ਹੋਏ
ਗੀਤਾਂ ਨੂੰ ਮਨਾਵੇਂ
ਸਾਡੇ ਰੁੱਸ ਗਏ ਮਰਸੀਏ ਦੀ
ਚੂੰਮਣੀ ਬਣਾਵੇਂ
ਹੋਵੇ ਅੱਡੀ-ਟੱਪਾ ਕਿਤੇ
ਮਰਦੰਗ ਵਰਗਾ
ਇਕ ਗੀਤ ਲਿਖਾਂ ਤੇਰੀ ਵੰਗ ਵਰਗਾ
ਤੇਰੇ ਹਾਸੇ ਜਿੰਨਾ ਸੋਹਣਾ ਤੇਰੀ ਸੰਗ ਵਰਗਾ...।


ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਰਕਾਰਾਂ ਬਹੁਤ ਆਈਆਂ, ਪਰ ਦੁੱਖ ਹੈ ਕਿ ਕਿਸੇ ਵੀ ਸਰਕਾਰ ਨੇ ਸਭਿਆਚਾਰਕ ਜਾਂ ਭਾਸ਼ਾ ਦੀ ਨੀਤੀ ਨਾ ਬਣਾਈ। ਇਸੇ ਕਰ ਕੇ ਇਹ ਦੋਵੇਂ ਮਹਿਕਮੇ ਬੇਰੁਖੀ ਦਾ ਸ਼ਿਕਾਰ ਰਹੇ, ਤੇ ਜਿਸ ਕੌਮ ਤੇ ਸੂਬੇ ਕੋਲ ਆਪਣੀ ਜ਼ੁਬਾਨ ਤੇ ਰਹਿਣ-ਸਹਿਣ ਜਾਂ ਗੀਤਾਂ ਦੀ ਸੰਭਾਲ ਪ੍ਰਤੀ ਸੁਹਿਰਦਤਾ ਨਾ ਹੋਵੇ, ਉਥੇ ਇਖਲਾਕ ਉਜੜਦਾ ਹੀ ਹੁੰਦਾ ਹੈ ਤੇ ਜਵਾਨੀ ਦਾ ਕੁਰਾਹੇ ਪੈਣਾ ਵੀ ਸੁਭਾਵਿਕ ਹੀ ਹੋਵੇਗਾ।

ਜੇ ਗੀਤਾਂ ਦੇ ਵਿਸ਼ਿਆਂ 'ਤੇ ਇਤਰਾਜ਼ ਉਠ ਰਿਹਾ ਹੈ, ਜੇ ਇਨ੍ਹਾਂ ਦੇ ਫਿਲਮਾਂਕਣ ਦੀ ਤੋਏ-ਤੋਏ ਹੋ ਰਹੀ ਹੈ ਤਾਂ ਇਸ ਕਰ ਕੇ ਕਿ ਅਸੀਂ ਸਭਿਆਚਾਰ ਦੀਆਂ ਵਾਗਾਂ ਆਪ-ਹੁਦਰੀਆਂ ਛੱਡ ਦਿੱਤੀਆਂ ਹਨ। ਇਸੇ ਲਈ ਬੱਸਾਂ ਵਿਚ ਵੱਜਦੇ ਗੀਤ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ। ਧਰਮ ਅਤੇ ਦਰਦ ਦੀ ਆੜ ਵਿਚ ਫਿਲਮਾਂ ਵਪਾਰ ਬਣ ਗਈਆਂ ਹਨ ਅਤੇ ਗੀਤਾਂ ਵਿਚ ਉਹ ਕੁਝ ਲਿਖਿਆ ਤੇ ਦਿਖਾਇਆ ਜਾ ਰਿਹਾ ਹੈ ਜੋ ਅਸਲ ਵਿਚ ਕਿਤੇ ਵਾਪਰਦਾ ਹੀ ਨਹੀਂ। ਹੁਣ ਪੰਜਾਬ ਦੀ ਹੱਦ 'ਤੇ ਸਰਕਾਰਾਂ ਇਹ ਤਾਂ ਲਿਖੀ ਜਾ ਰਹੀਆਂ ਹਨ ਕਿ ਗੁਰੂਆਂ, ਪੀਰਾਂ, ਫਕੀਰਾਂ ਤੇ ਯੋਧਿਆਂ ਦੀ ਧਰਤੀ ਵਾਲਾ ਪੰਜਾਬ ਤੁਹਾਨੂੰ ਜੀ ਆਇਆਂ ਆਖਦਾ ਹੈ ਪਰ ਅਸਲੀ ਪੰਜਾਬ ਅੰਦਰੋਂ ਦੁਹਾਈਆਂ ਦਿੰਦਾ ਆਖ ਰਿਹਾ ਹੈ ਕਿ ਇੱਦਾਂ ਲਿਖ ਕੇ ਮੇਰੇ ਜ਼ਖ਼ਮਾਂ 'ਤੇ ਨਹੁੰਦਰਾਂ ਨਾ ਮਾਰੋ।

ਮੰਤਰੀ ਜਾਂ ਸਮਰੱਥ ਅਧਿਕਾਰੀ ਵਿਦੇਸ਼ੀ ਦੌਰਿਆਂ ਵਿਚ ਨਿੱਜ ਤੋਂ ਅੱਗੇ ਨਹੀਂ ਤੁਰੇ। ਅਮਰੀਕਾ ਤੇ ਕੈਨੇਡਾ ਵਰਗੇ ਮੁਲਕਾਂ ਦੀ ਸਕੂਲੀ ਸਿੱਖਿਆ ਨੂੰ ਅਮਲ ਵਿਚ ਨਹੀਂ ਲਿਆ ਸਕੇ। ਅੰਗਰੇਜ਼ਾਂ ਦੇ ਵੇਲੇ ਤੋਂ ਚਲਦੀਆਂ ਬਾਲ ਸਭਾਵਾਂ ਸਕੂਲ ਵਿਚੋਂ ਗਾਇਬ ਹੋ ਗਈਆਂ ਹਨ। ਇਸੇ ਲਈ ਵਿਦਿਆਰਥੀਆਂ ਦੀਆਂ ਅੱਗੇ ਤੁਰਨ ਵਾਲੀਆਂ ਵਿਦਾਇਗੀ ਪਾਰਟੀਆਂ ਡੀ.ਜੇ. ਵਿਚ ਤਬਦੀਲ ਹੋ ਗਈਆਂ ਹਨ। ਸਕੂਲੀ ਸਮਾਗਮਾਂ ਵਿਚ ਵਿਦਿਆਰਥੀਆਂ ਦੇ ਨਸ਼ਾ ਪੀਣ ਦੀਆਂ ਖਬਰਾਂ ਹਨ। ਸੱਚ ਤਾਂ ਇਹ ਹੈ ਕਿ ਜੇ ਅਧਿਆਪਕ ਉਹ ਨਹੀਂ ਰਿਹਾ ਤਾਂ ਵਿਦਿਆਰਥੀ ਵੀ ਉਹ ਕਿਉਂ ਰਹੇਗਾ? ਕਿਉਂ ਨਹੀਂ ਰਿਹਾ? ਇਹਦੇ ਬਾਰੇ ਕੋਈ ਸੋਚਣ ਲਈ ਤਿਆਰ ਨਹੀਂ।

ਜੇ ਘਰ-ਘਰ ਗਾਉਣ-ਵਜਾਉਣ ਵਾਲੇ ਹਨ, ਗੀਤਕਾਰ ਤਾਂ ਇੱਦਾਂ ਕਿ ਕਈ ਭਰਾ ਇਕੋ ਕੰਮ ਕਰਨ ਲੱਗ ਪਏ ਹਨ, ਸੰਗੀਤਕਾਰਾਂ ਦੀ ਗਿਣਤੀ ਦਾ ਅੰਤ ਨਹੀਂ, ਗਵੱਈਆਂ ਨਾਲ ਪੰਜਾਬ ਨੱਕੋ-ਨੱਕ ਭਰ ਗਿਆ ਹੈ। ਰਿਕਾਰਡਿੰਗ ਕੰਪਨੀਆਂ ਪਿੰਡਾਂ ਵਿਚ ਵੀ ਖੁੱਲ੍ਹ ਗਈਆਂ ਹਨ, ਫਿਲਮਾਂਕਣ ਲਈ ਕੈਮਰੇ ਮੋਢਿਆਂ 'ਤੇ ਰੱਖ ਕੇ ਭੱਜੇ ਫਿਰਨ ਵਾਲੇ ਦਗੜ-ਦਗੜ ਕਰ ਰਹੇ ਹਨ, ਚੈਨਲਾਂ ਦਾ ਅੰਤ ਕੋਈ ਨਹੀਂ। ਹੋਰ ਵੀ ਮਾੜੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਬੇਲਗਾਮ ਹੈ, ਤੇ ਅੱਥਰੇ ਘੋੜਿਆਂ ਦੀ ਸਵਾਰੀ ਤੋਂ ਬਾਅਦ ਕੋਈ ਵੀ ਹਾਲੇ ਤੱਕ ਸਾਬਤ-ਸਬੂਤ ਨਹੀਂ ਪਰਤਿਆ। ਸਰਕਾਰਾਂ ਹੁਣ ਜਾਗੀਆਂ ਹਨ ਤੇ ਹੁਣ ਤੱਕ ਈਦ ਵਾਲਾ ਤੰਬਾ ਹੀ ਲੂਹਿਆ ਗਿਆ ਹੈ।

ਸਭਿਆਚਾਰਕ ਨੀਤੀ ਹਾਲੇ ਵੀ ਨਹੀਂ, ਇਸ ਦੀ ਇਕ ਉਦਾਹਰਨ ਪੇਸ਼ ਕਰਦਾ ਹਾਂ। ਨਵਾਂ ਸ਼ਹਿਰ ਦੀ ਸਮਾਜ-ਸੇਵੀ ਸੰਸਥਾ 'ਹੈਲਪ' ਨੇ ਬੜੇ ਪਿੱਟ-ਸਿਆਪੇ ਪਿੱਛੋਂ ਰੈਪ ਗਾਇਕ ਹਨੀ ਸਿੰਘ ਖਿਲਾਫ ਐਫ.ਆਈ.ਆਰ. ਦਰਜ ਕਰਵਾਈ। ਉਹ ਲੱਚਰਤਾ ਦੇ ਲੱਗੇ ਇਲਜ਼ਾਮ ਨੂੰ ਧੋਣ ਲਈ ਹਾਈਕੋਰਟ ਚਲਾ ਗਿਆ। ਅਦਾਲਤ ਨੇ ਸਰਕਾਰ ਨੂੰ ਤਲਬ ਕਰ ਕੇ ਫਿਟਕਾਰ ਪਾਈ, ਤਾਂ ਜੁਆਬ ਦਿੱਤਾ ਗਿਆ ਕਿ ਸਭਿਆਚਾਰਕ ਨੀਤੀ ਤਿਆਰ ਕੀਤੀ ਜਾ ਰਹੀ ਹੈ, ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਪਿਛੋਂ ਕਾਰਵਾਈ ਹੋਵੇਗੀ। ਅਗਲੀ ਤਾਰੀਕ ਵਿਚ ਜੁਆਬ ਆ ਗਿਆ ਕਿ ਇੰਟਰਨੈਟ ਦਾ ਬੇਲਗਾਮ ਘੋੜਾ ਸਰਕਾਰਾਂ ਦੇ ਹੱਥ ਵਿਚ ਨਹੀਂ ਰਿਹਾ, ਇਸ ਲਈ ਇਹ ਸਾਡੇ ਅਧਿਕਾਰ ਤੋਂ ਬਾਹਰ ਹੈ। ਹੁਣ ਗੀਤ ਤਾਂ ਕੋਈ ਵੀ, ਕਿਤੋਂ ਵੀ ਅਪਲੋਡ ਕਰ ਸਕਦਾ ਹੈ; ਮਤਲਬ ਜ਼ਹਿਰ ਹੁਣ ਘੁੱਟਾ-ਬਾਟੀ ਨਹੀਂ ਚੀਂਡ ਲਾ ਕੇ ਪੀਣਾ ਪਵੇਗਾ।



*ਪੰਜਾਬ ਦੇ ਸਭਿਆਚਾਰਕ ਵਿਭਾਗ ਵੱਲੋਂ ਸੈਂਸਰ ਬੋਰਡ ਬਣਾਉਣ ਦੀ ਤਜਵੀਜ਼ ਵਾਲੇ 15 ਸਾਲ ਪਹਿਲਾਂ ਜਾਰੀ ਸਰਕੂਲਰ ਦੀ ਕਾਪੀ।*

ਗਲੋਬਲ ਹੋਣ ਦੇ ਜਾਂ ਦੁਨੀਆਂ ਮੁੱਠੀ ਵਿਚ ਹੋਣ ਦੇ ਦਾਅਵੇ ਆਹ ਨੁਕਸਾਨ ਵੀ ਕਰਨਗੇ, ਇਸ ਦਾ ਕਿਸੇ ਨੂੰ ਯਾਦ-ਚਿੱਤ ਹੀ ਨਹੀਂ ਸੀ। ਪੰਦਰਾਂ ਕੁ ਸਾਲ ਪਹਿਲਾਂ ਪੰਜਾਬ ਦਾ ਸਭਿਆਚਾਰਕ ਵਿਭਾਗ ਆਪਣੇ ਗੀਤਾਂ 'ਤੇ ਸੈਂਸਰ ਬੋਰਡ ਬਣਾਉਣ ਦੀਆਂ ਟਾਹਰਾਂ ਮਾਰ ਰਿਹਾ ਸੀ। ਹੁਣ ਲਗਦਾ ਨਹੀਂ ਕਿ ਅਜਿਹਾ ਕਰਨ ਲਈ ਗੂਗਲ, ਯੂ-ਟਿਊਬ, ਫੇਸਬੁੱਕ, ਵਟਸਐਪ ਨੂੰ ਮੈਂਬਰ ਬਣਾਏ ਬਿਨਾਂ ਅਜਿਹਾ ਕਰਨਾ ਉਕਾ ਹੀ ਅਸੰਭਵ ਹੋ ਗਿਆ ਹੈ, ਤੇ ਹੁਣ ਗੁਣ-ਗਾਣ ਕਰ ਲੈਂਦੇ ਆਂ ਉਸ ਸੈਂਸਰ ਬੋਰਡ ਦਾ ਜਿਸ ਨੂੰ ਪੰਜਾਬ ਸਰਕਾਰ ਕਦੀ ਬਣਾਉਣਾ ਚਾਹੁੰਦੀ ਸੀ।

ਸਾਲ 2000 ਵਿਚ ਜੂਨ ਮਹੀਨੇ ਅਖਬਾਰਾਂ ਵਿਚ ਖ਼ਬਰ ਪ੍ਰਕਾਸ਼ਿਤ ਹੋਈ- 'ਪੰਜਾਬ ਸਰਕਾਰ ਵਲੋਂ ਪੰਜਾਬੀ ਗੀਤਾਂ 'ਤੇ ਸੈਂਸਰ ਬੋਰਡ ਬਣਾਉਣ



*ਚੌਧਰੀ ਸਵਰਨਾ ਰਾਮ ਜੋ ਸੈਂਸਰ ਬੋਰਡ ਨਾ ਬਣਾ ਸਕਿਆ।*

ਦਾ ਐਲਾਨ'। ਨਾਲ ਹੀ ਸੁਰਜੀਤ ਪਾਤਰ ਤੇ ਗੁਰਭਜਨ ਗਿੱਲ ਦੀਆਂ ਫੋਟੋਆਂ ਵੀ ਮੈਂਬਰ ਬਣਾਉਣ ਵਜੋਂ ਛਪੀਆਂ। ਬੱਸ, ਸੰਗੀਤ ਹਲਕਿਆਂ ਵਿਚ ਹਫੜਾ-ਦਫੜੀ ਮੱਚ ਗਈ। ਇਹ ਐਲਾਨ ਤਤਕਾਲੀ ਸਭਿਆਚਾਰਕ ਮਾਮਲਿਆਂ ਦੇ ਅਕਾਲੀ-ਭਾਜਪਾ ਸਰਕਾਰ ਵਿਚ ਮੰਤਰੀ ਚੌਧਰੀ ਸਵਰਨਾ ਰਾਮ ਦਾ ਸੀ। ਬਿਆਨ ਬੜਾ ਤਿੱਖਾ ਸੀ ਕਿ ਇਸ ਖੇਤਰ ਵਿਚ ਪਿਆ ਸਾਰਾ ਗੰਦ ਸਾਫ ਕਰ ਦਿੱਤਾ ਜਾਵੇਗਾ। ਸੁਹਿਰਦ, ਚਿੰਤਕ ਤੇ ਵਿਦਵਾਨ ਲੋਕਾਂ ਨੇ ਇਸ ਨੂੰ ਸਲਾਹਿਆ ਤੇ ਗੀਤ-ਸੰਗੀਤ ਦੇ ਹਮਦਰਦ ਲੋਕਾਂ ਨੇ ਇਸ ਨੂੰ ਸ਼ੁਭ ਸ਼ਗਨ ਦੱਸਦਿਆਂ ਵਕਤ ਸਿਰ ਕੀਤਾ ਫੈਸਲਾ ਦੱਸਿਆ। ਉਦੋਂ ਨਹੀਂ ਸੀ ਲੱਗਦਾ ਕਿ ਇਹ ਐਲਾਨ ਹੀ ਰਹਿ ਜਾਵੇਗਾ। ਇਸ ਮਸਲੇ 'ਤੇ ਵਿਚਾਰ ਲਈ ਮੈਨੂੰ ਵੀ ਚੰਡੀਗੜ੍ਹ ਮੁਲਾਕਾਤ ਲਈ ਸੱਦਾ ਮਿਲ ਗਿਆ। ਉਦੋਂ ਵੀ ਮੈਂ ਮੰਤਰੀ ਦੀ ਰਿਹਾਇਸ਼ 'ਤੇ ਇਹੋ ਸਲਾਹ ਦਿੱਤੀ ਸੀ ਕਿ ਗੀਤ ਰਿਲੀਜ਼ ਕਰਨ ਵਾਲੀਆਂ ਕੁਝ ਕੰਪਨੀਆਂ ਦਾ ਆਧਾਰ ਪੰਜਾਬ ਤੋਂ ਬਾਹਰ ਹੈ, ਤੇ ਕੁਝ ਇਕ ਤਾਂ ਪੂਰੀ ਤਰ੍ਹਾਂ ਵਿਦੇਸ਼ੀ ਸਨ। ਹੈਰਾਨੀ ਵਾਲੀ ਗੱਲ ਇਹ ਸੀ ਕਿ ਮੰਤਰੀ ਸਾਹਿਬ ਦੀ ਦ੍ਰਿੜ੍ਹਤਾ ਤੇ ਸਖ਼ਤ ਰੌਅ ਤੋਂ ਲੱਗਦਾ ਸੀ ਕਿ ਊਠ ਕਿਸੇ ਕਰਵਟ ਜ਼ਰੂਰ ਬੈਠੇਗਾ। ਉਨ੍ਹਾਂ ਦਾ ਵਿਚਾਰ ਸੀ ਕਿ ਜਦੋਂ ਕਾਨੂੰਨ ਬਣ ਜਾਵੇਗਾ, ਤਾਂ ਆਪ-ਹੁਦਰਾਪਣ ਨਹੀਂ ਚੱਲੇਗਾ। ਉਦੋਂ ਇਹ ਨਹੀਂ ਸੀ ਪਤਾ ਕਿ ਇਹ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਮੰਤਰੀ ਮੰਡਲ ਨੂੰ ਭਰੋਸੇ ਵਿਚ ਲੈ ਕੇ ਕੀਤਾ ਹੈ ਜਾਂ ਚੌਧਰੀ ਸਵਰਨਾ ਰਾਮ ਦਾ ਨਿਜੀ ਖਿਆਲ ਸੀ।

ਅਗਲੇ ਦਿਨਾਂ ਵਿਚ 'ਕੁੜੀ ਗੁਜਰਾਤ ਦੀ' ਗਾਉਣ ਵਾਲੇ ਜੱਸੀ ਗੁਰਦਾਸਪੁਰੀਏ ਦਾ ਨਾਂ ਲਏ ਬਿਨਾਂ ਉਸੇ ਦੇ ਇਕ ਗੀਤ ਉਤੇ ਮੰਤਰੀ ਦੀ ਤਿੱਖੀ ਟਿੱਪਣੀ ਵਾਲੀਆਂ ਖਬਰਾਂ ਆ ਰਹੀਆਂ ਸਨ। ਬਿਆਨ ਸੀ ਕਿ 'ਚੰਨੋ ਦਾ ਜਵਾਨੀ ਵਿਚ ਪੈਰ ਪੈ ਗਿਆ, ਪਿੰਡ ਦਿਆਂ ਮੁੰਡਿਆਂ 'ਚ ਵੈਰ ਪੈ ਗਿਆ' ਵਰਗੇ ਗੀਤ ਪਿੰਡ ਦੀਆਂ ਧੀਆਂ-ਭੈਣਾਂ ਵੱਲ ਸਿੱਧੀ ਅੱਖ ਚੁੱਕਣ ਅਤੇ ਇੱਜ਼ਤ 'ਤੇ ਹਮਲਾ ਹੈ, ਅਜਿਹੇ ਗੀਤ ਗਾਉਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਹਾਲਾਤ ਅਜਿਹੇ ਬਣੇ ਕਿ ਗਾਇਕਾਂ ਵਿਚ ਵੀ ਵਿਰੋਧੀ ਦਲ ਉਠ ਖੜ੍ਹਾ ਹੋਇਆ। ਪੰਮੀ ਬਾਈ ਇਸ ਮਾਮਲੇ ਵਿਚ ਧਿਰ ਵਾਂਗ ਅੱਗੇ ਆ ਗਿਆ।

25 ਜੂਨ 2001 ਨੂੰ ਇਸੇ ਸੈਂਸਰ ਬੋਰਡ ਨੂੰ ਅਮਲੀ ਰੂਪ ਦੇਣ ਲਈ ਸਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਨੇ ਪੰਜਾਬ ਭਵਨ ਵਿਚ ਮੀਟਿੰਗ ਬੁਲਾ ਲਈ। ਇਹ ਮੀਟਿੰਗ ਬੜੀ ਅਹਿਮ ਅਤੇ ਭਖਵੀਂ ਬਹਿਸ ਵਾਲੀ ਹੋਈ ਜਿਸ ਵਿਚ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਸਾਹਿਤਕਾਰਾਂ ਨੇ ਆਪੋ-ਆਪਣੇ ਵਿਚਾਰ ਰੱਖੇ। ਮੀਟਿੰਗ ਵਿਚ ਸ਼ਾਮਲ ਬਹੁ-ਗਿਣਤੀ ਲੋਕਾਂ ਦਾ ਮੱਤ ਸੀ ਕਿ ਸੈਂਸਰ ਬੋਰਡ ਬਣਨਾ ਚਾਹੀਦਾ ਹੈ ਤੇ ਇਸ ਦੇ ਅਮਲ ਲਈ ਭਾਵੇਂ ਪੰਜਾਬ ਸਰਕਾਰ ਨੂੰ ਸਖਤੀ ਵਾਲਾ ਕਾਨੂੰਨ ਹੀ ਕਿਉਂ ਨਾ ਬਣਾਉਣਾ ਪਵੇ।

ਲੋਕ ਰਾਏ ਇਹ ਪੈਦਾ ਹੋਈ ਕਿ ਗੀਤ ਰਿਕਾਰਡ ਤੇ ਮਾਰਕੀਟਿੰਗ ਕਰਨ ਵਾਲੀਆਂ ਕੰਪਨੀਆਂ ਨੂੰ ਸਿੱਧੇ ਰੂਪ ਵਿਚ ਸਰਕਾਰ ਦੀ ਨਿਰਦੇਸ਼ਨਾਂ ਹੇਠ ਲਿਆ ਕੇ ਜੁਆਬਦੇਹ ਬਣਾਇਆ ਜਾਵੇ। ਇਸ ਨਾਲ ਦੋ-ਅਰਥੀ ਤੇ ਗੈਰ-ਮਿਆਰੀ ਗੀਤਾਂ ਨੂੰ ਠੱਲ੍ਹ ਪੈ ਜਾਵੇਗੀ। ਉਦੋਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਯੂ-ਟਿਊਬ ਅਤੇ ਫੇਸਬੁੱਕ ਵਰਗਾ ਸੋਸ਼ਲ ਮੀਡੀਆ ਵੀ ਆਉਣ ਵਾਲੇ ਸਮੇਂ ਵਿਚ ਇਸ ਉਦਮ ਲਈ ਅੜਿੱਕਾ ਬਣ ਸਕਦਾ ਹੈ। ਡੀ.ਜੇ. ਜਾਂ ਨੱਚਣ-ਟੱਪਣ ਵਾਲੀਆਂ ਕੁੜੀਆਂ ਦੀ ਆਮਦ ਨਾਲ ਵਪਾਰਕ ਪੱਖੋਂ ਪ੍ਰਭਾਵਿਤ ਇਸ ਮੀਟਿੰਗ ਵਿਚ ਸ਼ਾਮਲ ਗਵੱਈਏ ਰੱਜ ਕੇ ਪਿੱਟੇ ਵੀ, ਤੇ ਸਰਕਾਰ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਭਰੋਸਾ ਵੀ ਦਿੱਤਾ। ਉਸ ਵਕਤ ਕੈਸੇਟ ਕਲਚਰ ਹੀ ਭਾਰੂ ਸੀ, ਤੇ ਨਵੀਂ-ਨਵੀਂ ਸੀ.ਡੀ. ਜਾਂ ਡੀ.ਵੀ.ਡੀ. ਵੀ ਆਉਣ ਲੱਗੀ ਸੀ। ਗੱਲ ਇਥੋਂ ਤੱਕ ਵੀ ਗਈ ਕਿ ਵਿਧਾਨ ਸਭਾ ਵਿਚ ਕਾਨੂੰਨ ਬਣਾਉਣ ਵਾਲਾ ਖਰੜਾ ਵੀ ਅੱਜ ਹੀ ਸੋਧ ਕੇ ਤਿਆਰ ਕਰ ਲਿਆ ਜਾਵੇ। ਵੱਡੇ ਮਕਸਦ ਨਾਲ ਮੁਕੰਮਲ ਹੋਈ ਇਸ ਮੀਟਿੰਗ ਦਾ ਅੱਗੇ ਕੀ ਸਿੱਟਾ ਨਿਕਲਿਆ...ਜ਼ੀਰੋ! ਕਿਉਂਕਿ ਤੁਰੰਤ ਬਾਅਦ ਜਿਵੇਂ ਇਸ ਸੋਚ ਤੇ ਵਿਚਾਰ ਨੂੰ ਸੱਪ ਸੁੰਘ ਗਿਆ ਹੋਵੇ। ਮੰਤਰੀ ਸਾਹਿਬ ਚੁੱਪ ਹੋ ਗਏ ਤੇ ਸਭਿਆਚਾਰਕ ਵਿਭਾਗ ਨੇ ਦੜ ਵੱਟ ਲਈ, ਹਾਲਾਂਕਿ ਚੌਧਰੀ ਸਵਰਨਾ ਰਾਮ ਦੇ ਰਵੱਈਏ ਤੋਂ ਇਹ ਲਗਦਾ ਸੀ ਕਿ ਉਹ ਆਈ 'ਤੇ ਆਏ ਹੋਏ ਹਨ, ਝੁਕਣਗੇ ਨਹੀਂ, ਪਰ...? ਖੌਰੇ ਬਾਦਲ ਸਾਹਿਬ ਨੇ ਘੂਰੀ ਵੱਟ ਦਿੱਤੀ, ਜਾਂ ਕੁਝ ਹੋਰ ਹੋ ਗਿਆ...ਮੰਤਰੀ ਸਾਹਿਬ ਖਾਮੋਸ਼ ਹੋ ਗਏ। ਹਵੇਲੀ ਦੇ ਰੌਲੇ ਵਾਂਗ ਇਹ ਵੀ ਗੱਲਾਂ ਉਠਣ ਲੱਗੀਆਂ ਸਨ ਕਿ ਵੱਡੀਆਂ ਕੰਪਨੀਆਂ ਨਾਲ ਜਾਂ ਤਾਂ ਅੰਦਰਖਾਤੇ ਕੋਈ ਰਾਜ਼ੀਨਾਮਾ ਹੋ ਰਿਹਾ ਹੈ, ਜਾਂ ਬਾਦਲ ਸਾਹਿਬ ਨੇ ਤਮਾਸ਼ਾ ਜਿਉਂ ਦਾ ਤਿਉਂ ਚਲਦਾ ਰਹਿਣ ਲਈ ਆਖ ਦਿੱਤਾ ਹੈ ਕਿਉਂਕਿ ਫਿਰ ਸਰਕਾਰ ਤਾਂ ਇਕ ਸਾਲ ਹੋਰ ਚੱਲੀ ਪਰ ਸੈਂਸਰ ਬੋਰਡ ਦੀ ਗੱਲ ਉਥੇ ਦੀ ਉਥੇ ਹੀ ਖੜ੍ਹੀ ਹੋ ਗਈ।

ਦੂਜੇ ਪਾਸੇ ਗਾਇਕਾਂ ਅੰਦਰ ਉਸਲ-ਵੱਟ ਲਗਾਤਾਰ ਹੁੰਦੀ ਰਹੀ। ਬਹੁਤੇ ਗਾਇਕਾਂ ਨੇ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਧਰਨਾ ਵੀ ਦਿੱਤਾ ਜਿਸ ਵਿਚ ਗੁਰਦਾਸ ਮਾਨ ਵੀ ਸ਼ਾਮਲ ਹੋਇਆ ਸੀ। ਸੈਂਸਰ ਬੋਰਡ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਹੋਈ, ਤੇ ਪੰਜਾਬ ਦੇ ਇਕ ਸਿਆਸੀ ਗਾਇਕ ਨੇ ਇਸ ਬੋਰਡ ਦਾ ਭਾਂਡਾ ਅਖਬਾਰੀ ਬਿਆਨਾਂ ਨਾਲ ਮੇਰੇ ਸਿਰ ਹੀ ਭੰਨ੍ਹ ਦਿੱਤਾ ਕਿ ਮੰਤਰੀ ਦੇ ਇਲਾਕੇ ਦਾ ਇਕ ਪੱਤਰਕਾਰ, ਗਾਇਕਾਂ ਤੇ ਸਮੁੱਚੀ ਪੰਜਾਬੀ ਗਾਇਕੀ ਨੂੰ ਆਪਣੀ ਲੱਤ ਹੇਠੋਂ ਲੰਘਾਉਣ ਦੀ ਨੀਅਤ ਨਾਲ ਇਹ ਸਾਰਾ ਕੁਝ ਕਰਵਾ ਰਿਹਾ ਹੈ। ਚਲੋ, ਸਥਿਤੀ ਸਪਸ਼ਟ ਹੋਣ ਨੂੰ ਬਹੁਤੀ ਦੇਰ ਨਾ ਲੱਗੀ, ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਇੰਨਾ ਸੁਹਿਰਦ ਮੰਤਰੀ ਪਿਛਾਂਹ ਕਿਉਂ ਹਟ ਗਿਆ? ਕਿਉਂਕਿ ਗੱਲ ਉਨ੍ਹਾਂ ਦਿਨਾਂ ਵਿਚ ਚੁੰਝ-ਚਰਚਾ ਬਣ ਗਈ ਸੀ ਕਿ ਜੇ ਸਵਰਨਾ ਰਾਮ ਅਜਿਹਾ ਕਰਨ ਵਿਚ ਸਫਲ ਹੋ ਜਾਂਦਾ ਹੈ ਤਾਂ ਗਾਇਕੀ ਦੇ ਸਭਿਆਚਾਰਕ ਦਾ ਇਤਿਹਾਸ ਬਦਲਣ ਲਈ ਤਵਾਰੀਖ ਉਸ ਨੂੰ ਹਮੇਸ਼ਾ ਯਾਦ ਰੱਖੇਗੀ।

ਖੈਰ! ਇਹ ਸੱਚ ਹੈ ਕਿ ਜੇ ਉਦੋਂ ਕਿਤੇ ਇਹ ਤਜਵੀਜ਼ ਅਮਲ ਵਿਚ ਆ ਜਾਂਦੀ, ਤਾਂ ਅੱਜ ਗੀਤਾਂ ਵਿਚ ਰਫਲਾਂ ਨਾ ਚੁੱਕੀਆਂ ਜਾਂਦੀਆਂ, ਕਾਲਜ ਤੇ ਸਕੂਲ ਗੀਤਾਂ ਵਿਚ ਆਸ਼ਕੀ ਦੇ ਅੱਡੇ ਨਾ ਬਣਦੇ, ਬੱਸਾਂ ਵਿਚ ਪੁੱਠੇ-ਸਿੱਧੇ ਗੀਤ ਨਾ ਵੱਜਦੇ, ਤੇ ਨਾ ਹੀ ਇਹ ਸਰਵੇਖਣ ਹੁੰਦੇ ਕਿ ਘਰੋਂ ਬਾਹਰ ਨਿਕਲਣ ਵਿਚ ਕਿੰਨੀਆਂ ਕੁ ਜੁਆਨ ਧੀਆਂ ਸੁਰੱਖਿਅਤ ਹਨ। ਲਗਦੇ ਹੱਥ ਇਹ ਗੱਲ ਵੀ ਕਰ ਦਿਆਂ ਕਿ ਉਨ੍ਹਾਂ ਦਿਨਾਂ ਵਿਚ ਬੱਬੂ ਮਾਨ ਦੇ 'ਚੱਕ ਲਓ ਰਿਵਾਲਵਰ ਰਫਲਾਂ ਕਬਜ਼ਾ ਲੈਣਾ ਏ' ਵਾਲੇ ਗੀਤ ਉਤੇ ਵੀ ਮੰਤਰੀ ਦਾ ਨਜ਼ਲਾ ਡਿੱਗ ਰਿਹਾ ਸੀ...ਪਰਨਾਲਾ ਉਥੇ ਦਾ ਉਥੇ ਤਾਂ ਕੀ ਰਹਿਣਾ ਸੀ, ਸਗੋਂ ਇਹ ਤਾਂ ਹੁਣ ਤੱਕ ਪੁੱਟਿਆ ਵੀ ਜਾ ਚੁੱਕਾ ਹੈ।

ਅੱਥਰੀ ਹੋ ਚੁੱਕੀ ਗਾਇਕੀ ਹੁਣ ਪੰਜਾਬ ਸਰਕਾਰ ਤਾਂ ਕੀ, ਸ਼ਾਇਦ ਭਾਰਤ ਸਰਕਾਰ ਦੇ ਵੀ ਵੱਸੋਂ ਬਾਹਰ ਹੋ ਗਈ ਹੈ। 'ਕੌਣ ਸਾਹਿਬ ਨੂੰ ਆਖੇ' ਵਾਂਗ ਕੌਣ ਚੁੱਪ ਕਰਾਏਗਾ ਗੂਗਲ ਨੂੰ...ਕੌਣ ਆਖੇਗਾ ਯੂ-ਟਿਊਬ 'ਤੇ ਪੁੱਠੀਆਂ-ਸਿੱਧੀਆਂ ਗੀਤਾਂ ਦੀਆਂ ਪੋਸਟਾਂ ਨਾ ਪਾਓ ਤੇ ਫੇਸਬੁੱਕ ਨੂੰ ਦਿਸ਼ਾ ਨਿਰਦੇਸ਼ਨਾਂ ਤਾਂ ਦੂਰ ਦੀ ਗੱਲ ਹੈ। ਅਸਲ ਵਿਚ ਸਮੁੱਚਾ ਸੰਸਾਰ ਇਸ ਸੋਸ਼ਲ ਮੀਡੀਏ ਦੀ ਵਰਤੋਂ ਕਰ ਰਿਹਾ ਹੈ, ਤੇ ਬਿਨਾਂ ਝਿਜਕ ਜੇ ਕਹਿਣਾ ਹੋਵੇ ਤਾਂ ਇਸ ਦੀ ਦੁਰਵਰਤੋਂ ਪੰਜਾਬੀ ਗੀਤਾਂ ਵਿਚ ਹੀ ਨਹੀਂ, ਰਾਜਨੀਤੀ ਤੇ ਨਿਜੀ ਕਿੜਾਂ ਲਈ ਸਭ ਤੋਂ ਵੱਧ ਹੋ ਰਹੀ ਹੈ। ਹਾਲਾਤ ਇੱਦਾਂ ਨਹੀਂ ਲਗਦੇ ਕਿ ਸਾਨ੍ਹ ਬੱਕਰੀਆਂ ਵਿਚ ਆਣ ਵੜਿਆ ਹੈ।

ਸੈਂਸਰ ਬੋਰਡ ਦੀ ਗੱਲ ਖੂਹ-ਖਾਤੇ ਪੈ ਗਈ ਹੈ ਪਰ ਇਹ ਸੋਚਣਾ ਪਵੇਗਾ ਕਿ ਅਸੀਂ ਬੁਰੇ ਗੀਤਾਂ ਤੇ ਮਾੜੇ ਵਿਸ਼ਿਆਂ ਨੂੰ ਨੱਥ ਕਿਵੇਂ ਪਾਉਣੀ ਹੈ! ਇਹਦੇ ਲਈ ਜ਼ਮੀਰਾਂ ਨੂੰ ਝੰਜੋੜਨਾ ਪਵੇਗਾ। ਨਸ਼ਿਆਂ ਵਿਚ ਧਸੀ ਪੰਜਾਬੀ ਜੁਆਨੀ ਜਿਸ ਤਰ੍ਹਾਂ ਦੇ ਗੀਤਾਂ ਤੇ ਵੀਡੀਓ ਦੀ ਦੀਵਾਨੀ ਹੋ ਰਹੀ ਹੈ, ਇਸ ਦਾ ਹਰਜਾਨਾ ਬੱਚੀਆਂ ਤੇ ਧੀਆਂ ਨੂੰ ਵੱਧ ਭੁਗਤਣਾ ਪਵੇਗਾ।

ਸਰਕਾਰਾਂ ਤੋਂ ਸੈਂਸਰ ਬੋਰਡ ਨਹੀਂ ਬਣਿਆ, ਕੋਈ ਗੱਲ ਨਹੀਂ! ਅਸੀਂ ਜ਼ਮੀਰ ਨੂੰ ਜਗ੍ਹਾ ਕੇ ਤਾਂ ਦੀਵਾ ਬਾਲ ਹੀ ਸਕਦੇ ਹਾਂ। ਨਹੀਂ ਤਾਂ ਵਕਤ ਹੋਰ ਬਹੁਤ ਕੁਝ ਉਧਾਲ ਕੇ ਲੈ ਜਾਵੇਗਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਮਾਡਰਨ ਮਾਹੀਆ

ਐਵੇਂ ਭਰਮ ਹੈ ਦੁਨੀਆਂ ਨੂੰ, ਦੱਸੋ ਅੱਖ ਕਿਹਦੀ ਰੋਈ ਨਹੀਂ।
ਦਿਨ ਚੜ੍ਹਦੇ ਨਾਲ ਲੋਕ ਖੜ੍ਹਨ, ਦਿਨ ਡੁੱਬਦੇ ਨਾਲ ਕੋਈ ਨਹੀਂ।
ਇਹ ਧਰਤੀ ਤਾਂ ਤਪਦੀ, ਵੱਤ ਸੁੱਕ ਗਈ ਏ ਨਹਿਰਾਂ ਦੀ।
ਮਿਹਨਤਾਂ ਤੁਸੀਂ ਕਰਦੇ, ਗੱਲ ਬਣ ਰਹੀ ਏ ਗੈਰਾਂ ਦੀ।
ਦੇਂਦੇ ਨੱਕ ਉਤੇ ਮੱਖੀ ਬਹਿਣ ਨਾ, ਕੋਈ ਕੀ ਦੱਸੋ ਕਹਿ ਸਕਦਾ।
ਉਹਨੂੰ ਲੋਕੀ ਬੰਦਾ ਆਖਦੇ, ਜੋ ਨਹੀਂ ਬੰਦਿਆਂ ਵਿਚ ਬਹਿ ਸਕਦਾ।
ਅਸੀਂ ਬੜਾ ਛੜਕਾਓ ਕੀਤਾ, ਕੀੜੇ ਮਰਦੇ ਨਾ ਫ਼ਸਲਾਂ ਦੇ।
ਤਾਹੀਉਂ ਹੁਣ ਮੁੱਕ ਚੱਲੇ, ਵੇ ਬੰਦੇ ਚੰਗੀਆਂ ਨਸਲਾਂ ਦੇ।
ਕਿੱਡੇ ਦੁਖੜੇ ਜਰ-ਜਰ ਕੇ, ਮਾਪੇ ਪੁੱਤਰਾਂ ਨੂੰ ਜਣਦੇ ਨੇ।
ਉਹੀ ਹੁਣ ਲੁੱਟਣ ਲੱਗੇ, ਵੇ ਜਿਹੜੇ ਵਾਰਿਸ ਬਣਦੇ ਨੇ।
ਬਾਵੇ ਮਿੱਟੀ ਦੇ ਕੀ ਬੋਲਣਗੇ, ਗੁੱਡੇ ਚੁੱਪ 'ਭੌਰੇ' ਲੀਰਾਂ ਦੇ।
ਰੱਬ ਬੇਈਮਾਨ ਹੋ ਗਿਆ, ਧੱਕੇ ਚੜ੍ਹਿਆ ਅਮੀਰਾਂ ਦੇ।

# ਬੁੱਧ ਧਰਮ ਅਤੇ ਸਮਾਜਕ ਬਰਾਬਰੀ

**ਬੁੱਧ ਪੂਰਨਿਮਾ 'ਤੇ ਵਿਸ਼ੇਸ਼**

ਗੌਤਮ ਬੁੱਧ ਦਾ ਜਨਮ 563 ਈਸਾ ਪੂਰਵ (ਬੀ.ਸੀ.) ਨੂੰ ਹੋਇਆ ਅਤੇ ਮੌਤ 483 ਬੀ.ਸੀ. ਵਿਚ ਹੋਈ। ਉਹ ਕੁੱਲ 80 ਸਾਲ ਦਾ ਜੀਵੇ। ਸ਼ਾਕਿਆ ਨਰੇਸ਼ ਸੁਧੋਦਨ ਦੇ ਘਰ ਜਨਮੇ ਰਾਜ ਕੁਮਾਰ ਸਿਧਾਰਥ, ਵਿਆਹ ਤੋਂ ਬਾਅਦ ਆਪਣੇ ਨਵ-ਜੰਮੇ ਪੁੱਤਰ ਰਾਹੁਲ ਅਤੇ ਪਤਨੀ ਯਸ਼ੋਧਰਾ ਨੂੰ ਤਿਆਗ ਕੇ, ਸੰਸਾਰ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਦੇ ਮਾਰਗ ਦੀ ਤਲਾਸ਼ ਲਈ, ਰਾਤ ਨੂੰ ਆਪਣਾ ਰਾਜ-ਭਾਗ ਛੱਡ ਕੇ ਚਲੇ ਗਏ। ਕਈ ਸਾਲਾਂ ਦੀ ਕਠਿਨ ਤਪੱਸਿਆ ਉਪਰੰਤ ਬੋਧ ਗਯਾ (ਬਿਹਾਰ) ਵਿਚ ਬੋਧੀ ਦਰਖ਼ਤ ਥੱਲੇ, ਉਨ੍ਹਾਂ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਹੋਈ ਅਤੇ ਉਹ ਸਿਧਾਰਥ ਤੋਂ 'ਬੁੱਧ' ਬਣ ਗਏ।



ਪ੍ਰੋ. ਐਚ.ਐਲ. ਕਪੂਰ
ਫੋਨ: 916-587-4002

ਗੌਤਮ ਬੁੱਧ ਦਾ ਜਨਮ ਸਥਾਨ ਸ਼ਾਕਿਆ ਗਣਰਾਜ ਦੀ ਤਤਕਾਲੀ ਰਾਜਧਾਨੀ ਕਪਲਵਸਤੂ ਦੇ ਨਜ਼ਦੀਕ ਲੁੰਬਨੀ (ਨੇਪਾਲ) ਵਿਚ ਹੋਇਆ। ਲੁੰਬਨੀ ਜੰਗਲ, ਨੇਪਾਲ ਦੇ ਤਰਾਈ ਖੇਤਰ ਵਿਚ ਕਪਲਵਸਤੂ ਤੇ ਦੇਵਦਹਿ ਦੇ ਵਿਚਕਾਰ, ਨੌਤਨਵਾਂ ਸਟੇਸ਼ਨ ਤੋਂ ਅੱਠ ਮੀਲ ਦੂਰ ਪੱਛਮ ਵਿਚ ਰੁਕਮਨ ਦੇਈ ਕੋਲ ਹੈ। ਕਪਲਵਸਤੂ ਦੀ ਮਹਾਰਾਣੀ ਮਾਇਆ ਦੇਵੀ ਦੇ ਆਪਣੇ ਸ਼ਹਿਰ ਦੇਵਦਹਿ ਜਾਂਦੇ ਸਮੇਂ ਰਸਤੇ ਵਿਚ ਪ੍ਰਸੂਤੀ ਪੀੜਾ ਹੋਈ ਅਤੇ ਉਥੇ ਹੀ ਉਨ੍ਹਾਂ ਬਾਲਕ ਗੌਤਮ ਨੂੰ ਜਨਮ ਦਿੱਤਾ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ। ਪ੍ਰਚਲਿਤ ਕਥਾ ਅਨੁਸਾਰ ਸਿਧਾਰਥ ਦੀ ਮਾਤਾ ਮਾਇਆ ਦੇਵੀ ਜੋ ਕੋਲੀ ਵੰਸ਼ 'ਚੋਂ ਸੀ, ਦਾ ਦੇਹਾਂਤ ਸਿਧਾਰਥ ਦੇ ਜਨਮ ਤੋਂ ਸੱਤ ਦਿਨਾਂ ਬਾਅਦ ਹੋ ਗਿਆ।

ਸਿਧਾਰਥ ਦਾ ਪਾਲਣ-ਪੋਸ਼ਣ ਉਨ੍ਹਾਂ ਦੀ ਮਾਸੀ ਤੇ ਰਾਜਾ ਸੁਧੋਦਨ ਦੀ ਦੂਜੀ ਰਾਣੀ ਪਾਜਾਪਤੀ ਨੇ ਕੀਤਾ। ਸਾਧੂ-ਸੰਤਾਂ ਨੇ ਇਸ ਬਾਲਕ ਬਾਰੇ ਜੋਤਿਸ਼ ਲਾਇਆ ਕਿ ਇਹ ਜਾਂ ਤਾਂ ਮਹਾਨ ਰਾਜਾ ਜਾਂ ਲੋਕ-ਮਾਰਗ ਦਰਸ਼ਕ, ਸਾਧੂ-ਸੰਤ ਬਣੇਗਾ।

ਸਿਧਾਰਥ ਦਾ ਮਨ ਬਚਪਨ ਤੋਂ ਹੀ ਬੜਾ ਕਰੁਣਾਮਈ ਤੇ ਦਇਆ ਦ੍ਰਿਸ਼ਟੀ ਵਾਲਾ ਸੀ। ਘੋੜ-ਦੌੜ ਵਿਚ ਜਦੋਂ ਘੋੜਿਆਂ ਦੇ ਮੂੰਹ ਵਿਚੋਂ ਝੱਗ ਨਿਕਲਣ ਲੱਗਦੀ ਤਾਂ ਸਿਧਾਰਥ ਉਨ੍ਹਾਂ ਨੂੰ ਥੱਕਿਆ ਜਾਣ ਕੇ ਉਥੇ ਹੀ ਰੋਕ ਦਿੰਦਾ ਤੇ ਜਿੱਤੀ ਬਾਜ਼ੀ ਹਾਰ ਜਾਂਦਾ। ਖੇਡਾਂ ਵਿਚ ਹਾਰ ਜਾਣਾ ਵੀ ਉਨ੍ਹਾਂ ਨੂੰ ਬਹੁਤ ਪਸੰਦ ਸੀ, ਕਿਉਂਕਿ ਕਿਸੇ ਨੂੰ ਹਰਾਉਣਾ ਤੇ ਦੁਖੀ ਦੇਖਣਾ ਉਨ੍ਹਾਂ ਨੂੰ ਤਕਲੀਫ਼ ਦਿੰਦਾ ਸੀ। ਸਿਧਾਰਥ ਦੇ ਚਚੇਰੇ ਭਰਾ ਨੇ ਇਕ ਵਾਰ ਹੰਸ ਨੂੰ ਤੀਰ ਨਾਲ ਜ਼ਖ਼ਮੀ ਕਰ ਦਿੱਤਾ ਅਤੇ ਸਿਧਾਰਥ ਨੇ ਉਸ ਜ਼ਖ਼ਮੀ ਹੰਸ ਦੇ ਪ੍ਰਾਣਾਂ ਦੀ ਖੁਦ ਰੱਖਿਆ ਕੀਤੀ।

ਸਿਧਾਰਥ ਨੇ ਵੇਦਾਂ ਤੇ ਉਪਨਿਸ਼ਦਾਂ ਦੀ ਸਿੱਖਿਆ ਦੇ ਨਾਲ-ਨਾਲ ਯੁੱਧ ਕਲਾ ਦੀ ਸਿੱਖਿਆ ਵੀ ਲਈ। ਇਸ ਤੋਂ ਇਲਾਵਾ ਕੁਸ਼ਤੀ, ਘੋੜ-ਦੌੜ, ਤੀਰ-ਅੰਦਾਜ਼ੀ ਤੇ ਰੱਥ ਹੱਕਣ ਵਿਚ ਵੀ ਉਹ ਬੜੇ ਨਿਪੁੰਨ ਸਨ। ਸੋਲਾਂ ਸਾਲ ਦੀ ਉਮਰ ਵਿਚ ਸਿਧਾਰਥ ਦਾ ਵਿਆਹ ਸ਼ੱਕ ਕੰਨਿਆ ਯਸ਼ੋਧਰਾ ਨਾਲ ਹੋ ਗਿਆ। ਆਪਣੇ ਪਿਤਾ ਵੱਲੋਂ ਬਣਾਏ ਆਲੀਸ਼ਾਨ ਮਹੱਲ ਵਿਚ ਉਹ ਆਪਣੀ ਪਤਨੀ ਨਾਲ ਰਹਿਣ ਲੱਗ ਪਏ। ਇਸ ਮਹੱਲ ਵਿਚ ਉਨ੍ਹਾਂ ਨੂੰ ਦੁਨੀਆਂ ਭਰ ਦੇ ਸੁੱਖ-ਆਰਾਮ ਪ੍ਰਾਪਤ ਸਨ ਤੇ ਇਥੇ ਹੀ ਉਨ੍ਹਾਂ ਦੇ ਘਰ ਪੁੱਤਰ ਰਾਹੁਲ ਨੇ ਜਨਮ ਲਿਆ। ਰਾਜਾ ਸੁਧੋਦਨ ਨੇ ਸਿਧਾਰਥ ਦੇ ਐਸ਼ੋ-ਆਰਾਮ ਲਈ ਤਿੰਨਾਂ ਰੁੱਤਾਂ ਮੁਤਾਬਕ ਤਿੰਨ ਮਹੱਲ ਬਣਵਾਏ। ਉਥੇ ਨੱਚਣ-ਗਾਉਣ ਤੇ ਹੋਰ ਕਈ ਪ੍ਰਕਾਰ ਦਾ ਮਨੋਰੰਜਨ ਦਾ ਪ੍ਰਬੰਧ ਵੀ ਕਰ ਦਿੱਤਾ ਪਰ ਇਹ ਸਭ ਚੀਜ਼ਾਂ ਸਿਧਾਰਥ ਨੂੰ ਸੰਸਾਰ ਨਾਲ ਬੰਨ੍ਹ ਕੇ ਨਾ ਰੱਖ ਸਕੀਆਂ।

ਬਸੰਤ ਰੁੱਤ ਦੇ ਦਿਨਾਂ ਵਿਚ ਸਿਧਾਰਥ ਇਕ ਦਿਨ ਬਗੀਚੇ ਵਿਚ ਸੈਰ ਲਈ ਨਿਕਲੇ। ਉਨ੍ਹਾਂ ਨੂੰ ਸੜਕ ਉਤੇ ਬੁੱਢਾ ਆਦਮੀ ਦਿਸਿਆ। ਉਸ ਦੇ ਦੰਦ ਟੁੱਟ ਚੁੱਕੇ ਸਨ, ਵਾਲ ਸਫੈਦ ਹੋ ਗਏ ਸਨ ਤੇ ਸਰੀਰ ਝੁਕਿਆ ਹੋਇਆ ਸੀ। ਉਹ ਹੱਥ ਵਿਚ ਲਾਠੀ ਫੜ ਕੇ ਹੌਲੀ-ਹੌਲੀ ਕੰਬਦਾ ਹੋਇਆ ਸੜਕ ਉਤੇ ਚੱਲ ਰਿਹਾ ਸੀ। ਦੂਜੀ ਵਾਰ ਜਦੋਂ ਉਹ ਫਿਰ ਸੈਰ ਲਈ ਬਗੀਚੇ ਵਿਚ ਨਿਕਲੇ ਤਾਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਰੋਗੀ ਆ ਗਿਆ। ਉਸ ਦਾ ਸਾਹ ਬੜੀ ਤੇਜ਼ੀ ਨਾਲ ਚੱਲ ਰਿਹਾ ਸੀ, ਸਰੀਰ ਬੜਾ ਢਿੱਲਾ ਜਿਹਾ ਲੱਗ ਰਿਹਾ ਸੀ। ਉਹ ਕਿਸੇ ਦੂਜੇ ਆਦਮੀ ਦੇ ਸਹਾਰੇ ਨਾਲ ਚੱਲ ਰਿਹਾ ਸੀ। ਤੀਜੀ ਵਾਰ ਉਨ੍ਹਾਂ ਮੁਰਦੇ ਨੂੰ ਸਸਕਾਰ ਲਈ ਲਿਜਾਂਦੇ ਦੇਖਿਆ। ਇਨ੍ਹਾਂ ਦ੍ਰਿਸ਼ਾਂ ਨੇ ਉਨ੍ਹਾਂ ਨੂੰ ਸੋਚਾਂ ਵਿਚ ਪਾ ਦਿੱਤਾ ਕਿ ਇਹ ਜਵਾਨੀ ਐਵੇਂ ਥੋੜ੍ਹੇ ਦਿਨਾਂ ਦੀ ਹੈ ਜੋ ਜਲਦੀ ਹੀ ਸੁੱਕ ਤੇ ਮੁੱਕ ਜਾਂਦੀ ਹੈ। ਅਜਿਹੀ ਜ਼ਿੰਦਗੀ ਦਾ ਕੀ ਕਰਨਾ? ਬੁਢਾਪਾ, ਬਿਮਾਰੀ ਤੇ ਮੌਤ, ਕੀ ਇਸੇ ਤਰ੍ਹਾਂ ਜੀਵਨ ਵਿਚ ਆਉਂਦੇ ਰਹਿਣਗੇ? ਚੌਥੀ ਵਾਰ ਸਿਧਾਰਥ ਜਦੋਂ ਸੈਰ ਕਰਨ ਲਈ ਗਿਆ ਤਾਂ ਉਸ ਨੂੰ ਸੰਨਿਆਸੀ ਦਿਖਾਈ ਦਿੱਤਾ ਜਿਹੜਾ ਚਿੰਤਾਵਾਂ ਤੇ ਕਾਮਨਾਵਾਂ ਤੋਂ ਮੁਕਤ ਤੇ ਪ੍ਰਸੰਨ-ਚਿੱਤ ਲਗਦਾ ਸੀ। ਇਸ ਸੰਨਿਆਸੀ ਨੇ ਸਿਧਾਰਥ ਨੂੰ ਆਕਰਸ਼ਿਤ ਕੀਤਾ।

ਪਤਨੀ ਯਸ਼ੋਧਰਾ, ਦੁੱਧ ਚੁੰਘਦੇ ਬੱਚੇ ਰਾਹੁਲ ਤੇ ਰਾਜ-ਭਾਗ ਦਾ ਮੋਹ ਛੱਡ ਕੇ ਸਿਧਾਰਥ ਤਪੱਸਿਆ ਲਈ ਘਰੋਂ ਨਿਕਲ ਪਏ ਅਤੇ ਰਾਜ ਗ੍ਰਹਿ ਪਹੁੰਚ ਗਏ, ਤੇ ਉਥੇ ਭਿਖਿਆ ਮੰਗਣੀ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਉਹ ਘੁੰਮਦੇ-ਘੁੰਮਦੇ ਅਲਾਰਾ ਕਾਲਾਮਾ ਤੇ ਉਦਾਕਾ ਰਾਮਪੁੱਤਾ ਪਾਸ ਪਹੁੰਚ ਗਏ। ਉਥੋਂ ਉਨ੍ਹਾਂ ਨੇ ਯੋਗ ਸਾਧਨਾ ਤੇ ਸਮਾਧੀ ਲਾਉਣੀ ਸਿੱਖੀ, ਪਰ ਤਸੱਲੀ ਨਾ ਹੋਈ। ਫਿਰ ਉਹ ਉਰਵੇਲਾ ਪਹੁੰਚੇ ਤੇ ਤਰ੍ਹਾਂ-ਤਰ੍ਹਾਂ ਦੀ ਤਪੱਸਿਆ ਕਰਨ ਲੱਗੇ। ਪਹਿਲਾਂ ਉਨ੍ਹਾਂ ਸਿਰਫ ਤਿਲ-ਚੌਲ ਖਾ ਕੇ ਤਪੱਸਿਆ ਸ਼ੁਰੂ ਕੀਤੀ, ਬਾਅਦ ਵਿਚ ਭੋਜਨ ਵੀ ਤਿਆਗ ਦਿੱਤਾ। ਸਰੀਰ ਸੁੱਕ ਕੇ ਤੀਲੇ ਵਾਂਗ ਹੋ ਗਿਆ। ਛੇ ਸਾਲ ਤਪੱਸਿਆ ਕਰਦਿਆਂ ਬੀਤ ਗਏ।

**ਮੱਧ ਮਾਰਗ:** ਇਕ ਦਿਨ ਕੁਝ ਔਰਤਾਂ ਕਿਸੇ ਨਗਰ ਤੋਂ ਵਾਪਸ ਆਉਂਦੀਆਂ ਉਧਰੋਂ ਲੰਘੀਆਂ। ਔਰਤਾਂ ਦਾ ਗੀਤ ਉਨ੍ਹਾਂ ਦੇ ਕੰਨਾਂ ਵਿਚ ਪਿਆ, 'ਵੀਣਾ ਦੀਆਂ ਤਾਰਾਂ ਨੂੰ ਢਿੱਲਾ ਮੱਤ ਛੱਡੋ, ਢਿੱਲਾ ਛੱਡ ਦੇਣ ਨਾਲ ਸੁਰੀਲਾ ਸੁਰ ਨਹੀਂ ਨਿਕਲੇਗਾ, ਪਰ ਤਾਰਾਂ ਨੂੰ ਇਤਨਾ ਕੱਸੋ ਵੀ ਨਾ ਕਿ ਟੁੱਟ ਹੀ ਜਾਣ।' ਇਹ ਗੱਲ ਸਿਧਾਰਥ ਨੂੰ ਬੜੀ ਚੰਗੀ ਲੱਗੀ। ਉਹ ਮੰਨ ਗਿਆ ਕਿ ਨਿਯਮਿਤ ਭੋਜਨ ਲੈਣ ਨਾਲ ਹੀ ਯੋਗ ਸਾਧਨਾ ਸਹੀ ਸਿੱਧ ਹੁੰਦੀ ਹੈ। ਕਿਸੇ ਵੀ ਗੱਲ ਦੀ ਅਤਿ ਚੰਗੀ ਨਹੀਂ ਹੁੰਦੀ। ਕਿਸੇ ਵੀ ਪ੍ਰਾਪਤੀ ਲਈ ਮੱਧ ਮਾਰਗ ਹੀ ਠੀਕ ਹੁੰਦਾ ਹੈ।

ਵਿਸਾਖੀ ਪੂਰਨਿਮਾ ਵਾਲੇ ਦਿਨ ਸਿਧਾਰਥ ਵਟ ਦੇ ਦਰੱਖ਼ਤ ਥੱਲੇ ਧਿਆਨ ਸਮਾਧੀ ਵਿਚ ਬੈਠੇ ਸਨ। ਨੇੜਲੇ ਪਿੰਡ ਵਿਚ ਸੁਜਾਤਾ ਨਾਂ ਦੀ ਇਕ ਇਸਤਰੀ ਦੇ ਘਰ ਪੁੱਤਰ ਨੇ ਜਨਮ ਲਿਆ। ਉਸ ਨੇ ਆਪਣੇ ਪੁੱਤਰ ਲਈ ਵਟ ਦਰਖਤ ਦੀ ਮਨੌਤ ਮੰਨੀ ਹੋਈ ਸੀ। ਉਹ ਆਪਣੀ ਮਨੌਤ ਪੂਰੀ ਕਰਨ ਸੋਨੇ ਦੇ ਥਾਲ ਵਿਚ ਗਾਂ ਦੇ ਦੁੱਧ ਦੀ ਖੀਰ ਲੈ ਕੇ ਆਈ। ਸਿਧਾਰਥ ਉਥੇ ਬੈਠਾ ਧਿਆਨ ਕਰ ਰਿਹਾ ਸੀ। ਇਸਤਰੀ ਨੂੰ ਲੱਗਾ ਕਿ ਦਰੱਖ਼ਤ ਦੇਵਤਾ ਉਸ ਦੀ ਪੂਜਾ ਲੈਣ ਲਈ ਸਰੀਰ ਧਾਰ ਕੇ ਬੈਠਾ ਹੈ। ਸੁਜਾਤਾ ਨੇ ਬੜੇ ਆਦਰ ਸਤਿਕਾਰ ਨਾਲ ਸਿਧਾਰਥ ਨੂੰ ਖੀਰ ਭੇਟ ਕੀਤੀ ਤੇ ਕਿਹਾ, 'ਜਿਸ ਤਰ੍ਹਾਂ ਮੇਰੀ ਮਨੋਕਾਮਨਾ ਪੂਰੀ ਹੋਈ ਹੈ, ਉਸੇ ਤਰ੍ਹਾਂ ਤੁਹਾਡੀ ਵੀ ਮਨੋਕਾਮਨਾ ਪੂਰੀ ਹੋਵੇ।' ਉਸ ਰਾਤ ਧਿਆਨ ਲਗਾਉਣ ਨਾਲ ਸਿਧਾਰਥ ਦੀ ਸਾਧਨਾ ਸਫ਼ਲ ਹੋਈ। ਉਸ ਨੂੰ ਸੱਚਾ ਬੋਧ ਪ੍ਰਾਪਤ ਹੋਇਆ। ਉਸੇ ਦਿਨ ਤੋਂ ਹੀ ਸਿਧਾਰਥ, ਬੁੱਧ ਬਣ ਗਏ। ਜਿਹੜੇ ਪਿੱਪਲ ਦੇ ਦਰਖਤ ਥੱਲੇ ਸਿਧਾਰਥ ਨੂੰ ਬੋਧ ਗਿਆਨ ਪ੍ਰਾਪਤ ਹੋਇਆ, ਉਸੇ ਦਿਨ ਤੋਂ ਉਸ ਦਰੱਖ਼ਤ ਨੂੰ ਬੁੱਧ ਦਾ ਦਰੱਖਤ ਕਿਹਾ ਜਾਣ ਲੱਗਾ। ਗਯਾ ਦੇ ਨੇੜੇ ਉਹ ਜਗ੍ਹਾ ਹੁਣ ਬੋਧ ਗਯਾ ਹੈ।

ਸਿਧਾਰਥ 80 ਸਾਲ ਦੀ ਉਮਰ ਤੱਕ ਆਪਣੇ ਧਰਮ ਦਾ ਪ੍ਰਚਾਰ ਸੰਸਕ੍ਰਿਤ ਭਾਸ਼ਾ ਦੀ ਥਾਂ, ਉਸ ਸਮੇਂ ਦੀ ਬੜੀ ਸਰਲ ਲੋਕ ਭਾਸ਼ਾ 'ਪਾਲੀ' ਵਿਚ ਕਰਦੇ ਰਹੇ। ਉਨ੍ਹਾਂ ਦੇ ਸਰਲ ਤੇ ਸਪਸ਼ਟ ਧਰਮ ਦੀ ਪ੍ਰਸਿੱਧੀ ਬੜੀ ਤੇਜ਼ੀ ਨਾਲ ਫੈਲਣ ਲੱਗੀ। ਤਕਰੀਬਨ ਚਾਰ ਹਫ਼ਤੇ ਬੋਧ ਦਰੱਖ਼ਤ ਥੱਲੇ ਰਹਿਣ ਤੇ ਆਪਣੇ ਧਰਮ ਦੇ ਸਰੂਪ ਦਾ ਚਿੰਤਨ ਕਰਨ ਪਿੱਛੋਂ ਉਹ ਬੁੱਧ ਧਰਮ ਦੇ ਪ੍ਰਚਾਰ ਲਈ ਨਿਕਲ ਪਏ। ਅੱਠਵੇਂ ਦਿਨ ਹੀ ਪੂਰਨਿਮਾ ਨੂੰ ਉਹ ਕਾਸ਼ੀ ਕੋਲ ਮ੍ਰਿਗਦਾਵ (ਹੁਣ ਸਾਰਨਾਥ) ਪਹੁੰਚ ਗਏ। ਉਥੋਂ ਹੀ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਧਰਮ ਦਾ ਉਪਦੇਸ਼ ਦਿੱਤਾ ਤੇ ਆਪਣੇ ਪਹਿਲੇ ਪੰਜ ਮਿੱਤਰਾਂ ਨੂੰ ਆਪਣੇ ਚੇਲੇ/ਭਿਖਸ਼ੂ ਬਣਾਇਆ। ਫਿਰ ਉਨ੍ਹਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਭੇਜ ਦਿੱਤਾ।



*ਬੋਧ ਗਯਾ ਵਿਚ ਸਥਿਤ ਬੋਧੀ ਮੰਦਰ ਦੀ ਝਲਕ*

'ਪਾਲ ਸਿਧਾਂਤ' ਦੇ ਮਹਾਂ ਪਰ-ਨਿਰਵਾਣ ਸੂਤਰ ਅਨੁਸਾਰ 70 ਸਾਲ ਦੀ ਉਮਰ ਵਿਚ ਬੁੱਧ ਨੇ ਐਲਾਨ ਕੀਤਾ ਕਿ ਉਹ ਛੇਤੀ ਹੀ ਪਰ-ਨਿਰਵਾਣ ਲਈ ਰਵਾਨਾ ਹੋਣਗੇ। ਬੁੱਧ ਆਖਰੀ ਭੋਜਨ ਜਿਸ ਨੂੰ ਉਨ੍ਹਾਂ ਨੇ ਕੁੰਡਾ ਨਾਮਕ ਲੁਹਾਰ ਤੋਂ ਭੇਟ ਦੇ ਰੂਪ ਵਿਚ ਪ੍ਰਾਪਤ ਕੀਤਾ ਸੀ, ਖਾਣ ਨਾਲ ਗੰਭੀਰ ਬਿਮਾਰ ਹੋ ਗਏ। ਉਨ੍ਹਾਂ ਆਪਣੇ ਮੁੱਖ ਚੇਲੇ ਆਨੰਦ ਨੂੰ ਕਿਹਾ ਕਿ ਕੁੰਡਾ ਨੂੰ ਸਮਝਾਉਣ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ। ਉਸ ਦੇ ਭੋਜਨ ਵਿਚ ਕੋਈ ਨੁਕਸ ਨਹੀਂ ਸੀ, ਸਗੋਂ ਬਹੁਤ ਵਧੀਆ ਸੀ।

**ਉਪਦੇਸ਼:** ਮਹਾਤਮਾ ਬੁੱਧ ਨੇ ਲੋਕਾਂ ਨੂੰ ਮੱਧ ਮਾਰਗ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੁੱਖ, ਇਨ੍ਹਾਂ ਦੇ ਕਾਰਨ ਅਤੇ ਨਿਰਵਾਣ ਲਈ ਅਸ਼ਟਾਂਗ ਮਾਰਗ ਸਮਝਾਇਆ। ਉਨ੍ਹਾਂ ਅਹਿੰਸਾ 'ਤੇ ਬਹੁਤ ਜ਼ੋਰ ਦਿੱਤਾ ਤੇ ਯੱਗ ਤੇ ਪਸ਼ੂ ਬਲੀ ਦੀ ਨਿੰਦਿਆ ਕੀਤੀ। ਬੁੱਧ ਦੇ ਉਪਦੇਸ਼ਾਂ ਦਾ ਸਾਰ ਇਸ ਤਰ੍ਹਾਂ ਹੈ:

**ਧਰਮ ਕੀ ਹੈ:** ਜੀਵਨ ਦੀ ਪਵਿੱਤਰਤਾ ਬਣਾਈ ਰੱਖਣਾ, ਜੀਵਨ ਵਿਚ ਪੂਰਨਤਾ ਤੇ ਨਿਰਵਾਣ ਪ੍ਰਾਪਤ ਕਰਨਾ, ਤ੍ਰਿਸ਼ਨਾ ਦਾ ਤਿਆਗ ਕਰਨਾ। ਕਰਮ ਨੂੰ ਮਾਨਵ ਦੇ ਨੈਤਿਕ ਸਥਾਨ ਦਾ ਆਧਾਰ ਮੰਨਣਾ।

**ਅਧਰਮ ਕੀ ਹੈ:** ਰੱਬ ਵਿਚ ਵਿਸ਼ਵਾਸ ਕਰਨਾ ਅਧਰਮ ਹੈ। ਆਤਮਾ ਵਿਚ ਵਿਸ਼ਵਾਸ ਕਰਨਾ, ਕਲਪਨਾ ਆਧਾਰਿਤ ਵਿਸ਼ਵਾਸ ਕਰਨਾ ਤੇ ਧਰਮ ਦੀਆਂ ਪੁਸਤਕਾਂ ਦਾ ਪਾਠ ਕਰਨਾ ਵੀ ਅਧਰਮ ਹਨ।

**ਸ਼ੁੱਧ ਧਰਮ ਕੀ ਹੈ:** ਜਿਹੜਾ ਧਰਮ ਪੱਕੇ ਇਰਾਦੇ ਵਿਚ ਵਾਧਾ ਕਰੇ, ਸਭ ਲਈ ਗਿਆਨ ਦੇ ਦੁਆਰ ਖੋਲ੍ਹੇ, ਇਹ ਦੱਸੇ ਕਿ ਕੇਵਲ ਵਿਦਵਾਨ ਹੋਣਾ ਹੀ ਕਾਫ਼ੀ ਨਹੀਂ ਹੈ, ਮਿੱਤਰਤਾ ਵਿਚ ਵਾਧਾ ਕਰੇ, ਸ਼ਾਲੀਨਤਾ ਵਿਚ ਵਾਧਾ ਕਰੇ ਅਤੇ ਪੱਕੇ ਇਰਾਦੇ ਦੇ ਨਾਲ-ਨਾਲ ਕਰੁਣਾ ਦਾ ਹੋਣਾ ਨਾ ਦੱਸੇ, ਇਹ ਦੱਸੇ ਕਿ ਕਰੁਣਾ ਨਾਲ ਵੀ ਅਧਿਕ ਮਿੱਤਰਤਾ ਦੀ ਜ਼ਰੂਰਤ ਹੈ, ਜਦੋਂ ਉਹ ਸਾਰੇ ਪ੍ਰਕਾਰ ਦੇ ਸਮਾਜਕ ਭੇਦ-ਭਾਵ ਮਿਟਾ ਦੇਵੇ, ਜਦੋਂ ਉਹ ਆਦਮੀ ਤੇ ਆਦਮੀ ਵਿਚ ਸਾਰੀਆਂ ਦੀਵਾਰਾਂ ਗਿਰਾ ਦੇਵੇ, ਜਦੋਂ ਉਹ ਇਹ ਕਹੇ ਕਿ ਆਦਮੀ ਦਾ ਮੁਲੰਕਣ ਜਨਮ ਤੋਂ ਨਹੀਂ, ਕਰਮ ਨਾਲ ਕੀਤਾ ਜਾਵੇ ਤੇ ਜਦੋਂ ਉਹ ਮਨੁੱਖ-ਮਨੁੱਖ ਵਿਚ ਸਮਾਨਤਾ ਦੇ ਭਾਵ ਵਿਚ ਵਾਧਾ ਕਰੇ।

ਬੁੱਧ ਧਰਮ ਦੀਆਂ ਸਿੱਖਿਆਵਾਂ ਨੂੰ 'ਬੁੱਧਵਾਦ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਦੁਨੀਆਂ ਦੁੱਖਾਂ ਦਾ ਘਰ ਹੈ। ਇਹ ਉਹ ਦੁੱਖ ਹਨ ਜੋ ਇਨਸਾਨ ਆਪਣੇ ਅੰਦਰੋਂ ਮਹਿਸੂਸ ਕਰਦਾ ਹੈ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਆਪਣੀਆਂ ਖ਼ਾਹਿਸ਼ਾਂ ਉਤੇ ਕਾਬੂ ਪਾ ਕੇ ਰੱਖਣਾ ਚਾਹੀਦਾ ਹੈ। ਇਨ੍ਹਾਂ ਖ਼ਾਹਿਸ਼ਾਂ 'ਤੇ ਕਾਬੂ ਪਾਉਣ ਲਈ ਮਨੁੱਖ ਨੂੰ ਚੰਗਿਆਈਆਂ ਨੂੰ ਅਪਨਾਉਣਾ ਚਾਹੀਦਾ ਹੈ ਤੇ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਨਾਲ ਸਾਡੇ ਅੰਦਰਲੇ ਤੇ ਬਾਹਰਲੇ ਸਾਰੇ ਦੁੱਖ ਖਤਮ ਹੋ ਜਾਣਗੇ ਅਤੇ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ। ਸਾਨੂੰ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਤੇ ਆਪਣੇ ਅੰਦਰ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ।

ਬੁੱਧ ਧਰਮ 'ਰੱਬ ਦੀ ਹੋਂਦ ਹੈ ਜਾਂ ਨਹੀਂ", ਇਸ ਵਿਚ ਵਿਸ਼ਵਾਸ ਨਹੀਂ ਕਰਦਾ। ਉਹ ਆਪਣੇ ਉਪਾਸ਼ਕਾਂ ਨੂੰ ਇਹੀ ਸਿੱਖਿਆ ਦਿੰਦੇ ਹਨ ਕਿ ਰੱਬ ਵੱਲ ਮੱਤ ਦੇਖੋ, ਇਸ ਨੂੰ ਦੇਖਣ ਜਾਂ ਅਪਨਾਉਣ ਵਿਚ ਆਪਣਾ ਸਮਾਂ ਬਰਬਾਦ ਮੱਤ ਕਰੋ। ਇਸ ਵੱਲ ਦੇਖਣ ਨਾਲ ਤੁਸੀਂ ਗਿਆਨਵਾਨ ਨਹੀਂ ਹੋ ਸਕਦੇ ਤੇ ਤੁਹਾਡੇ ਅੰਦਰ ਚਾਨਣ ਨਹੀਂ ਹੋ ਸਕਦਾ। ਰੱਬ ਸਾਰੇ ਸੰਸਾਰ ਉਤੇ ਕਾਬੂ ਰੱਖਦਾ ਹੈ ਤੇ ਸਭ ਜੀਵਾਂ ਦੀ ਮਦਦ ਕਰਦਾ ਹੈ, ਇਸ ਗੱਲ ਵੱਲ ਧਿਆਨ ਦੇਣ ਅਤੇ ਵਿਸ਼ਵਾਸ ਕਰਨ ਦੀ ਲੋੜ ਨਹੀਂ ਹੈ। ਮਨੁੱਖ ਆਪਣੇ ਕਸ਼ਟਾਂ ਤੋਂ ਛੁਟਕਾਰਾ ਤਾਂ ਹੀ ਪਾ ਸਕਦਾ ਹੈ, ਜੇ ਉਹ ਅੰਤਰ ਧਿਆਨ ਹੋ ਕੇ ਗਿਆਨਵਾਨ ਹੋਵੇ।

ਬੁੱਧ ਧਰਮ ਇਹ ਵੀ ਕਹਿੰਦਾ ਹੈ ਕਿ ਜੋ ਚੀਜ਼ ਸਾਨੂੰ ਸਥਾਈ ਨਜ਼ਰ ਆਉਂਦੀ ਹੈ, ਉਹ ਵੀ ਨਾਸ਼ਵਾਨ ਹੈ। ਜੋ ਪੁਰਸ਼ ਸਾਨੂੰ ਮਹਾਨ ਨਜ਼ਰ ਆਉਂਦਾ ਹੈ, ਉਸ ਦਾ ਵੀ ਪਤਨ ਹੁੰਦਾ ਹੈ। ਜਿਥੇ ਸੰਜੋਗ ਹੈ, ਉਥੇ ਵਿਨਾਸ਼ ਵੀ ਹੈ। ਇਸ ਸੰਸਾਰ ਵਿਚ ਜਿਥੇ ਜਨਮ ਹੈ, ਉਥੇ ਮਰਨ ਵੀ ਹੈ। ਅਜਿਹੇ ਯਥਾਰਥ ਨੂੰ ਜਾਨਣ ਲਈ ਅਤੇ ਆਪਣੇ ਕਸ਼ਟਾਂ ਦੇ ਨਿਵਾਰਨ ਲਈ ਮਹਾਤਮਾ ਬੁੱਧ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ ਜੋ ਅੱਜ ਸੰਸਾਰ ਦੇ ਮੁੱਖ ਧਰਮਾਂ ਵਿਚੋਂ ਇਕ ਹੈ।

ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਵਰਣਨ, ਉਨ੍ਹਾਂ ਦੀਆਂ ਮੁੱਖ ਤਿੰਨ ਰਚਨਾਵਾਂ ਵਿਚ ਹੈ ਜਿਨ੍ਹਾਂ ਨੂੰ 'ਪਿਟਕ' ਭਾਵ ਗ੍ਰੰਥ ਕਿਹਾ ਜਾਂਦਾ ਹੈ। ਇਨ੍ਹਾਂ ਦੇ ਨਾਮ ਹਨ- ਵਿਨੇ ਪਿਟਕ, ਸੁੱਤ ਪਿਟਕ ਤੇ ਅਭਿਧੰਮ ਪਿਟਕ। ਇਹ ਪਾਲੀ ਭਾਸ਼ਾ ਵਿਚ ਹਨ।

ਬੁੱਧ ਧਰਮ ਸਭ ਜਾਤੀਆਂ ਤੇ ਪੰਥਾਂ ਲਈ ਖੁੱਲ੍ਹਾ ਹੈ। ਇਸ ਵਿਚ ਹਰ ਆਦਮੀ ਦਾ ਸਵਾਗਤ ਹੈ। ਬ੍ਰਾਹਮਣ ਹੋਵੇ ਜਾਂ ਚੰਡਾਲ, ਪਾਪੀ ਹੋਵੇ ਜਾਂ ਕੋਈ ਪੂਜਨੀਕ ਆਤਮਾ, ਗ੍ਰਹਿਸਥੀ ਹੋਵੇ ਜਾਂ ਬ੍ਰਹਮਚਾਰੀ, ਸਭ ਲਈ ਦਰਵਾਜ਼ਾ ਖੁੱਲ੍ਹਾ ਹੈ। ਇਸ ਧਰਮ ਵਿਚ ਜਾਤ-ਪਾਤ, ਊਚ-ਨੀਚ ਦਾ ਕੋਈ ਭੇਦ-ਭਾਵ ਨਹੀਂ ਹੈ। ਸਭ ਦਾ ਸਮਾਜਕ ਰੁਤਬਾ ਬਰਾਬਰ ਹੈ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਬੁੱਧ ਧਰਮ ਵਿਚ ਭਿਖਸ਼ੂਆਂ ਦੀ ਗਿਣਤੀ ਵਧਣ ਲੱਗੀ। ਵੱਡੇ-ਵੱਡੇ ਰਾਜੇ ਮਹਾਰਾਜੇ ਵੀ ਚੇਲੇ ਬਣਨ ਲੱਗ ਪਏ। ਸੁਧੋਦਨ ਤੇ ਰਾਹੁਲ ਨੇ ਵੀ ਬੁੱਧ ਧਰਮ ਦੀ ਦੀਕਸ਼ਾ ਲਈ। ਬਾਅਦ ਵਿਚ ਲੋਕਾਂ ਦੇ ਕਹਿਣ 'ਤੇ ਬੁੱਧ ਨੇ ਇਸਤਰੀਆਂ ਨੂੰ ਵੀ ਸੰਘ ਵਿਚ ਲੈਣ ਦੀ ਮਨਜ਼ੂਰੀ ਦੇ ਦਿੱਤੀ। ਉਨ੍ਹਾਂ ਲੋਕ ਕਲਿਆਣ ਲਈ ਆਪਣੇ ਧਰਮ ਦਾ ਦੇਸ-ਵਿਦੇਸ਼ ਵਿਚ ਪ੍ਰਚਾਰ ਕਰਨ ਲਈ ਭਿਖਸ਼ੂ ਭੇਜੇ। ਅਸ਼ੋਕ ਸਮਰਾਟ ਵਰਗਿਆਂ ਨੇ ਵੀ ਬੁੱਧ ਧਰਮ ਦਾ ਵਿਦੇਸ਼ਾਂ ਵਿਚ ਪ੍ਰਚਾਰ ਕਰਨ ਲਈ ਅਹਿਮ ਭੂਮਿਕਾ ਨਿਭਾਈ। ਮੋਰੀਆ ਕਾਲ ਤੱਕ ਆਉਂਦਿਆਂ ਬੁੱਧ ਧਰਮ ਭਾਰਤ ਵਿਚੋਂ ਨਿਕਲ ਕੇ ਚੀਨ, ਜਾਪਾਨ, ਕੋਰੀਆ, ਮੰਗੋਲੀਆ, ਬਰਮਾ (ਹੁਣ ਮਿਆਂਮਾਰ), ਥਾਈਲੈਂਡ, ਸ੍ਰੀਲੰਕਾ ਆਦਿ ਵਿਚ ਫੈਲ ਚੁਕਾ ਸੀ।

ਹਿੰਦੂ ਧਰਮ ਬਨਾਮ ਬੁੱਧਵਾਦ: ਅਰੰਭ ਵਿਚ ਬੁੱਧ ਅਤੇ ਉਨ੍ਹਾਂ ਦੇ ਧਰਮ ਨੂੰ ਹਿੰਦੂ ਧਰਮ ਨੇ ਸਵੀਕਾਰ ਨਹੀਂ ਕੀਤਾ, ਪਰ ਬਾਅਦ ਵਿਚ ਹਿੰਦੂ ਧਰਮ ਨੇ ਬੁੱਧ ਨੂੰ ਵਿਸ਼ਨੂੰ ਦੇ ਅਵਤਾਰਾਂ ਵਿਚ ਸ਼ਾਮਲ ਕਰ ਲਿਆ। ਕੁਝ ਪੁਰਾਣਾਂ ਵਿਚ ਕਿਹਾ ਗਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਬੁੱਧ ਅਵਤਾਰ ਨੂੰ ਇਸ ਲਈ ਲਿਆ ਸੀ ਤਾਂ ਕਿ ਉਹ 'ਝੂਠੇ ਉਪਦੇਸ਼' ਫੈਲਾ ਕੇ ਅਸੁਰਾਂ ਨੂੰ ਸੱਚੇ ਵੈਦਿਕ ਧਰਮ ਤੋਂ ਦੂਰ ਰੱਖ ਸਕੇ ਅਤੇ ਸੁਰ (ਦੇਵਤੇ) ਉਨ੍ਹਾਂ ਉਤੇ ਜਿੱਤ ਪ੍ਰਾਪਤ ਕਰ ਸਕਣ; ਮਤਲਬ ਬੁੱਧ ਤਾਂ ਦੇਵਤਾ ਹੈ, ਪਰ ਉਨ੍ਹਾਂ ਦੇ ਉਪਦੇਸ਼ ਝੂਠੇ ਹਨ। ਇਹ ਬੁੱਧ ਦੇ ਵਿਸ਼ਵਾਸ ਤੋਂ ਐਨ ਉਲਟਾ ਹੈ। ਬੋਧੀ ਲੋਕ ਗੌਤਮ ਬੁੱਧ ਨੂੰ ਅਵਤਾਰ ਜਾਂ ਦੇਵਤਾ ਨਹੀਂ ਮੰਨਦੇ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਸੱਚ ਤੇ ਸਾਰਥਕ ਮੰਨਦੇ ਹਨ। ਕੁਝ ਹਿੰਦੂ ਲੇਖਕਾਂ ਤੇ ਵਿਦਵਾਨਾਂ ਨੇ ਮਗਰੋਂ ਇਸ ਬਾਰੇ ਕੁਝ-ਕੁਝ ਸਪਸ਼ਟ ਕੀਤਾ; ਜਿਵੇਂ ਜੈਦੇਵ ਨੇ ਕਿਹਾ ਕਿ ਬੁੱਧ ਵਿਸ਼ਨੂੰ ਦੇ ਅਵਤਾਰ ਤਾਂ ਹਨ, ਲੇਕਿਨ ਵਿਸ਼ਨੂੰ ਨੇ ਇਹ ਅਵਤਾਰ ਝੂਠ ਦਾ ਪ੍ਰਚਾਰ ਕਰਨ ਲਈ ਨਹੀਂ, ਬਲਕਿ ਕਰਮ-ਕਾਂਡਾਂ ਤੇ ਵੈਦਿਕ ਪਸ਼ੂ-ਬਲੀ ਰੋਕਣ ਲਈ ਧਾਰਿਆ।

ਇਉਂ ਵੱਖ-ਵੱਖ ਵਿਦਵਾਨਾਂ ਦੇ ਆਪੋ-ਆਪਣੇ ਮੱਤ ਰਹੇ ਹਨ, ਪਰ ਤੱਥਾਂ ਦੀ ਸੱਚਾਈ ਦਾ ਗਿਆਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਗੌਤਮ ਬੁੱਧ ਮਹਾਨ ਪੱਥ ਪ੍ਰਦਰਸ਼ਕ ਸਨ ਅਤੇ ਉਹ ਮਾਨਵ ਕਲਿਆਣ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੇ ਰਹੇ ਹਨ। ਇਸੇ ਕਰ ਕੇ ਉਨ੍ਹਾਂ ਆਪਣੇ ਚੇਲਿਆਂ ਨੂੰ ਇਹੀ ਕਿਹਾ ਕਿ ਉਹ ਆਪਣੇ ਦੀਪਕ, ਖੁਦ ਬਣਨ।

**ਇਸਲਾਮ:** ਮਿਰਜ਼ਾ ਤਾਹਿਰ ਅਹਿਮਦ ਨੇ ਆਪਣੀ ਕਿਤਾਬ 'ਐਨ ਐਲੀਮੈਂਟਰੀ ਸਟੱਡੀ ਆਫ ਇਸਲਾਮ' ਵਿਚ ਕਿਹਾ ਹੈ ਕਿ ਕੁਰਾਨ ਦੀ ਧੂਲ ਦਾ ਫਲ ਨਾਮਕ ਹਸਤੀ ਬੁੱਧ ਹੋ ਸਕਦਾ ਹੈ। ਅਹਿਮਦੀਆ ਜਮਾਤ ਨੇ ਬੁੱਧ ਨੂੰ ਨਬੀ ਦਾ ਰੂਪ ਮੰਨਿਆ ਹੈ।

ਅੱਜ ਦੇ ਵਿਗਿਆਨਕ ਯੁੱਗ ਵਿਚ ਬੁੱਧ ਧਰਮ ਦੀ ਸਾਰਥਕਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਵਿਚ ਊਚ-ਨੀਚ, ਜਾਤ-ਪਾਤ ਨਹੀਂ ਹੈ। ਇਹ ਤਾਂ ਸਗੋਂ ਜਾਤ-ਪਾਤ ਰਹਿਤ ਸਮਾਜ ਹੈ। ਇਸ ਵਿਚ ਸਮਾਜਕ ਬਰਾਬਰੀ ਦਾ ਰੁਤਬਾ, ਹਰ ਇਨਸਾਨ ਲਈ ਹੈ। ਇਹ ਮਾਨਵਵਾਦ ਦੀ ਗੱਲ ਕਰਦਾ ਹੈ ਤੇ ਆਪੇ ਬਣੇ ਰੱਬ ਅਖਵਾਉਣ ਵਾਲੇ ਬੰਦਿਆਂ ਦਾ ਵਿਰੋਧ ਕਰਦਾ ਹੈ। ਇਸ ਵਿਚ ਕਿਸੇ ਵੀ ਮਾਨਵ ਨੂੰ ਕਿਸ ਜਾਤੀ ਸੂਚਕ ਸ਼ਬਦ ਨਾਲ ਨਹੀਂ ਪੁਕਾਰਿਆ ਜਾਂਦਾ ਸਗੋਂ ਹਰ ਇਨਸਾਨ ਬੋਧੀ ਅਖਵਾਉਂਦਾ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਇਸ ਧਰਮ ਦੀਆਂ ਚੰਗਿਆਈਆਂ ਦੇਖ ਕੇ ਹੀ ਇਸ ਨੂੰ ਅਪਨਾਇਆ। ਜਿਨ੍ਹਾਂ ਧਰਮਾਂ ਵਿਚ ਮਾਨਵ ਲਈ ਸਮਾਜਕ ਬਰਾਬਰੀ ਦਾ ਰੁਤਬਾ ਨਹੀਂ ਅਤੇ ਊਚ-ਨੀਚ ਤੇ ਜਾਤ-ਪਾਤ ਦਾ ਬੋਲਬਾਲਾ ਹੈ, ਉਨ੍ਹਾਂ ਧਰਮਾਂ ਦੇ ਉਪਾਸ਼ਕਾਂ ਦੀ ਗਿਣਤੀ ਘਟ ਰਹੀ ਹੈ। ਇਸ ਲਈ ਹੁਣ ਬੁੱਧ ਧਰਮ ਤੋਂ ਸੇਧ ਲੈ ਕੇ, ਮਾਨਵਵਾਦ ਦਾ ਸਿਧਾਂਤ ਅਪਨਾਉਣ ਦੀ ਲੋੜ ਹੈ।



*ਬੋਧ ਗਯਾ ਦਾ ਉਹ ਦਰੱਖਤ ਜਿਸ ਹੇਠਾਂ ਗੌਤਮ, ਬੋਧੀ ਬਣੇ*

# ਸਾਡਾ ਉਮਰਾਈ ਚੋਰ ਨਹੀਂ ਹੋ ਸਕਦਾ!

ਸਤਿਯੁਗੀ ਬੰਦੇ-4



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

*ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। -ਸੰਪਾਦਕ*

ਉਮਰਾਓ ਸਿੰਘ ਮੇਰੇ ਬਾਪੂ ਜੀ ਦਾ ਮਾਸੜ ਭਾਵ ਮੇਰੇ ਦਾਦੇ ਦਾ ਸਾਂਢੂ ਸੀ। ਪਿੰਡ ਉਹਦਾ ਸਾਡੇ ਬਠਿੰਡਾ ਜ਼ਿਲੇ ਵਿਚ ਹੀ ਗੁਮਟੀ ਕਲਾਂ ਸੀ। ਉਦੋਂ ਸਾਡੇ ਪਿੰਡਾਂ ਵਿਚ ਪੂਰਾ ਨਾਂ ਲੈਣ ਦਾ ਰਿਵਾਜ ਘੱਟ ਹੀ ਸੀ। ਲੋਕ ਉਹਦਾ ਨਾਂ ਉਮਰਾਈ ਲੈਂਦੇ ਜੋ ਉਹਦੇ ਵੱਡੀ ਉਮਰ ਨੂੰ ਪਹੁੰਚਣ ਨਾਲ ਹੌਲੀ ਹੌਲੀ 'ਉਮਰਾਈ ਬੁੜ੍ਹਾ' ਹੋ ਗਿਆ। ਮੈਨੂੰ ਉਹਦੇ ਦਰਸ਼ਨ ਕਰਨ ਦਾ ਸੁਭਾਗ ਨਾ ਮਿਲਿਆ ਕਿਉਂਕਿ ਉਹ ਮੇਰੀ ਸੁਰਤ ਤੋਂ ਪਹਿਲਾਂ ਹੀ ਚਲਾਣਾ ਕਰ ਗਿਆ ਸੀ। ਸਾਡੀ ਅੰਬੋ, ਮੇਰੇ ਬਾਪੂ ਜੀ ਦੀ ਮਾਸੀ ਕਿਸ਼ਨੋ ਨੇ ਬਹੁਤ ਲੰਮੀ ਉਮਰ ਭੋਗੀ। ਉਹਦਾ ਸਵਰਗਵਾਸ ਤਾਂ ਮੇਰੀ ਜਵਾਨੀ ਵੇਲੇ, ਮੇਰੇ ਵਿਆਹ ਤੋਂ ਮਗਰੋਂ 1967 ਵਿਚ ਜਾ ਕੇ ਹੋਇਆ। ਅੰਬੋ ਸਾਨੂੰ ਬਾਬੇ ਉਮਰਾਈ ਦੀਆਂ ਗੱਲਾਂ ਸੁਣਾਉਂਦੀ ਜਾਂ ਫੇਰ ਉਹਦੀਆਂ ਗੱਲਾਂ ਮੇਰੇ ਬਾਪੂ ਜੀ ਸੁਣਾਉਂਦੇ ਕਿਉਂਕਿ ਉਨ੍ਹਾਂ ਦੇ ਬਚਪਨ ਦੇ ਕਈ ਸਾਲ ਗੁਮਟੀ ਬੀਤੇ ਸਨ। ਉਹ ਦੋ ਸਾਲ ਦੇ ਵੀ ਨਹੀਂ ਸਨ ਹੋਏ ਕਿ ਮੇਰੇ ਚਾਚਾ ਜੀ ਦਾ ਜਨਮ ਹੋ ਗਿਆ। ਅੰਬੋ ਕਿਸ਼ਨੋ ਆਪਣੀ ਭੈਣ ਨੂੰ ਕਹਿਣ ਲੱਗੀ, ਇਕੱਠੇ ਦੋ ਕਿਵੇਂ ਪਾਲੇਂਗੀ, ਵੱਡੇ ਨੂੰ ਮੈਂ ਲੈ ਜਾਨੀ ਆਂ। ਜਦੋਂ ਉਹ ਥੋੜ੍ਹਾ ਜਿਹਾ ਸੰਭਲਿਆ, ਬਾਬਾ ਉਮਰਾਈ ਉਹਨੂੰ ਆਪਣੇ ਨਾਲ ਖੇਤ ਲੈ ਜਾਂਦਾ। ਇਉਂ ਉਹਨੇ ਬਾਬੇ ਨੂੰ ਬਹੁਤ ਨੇੜਿਉਂ ਦੇਖਿਆ ਹੋਇਆ ਸੀ ਅਤੇ ਉਹਦੇ ਮਨ ਉਤੇ ਕੱਚੀ ਉਮਰ ਵਿਚ ਲੱਗੀ ਹੋਈ ਬਾਬੇ ਦੀ ਸ਼ਖ਼ਸੀਅਤ ਦੀ ਛਾਪ ਬੜੀ ਡੂੰਘੀ ਸੀ।

ਬਾਬਾ ਉਮਰਾਈ ਬੜਾ ਜ਼ੋਰਾਵਰ-ਜਰਵਾਣਾ ਬੰਦਾ ਸੀ, ਮਹਾਂ-ਮਾਨਵ! ਉਚਾ-ਲੰਮਾ ਕੱਦ, ਨਰੋਈ-ਨਿੰਗਰ ਦੇਹ ਅਤੇ ਭਾਰੀ-ਗੋਰੀ ਕਾਇਆ ਅਤੇ ਠਰ੍ਹੰਮੇ ਵਾਲਾ ਸ਼ਾਂਤ-ਸਹਿਜ ਸੁਭਾਅ। ਪਾਣੀ ਦੀ ਥਾਂ ਉਹ ਲੱਸੀ ਤੇ ਦੁੱਧ ਦੀ ਥਾਂ ਘਿਓ ਪੀਂਦਾ। ਜੁੱਤਿਆਂ ਬਾਰੇ ਉਨ੍ਹਾਂ ਪੀੜ੍ਹੀਆਂ ਦੇ ਕਿਸਾਨਾਂ ਦਾ ਮੱਤ ਸੀ ਕਿ ਉਹ ਕੰਮ ਕਰਦਿਆਂ ਪਾਏ ਟੁੱਟ ਜਾਂਦੇ ਹਨ। ਇਸ ਕਰਕੇ ਜੁੱਤੇ ਅਜਿਹੇ ਕੰਮ ਵਿਚ ਹੀ ਪਾਏ ਜਾਂਦੇ, ਉਹ ਵੀ ਪੁਰਾਣੇ ਘੌਂਸੜੇ, ਜਿਨ੍ਹਾਂ ਵਿਚ ਉਹ ਕੰਡਿਆਂ ਵਗੈਰਾ ਕਰਕੇ ਪਾਉਣੇ ਜ਼ਰੂਰੀ ਹੋ ਜਾਂਦੇ। ਜਾਂ ਫੇਰ ਉਹ ਬਹੁਤੀ ਗਰਮੀ ਜਾਂ ਸਰਦੀ ਵਿਚ ਮਚਦੇ ਜਾਂ ਠਰਦੇ ਪੈਰਾਂ ਕਰਕੇ ਪਾਏ ਜਾਂਦੇ ਸਨ। ਨਵੇਂ ਜੁੱਤੇ ਬਹੁਤੇ ਲੋਕ ਕਿਸੇ ਵਿਆਹ-ਸਾਹੇ ਜਾਂ ਹੋਰ ਆਉਣ-ਜਾਣ ਵੇਲੇ ਹੀ ਬਣਵਾਉਂਦੇ। ਜੇ ਬਾਬੇ ਨਾਲ ਖੇਤ ਗਏ ਮੇਰੇ ਬਾਪੂ ਜੀ ਦੇ ਨੰਗੇ ਪੈਰ ਵਿਚ ਕੰਡਾ ਚੁਭ ਜਾਂਦਾ, ਕੁਦਰਤੀ ਸੀ ਕਿ ਉਹ ਚੀਕ ਮਾਰਦਾ ਤੇ ਕੰਡਾ ਲੱਭਣ-ਕੱਢਣ ਲਈ ਪੈਰ ਫੜ ਕੇ ਬੈਠ ਜਾਂਦਾ। ਬਾਬਾ ਉਹਦਾ ਸਿਰ ਪਲੋਸ ਕੇ ਪੁਚਕਾਰਦਾ, "ਪੁੱਤ, ਮਰਦ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਨਹੀਂ ਰੋਂਦੇ! ਨਾਲੇ ਕੰਡਾ ਕੱਢਣ ਦੀ ਲੋੜ ਨਹੀਂ ਹੁੰਦੀ। ਪੈਰ ਨੂੰ ਧਰਤੀ ਉਤੇ ਮਲ਼ ਦੇਈਏ। ਕੰਡਾ ਆਪੇ ਵਿਚੇ ਟੁੱਟ ਜਾਂਦਾ ਐ ਤੇ ਇਉਂ ਪੈਰ ਅਗਾਂਹ ਵਾਸਤੇ ਪੱਕੇ ਹੋ ਜਾਂਦੇ ਐ।"

ਇਥੇ ਬਾਬੇ ਦੇ ਆਪਣੇ ਪੈਰਾਂ ਦਾ ਇਕ ਕਿੱਸਾ ਵੀ ਸੁਣ ਲਵੋ। ਸਾਡੇ ਪਿੰਡ ਦੇ ਜੁੱਤੇ ਮਸ਼ਹੂਰ ਸਨ। ਇਕ ਵਾਰ ਬਾਬਾ ਉਮਰਾਈ ਆਇਆ ਤਾਂ ਮੇਰੇ ਦਾਦੇ ਨੂੰ ਕਹਿਣ ਲੱਗਿਆ, "ਭਾਈ ਜੀਤ ਸਿਆਂ, ਮੇਰੇ ਜੋੜਿਆਂ ਦਾ ਮੇਚ ਹੀ ਦੇ ਆਈਏ।" ਸਾਡੇ ਪਿੰਡ ਰਵਿਦਾਸੀਆਂ ਤੇ ਮਜ਼੍ਹਬੀਆਂ ਦੇ ਵਿਹੜੇ ਨਾਲੋ-ਨਾਲ ਹਨ ਜਿਨ੍ਹਾਂ ਦੇ ਮੂਹਰੇ ਦੋ ਬਹੁਤ ਵੱਡੇ ਵੱਡੇ ਪੁਰਾਣੇ ਫੈਲਵੇਂ ਬਿਰਛ, ਇਕ ਨਿੰਮ ਤੇ ਇਕ ਪਿੱਪਲ ਸਨ। ਜਿਵੇਂ ਬੀਤੇ ਦਾ ਹੋਰ ਬਹੁਤ ਕੁਝ ਨਸ਼ਟ ਹੋ ਰਿਹਾ ਹੈ, ਉਹ ਪਿੱਪਲ ਤੇ ਨਿੰਮ ਵੀ ਕੁਝ ਸਮਾਂ ਪਹਿਲਾਂ ਵੱਢ ਦਿੱਤੇ ਗਏ। ਘਰ ਭੀੜੇ ਹੋਣ ਕਰਕੇ ਬਹੁਤ ਲੋਕ ਗਰਮੀਆਂ ਵਿਚ ਦੁਪਹਿਰ ਵੇਲੇ ਉਨ੍ਹਾਂ ਹੇਠ ਆ ਬੈਠਦੇ। ਜਿਸ ਵਿਰਲੇ-ਟਾਂਵੇਂ ਦੇ ਘਰ ਕੋਈ ਪਸੂ ਹੁੰਦਾ, ਉਹ ਵੀ ਉਥੇ ਲਿਆ ਬੰਨ੍ਹਦਾ। ਕਈ ਰਵਿਦਾਸੀਏ ਆਪਣੀ ਪਥਰੀ ਤੇ ਹੋਰ ਸਭ ਸੰਦ-ਵਲੇਵਾ ਲਿਆ ਕੇ ਖੁੱਲ੍ਹੇ ਥਾਂ ਪਿੱਪਲ ਹੇਠ ਆ ਬੈਠਦੇ। ਸਾਡੇ ਟੱਬਰ ਦੇ ਜੁੱਤੇ ਸਿਊਣ ਵਾਲਾ ਜੱਗਰ ਵੀ ਉਥੇ ਹੀ ਬੈਠਦਾ।

ਕੱਪੜੇ ਸਿਊਣ ਜਾਂ ਜੁੱਤੇ ਸਿਊਣ ਜਿਹੇ ਕੰਮ ਕਰਨ ਵਾਲੇ ਲੋਕਾਂ ਨੂੰ ਇਹ ਵਾਰਾ ਨਹੀਂ ਸੀ ਖਾਂਦਾ ਕਿ ਹਰ ਆਏ ਬੰਦੇ ਨਾਲ ਆਪਣਾ ਕੰਮ ਛੱਡ ਕੇ ਗੱਲਾਂ ਕਰਨ ਲੱਗ ਜਾਣ। ਉਨ੍ਹਾਂ ਸਭ ਨੂੰ ਇਹ ਅਭਿਆਸ ਹੋ ਜਾਂਦਾ ਕਿ ਆਉਂਦੇ ਬੰਦੇ ਦੀ ਪੈੜਚਾਲ ਸੁਣ ਕੇ ਉਹਨੂੰ ਦੇਖ ਲੈਂਦੇ ਕਿ ਕੌਣ ਹੈ, ਫ਼ਤਿਹ ਬੁਲਾਉਂਦੇ ਅਤੇ ਨੀਵੀਂ ਪਾ ਕੇ ਆਪਣਾ ਕੰਮ ਕਰਨ ਲਗਦੇ ਤੇ ਨਾਲ ਨਾਲ ਗੱਲਾਂ ਵੀ ਕਰੀ ਜਾਂਦੇ। ਜੱਗਰ ਨੇ ਵੀ ਸਰਸਰੀ ਦੇਖਿਆ, ਜੀਤ ਸਿਉਂ ਕਿਸੇ ਨੂੰ ਨਾਲ ਲਈਂ ਆਉਂਦਾ ਹੈ ਤੇ ਉਹ ਨੀਵੀਂ ਪਾ ਕੇ ਆਪਣੇ ਕੰਮ ਲੱਗ ਗਿਆ।

ਜਦੋਂ ਉਹਨੇ ਪੁੱਛਿਆ, "ਕਿਵੇਂ ਦਰਸ਼ਨ ਦਿੱਤੇ?" ਮੇਰੇ ਦਾਦੇ ਨੇ ਕਿਹਾ, "ਇਹ ਮੇਰਾ ਸਾਂਢੂ ਹੈ ਗੁਮਟੀ ਤੋਂ। ਤੇਰੇ ਸਿਊਂਤੇ ਸਾਡੇ ਟੱਬਰ ਦੇ ਜੋੜੇ ਇਹਨੂੰ ਬੜੇ ਪਸਿੰਦ ਨੇ। ਇਹਦਾ ਮੇਚ ਦੇਣ ਆਏ ਹਾਂ।" ਜੱਗਰ ਨੇ ਪਥਰੀ ਤੋਂ ਚੀਜ਼ਾਂ ਇਧਰ-ਉਧਰ ਕੀਤੀਆਂ ਤੇ ਬਾਬੇ ਨੂੰ ਪੈਰ ਰੱਖਣ ਲਈ ਕਿਹਾ। ਉਹਨੇ ਆਪਣਾ ਪੂਰਾ ਹੱਥ ਲੰਮਾ ਤੇ ਪੰਸੇਰੀ ਪੱਕਾ ਪੈਰ ਪਥਰੀ ਉਤੇ ਰੱਖਿਆ ਤਾਂ ਹੈਰਾਨ ਹੋਏ ਜੱਗਰ ਨੇ ਨਜ਼ਰਾਂ ਉਹਦੇ ਪੈਰਾਂ ਤੋਂ ਹੌਲ਼ੀ ਹੌਲ਼ੀ ਉਹਦੇ ਚਿਹਰੇ ਤੱਕ ਚੁੱਕੀਆਂ ਤੇ ਕਿਹਾ, "ਠੀਕ ਐ, ਸਰਦਾਰ ਜੀਤ ਸਿਆਂ, ਆਬਦੇ ਸਾਂਢੂ ਨੂੰ ਲੈ ਜਾ। ਮੈਂ ਤੈਨੂੰ ਸੁਨੇਹਾ ਭੇਜ ਦੇਊਂ।" ਮੇਰੇ ਦਾਦੇ ਨੇ ਹੈਰਾਨ ਹੋ ਕੇ ਕਿਹਾ, "ਜੱਗਰਾ, ਤੂੰ ਜੋੜੇ ਕਿਵੇਂ ਸਿਊਂ ਦੇਵੇਂਗਾ, ਉਂਗਲਾਂ ਨਾਲ ਇਹਦਾ ਮੇਚਾ ਤਾਂ ਤੂੰ ਲਿਆ ਨਹੀਂ!"

ਜੱਗਰ ਠਰ੍ਹੰਮੇ ਨਾਲ ਬੋਲਿਆ, "ਗੱਲ ਇਹ ਐ, ਜੀਤ ਸਿਆਂ, ਇਹਦੇ ਜੁੱਤਿਆਂ ਜਿੰਨਾ ਚਮੜਾ ਮੇਰੇ ਕੋਲ ਅਜੇ ਹੈ ਨਹੀਂ। ਹੁਣ ਦਾ ਲਿਆ ਮੇਚਾ ਮੇਰੇ ਚੇਤੇ ਨਹੀਂ ਰਹਿਣਾ। ਜਦੋਂ ਪਿੰਡ ਵਿਚ ਕਿਸੇ ਦਾ ਬੋਤਾ ਮਰਿਆ, ਮੈਂ ਤੈਨੂੰ ਸੁਨੇਹਾ ਭੇਜ ਕੇ ਇਹਦਾ ਮੇਚਾ ਵੀ ਲੈ ਲਊਂ ਤੇ ਜੁੱਤੇ ਵੀ ਸਿਊਂ ਦੇਊਂ। ਇਹਦੇ ਜੁੱਤੇ ਨੂੰ ਤਾਂ ਪੂਰੇ ਬੋਤੇ ਦਾ ਚੰਮ ਲੱਗੂ!" ਗੱਲ ਸੁਣ ਕੇ ਮੇਰੇ ਦੋਵਾਂ ਬਾਬਿਆਂ ਸਮੇਤ ਨੇੜੇ-ਤੇੜੇ ਦੇ ਸਭ ਲੋਕਾਂ ਦਾ ਹਾਸਾ ਨਿੱਕਲ ਗਿਆ।

ਇਕ ਵਾਰ ਬਾਬਾ ਆਇਆ। ਉਹਨੇ ਆਬਦੇ ਸਾਂਢੂ, ਮੇਰੇ ਦਾਦੇ ਨੂੰ ਕਿਸੇ ਪਰਿਵਾਰਕ ਕੰਮ ਕਿਸੇ ਪਿੰਡ ਲੈ ਕੇ ਜਾਣਾ ਸੀ। ਮੇਰਾ ਦਾਦਾ ਕਹਿੰਦਾ, "ਭਾਈ ਉਮਰਾ ਸਿਆਂ, ਪੰਜ-ਸੱਤ ਦਿਨ ਠਹਿਰ ਕੇ ਚੱਲਾਂਗੇ। ਸੀਰੀ ਵੀ ਗਿਆ ਹੋਇਆ ਐ। ਘਰੇ ਪਸ਼ੂਆਂ ਨੂੰ ਪੱਠੇ-ਦੱਥੇ ਦੀ ਮੁਸ਼ਕਿਲ ਹੋ ਜਾਊ। ਖੇਤੋਂ ਹਰਾ ਕੌਣ ਲੈ ਕੇ ਆਊ! ਮੈਨੂੰ ਅੱਜ ਵਿਹਲ ਨਹੀਂ ਜੋ ਖੇਤੋਂ ਦੋ-ਤਿੰਨ ਦਿਨਾਂ ਦੇ ਹਰੇ ਪੱਠੇ ਲੈ ਆਵਾਂ।" ਸਰ੍ਹੋਂ ਦੀ ਰੁੱਤ ਸੀ। ਬਾਬੇ ਨੇ ਖੇਤ ਬਾਰੇ ਪੁੱਛਿਆ ਤੇ ਕਿਹਾ, "ਤੂੰ ਕੰਮ ਕਰ, ਮੈਂ ਜਾ ਕੇ ਸਰ੍ਹੋਂ ਲੈ ਆਉਂਦਾ ਹਾਂ।" ਉਹਨੇ ਦੋੜਾ ਲਿਆ ਤੇ ਉਤੋਂ ਵਾਧਾ ਇਹ ਕਿ ਉਹਦੀਆਂ ਚਾਰੇ ਕੰਨੀਆਂ ਨੂੰ ਲੰਮੀਆਂ ਰੱਸੀਆਂ ਬੰਨ੍ਹ ਲਈਆਂ। ਵਾਹਿਗੁਰੂ ਦਾ ਨਾਂ ਲੈ ਕੇ ਉਹ ਕਣਕ ਦੇ ਖੇਤ ਵਿਚੋਂ ਕਮਲੀ ਸਰ੍ਹੋਂ ਹੱਥਾਂ ਨਾਲ ਖਿੱਚ ਖਿੱਚ ਕੇ ਦੋੜੇ ਉਤੇ ਢੇਰ ਲਾਉਣ ਲੱਗਿਆ। (ਕਣਕ ਦੇ ਖੇਤ ਵਿਚ ਬਿਨਾਂ ਕਿਸੇ ਤਰਤੀਬ ਤੋਂ ਬੀ ਦਾ ਛਿੱਟਾ ਦੇ ਕੇ ਬੀਜੀ ਹੋਈ ਸਰ੍ਹੋਂ ਨੂੰ ਕਮਲੀ ਸਰ੍ਹੋਂ ਆਖਦੇ ਸਨ।) ਉਹਨੇ ਇਧਰ-ਉਧਰ ਖੇਤਾਂ ਵਿਚ ਕੰਮ ਕਰਦੇ ਦੋ-ਤਿੰਨ ਬੰਦੇ ਬੁਲਾਏ ਤੇ ਪੰਡ ਬੰਨ੍ਹਵਾ ਕੇ ਸਿਰ ਉਤੇ ਰਖਵਾ ਲਈ। ਬਾਹਰੋਂ ਮੁੜੇ ਮੇਰੇ ਦਾਦੇ ਨੇ ਵਿਹੜੇ ਵਿਚ ਪਿਆ ਸਰ੍ਹੋਂ ਦਾ ਢੇਰ ਦੇਖ ਕੇ ਮੱਥੇ ਉਤੇ ਹੱਥ ਮਾਰਿਆ, "ਓ ਭਾਈ ਉਮਰਾ ਸਿਆਂ, ਇਹ ਕੀ ਕੀਤਾ, ਸਾਰਾ ਖੇਤ ਪੱਟ ਲਿਆਇਆ!" ਬਾਬਾ ਸਹਿਜ ਨਾਲ ਬੋਲਿਆ, "ਮੈਂ ਸੋਚਿਆ, ਮੇਰੇ ਨਾਲ ਗਏ ਨੂੰ ਤੈਨੂੰ ਪਿੱਛੇ ਪੱਠਿਆਂ ਦਾ ਫ਼ਿਕਰ ਨਾ ਰਹੇ!"

ਪੰਜ ਕਲਿਆਣਾਂ ਵਿਚੋਂ ਕਲਿਆਣ ਲੋਂਢਾ-ਘਰ ਮੇਰੀਆਂ ਦੋ ਭੂਆ ਵਿਆਹੀਆਂ ਹੋਈਆਂ ਸਨ। ਗੁਮਟੀ ਤੇ ਕਲਿਆਣਾਂ ਦਾ ਚਾਰ ਕੁ ਕੋਹ ਦਾ ਫ਼ਰਕ ਹੈ। ਵਿਚਾਲੇ, ਲਗਭਗ ਅੱਧ ਵਿਚ ਦਿਆਲਪੁਰਾ ਮਿਰਜ਼ੇ ਕਾ ਪਿੰਡ ਆਉਂਦਾ ਹੈ। ਇਕ ਵਾਰ ਬਾਬਾ ਉਮਰਾਈ ਕਲਿਆਣੀਂ ਮਿਲਣ ਗਿਆ। ਅੱਗੇ ਉਹ ਸਣ ਦੇ ਰੱਸੇ-ਲਾਸਾਂ ਵੱਟਣ ਲੱਗੇ ਹੋਏ ਸਨ। ਮੁੜਦਾ ਹੋਇਆ ਬਾਬਾ ਇਕ ਲਾਸ ਲੈ ਆਇਆ। ਜਦੋਂ ਉਹ ਦਿਆਲਪੁਰਾ ਲੰਘਿਆ, ਸੂਰਜ ਦਾ ਛਿਪਣ-ਵੇਲ਼ਾ ਹੋ ਗਿਆ। ਘਰੇ ਪੱਠੇ ਲਿਆਉਣ ਵਾਲੇ ਸਨ ਤੇ ਉਹਦਾ ਖੇਤ ਗੁਮਟੀ ਦੇ ਦੂਜੇ ਪਾਸੇ ਖਾਸਾ ਦੂਰ ਸੀ। ਜੇ ਉਹ ਘਰ ਨਾ ਵੀ ਰੁਕੇ, ਖੇਤ ਜਾਂਦਿਆਂ ਪੂਰਾ ਹਨੇਰਾ ਹੋ ਜਾਣਾ ਸੀ। ਉਹਨੇ ਇਧਰ-ਉਧਰ ਨਜ਼ਰ ਮਾਰੀ। ਨੇੜੇ ਹੀ ਇਕ ਵਾਹੇ ਹੋਏ ਖੇਤ ਵਿਚ ਕਿਸੇ ਕਿਸਾਨ ਨੇ ਛੱਲੀਆਂ ਤੋੜ ਕੇ ਮੱਕੀ ਦੇ ਟਾਂਡਿਆਂ ਦੀ ਛੌਰੀ ਲਾਈ ਹੋਈ ਸੀ। ਬਾਬੇ ਨੇ ਪੂਰੀ ਛੌਰੀ ਦੇ ਉਤੋਂ ਦੀ ਲਾਸ ਵਲੀ ਅਤੇ ਖਿੱਚ ਖਿੱਚ ਕੇ, ਕਸ ਕਸ ਕੇ ਸਾਰੇ ਟਾਂਡੇ ਬੰਨ੍ਹ ਲਏ। ਉਹਨੇ ਕੋਡਾ ਹੋ ਕੇ ਸਿਰ ਲਾਇਆ ਅਤੇ ਜ਼ੋਰ ਦਾ ਹੰਭਲਾ ਮਾਰ ਕੇ ਇਕੱਲੇ ਨੇ ਹੀ ਪੰਡ ਸਿਰ ਉਤੇ ਰੱਖ ਲਈ।

ਅਗਲੇ ਦਿਨ ਮਾਲਕ ਖੇਤ ਪਹੁੰਚਿਆ ਤਾਂ ਹੈਰਾਨ-ਪਰੇਸ਼ਾਨ! ਇਹ ਕੋਈ ਚੋਰ ਕਿਥੋਂ ਆ ਗਿਆ। ਉਸ ਜ਼ਮਾਨੇ ਵਿਚ ਖੇਤਾਂ ਵਿਚੋਂ ਚੋਰੀਆਂ ਨਹੀਂ ਸਨ ਹੁੰਦੀਆਂ। ਉਹਦੀ ਹੈਰਾਨੀ ਤੇ ਪਰੇਸ਼ਾਨੀ ਦੀ ਉਦੋਂ ਤਾਂ ਕੋਈ ਹੱਦ ਹੀ ਨਾ ਰਹੀ ਜਦੋਂ ਉਹਨੇ ਸੱਜਰੇ ਵਾਹੇ ਹੋਏ ਖੇਤ ਵਿਚ ਛੌਰੀ ਵਾਲੀ ਥਾਂ ਦੇ ਆਲੇ-ਦੁਆਲੇ ਘੁੰਮ ਘੁੰਮ ਕੇ ਦੇਖਿਆ। ਨਾ ਕਿਸੇ ਗੱਡੇ ਦੀ ਲੀਹ ਸੀ ਤੇ ਨਾ ਕਿਸੇ ਬੋਤੇ ਦੀ ਪੈੜ। ਬੱਸ ਬੰਦੇ ਦੀ ਪੈੜ ਸੀ, ਉਹ ਵੀ ਇਕੋ। ਨਾ ਬਹੁਤੇ ਬੰਦੇ ਆਏ ਤੇ ਨਾ ਇਕ ਬੰਦੇ ਨੇ ਬਹੁਤੇ ਗੇੜੇ ਲਾਏ! ਉਹ ਹੈਰਾਨ-ਪਰੇਸ਼ਾਨ ਹੋਇਆ, ਇਕ ਬੰਦਾ ਇਕੋ ਵਾਰ ਵਿਚ ਟਾਂਡਿਆਂ ਦੀ ਪੂਰੀ ਛੌਰੀ ਕਿਵੇਂ ਚੁੱਕ ਸਕਦਾ ਹੈ! ਉਹ ਪਿੰਡੋਂ ਪੈੜ ਕੱਢਣ ਵਾਲਾ ਖੋਜੀ ਬੁਲਾ ਲਿਆਇਆ। ਖੋਜੀ ਪੈੜ ਨਪਦਾ ਨਪਦਾ ਗੁਮਟੀ ਤਾਂ ਜਾ ਪਹੁੰਚਿਆ ਪਰ ਪਿੰਡ ਦੀ ਫਿਰਨੀ ਵਿਚ ਜਾ ਕੇ ਪੈੜ ਲੋਕਾਂ ਦੀ ਸਵੇਰ ਦੀ ਆਵਾਜਾਈ ਦੀਆਂ ਅਣਗਿਣਤ ਪੈੜਾਂ ਵਿਚ ਗੁਆਚ ਗਈ।

ਕਿਸਾਨ ਸੱਥ ਵਿਚ ਜਾ ਪਹੁੰਚਿਆ। ਉਥੇ ਬੈਠੇ ਲੋਕਾਂ ਵਿਚ ਸਬੱਬ ਨਾਲ ਉਮਰਾਈ ਵੀ ਬੈਠਾ ਸੀ। ਕਿਸਾਨ ਨੇ ਫ਼ਤਿਹ ਬੁਲਾ ਕੇ ਕਿਹਾ, "ਪੰਚਾਇਤੇ ਮੈਂ ਦਿਆਲਪੁਰੇ ਤੋਂ ਆਇਆ ਹਾਂ। ਇਹ ਮੇਰੇ ਨਾਲ ਪੈੜ-ਕੱਢ ਖੋਜੀ ਹੈ। ਇਹਨੂੰ ਤਾਂ ਸ਼ਾਇਦ ਤੁਸੀਂ ਜਾਣਦੇ ਵੀ ਹੋਵੋਂਗੇ। ਮੇਰੇ ਹੋ ਗਈ ਚੋਰੀ ਤੇ ਪੈੜ ਥੋਡੇ ਪਿੰਡ ਆ ਕੇ ਫਿਰਨੀ ਦੀਆਂ ਪੈੜਾਂ ਵਿਚ ਗੁਆਚ ਗਈ।" ਨਾਲ ਹੀ ਉਹਨੇ ਸਾਰਾ ਮਾਜਰਾ ਕਹਿ ਸੁਣਾਇਆ, "ਪੰਚਾਇਤੇ, ਮੈਂ ਟਾਂਡੇ ਮੁੜਵਾਉਣ ਨਹੀਂ ਆਇਆ, ਚੋਰ ਦੇ ਦਰਸ਼ਨ ਕਰਨ ਆਇਆ ਹਾਂ!" ਲੋਕ ਸਾਰਾ ਕਿੱਸਾ ਸੁਣ ਕੇ ਸਮਝ ਗਏ ਅਤੇ ਮੁਸਕੜੀਏਂ ਹਸਦੇ ਟੇਢੀ ਨਜ਼ਰ ਨਾਲ ਉਮਰਾਈ ਵੱਲ ਦੇਖਣ ਲੱਗੇ।

ਏਨੇ ਨੂੰ ਉਹ ਆਪ ਹੀ ਖੜ੍ਹਾ ਹੋ ਗਿਆ ਤੇ ਕਹਿੰਦਾ, "ਓ ਭਾਈ, ਐਵੇਂ ਮੈਨੂੰ ਚੋਰ ਚੋਰ ਨਾ ਕਹੀਂ ਜਾ। ਮੈਂ ਕਦੇ ਕੋਈ ਚੋਰੀ-ਚਾਰੀ ਨਹੀਂ ਕੀਤੀ। ਕਲਿਆਣੀਂ ਰਿਸ਼ਤੇਦਾਰੀ ਵਿਚ ਮਿਲਣ ਗਏ ਨੂੰ ਮੈਨੂੰ ਕੁਵੇਲਾ ਹੋ ਗਿਆ। ਘਰੇ ਪੱਠੇ ਹੈ ਨਹੀਂ ਸੀ। ਪਿੰਡ ਵਾਲਿਆਂ ਤੋਂ ਪੁੱਛ ਲੈ, ਮੇਰਾ ਖੇਤ ਪਿੰਡ ਦੇ ਦੂਜੇ ਪਾਸੇ ਐ। ਮੈਂ ਪਸ਼ੂਆਂ ਖ਼ਾਤਰ ਰਾਹ ਵਿਚੋਂ ਭਰੀ ਟਾਂਡੇ ਜ਼ਰੂਰ ਇਕ ਖੇਤ ਵਿਚੋਂ ਬੰਨ੍ਹ ਲਿਆਇਆਂ।" ਕਿਸਾਨ ਹੈਰਾਨ ਹੋਇਆ, "ਬੱਸ ਭਰੀ ਟਾਂਡੇ? ਓ ਭਾਈ, ਤੂੰ ਮੇਰਾ ਸਾਰਾ ਖੇਤ ਚੱਕ ਲਿਆਇਐਂ। ਉਤੋਂ ਆਖਦੈਂ, ਭਰੀ ਟਾਂਡੇ।" ਪਿੰਡ ਵਾਲੇ ਹੱਸੇ, "ਬਈ ਗੱਲ ਸੁਣ। ਸਾਡਾ ਉਮਰਾਈ ਹੋਰ ਕੁਛ ਹੋਵੇ, ਚੋਰ ਨਹੀਂ ਹੋ ਸਕਦਾ।"

ਕਿਸਾਨ ਨੇ ਜੇਬ ਵਿਚੋਂ ਪੰਜ ਰੁਪਈਏ ਕੱਢੇ ਤੇ ਉਮਰਾਈ ਦੇ ਮੋਢੇ ਉਤੇ ਹੱਥ ਰੱਖ ਕੇ ਕਹਿੰਦਾ, "ਲੈ ਬਈ ਜੁਆਨਾਂ, ਘਿਓ ਖਾ ਲਈਂ। ਜਿਊਂਦਾ-ਵਸਦਾ ਰਹਿ!" ਉਹ ਪੈਸੇ ਫੜਦਾ ਝਿਜਕੇ। ਲੋਕ ਬੋਲੇ, "ਲੈ ਲੈ, ਭਲਿਆ ਲੋਕਾ, ਫੜ ਲੈ, ਸੰਗ ਨਾ। ਖ਼ੁਸ਼ ਹੋ ਕੇ ਤੈਨੂੰ ਘਿਓ ਵਾਸਤੇ ਦਿੰਦਾ ਹੈ।" ਇਹ ਇਨਾਮ ਕਿੰਨਾ ਵੱਡਾ ਸੀ, ਨਵੀਆਂ ਪੀੜ੍ਹੀਆਂ ਨੂੰ ਅੰਦਾਜ਼ਾ ਤੱਕ ਨਹੀਂ ਹੋ ਸਕਦਾ। ਉਸ ਜ਼ਮਾਨੇ ਦੇ ਰੁਪਈਏ ਦੀ ਕਦਰ-ਕੀਮਤ ਸੁਣ ਕੇ ਉਹ ਜ਼ਰੂਰ ਹੈਰਾਨ ਹੋਣਗੇ। ਉਨ੍ਹਾਂ ਵੇਲਿਆਂ ਵਿਚ, ਸੰਭਵ ਹੈ, ਘਰ ਦਾ ਕੁੰਦਨ ਵਰਗਾ ਖਰਾ ਘਿਓ ਇਕ ਰੁਪਈਏ ਦਾ ਪੰਸੇਰੀ ਹੀ ਆਉਂਦਾ ਹੋਵੇ। ਰੁਪਈਏ ਦਾ ਸਵਾ ਸੇਰ ਘਿਓ ਵਿਕਦਾ ਤਾਂ ਬਚਪਨ ਵਿਚ ਮੈਂ ਦੇਖਿਆ ਹੋਇਆ ਹੈ!

# ਰਿਸ਼ਤੇਦਾਰਾਂ ਦਾ ਕੀ ਫਾਇਦਾ ਜੇ ਕੰਮ ਨਾ ਆਏ

ਵਿਅੰਗ

ਕਈ ਪਿੰਡਾਂ ਵਿਚ ਅਜਿਹੇ ਬੰਦੇ ਹੁੰਦੇ ਨੇ ਜੋ ਜੱਗੋਂ ਤੇਰਵੀਂ ਗੱਲ ਕਰਨ ਵਿਚ ਆਪਣੀ ਨਿਵੇਕਲੀ ਪਛਾਣ ਬਣਾਉਣ ਦੇ ਯਤਨ ਵਿਚ ਹੁੰਦੇ ਹਨ। ਉਨ੍ਹਾਂ ਨੂੰ ਲਗਦੈ ਕੁਝ ਦਿਮਾਗ ਜਿਹਾ ਵਰਤ ਕੇ, ਕੁਝ ਨਵਾਂ ਜਿਹਾ ਕਰਕੇ ਦੁਨੀਆਂ ਨੂੰ ਹਿਲਾ ਦੇਵਾਂਗੇ। ਫੁੱਫੜ ਦੀ ਰਿਸ਼ਤੇਦਾਰੀ 'ਚੋਂ



ਗੱਜਣਵਾਲਾ ਸੁਖਮਿੰਦਰ (ਚੰਡੀਗੜ੍ਹ)
ਫੋਨ: 91-99151-06449

ਉਨ੍ਹਾਂ ਦਾ ਤਰਨਤਾਰਨੀਆ ਮਤੈਲ ਪ੍ਰਾਹੁਣਾ ਵੀ ਇਕ ਵਾਰੀ ਆਪਣਾ ਦਿਮਾਗ ਵਰਤ ਬੈਠਾ। ਉਸ ਦਾ ਨਾਂ ਤਾਂ ਸੀ ਭਲਿੰਦਰ ਸਿੰਘ (ਫਰਜ਼ੀ ਨਾਮ) ਪਰ ਉਹ 'ਅਗਾਂਹ ਵਧੂ' ਅੱਲ ਪੁਆ ਬੈਠਾ। ਸਾਰੇ ਕਹਿਣ ਲੱਗ ਪਏ, ਆ ਗਿਆ ਬਈ ਅਗਾਂਹ ਵਧੂ, ਜਾ ਰਿਹਾ ਬਈ ਅਗਾਂਹ ਵਧੂ...। ਪਹਿਲਾਂ ਪਹਿਲਾਂ ਤਾਂ ਉਹ ਸੁਣ ਕੇ ਵੱਟ ਜਿਹਾ ਖਾ ਜਾਇਆ ਕਰੇ, ਫੇਰ ਉਹ ਗੁੱਸਾ ਕਰਨੋਂ ਹਟ ਗਿਆ। ਪੜ੍ਹਿਆ ਤਾਂ ਉਹ ਮਰ ਕੇ ਅੱਠ-ਨੌਂ ਜਮਾਤਾਂ ਹੀ ਸੀ ਪਰ ਸੀ ਬਹੁਤ ਵੱਡਾ ਕਿਤਾਬੀ ਕੀੜਾ। ਗੱਲ ਨੂੰ ਉਹ ਅੱਜ ਵੀ ਥੱਲੇ ਨਹੀਂ ਡਿਗਣ ਦਿੰਦਾ, ਬੋਲਦਾ ਹੈ ਤਾਂ ਬੋਲੀ ਹੀ ਜਾਂਦਾ ਹੈ, ਰੁਕਦਾ ਹੀ ਨਹੀਂ। ਮਗਜ਼ ਚੱਟ ਜਾਂਦੈ, ਵਾਰੇ ਹੀ ਨਹੀਂ ਆਉਣ ਦਿੰਦਾ। ਉਸ ਨੇ ਆਪਣੇ ਲੇਖਕ ਤਾਂ ਪੜ੍ਹੇ ਹੀ ਸਨ, ਗੋਰਕੀ, ਟਾਲਸਟਾਏ, ਸ਼ੈਲਕੋਵ, ਵਰਗੇ ਸਾਰੇ ਹੀ ਪੜ੍ਹ ਮਾਰੇ।

ਪਹਿਲਾਂ ਉਹ ਆਂਡੇ ਮੁਰਗੇ ਖਾਣ ਸਮੇਤ ਟਿਕਾ ਕੇ ਨਸ਼ਾ ਕਰਦਾ ਸੀ। ਕੁਝ ਸਾਲਾਂ ਬਾਅਦ ਉਸ ਦੇ ਚਿੱਤ 'ਚ ਪਤਾ ਨਹੀਂ ਕੀ ਆਈ ਕਿ ਉਹ ਦਾਰੂ-ਦੱਪਾ ਪੂਰੀ ਤਰ੍ਹਾਂ ਛੱਡ ਗਿਆ। ਫੇਰ ਉਸ ਨੇ ਦਾੜ੍ਹੀ-ਮੁੱਛਾਂ ਵਧਾ ਲਈਆਂ। ਘਰੇ ਆਂਡੇ-ਮੀਟ 'ਤੇ ਪਾਬੰਦੀਆਂ ਲਾ ਦਿਤੀਆਂ। ਫੇਰ ਉਹ ਧਾਰਮਿਕ ਸਾਹਿਤ ਵੱਲ ਹੋ ਤੁਰਿਆ ਬੇਦ-ਕਤੇਬ ਸਾਰੇ ਪੜ੍ਹ ਮਾਰੇ। ਬਾਬੇ ਰਾਮਦੇਵ ਦਾ ਯੁਗ ਜਿਹਾ ਸ਼ੁਰੂ ਹੋਇਆ ਤਾਂ ਦੋਵੇਂ ਵੇਲੇ ਸਾਹ ਦੀ ਧੌਂਕਣੀ ਜਿਹੀ ਮਾਰਨ ਲੱਗ ਪਿਆ। ਐਸੀ ਤਬਦੀਲੀ ਆਈ ਕਿ ਕਿਸੇ ਨਾਲ ਵੀ ਗੱਲ ਕਰਦਾ ਗ੍ਰੰਥਾਂ ਤੋਂ ਬਾਹਰ ਹੁੰਦਾ ਹੀ ਨਾ। ਘਰ ਦੇ ਸਾਰੇ ਜੀਅ ਦੁਖੀ ਹੋ ਗਏ, ਬਈ ਉਸ ਦਾ ਕੰਮ ਧੰਦੇ ਵੱਲ ਧਿਆਨ ਹੀ ਹੈ ਨੀਂ, ਇਹ ਤਾਂ ਜੁਆਕਾਂ ਨੂੰ ਭੁੱਖੇ ਮਾਰ'ਦੂ।

ਮੋਤੂ ਮਲੰਗਾ! ਫਿਰ ਉਸ ਨੂੰ ਲੱਗਿਆ ਬਈ ਇਥੇ ਤਾਂ ਸਾਰਾ ਕੁਝ ਹੀ ਦੂਸ਼ਿਤ ਹੋ ਚੁੱਕਿਆ ਹੈ, ਪੀਣ ਵਾਲਾ ਪਾਣੀ ਕੰਮ ਦਾ ਨਹੀਂ ਰਿਹਾ, ਦਿਨ-ਬਦਿਨ ਗੰਦਾ ਹੋਈ ਜਾ ਰਿਹੈ। ਦੁਧ 'ਚ ਉਹ ਸ਼ੁਧਤਾ ਨਹੀਂ। ਪਸ਼ੂਆਂ ਦੀ ਖੁਰਾਕ 'ਚ ਯੂਰੀਆ। ਸਬਜ਼ੀ ਕੋਈ ਭਰੋਸੇ ਵਾਲੀ ਹੀ ਹੈ ਨਹੀਂ। ਕੱਦੂਆਂ ਦੇ ਟੀਕੇ, ਕਰੇਲੇ ਭਿੰਡੀਆਂ ਸਪਰੇ ਤੋਂ ਬਗੈਰ ਲਗਦੀਆਂ ਹੀ ਨਹੀਂ। ਦੁਆਈ ਭੁੱਕੇ ਬਗੈਰ ਕੋਈ ਫਲ ਫਰੂਟ ਸਿਰੇ ਨਹੀਂ ਚੜ੍ਹਦਾ। ਆਲੂ ਗੋਭਿਆਂ ਦੇ ਵੈਰੀ ਹੋਏ ਪਏ ਨੇ, ਹਵਾ ਜ਼ਹਿਰੀ-ਸਾਹ ਲੈਣਾ ਔਖਾ ਹੋਇਆ ਪਿਆ। ਉਸ ਨੇ ਇਸ ਸਾਰੇ ਬਾਬਤ ਗੰਭੀਰਤਾ ਨਾਲ ਵਿਚਾਰ ਕੇ 'ਕੁਦਰਤੀ ਖੇਤੀ' ਦੀਆਂ ਕਿਤਾਬਾਂ ਪੜ੍ਹ ਕੇ ਨਵੀਂ ਕ੍ਰਾਂਤੀ ਲਿਆਉਣ ਦੀ ਠਾਣ ਲਈ। ਉਸ ਨੇ ਭੂਗੋਲਿਕ ਤੇ ਪੌਣ-ਪਾਣੀ ਦੀਆਂ ਸਥਿਤੀਆਂ ਤਾਂ ਵਾਚੀਆਂ ਨਾ। ਨਾ ਹੀ ਸੋਚਿਆ ਕਿ ਪਹਿਲਾਂ ਛੋਟਾ ਜਿਹਾ ਤਜਰਬਾ ਕਰਕੇ ਵੇਖ ਲਿਆ ਜਾਵੇ। ਉਸ ਨੇ ਦ੍ਰਿੜ ਕਰ ਲਿਆ, ਬਈ ਬੱਚਿਆਂ ਦੇ ਉਜਵਲ ਭਵਿੱਖ ਦਾ ਸਵਾਲ ਹੈ ਜੋ ਵੀ ਘਰੇ ਖਾਣ-ਪੀਣ ਵਾਲੀ ਵਸਤੂ ਆਵੇ, ਉਹ ਸ਼ੁੱਧ ਰੂਪ ਵਿਚ ਆਉਣੀ ਚਾਹੀਦੀ ਹੈ, ਦਵਾਈਆਂ ਅਤੇ ਕੈਮੀਕਲਾਂ ਤੋਂ ਮੁਕਤ ਹੋਣੀ ਚਾਹੀਦੀ ਹੈ।

ਤੇ ਉਸ ਨੇ ਜੀ ਪਿਛਲੀ ਵਾਰ ਮਨ ਵਿਚ ਪੱਕਾ ਸੰਕਲਪ ਧਾਰਨ ਕਰ ਲਿਆ, ਬਈ ਕਣਕ ਦੀ ਫਸਲ ਵਿਚ ਕੋਈ ਖਾਦ ਨਹੀਂ ਪਾਉਣੀ, ਕੋਈ ਦੁਆਈ ਨਹੀਂ ਛਿੜਕਣੀ। ਨਾ ਬੀਜਣ ਵੇਲੇ ਤੇ ਨਾ ਮੁੜ ਕੇ ਹੀ ਯੂਰੀਏ ਦਾ ਛੱਟਾ ਦੇਣਾ। ਉਸ ਨੂੰ ਆਪਣੇ ਹਿੱਸੇ ਦੇ ਸਾਢੇ ਕੁ ਤਿੰਨ ਕਿੱਲੇ ਆਉਂਦੇ ਸਨ। ਉਸ ਨੇ ਸਲਫੇਟਾਂ-ਜ਼ਿੰਕਾਂ ਦੀ ਥਾਂ ਹਰੀ ਖਾਦ ਨੂੰ ਵਰਤਣ ਬਿਹਤਰ ਸਮਝਿਆ। ਉਸ ਨੇ ਆਸ-ਪਾਸ ਦੇ ਖੇਤਾਂ ਨਿਆਂਈਆਂ ਵਿਚ ਜੋ ਘਾਹ-ਘੱਪਾ ਸੀ, ਦਿਹਾੜੀਏ ਲਾ ਕੇ ਇਕੱਠਾ ਕਰਵਾ ਕੇ ਆਪਣੇ ਸਾਰੇ ਖੇਤ ਵਿਚ ਸੁਟਾ ਲਿਆ। ਨੇੜੇ-ਤੇੜੇ ਜਿਥੇ ਬਾਥੂ, ਹਰਮਲ, ਚਲਾਈ, ਮੁਰਕ, ਭੱਖੜਾ ਆਦਿ ਦੀ ਦੱਸ ਪਈ, ਵਢਾ ਕੇ ਆਪਣੀ ਨਿਗਰਾਨੀ ਹੇਠ ਰੜੇ ਵਾਹਣ ਵਿਚ ਖਿਲਾਰ ਲਿਆ। ਗੋਹੇ ਦੀ ਦੇਸੀ ਰੂੜੀ, ਵਾਹਣ ਵਿਚ ਖਿਲਾਰਨ ਦੇ ਹੁਕਮ ਚਾੜ੍ਹ ਦਿੱਤੇ। ਤਵੀਆਂ ਨਾਲ ਕਿਰਾਏ 'ਤੇ ਪੈਲੀ ਵਹਾ ਕੇ ਮਲਾਈ ਵਰਗੀ ਬਣਾ ਲਈ। ਵਧੀਆ ਕੁਆਲਿਟੀ ਦਾ ਸੀਲ ਬੰਦ ਬੀਜ ਬੀਜਿਆ। ਦਸਾਂ ਕੁ ਦਿਨਾਂ ਪਿਛੋਂ ਵੇਖਿਆ ਤਾਂ ਲੱਗਿਆ ਜਿਸ ਚੀਜ਼ ਨੂੰ ਦਿਸਣਾ ਚਾਹੀਦਾ ਸੀ, ਉਹ ਦਿਸ ਹੀ ਨਹੀਂ ਸੀ ਰਹੀ। ਸਾਰੀ ਪੈਲੀ ਵਿਚ ਨਦੀਣ ਹੀ ਨਦੀਣ, ਹੋਰ ਈ ਕੁਝ ਮੱਛਰ ਗਿਆ ਜਿਵੇਂ ਗੁੱਲੀ ਡੰਡਾ ਬੀਜਿਆ ਹੋਵੇ।

ਕਣਕ ਦੀ ਕਿਤੇ ਕਿਤੇ ਤੁਈ ਦਿਸਦੀ ਸੀ। ਜੋ ਉਗਣ ਲਈ ਬੀਜਿਆ ਸੀ ਉਹ ਉਗਿਆ ਹੀ ਨਾ, ਹੋਰ ਹੀ ਕੁਝ ਸਿਰ ਕੱਢੀ ਬੈਠਾ ਸੀ। ਗੱਲ ਕੀ ਕਿਸਾ-ਕੋਤਾ ਇਹ ਹੋਇਆ ਕਿ ਸਾਰੀ ਪੈਲੀ ਭੱਸ-ਖੇਹ ਨਦੀਣ ਨੂੰ ਸਮਰਪਿਤ ਹੋ ਗਈ। ਫਿਰ ਜਦ ਵਾਢੀ ਵੇਲੇ ਫੁੱਫੜ ਹੁਰਾਂ ਨੂੰ ਪਤਾ ਲੱਗਾ, ਬਈ ਤਰਨਤਾਰਨ ਵਾਲੇ ਪ੍ਰਾਹੁਣੇ ਦੇ ਤਾਂ ਕਣਕ ਦਸ ਸੇਰ ਵੀ ਨਹੀਂ ਹੋਈ। ਉਨ੍ਹਾਂ ਨੂੰ ਫਿਕਰ ਲੱਗ ਗਿਆ ਕਿ ਜੁਆਕ ਕੀ ਖਾਣਗੇ। ਤਾਂ ਉਹ ਦਸ ਬੋਰੀਆਂ ਕਣਕ ਦੀਆਂ ਛੱਡ ਕੇ ਆਏ।

ਇਕ ਦਿਨ ਉਸ ਦੀ ਕਿਤੇ ਆਪਣੀ ਘਰਵਾਲੀ ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ। ਉਹ ਕਹਿ ਬੈਠੀ, "ਮੇਰੇ ਮਾਪਿਆਂ ਨੇ ਖਾਣ ਜੋਗੀ ਘੱਲ ਕੇ ਬਚਾ ਦਿੱਤਾ, ਨਹੀਂ ਤਾਂ ਤੇਰੀਆਂ ਆਰਗੈਨਿਕ ਖੇਤੀਆਂ ਨੇ ਰੜੇ ਰੱਖ'ਤਾ ਸੀ।" ਤਾਂ ਉਹ 'ਅਗਾਂਹਵਧੂ' ਅੱਗੋਂ ਬਣਾ ਸੰਵਾਰ ਕੇ ਆਂਹਦਾ, "ਰਿਸ਼ਤੇਦਾਰ ਫਿਰ ਕਿਸ ਵਾਸਤੇ ਹੁੰਦੇ ਆ; ਇਨ੍ਹਾਂ ਦਾ ਅਚਾਰ ਪੌਣਾ ਜੇ ਵੇਲੇ ਸਿਰ ਕੰਮ ਹੀ ਨਾ ਆਏ।"

ਜ਼ਿੰਦਗੀ ਦੀ ਕਵਿਤਾ

# ਮੇਰੇ ਵਿਚ ਮੇਰਾ ਬਾਪ

***ਨੀਤੂ ਇਕ ਸ਼ਾਇਰਾ ਹੈ। ਉਹ ਜ਼ਿੰਦਗੀ ਦੀ ਸ਼ਾਇਰੀ ਨੂੰ ਪੜ੍ਹਨਾ ਲੋਚਦੀ ਹੈ, ਸ਼ਾਇਦ ਉਸ ਨੂੰ ਜਾਪਦਾ ਹੈ ਕਿ ਜ਼ਿੰਦਗੀ ਵੀ ਇਕ ਕਵਿਤਾ ਹੈ, ਕਦੇ ਹਾਸ ਰਸੀ, ਕਦੇ ਬੀਰ ਰਸੀ, ਸ਼ਿੰਗਾਰ ਰਸੀ ਅਤੇ ਕਦੇ ਕਰੁਣਾ ਰਸੀ। ਜ਼ਿੰਦਗੀ ਦਾ ਸਫਰ ਕਦੀ ਸਾਂਵਾਂ ਨਹੀਂ ਹੁੰਦਾ, ਕਦੀ ਇਹ ਉਚਾ ਹੁੰਦਾ ਹੈ ਤੇ ਕਦੀ ਨੀਵਾਂ, ਕਦੀ ਸੁਖਾਵਾਂ ਤੇ ਕਦੀ ਕੌੜਾ-ਕਸੈਲਾ। ਸ਼ਾਇਦ ਇਸੇ ਕਰਕੇ ਉਸ ਦੀ ਵਾਰਤਕ ਵੀ ਕਵਿਤਾ ਹੀ ਜਾਪਦੀ ਹੈ, ਕਵਿਤਾ ਵਾਂਗ ਹੀ ਰਵਾਂ। -ਸੰਪਾਦਕ***

ਮੈਂ ਉਸ ਬਾਰੇ ਕਦੇ ਕੁਝ ਨਹੀਂ ਲਿਖਿਆ। ਮੇਰੀ ਕਵਿਤਾ ਵਿਚ ਮਾਂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ ਪਰ ਬਾਪ ਗ਼ੈਰ-ਹਾਜ਼ਰ ਹੈ। ਇਹ ਮੇਰੀ ਕਵਿਤਾ ਜਾਣਦੀ ਹੈ, ਉਸ ਦਾ ਭਾਸ਼ਾਈ ਅਵਚੇਤਨ ਜਾਂ ਕੋਈ ਆਲੋਚਕ ਦੱਸ ਸਕਦਾ ਹੈ ਕਿ ਅਜਿਹਾ ਕਿਉਂ ਹੁੰਦਾ ਹੈ ਪਰ ਮੇਰੀ ਕਿਸੇ ਕਵਿਤਾ ਵਿਚ ਉਸ ਦਾ ਚਿਹਰਾ ਢਲ ਨਹੀਂ ਸਕਿਆ। ਬਹੁਤੇ ਕਵੀ ਐਸੇ ਨੇ ਜੋ ਕਵਿਤਾ 'ਚ ਮਾਂ ਦੇ ਗਲ ਲੱਗਦੇ ਰਹੇ ਅਤੇ ਬਾਪ ਤੋਂ ਭੱਜਦੇ ਰਹੇ। ਕਵਿਤਾ ਤੇ ਬਾਪ ਦਾ ਰਿਸ਼ਤਾ ਹੀ ਸ਼ਾਇਦ ਐਸਾ ਹੈ।

**ਨੀਤੂ ਅਰੋੜਾ**
ਫੋਨ: 91-94630-46219

ਪਰ ਬਾਪ ਬੰਦੇ ਅੰਦਰ ਗੈਰਹਾਜ਼ਰ ਨਹੀਂ ਹੁੰਦਾ। ਅੱਜ ਜਦੋਂ ਉਸ ਬਾਰੇ ਲਿਖਣ ਬੈਠੀ ਹਾਂ ਤਾਂ ਮੇਰੇ ਮਨ ਵਿਚ ਕਈ ਸੁਆਲ ਹਨ। ਮੈਂ ਕਿਉਂ ਲਿਖ ਰਹੀ ਹਾਂ? ਕਿਸ ਲਈ ਲਿਖ ਰਹੀ ਹਾਂ? ਕਦੇ ਲੱਗਦੈ ਮੈਂ ਆਪਣੇ ਬਾਪ ਲਈ ਲਿਖ ਰਹੀ ਹਾਂ, ਉਸ ਨੂੰ ਜਾਨਣ ਲਈ। ਫਿਰ ਲੱਗਦਾ ਮੈਂ ਅਸਲ ਵਿਚ ਉਸ ਰਾਹੀਂ ਆਪਣੇ ਆਪ ਨੂੰ ਜਾਨਣ ਲਈ ਲਿਖ ਰਹੀਂ ਹਾਂ। ਮੇਰੇ ਅੰਦਰ ਮੇਰੀ ਮਾਂ ਵਾਂਗੂ ਬਾਪ ਵੀ ਬੈਠਾ ਹੋਣਾ। ਕਦੇ ਲੱਗਦਾ ਮੈਂ ਸਾਰੇ ਪਿਉਆਂ ਨੂੰ ਜਾਨਣਾ ਚਾਹੁੰਦੀ ਹਾਂ ਤੇ ਸ਼ਾਇਦ ਸਾਰੀਆਂ ਧੀਆਂ ਨੂੰ। ਹੋ ਸਕਦੈ ਉਸ ਰਾਹੀਂ ਮੈਂ ਸਾਰੀ ਦੁਨੀਆਂ ਦਾ ਚਿਹਰਾ ਦੇਖ ਸਕਾਂ...ਪਿਉ ਹਰ ਬੰਦੇ ਅੰਦਰ ਬੈਠਾ ਹੁੰਦਾ, ਕਿਸੇ ਵਿਚ ਥੋੜਾ ਅਤੇ ਕਿਸੇ ਵਿਚ ਬਹੁਤਾ।

ਮੈਂ ਉਸ ਨੂੰ ਯਾਦ ਕਰਦੀ ਹਾਂ ਤਾਂ ਮੇਰੇ ਦਿਮਾਗ ਵਿਚ ਜੋ ਪਹਿਲਾ ਬਿੰਬ ਬਣਦਾ ਹੈ, ਉਸ ਵਿਚ ਉਸ ਨੇ ਘੋੜਿਆਂ ਦੀਆਂ ਤਸਵੀਰਾਂ ਵਾਲੀ ਬਨੈਣ ਪਾਈ ਹੋਈ ਹੈ। ਇਸ ਬਿੰਬ ਵਿਚ ਉਸ ਦਾ ਚਿਹਰਾ ਨਹੀਂ ਹੈ। ਸਿਰਫ਼ ਧੜ ਹੈ, ਬਨੈਣ ਤੇ ਵਾਹੇ ਘੋੜਿਆਂ ਨਾਲ ਢਕਿਆ ਹੋਇਆ। ਉਮਰ ਦੇ ਇਕੱਤੀਵੇਂ ਵਰ੍ਹੇ ਵਿਚ ਖਲੋਤੀ ਮੈਂ ਜਦੋਂ ਆਪਣੀ ਉਮਰ ਦੇ ਤੀਜੇ ਵਰ੍ਹੇ ਦੀ ਕਿਸੇ ਯਾਦ ਵੱਲ ਪਰਤਦੀ ਹਾਂ ਤਾਂ ਸ਼ਾਇਦ ਇਹ ਇਕੋ-ਇਕ ਇਮੇਜ਼ ਹੈ। ਪਤਾ ਨਹੀਂ ਇਹ ਮੈਂ ਮਾਂ ਦੀਆਂ ਗੱਲਾਂ ਸੁਣ ਕੇ ਉਮਰ ਦੇ ਅਗਲੇ ਵਰ੍ਹਿਆਂ ਵਿਚ ਬਣਾਈ ਹੈ ਜਾਂ ਫਿਰ ਸੱਚਮੁੱਚ ਦੇਖੀ ਹੈ। ਪਰ ਅੱਜ ਵੀ ਅੱਖਾਂ ਬੰਦ ਕਰਦੀ ਹਾਂ ਤਾਂ ਆਪਣੇ ਪਿਤਾ ਦਾ ਧੜ ਤੇ ਉਹ ਬਨੈਣ ਮੈਂ ਦੇਖ ਸਕਦੀ ਹਾਂ।

ਦਰਅਸਲ ਮਾਂ ਦੇ ਦੱਸਣ ਅਨੁਸਾਰ ਉਹ ਬਨੈਣ ਮੈਨੂੰ ਡਰਾਉਣ ਲਈ ਖਰੀਦੀ ਗਈ ਸੀ। ਮੈਂ ਉਮਰ ਦੇ ਤਿੰਨ ਵਰ੍ਹਿਆਂ ਤੱਕ ਮਾਂ ਦੇ ਦੁੱਧ ਤੋਂ ਬਿਨਾਂ ਹੋਰ ਕੁਝ ਨਹੀਂ ਸਾਂ ਖਾਂਦੀ-ਪੀਂਦੀ। ਮੇਰੇ ਮੂੰਹ ਵਿਚ ਜੋ ਵੀ ਪਾਇਆ ਜਾਂਦਾ ਮੈਂ ਥੁੱਕ ਦਿੰਦੀ। ਮਾਂ ਆਪਣੀਆਂ ਛਾਤੀਆਂ 'ਤੇ ਕਦੇ ਮਿਰਚਾਂ ਲਾਉਂਦੀ, ਕਦੇ ਕੌੜਤੁੰਮੇ। ਮੈਂ ਕੁਝ ਨਾ ਛਡਦੀ। ਉਹ ਸੁੱਕ ਕੇ ਤੀਲਾ ਹੋ ਰਹੀ ਸੀ ਤੇ ਮੈਂ ਫੈਲ ਕੇ ਕੁੱਪਾ। ਫਿਰ ਇਕ ਦਿਨ ਬਾਜ਼ਾਰ 'ਚੋਂ ਉਹ ਘੋੜਿਆਂ ਵਾਲੀ ਬਨੈਣ ਲਿਆਂਦੀ ਗਈ। ਮੈਂ ਉਨ੍ਹਾਂ ਤੋਂ ਡਰਨ ਲੱਗੀ ਤੇ ਮਾਂ ਨੂੰ ਸੁੱਖ ਦਾ ਸਾਹ ਆਇਆ।

ਉਦੋਂ ਤੋਂ ਘੋੜਿਆਂ ਨਾਲ ਮੇਰਾ ਅਜੀਬ ਰਿਸ਼ਤਾ ਹੈ। ਜਦੋਂ ਵੀ ਕਦੇ ਘਰ ਲਈ ਕੋਈ ਸੀਨਰੀ ਖਰੀਦਣ ਜਾਂਦੀ ਹਾਂ ਤਾਂ ਘੋੜਿਆਂ 'ਤੇ ਹੀ ਜਾ ਠਹਿਰਦੀ ਹਾਂ। ਪਤਾ ਨਹੀਂ ਮੈਂ ਘੋੜਿਆਂ ਨੂੰ ਪਿਆਰ ਕਰਦੀ ਹਾਂ ਜਾਂ ਨਫ਼ਰਤ। ਮੇਰੇ ਮਨ ਵਿਚ ਪਿਆ ਵਿਰੋਧ ਮੈਨੂੰ ਘੋੜਿਆਂ ਵੱਲ ਲੈ ਜਾਂਦਾ ਹੈ ਜਾਂ ਕੁਝ ਹੋਰ ਹੈ। ਇਕ ਵਾਰ ਕਾਲਜ ਤੋਂ ਘਰ ਆ ਰਹੀ ਸਾਂ। ਬੱਸ ਵਿਚ ਬੈਠਿਆਂ ਮੇਰੀ ਨਿਗਾਹ ਇਕ ਸੀਨਰੀ 'ਤੇ ਪਈ। ਸਰਪਟ ਦੌੜਦਾ ਘੋੜਾ ਤੇ ਇਕ ਲੜਕੀ ਦਾ ਚਿਹਰਾ। ਬੱਸ ਅੱਗੇ ਚਲੀ ਗਈ ਪਰ ਮੈਂ ਉਸ ਸੀਨਰੀ ਕੋਲ ਹੀ ਰਹਿ ਗਈ। ਅਗਲੇ ਦਿਨ ਮੈਂ ਉਥੇ ਆ ਕੇ ਬੱਸ ਵਿਚੋਂ ਉਤਰ ਗਈ। ਉਸ ਦੁਕਾਨ 'ਤੇ ਗਈ। ਉਹ ਸੀਨਰੀ ਮੰਗੀ। ਦੁਕਾਨਦਾਰ ਹੱਸਣ ਲੱਗਾ, "ਮੈਡਮ ਇਹ ਤਾਂ ਟੁੱਟੀ ਹੋਈ ਹੈ, ਕਬਾੜ, ਕੁਝ ਹੋਰ ਦੇਖ ਲਵੋ।" ਮੈਂ ਜਿਦ ਕੀਤੀ ਕਿ ਮੈਨੂੰ ਉਹੀ ਚਾਹੀਦੀ ਹੈ। ਉਸ ਨੇ ਉਹ ਠੀਕ ਕਰਕੇ ਮੈਨੂੰ ਵੇਚ ਦਿੱਤੀ। ਉਸ ਸੀਨਰੀ ਵਿਚ ਲੜਕੀ ਦੀਆਂ ਅੱਖਾਂ ਵਿਚਲਾ ਗੁੱਸਾ ਘੋੜੇ ਦੀ ਚਾਲ ਨਾਲ ਟਕਰਾਉਂਦਾ ਲੱਗਦਾ। ਇਹ ਘੋੜਾ ਮੈਨੂੰ ਮੇਰਾ ਬਾਪ ਲੱਗਦਾ ਅਤੇ ਇਸ ਸੀਨਰੀ ਵਿਚਲੀ ਕੁੜੀ ਦੀਆਂ ਅੱਖਾਂ ਮੇਰੀਆਂ ਅੱਖਾਂ।

ਪਤਾ ਨਹੀਂ ਇਹ ਗੁੱਸਾ ਮੇਰੀਆਂ ਅੱਖਾਂ ਵਿਚ ਕਿੱਥੋਂ ਆ ਗਿਆ। ਮੇਰੇ ਪਾਪਾ ਮੈਨੂੰ ਕਦੇ 'ਪੀਚਕ' ਆਖ ਕੇ ਬੁਲਾਉਂਦੇ ਤੇ ਕਦੇ ਪੁਲਿਸ। ਪੀਚਕ ਦੇ ਅਰਥ ਕੀ ਹੁੰਦੇ ਹੋਣਗੇ ਮੈਂ ਆਪਣੇ ਕੋਲੋਂ ਹੀ ਸਮਝਣ ਦੀ ਕੋਸ਼ਿਸ਼ ਕਰਦੀ ਹਾਂ। ਕੋਈ ਬਿਲਕੁਲ ਛੋਟੀ ਜਿਹੀ ਪੀਚੀ ਜਿਹੀ ਚੀਜ਼। ਮੈਂ ਹੈਰਾਨ ਹੁੰਦੀ ਹਾਂ, ਉਨ੍ਹਾਂ ਨੇ ਮੇਰੇ ਇਹ ਦੋ ਨਾਂ ਕਿਉਂ ਰੱਖੇ ਜੋ ਇਕ ਦੂਜੇ ਦੇ ਐਨ ਵਿਰੋਧੀ ਹਨ।

ਮੈਂ ਹੁਣ ਜਦੋਂ ਆਪਣੇ ਆਪ ਵੱਲ ਦੇਖਦੀ ਹਾਂ ਤਾਂ ਮੇਰੀ ਸ਼ਖਸੀਅਤ ਵਿਚ ਇਨ੍ਹਾਂ ਦੋਹਾਂ ਵਿਰੋਧਾਂ ਦਾ ਸਿਖ਼ਰ ਹੈ। ਮੇਰੇ ਵਿਦਿਆਰਥੀ ਮੈਨੂੰ ਠਾਣੇਦਾਰ ਆਖਦੇ ਨੇ ਅਤੇ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਮੈਂ ਉਨ੍ਹਾਂ ਨੂੰ ਕੁਝ ਕਹਿਣ ਪਿਛੋਂ ਖ਼ੁਦ ਰੋ ਵੀ ਪੈਂਦੀ ਹਾਂ। ਪਰ ਇਸ ਨਾਲ ਮੇਰਾ ਵਿਹਾਰ ਨਹੀਂ ਬਦਲਦਾ। ਨਾ ਮੇਰਾ ਕ੍ਰੋਧ ਘੱਟਦਾ ਹੈ, ਨਾ ਹੀ ਸੰਵੇਦਨਾ।

ਮੈਂ ਬਚਪਨ ਤੋਂ ਹੀ ਕ੍ਰੋਧ ਨੂੰ ਨਫ਼ਰਤ ਕੀਤੀ ਹੈ। ਦਰਅਸਲ ਮੈਂ ਆਪਣੇ ਬਚਪਨ ਦੌਰਾਨ ਕ੍ਰੋਧ ਦੇ ਕਈ ਮਾਡਲ ਆਪਣੇ ਬਾਪ ਦੀਆਂ ਅੱਖਾਂ ਵਿਚ ਦੇਖੇ। ਉਸ ਦੇ ਘਰ ਆਉਣ ਤੋਂ ਪਹਿਲਾਂ ਮੈਂ ਆਪਣਾ ਮੂੰਹ ਰਜਾਈ ਵਿਚ ਦੇ ਕੇ ਸੌਣ ਲੱਗ ਪਈ ਸਾਂ। ਮੈਂ ਆਪਣੀਆਂ ਅੱਖਾਂ ਨੂੰ ਉਸ ਦੀਆਂ ਅੱਖਾਂ ਵਿਚ ਦੇਖਣ ਦੀ ਇਜਾਜ਼ਤ ਬਹੁਤ ਘੱਟ ਦਿੱਤੀ। ਮੇਰੀਆਂ ਬਾਲ ਅੱਖਾਂ ਨੂੰ ਉਨ੍ਹਾਂ ਤੋਂ ਡਰ ਲੱਗਦਾ ਸੀ। ਪਰ ਇਹ ਕ੍ਰੋਧ ਸਾਰੀਆਂ ਰਜਾਈਆਂ ਨੂੰ ਚੀਰਦਾ ਹੋਇਆ ਮੇਰੀਆਂ ਬੰਦ ਅੱਖਾਂ ਵਿਚ ਪਹੁੰਚ ਗਿਆ ਤੇ ਮੈਨੂੰ ਬਾਪ ਵਰਗੀ ਕਰ ਗਿਆ। ਮੇਰੇ ਬਾਪ ਦੀਆਂ ਅੱਖਾਂ ਵਿਚ ਵੀ ਇਹ ਇਸੇ ਤਰ੍ਹਾਂ ਆਇਆ ਹੋਣਾ। ਇਕ ਵਾਰ ਨਿੱਕੇ ਹੁੰਦਿਆਂ ਮੇਰੇ ਬਾਪ ਤੋਂ ਇਕ ਪੈਨ ਗੁਆਚ ਗਿਆ ਸੀ। ਇਹ ਪਤਾ ਲੱਗਣ ਉਤੇ ਮੇਰੇ ਦਾਦੇ ਨੇ ਉਸ ਨੂੰ ਇਕ ਮੇਖਾਂ ਵਾਲੀ ਫੱਟੀ ਨਾਲ ਕੁੱਟਿਆ। ਮੇਰੇ ਬਾਪ ਦੀ ਪਿੱਠ 'ਤੇ ਅਜੇ ਵੀ ਉਸ ਮੇਖ ਦਾ ਨਿਸ਼ਾਨ ਹੈ। ਮੈਂ ਸੋਚਦੀ ਹਾਂ ਮੇਰਾ ਬਾਪ ਵੀ ਕ੍ਰੋਧ ਨੂੰ ਮੇਰੇ ਵਾਂਗੂ ਹੀ ਨਫ਼ਰਤ ਕਰਦਾ ਹੋਣਾ। ਪਰ ਜਦੋਂ ਉਹ ਨਿੱਕੇ ਬੱਚੇ ਤੋਂ ਬਾਪ ਬਣਿਆ ਤਾਂ ਉਸ ਦਾ ਬਾਪ ਉਸ ਵਿਚ ਪ੍ਰਵੇਸ਼ ਕਰ ਗਿਆ। ਮੈਂ ਜਦੋਂ ਚੌਥੀ ਜਮਾਤ ਵਿਚ ਪੜ੍ਹਦੀ ਸਾਂ ਤਾਂ ਇਕ ਦਿਨ ਮੈਥੋਂ ਆਪਣੇ ਜਮਾਤੀ ਮੁੰਡੇ ਦਾ ਪੈਨ ਗੁਆਚ ਗਿਆ। ਉਸ ਪੈਨ ਦੀ ਕੀਮਤ ਚਾਰ ਰੁਪਏ ਸੀ। ਮੈਂ ਆਪਣੇ ਘਰੋਂ ਚਾਰ ਰੁਪਏ ਚੋਰੀ ਕਰਕੇ ਉਸ ਨੂੰ ਦੇ ਦਿੱਤੇ ਕਿ ਉਹ ਨਵਾਂ ਪੈਨ ਖਰੀਦ ਲਵੇ। ਉਸ ਨੇ ਉਹ ਰੁਪਏ ਫ਼ੜ ਲਏ। ਪਰੰਤੂ ਉਹ ਸ਼ਾਮ ਨੂੰ ਸਾਡੇ ਘਰ ਉਹ ਰੁਪਏ ਵਾਪਸ ਕਰਨ ਆ ਗਿਆ ਤੇ ਕਹਿਣ ਲੱਗਾ ਕਿ ਉਸ ਦੇ ਡੈਡੀ ਨੇ ਉਸ ਨੂੰ ਇਹ ਰੁਪਏ ਵਾਪਸ ਕਰਨ ਲਈ ਕਿਹਾ ਹੈ। ਉਸ ਵਕਤ ਮੇਰੇ ਪਾਪਾ ਘਰ ਸਨ। ਉਹ ਤਾਂ ਪੈਸੇ ਦੇ ਕੇ ਚਲਾ ਗਿਆ ਪਰ ਮੇਰੀ ਸ਼ਾਮਤ ਆ ਗਈ। ਜਦੋਂ ਪਤਾ ਲੱਗਾ ਕਿ ਮੈਂ ਇਹ ਪੈਸੇ ਚੋਰੀ ਕੀਤੇ ਸੀ ਤਾਂ ਮੈਥੋਂ ਨੱਕ ਨਾਲ ਲਕੀਰਾਂ ਕਢਾਈਆਂ ਗਈਆਂ। ਇਸ ਘਟਨਾ ਵਿਚ ਮੇਰਾ ਭਰਾ ਖ਼ਾਹਮਖਾਹ ਫ਼ਸ ਗਿਆ ਕਿ ਉਸ ਨੂੰ ਪਤਾ ਹੋਣ ਦੇ ਬਾਵਜੂਦ ਉਸ ਨੇ ਘਰ ਕਿਉਂ ਨਾ ਦੱਸਿਆ। ਉਸ ਨੂੰ ਵੀ ਮੇਰੇ ਵਾਲੀ ਹੀ ਸਜ਼ਾ ਮਿਲੀ।

ਜਦੋਂ ਵੀ ਮੈਨੂੰ ਇਹ ਘਟਨਾ ਯਾਦ ਆਉਂਦੀ ਹੈ ਤਾਂ ਮਿੱਟੀ 'ਤੇ ਪਈਆਂ ਲਕੀਰਾਂ ਦੇ ਨਾਲ ਨਾਲ ਬਾਪ ਦੀ ਪਿੱਠ 'ਤੇ ਪਿਆ ਮੇਖ ਦਾ ਨਿਸ਼ਾਨ ਵੀ ਦਿਖਣ ਲੱਗਦਾ ਹੈ। ਮੇਰੀਆਂ ਅੱਖਾਂ ਵਿਚ ਕ੍ਰੋਧ ਦੀ ਜੁਆਲਾ ਜਗਣ ਲੱਗਦੀ ਹੈ। ਇਸੇ ਲਈ ਮਾਂ ਅਕਸਰ ਮੇਰੇ ਬਾਰੇ ਆਖਦੀ ਹੈ, "ਜਮਾਂ ਆਵਦੇ ਪਿਉ ਵਰਗੀ ਹੈ...।"

ਮੈਨੂੰ ਕਦੇ ਕਦੇ ਲਗਦਾ ਮਾਂ ਮੇਰੇ ਪਿਉ ਵਰਗੀ ਹੋਣ ਉਤੇ ਖੁਸ਼ ਹੁੰਦੀ ਹੈ, ਕਦੇ ਲੱਗਦਾ ਉਹ ਇਸ ਗੱਲੋਂ ਦੁਖੀ ਹੈ। ਮਾਂ ਨੂੰ ਮੇਰੇ ਪਿਉ ਨੇ ਵੀ ਉਵੇਂ ਹੀ ਸਤਾਇਆ ਜਿਵੇਂ ਪਿਉ ਮਾਂਵਾਂ ਨੂੰ ਸਤਾਉਂਦੇ ਨੇ। ਮਾਂ ਸ਼ਾਇਦ ਹਮੇਸ਼ਾਂ ਪਿਉ ਵਰਗੀ ਬਣਨਾ ਚਾਹੁੰਦੀ ਹੋਵੇ ਪਰ ਬਣ ਨਹੀਂ ਸਕੀ। ਮੇਰੇ ਵਿਚ ਮੇਰੇ ਪਿਉ ਵਾਲੇ ਤੇਵਰ ਦੇਖ ਕਦੇ ਮਾਂ ਖੁਸ਼ ਹੁੰਦੀ ਹੈ, ਕਦੇ ਔਖੀ ਹੁੰਦੀ ਹੈ। ਉਹ ਔਖੀ ਹੁੰਦੀ ਹੈ ਕਿਉਂਕਿ ਮੈਂ ਆਪਣੇ ਬਾਪ ਨੂੰ ਸਭ ਤੋਂ ਵੱਧ ਤੋੜਿਆ। ਪਤਾ ਨਹੀਂ ਉਸ ਤੋਂ ਡਰਦੀਆਂ ਅੱਖਾਂ ਉਸ ਨਾਲ ਲੜਨ ਕਿਵੇਂ ਲੱਗ ਪਈਆਂ। ਮੇਰਾ ਪਿਉ ਮੈਨੂੰ ਦਸਵੀਂ ਤੋਂ ਬਾਅਦ ਪੜ੍ਹਾਉਣਾ ਨਹੀਂ ਸੀ ਚਾਹੁੰਦਾ। ਮਾਂ ਹਮੇਸ਼ਾਂ ਮੈਨੂੰ ਜ਼ਿਦ ਛੱਡਣ ਲਈ ਆਖਦੀ, ਵਾਰ ਵਾਰ ਆਖਦੀ। ਉਦੋਂ ਮੈਨੂੰ ਮਾਂ ਉਤੇ ਬਹੁਤ ਗੁੱਸਾ ਆਉਂਦਾ। ਉਹ ਮੈਨੂੰ ਆਪਣੇ ਬਾਪ ਨਾਲੋਂ ਵੀ ਭੈੜੀ ਲੱਗਦੀ। ਹੁਣ ਮੈਨੂੰ ਲੱਗਦੈ ਉਹ ਮੈਨੂੰ ਉਕਸਾਉਂਦੀ ਸੀ, ਲੜਨ ਲਈ। ਇਕ ਵਾਰ ਕਹਿਣ ਲੱਗੀ, "ਤੂੰ ਉਤੋਂ ਦੀ ਹੋ ਕੇ ਕਿਵੇਂ ਪੜ੍ਹ ਲਵੇਂਗੀ!" ਮੈਂ ਕਿਹਾ, "ਲੋੜ ਪਈ ਤਾਂ ਵਿਚਾਲੇ ਦੀ ਨਿਕਲ ਕੇ ਵੀ ਪੜ੍ਹ ਲਵਾਂਗੀ।" ਸੁਣ ਕੇ ਉਹ ਹੱਸ ਪਈ ਸੀ। ਉਸ ਦਾ ਹੱਸਦਾ ਚਿਹਰਾ ਮੈਨੂੰ ਬਹੁਤ ਖੂਬਸੂਰਤ ਲੱਗਿਆ ਸੀ। ਹੁਣ ਲੱਗਦੈ ਜਿਵੇਂ ਉਹ ਇਹੀ ਜੁਆਬ ਸੁਣਨਾ ਚਾਹੁੰਦੀ ਸੀ।

ਜਿੱਥੋਂ ਤੱਕ ਮਾਂ ਦੀਆਂ ਚਾਹਤਾਂ ਦਾ ਸੁਆਲ ਹੈ, ਉਹ ਨਾ ਉਸ ਦੇ ਬਾਪ ਨੇ ਪੂਰ ਚੜ੍ਹਨ ਦਿੱਤੀਆਂ, ਨਾ ਮੇਰੇ ਬਾਪ ਨੇ। ਪਰ ਮੈਂ ਹਰ ਪੱਧਰ 'ਤੇ ਅੜਦੀ ਰਹੀ ਤੇ ਬਾਪ ਦੇ ਬਾਪ ਦੀ ਪਰਵਾਹ ਵੀ ਨਾ ਕੀਤੀ। ਹੁਣ ਜਦੋਂ ਮੇਰਾ ਬਾਪ ਬੁੱਢਾ ਹੋ ਰਿਹੈ, ਉਸ ਦੀਆਂ ਅੱਖਾਂ ਸ਼ਾਂਤ ਹੋਣ ਲੱਗੀਆਂ ਨੇ। ਉਸ ਅੰਦਰਲਾ ਬਾਪ ਮਰਿਆ ਨਹੀਂ, ਫੈਲਾ ਜ਼ਰੂਰ ਪੈ ਗਿਆ। ਮੈਂ ਸੋਚਦੀ ਸਾਂ ਸ਼ਾਂਤ ਅੱਖਾਂ ਵਾਲੇ ਬਾਪ ਨੂੰ ਮਿਲਣ ਵਿਚ ਕਿੰਨਾ ਸਕੂਨ ਹੋਵੇਗਾ, ਪਰ ਇੰਜ ਹੋਇਆ ਨਹੀਂ। ਪਹਿਲਾਂ ਮੈਂ ਉਸ ਤੋਂ ਅੱਖਾਂ ਬਚਾਉਂਦੀ ਸਾਂ, ਹੁਣ ਉਹ ਚੁਰਾਉਂਦੈ। ਸਾਡੇ ਦੋਹਾਂ ਦਰਮਿਆਨ ਬਾਪ ਹਮੇਸ਼ਾਂ ਹਾਜ਼ਰ ਰਹਿੰਦੈ। ਮੈਂ ਮਾਂ ਤਾਂ ਨਹੀਂ ਬਣ ਸਕੀ, ਬਾਪ ਜ਼ਰੂਰ ਹੋ ਗਈ ਹਾਂ। ਦੋਹਾਂ ਵਿਚੋਂ ਕੋਈ ਇਕ ਤਾਂ ਬੰਦੇ ਨੇ ਹੋਣਾ ਹੀ ਹੁੰਦੈ।

# ਇਹ ਨਾ ਸਮਝੀਂ ਕਿ ਸੜਦਾ ਕੋਈ ਹੋਰ ਹੈ

ਟੋਰਾਂਟੋ ਖੇਤਰ ਦਾ ਬਰੈਂਪਟਨ ਸ਼ਹਿਰ। ਇਸ ਸ਼ਹਿਰ ਵਿਚ ਪੰਜਾਬੀਆਂ ਦੀ ਵਸੋਂ ਸਭ ਤੋਂ ਵੱਧ ਹੈ। ਤਿੰਨ ਚਾਰ ਸਿੱਖ ਐਮ.ਪੀ. ਤੇ ਐਮ.ਪੀ.ਪੀ. ਇਸ ਇਲਾਕੇ ਵਿਚੋਂ ਕੈਨੇਡਾ ਤੇ ਓਂਟਾਰੀਓ ਦੀ ਪਾਰਲੀਮੈਂਟ ਲਈ ਚੁਣੇ ਜਾਂਦੇ ਹਨ। ਦੋ ਦਰਜਨ ਦੇ ਕਰੀਬ ਪੰਜਾਬੀ ਅਖ਼ਬਾਰ/ਰਸਾਲੇ ਤੇ ਤਿੰਨ ਦਰਜਨ ਤੋਂ ਵੱਧ ਪੰਜਾਬੀ ਰੇਡੀਓ/ਟੀ. ਵੀ. ਚਲਦੇ ਨੇ ਇਥੇ। ਗੁਰਦਵਾਰੇ ਵੀ ਦਰਜਨਾਂ ਵਿਚ ਹਨ ਇਹ ਮਿੰਨੀ ਪੰਜਾਬ ਹੀ ਜਾਪਦੈ। ਪੰਜਾਬ ਦੀ ਨਿੱਕੀ ਵੱਡੀ ਖ਼ਬਰ ਇਥੇ ਛੱਜ ਵਾਂਗ ਛੱਟੀ ਜਾਂਦੀ ਹੈ ਪਰ ਆਪਣੇ ਸ਼ਹਿਰ ਦੀਆਂ ਉਹੋ ਜਿਹੀਆਂ ਖ਼ਬਰਾਂ ਦੀ ਓਨੀ ਪੁਣ-ਛਾਣ



**ਪ੍ਰਿੰ. ਸਰਵਣ ਸਿੰਘ**

ਨਹੀਂ ਹੁੰਦੀ।

ਕੈਨੇਡਾ ਵਾਸੀਆਂ ਦੇ ਨਾਲ ਪੱਛਮੀ ਦੇਸ਼ਾਂ ਦੇ ਸਾਰੇ ਹੀ ਪੰਜਾਬੀ ਪਰਵਾਸੀਆਂ ਨੂੰ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰਦੇ ਰਹਿਣਾ ਚਾਹੀਦੈ। ਉਹ ਜਿਥੇ ਵੱਸ ਰਹੇ ਹਨ, ਜਿਥੇ ਉਨ੍ਹਾਂ ਦੇ ਬੱਚੇ ਪਲ ਤੇ ਪੜ੍ਹ ਰਹੇ ਹਨ, ਜੁਆਨ ਹੋ ਰਹੇ ਹਨ, ਉਨ੍ਹਾਂ ਨੂੰ ਉਧਰ ਵੀ ਧਿਆਨ ਦੇਣਾ ਚਾਹੀਦੈ।

ਮੈਂ ਇਕ ਐਸੀ ਘਟਨਾ ਤੁਹਾਡੇ ਧਿਆਨ ਵਿਚ ਲਿਆ ਰਿਹਾਂ ਜੋ ਨਮੂਨੇ ਮਾਤਰ ਹੈ। ਜਾਪਦੈ ਇਹੋ ਜਿਹੀਆਂ ਘਟਨਾਵਾਂ ਹੋਰਨੀਂ ਥਾਂਈਂ ਵੀ ਹੁੰਦੀਆਂ ਹੋਣਗੀਆਂ ਪਰ ਇਧਰ ਸਾਡੇ ਲੋਕਾਂ ਨੇ ਅੱਖਾਂ ਮੀਟੀਆਂ ਹੋਈਆਂ ਹਨ। 6 ਮਈ ਦਾ ਦਿਨ ਸੀ ਤੇ ਸਮਾਂ ਸੀ ਬਾਅਦ ਦੁਪਹਿਰ 1-30 ਦਾ। ਧੁੱਪ ਖਿੜੀ ਹੋਈ ਸੀ, ਮੌਸਮ ਸੁਖਾਵਾਂ ਸੀ। ਮੈਂ ਇਕੱਲਾ ਘਰੇ ਲਿਖਣ ਪੜ੍ਹਨ 'ਚ ਮਗਨ ਸਾਂ। ਸਾਡਾ ਘਰ ਬਰੈਂਪਟਨ ਦੇ ਚੜ੍ਹਦੇ ਪਾਸੇ ਹੈ ਜਿਸ ਦੇ ਪਿਛਵਾੜੇ ਟ੍ਰੇਲ ਹੈ। ਉਸ ਟ੍ਰੇਲ ਉਤੇ ਸਵੇਰੇ ਸ਼ਾਮ ਕਾਫੀ ਸੈਲਾਨੀ ਸੈਰ ਕਰਦੇ ਹਨ ਪਰ ਦਿਨ ਵੇਲੇ ਟਾਵੇਂ ਟਾਵੇਂ ਲੰਘਦੇ ਹਨ। ਨੇੜੇ ਤੇੜੇ ਦੋ ਤਿੰਨ ਸਕੂਲ ਹਨ ਜਿਸ ਕਰਕੇ ਵਿਦਿਆਰਥੀਆਂ ਦੀ ਆਵਾਜਾਈ ਰਹਿੰਦੀ ਹੈ। ਇਹ ਮੈਂ ਇਸ ਕਰਕੇ ਦੱਸ ਰਿਹਾਂ ਕਿ ਇਹ ਕੋਈ ਸੁੰਨ ਸਰਾਂ ਥਾਂ ਨਹੀਂ। ਇਸ ਜਗ੍ਹਾ ਚਿੱਟੇ ਦਿਨ ਬਲਾਤਕਾਰ ਵਰਗਾ ਜੁਰਮ ਹੋਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਪਰ ਜੋ ਕੁਝ ਮੈਂ ਵੇਖਿਆ ਇੰਜ ਲੱਗਾ ਜਿਵੇਂ ਜੰਗਲ ਦਾ ਰਾਜ ਹੋਵੇ।

ਮੈਂ ਜਦੋਂ ਕੰਪਿਊਟਰ ਉਤੇ ਲਿਖਦਾ-ਪੜ੍ਹਦਾ ਹਾਂ ਤਾਂ ਕਦੇ ਕਦੇ ਵਿਚੋਂ ਉਠ ਕੇ ਕਿਚਨ ਦੇ ਬਾਹਰਲੇ ਬਾਰ ਵਿਚੋਂ ਘਰ ਦੇ ਪਿਛਵਾੜੇ ਝਾਤੀ ਮਾਰ ਲੈਂਦਾ ਹਾਂ। ਝਾਤੀ ਮਾਰ ਕੇ ਸਕੂਨ ਮਿਲਦੈ। ਪਿਛਵਾੜੇ ਘਾਹ ਦਾ ਪਲਾਟ ਹੈ, ਟ੍ਰੇਲ ਹੈ, ਰੁੱਖ ਹਨ, ਨਾਲਾ ਹੈ, ਭੂਸਲੀਆਂ ਝਾੜੀਆਂ ਹਨ ਤੇ ਪੁੰਗਰ ਰਹੀ ਹਰਿਆਵਲ ਹੈ। ਇਹਨੀਂ ਦਿਨੀਂ ਵੇਸ ਵਟਾ ਰਹੀ ਪ੍ਰਕਿਰਤੀ ਨਜ਼ਰਾਂ ਨੂੰ ਤਾਜ਼ਗੀ ਬਖਸ਼ਣ ਲੱਗੀ ਹੈ। ਕਿਤੇ ਕਿਤੇ ਫੁੱਲ ਵੀ ਖਿੜਣ ਲੱਗੇ ਹਨ।

ਉਸ ਦਿਨ ਮੈਂ ਕੰਪਿਊਟਰ ਅੱਗੋਂ ਉਠਿਆ ਤੇ ਬਾਹਰ ਵੇਖਣ ਲੱਗਾ। ਨੇੜੇ ਹੀ ਅਜਬ ਨਜ਼ਾਰਾ ਵੇਖਿਆ। ਦੋ ਟੀਨਏਜ਼ਰ-ਇਕ ਮੁੰਡਾ ਤੇ ਇਕ ਕੁੜੀ ਟ੍ਰੇਲ ਉਤੇ ਉਲਝੇ ਪਏ ਸਨ। ਕੁੜੀ ਦੇ ਲੰਮੇ ਖੁੱਲ੍ਹੇ ਵਾਲ ਸਨ ਤੇ ਮੁੰਡੇ ਦੇ ਬੂਦਾਂ ਜਿਹੀਆਂ ਸਨ। ਕਪੜੇ ਲੰਡੇ ਤੇ ਘੁੱਟਵੇਂ। ਜਿਥੇ ਮੈਂ ਖੜ੍ਹਾ ਸਾਂ ਉਥੋਂ ਇਹ ਨਜ਼ਾਰਾ ਕੇਵਲ ਸੱਤਰ ਅੱਸੀ ਫੁੱਟ ਦੂਰ ਸੀ। ਮੈਂ ਬਾਰ ਦਾ ਜਾਲੀ ਵਾਲਾ ਦਰ ਵੀ ਪਾਸੇ ਹਟਾ ਲਿਆ ਤਾਂ ਕਿ ਸਾਹਮਣੇ ਖੜ੍ਹਾ ਦਿਸ ਸਕਾਂ ਤੇ ਉਹ ਸੰਭਲ ਜਾਣ। ਉਹ ਅੱਧੇ ਕੁ ਸੜਕ ਉਤੇ ਤੇ ਅੱਧੇ ਕੁ ਘਾਹ ਉਤੇ ਲਿਟੇ ਘੁਲ ਰਹੇ ਸਨ। ਕਦੇ ਇਕ ਹੇਠਾਂ ਕਦੇ ਦੂਜਾ। ਪਹਿਲੀ ਨਜ਼ਰੇ ਮੈਨੂੰ ਲੱਗਾ ਕਿ ਇਹ ਸਕੂਲ ਦੀ ਅੱਧੀ ਛੁੱਟੀ ਤੋਂ ਬਾਅਦ ਮੁੜ ਕੇ ਸਕੂਲ ਨਹੀਂ ਗਏ ਹੋਣਗੇ ਤੇ ਖਾਲੀ ਥਾਂ ਵੇਖ ਕੇ ਰਾਹ ਵਿਚ ਖਰਮਸਤੀ ਕਰਨ ਲੱਗ ਪਏ ਹੋਣਗੇ। ਪੱਛਮੀ ਸਮਾਜ ਵਿਚ ਇਸ ਤਰ੍ਹਾਂ ਦੀਆਂ ਕਾਮ ਕਲੋਲਾਂ ਆਮ ਦ੍ਰਿਸ਼ ਹਨ।

ਜਦੋਂ ਮੈਂ ਨੀਝ ਨਾਲ ਵੇਖਿਆ ਤਾਂ ਮੈਨੂੰ ਆਪਣਾ ਅੰਦਾਜ਼ਾ ਗ਼ਲਤ ਲੱਗਾ। ਉਹ ਖਰਮਸਤੀ ਨਹੀਂ ਸਨ ਕਰ ਰਹੇ ਸਗੋਂ ਇਹ ਖਿੱਚਾ-ਧੂਹੀ ਤੇ ਬਲਾਤਕਾਰ ਵਰਗਾ ਜੁਰਮ ਹੋਣ ਦਾ ਦ੍ਰਿਸ਼ ਸੀ। ਦੋਹਾਂ 'ਚੋਂ ਕੋਈ ਗੋਰਾ/ਕਾਲਾ ਨਹੀਂ ਸੀ ਜਿਨ੍ਹਾਂ ਬਾਰੇ ਕਿਹਾ ਜਾਂਦੈ ਕਿ ਅਕਸਰ ਖੁੱਲ੍ਹੇ-ਆਮ ਅਸ਼ਲੀਲ ਹਰਕਤਾਂ ਕਰਨ ਲੱਗ ਪੈਂਦੇ ਹਨ। ਦੋਹਾਂ ਦਾ ਰੰਗ ਕਣਕਵੰਨਾ ਸੀ ਜਿਸ ਤੋਂ ਜਾਪਦਾ ਸੀ, ਉਹ ਹਿੰਦੋਸਤਾਨੀ ਹੋਣਗੇ ਜਾਂ ਪਾਕਿਸਤਾਨੀ। ਉਹ ਪੰਜਾਬੀ ਮਾਪਿਆਂ ਦੇ ਬੱਚੇ ਵੀ ਹੋ ਸਕਦੇ ਸਨ ਕਿਉਂਕਿ ਪੰਜਾਬੀ ਇਸ ਸ਼ਹਿਰ ਵਿਚ ਬਹੁਤੇ ਹਨ ਤੇ ਉਹ ਵੀ ਵਧੇਰੇ ਕਰ ਕੇ ਸਿੱਖ। ਲੜਕਾ ਲੜਕੀ ਨੂੰ ਢਾਹੀ ਪਿਆ ਸੀ ਤੇ ਲੜਕੀ ਹੇਠੋਂ ਨਿਕਲਣ ਦੀ ਕੋਸ਼ਿਸ਼ ਕਰ ਰਹੀ ਸੀ। ਟ੍ਰੇਲ 'ਤੇ ਉਸ ਵੇਲੇ ਆਵਾਜਾਈ ਨਹੀਂ ਸੀ ਪਰ ਸਾਹਮਣੇ ਘਰਾਂ ਦੇ ਦਰਵਾਜ਼ੇ ਤੇ ਬਾਰੀਆਂ ਸਨ ਜਿਨ੍ਹਾਂ ਵਿਚੋਂ ਸਭ ਕੁਝ ਦਿਸਦਾ ਸੀ।

ਕੁਝ ਪਲ ਮੈਂ ਸੋਚਦਾ ਰਿਹਾ ਕਿ ਕੀ ਕੀਤਾ ਜਾਵੇ? ਉਹ ਇਕ ਦੂਜੇ ਦੇ ਵਾਲ ਪੁੱਟ ਰਹੇ ਸਨ ਤੇ ਧੂਹ-ਘੜੀਸ ਕਰ ਰਹੇ ਸਨ। ਮੁੰਡਾ ਤਕੜਾ ਸੀ ਤੇ ਕੁੜੀ ਮਾੜੀ ਜਿਸ ਕਰਕੇ ਕੁੜੀ ਵਾਰ ਵਾਰ ਹੇਠਾਂ ਆ ਰਹੀ ਸੀ ਤੇ ਹੇਠੋਂ ਨਿਕਲਣ ਲਈ ਜ਼ੋਰ ਲਾ ਰਹੀ ਸੀ। ਜਾਪਿਆ ਕਿ ਉਹ ਆਪਣੇ ਬਚਾਅ ਲਈ ਜੂਝ ਰਹੀ ਹੈ ਪਰ ਹੈਰਾਨੀ ਸੀ ਕਿ ਨਾ ਉਹ ਚੀਕਾਂ ਮਾਰ ਰਹੀ ਸੀ ਤੇ ਨਾ ਰੌਲਾ ਪਾ ਰਹੀ ਸੀ। ਮੈਨੂੰ ਲੱਗਾ ਕਿ ਉਹ ਇਕ ਦੂਜੇ ਨੂੰ ਜਾਣਦੇ ਹੋਣਗੇ ਤੇ ਹੋ ਸਕਦੈ 'ਫਰੈਂਡ' ਵੀ ਹੋਣ ਪਰ ਕਿਸੇ ਗੱਲੋਂ ਵਿਟਰ ਗਏ ਹੋਣ ਤੇ ਮੁੰਡਾ ਕੁੜੀ ਨਾਲ ਵਧੀਕੀ ਕਰਨ ਲੱਗਾ ਹੋਵੇ। ਵਧੀਕੀ ਵੀ ਸਿਰੇ ਦੀ, ਰੇਪ ਕਰਨ ਵਰਗੀ। ਮੇਰੇ ਲਈ ਉਹ ਹਰਕਤਾਂ ਅਸਹਿ ਸਨ। ਕੁੜੀ ਬੇਵੱਸ ਹੋ ਗਈ ਲਗਦੀ ਸੀ। ਮੇਰਾ ਖੂੰਨ ਖੌਲਿਆ ਕਿ ਪਿੱਛੋਂ ਦੀ ਜਾ ਕੇ ਮੁੰਡੇ ਨੂੰ ਗਿੱਚੀਓਂ ਫੜਾਂ ਤੇ ਕੁੜੀ ਨੂੰ ਬਚਾਵਾਂ। ਜਦੇ ਖ਼ਿਆਲ ਆਇਆ ਕਿਤੇ ਨੌਜੁਆਨ ਮੁੰਡਾ ਤੇ ਕੁੜੀ ਦੋਹੇਂ ਹੀ ਮੈਨੂੰ ਨਾ ਪੈ ਜਾਣ! ਆਖਣ ਤੇਰਾ ਸਾਡੇ ਵਿਚਾਲੇ ਕੀ ਕੰਮ? ਮੈਂ ਪਝੰਤਰ ਸਾਲ ਦਾ ਹਾਂ ਉਹ ਪੰਦਰਾਂ ਸੋਲਾਂ ਸਾਲਾਂ ਦੇ। ਹੋ ਸਕਦੈ ਮੈਨੂੰ ਕੁੱਟ ਜਾਣ!

ਮੈਂ ਸ਼ਸ਼ੋਪੰਜ ਵਿਚ ਪਿਆ ਰਿਹਾ। ਪਰ ਅੱਖਾਂ ਅੱਗੇ ਤਾਂ ਕਲਜੁਗ ਵਰਤ ਰਿਹਾ ਸੀ। ਕੁੜੀ ਨੂੰ ਢਾਹ ਕੇ ਉਹਦੀਆਂ ਦੋਹੇਂ ਬਾਹਾਂ ਮੁੰਡੇ ਨੇ ਕਾਬੂ ਕਰ ਲਈਆਂ ਸਨ। ਉਹ ਮੂੰਹ ਨਾਲ ਕੁੜੀ ਦੇ ਚੱਕ ਮਾਰਨ ਲੱਗ ਪਿਆ ਸੀ। ਹੱਥ ਤੇ ਬਾਹਾਂ ਕਾਬੂ ਆਉਣ ਨਾਲ ਕੁੜੀ ਉਹਦੇ ਜੁੰਡੇ ਨਹੀਂ ਸੀ ਪੁੱਟ ਸਕਦੀ। ਮੈਂ ਵੇਖਿਆ ਕਿ ਕੰਨਿਆਂ ਵਿਚਾਰੀ ਹੱਥਲ ਹੋ ਚੁੱਕੀ ਸੀ। ਹੁਣ ਉਸ ਨਾਲ ਕੁਝ ਵੀ ਕੀਤਾ ਜਾ ਸਕਦਾ ਸੀ। ਤਦੇ ਮੈਨੂੰ ਟ੍ਰੇਲ ਉਤੇ ਇਕ ਸਾਈਕਲ ਸਵਾਰ ਆਉਂਦਾ ਦਿਸਿਆ ਪਰ ਉਹ ਸਾਈਕਲ ਚਲਾਉਂਦਾ ਉਨ੍ਹਾਂ ਨੂੰ ਅਣਦੇਖਿਆਂ ਕਰ ਕੇ ਅਗਾਂਹ ਨਿਕਲ ਗਿਆ। ਇਹ ਤਾਂ ਹੱਦ ਹੋ ਗਈ ਸੀ!

ਕੁੜੀ ਛਟਪਟਾ ਰਹੀ ਸੀ ਪਰ ਰੌਲਾ ਫਿਰ ਨਹੀਂ ਸੀ ਪਾ ਰਹੀ। ਹੋ ਸਕਦੈ ਬਦਨਾਮੀ ਤੋਂ ਡਰਦੀ ਹੋਵੇ। ਫਿਰ ਉਸ ਦੇ ਕਪੜੇ ਖਿੱਚੇ ਜਾਣ ਲੱਗੇ। ਮੈਂ ਹੋਰ ਬਰਦਾਸ਼ਤ ਨਾ ਕਰ ਸਕਿਆ ਤੇ ਲਲਕਾਰਾ ਮਾਰਿਆ, "ਖੜ੍ਹ-ਜੋ ਆਇਆ। ਸਟਾਪ ਦਿੱਸ ਨਾਨਸੈਂਸ। ਆਈ ਐਮ ਕਾਲਿੰਗ ਪੁਲਿਸ।" ਮੇਰੇ ਉਚਾ ਬੋਲਣ ਦੀ ਦੇਰ ਸੀ ਕਿ ਕੁੜੀ ਮੁੰਡੇ ਹੇਠੋਂ ਨਿਕਲ ਕੇ ਨੱਠ ਪਈ। ਉਸ ਦਾ ਨੱਠਦੀ ਦਾ ਕੁਝ ਡਿੱਗਿਆ ਜੋ ਮੈਂ ਚੰਗੀ ਤਰ੍ਹਾਂ ਨਾ ਵੇਖ ਸਕਿਆ। ਫਿਰ ਮੁੰਡੇ ਨੇ ਸੜਕ ਉਤੇ ਤਿੰਨ ਚਾਰ ਲੋਟਣੀਆਂ ਲਈਆਂ ਤੇ ਕੁੜੀ ਦੀ ਡਿੱਗੀ ਵਸਤ ਚੁੱਕ ਕੇ ਉਹ ਵੀ ਦੌੜ ਗਿਆ। ਉਨ੍ਹਾਂ ਦੇ ਦੌੜਨ ਤੋਂ ਸਾਫ਼ ਹੋ ਗਿਆ ਕਿ ਉਹ ਸੱਚਮੁੱਚ ਦੋਸ਼ੀ ਸਨ। ਲਲਕਾਰਾ ਮਾਰਨ ਤੋਂ ਪਹਿਲਾਂ ਮੈਂ ਸੋਚਿਆ ਸੀ ਕਿਤੇ ਮੁੰਡਾ ਮੈਨੂੰ ਗਾਲ੍ਹਾਂ ਨਾ ਕੱਢਣ ਲੱਗ ਪਵੇ ਤੇ ਪੁਲਿਸ ਵੀ ਆ ਕੇ ਕਹੇ ਕਿ ਤੂੰ ਕੈਨੇਡਾ ਦੇ ਕਨੂੰਨ ਵਿਚ ਦਖਲ ਕਿਉਂ ਦਿੱਤਾ? ਅਜਿਹਾ ਸੋਚਣ ਦੇ ਬਾਵਜੂਦ ਮੇਰੇ ਅੰਦਰਲਾ ਸਿੰਘ ਭਬਕ ਪਿਆ ਸੀ।


ਮੈਨੂੰ ਸੁਖ ਦਾ ਸਾਹ ਆਇਆ ਕਿ ਮੇਰੇ ਨਿੱਕੇ ਜਿਹੇ ਉਦਮ ਨੇ ਉਸ ਕੁਆਰੀ ਕੰਨਿਆਂ ਦਾ ਸਤ ਭੰਗ ਹੋਣੋਂ ਬਚਾ ਲਿਆ ਜੋ ਸਾਡੇ ਵਿਚੋਂ ਹੀ ਕਿਸੇ ਦੀ ਧੀ ਭੈਣ ਸੀ। ਉਦਣ ਦਾ ਮੈਂ ਸੋਚ ਰਿਹਾਂ ਕਿ ਮੋਗੇ ਤੋਂ ਕੋਟਕਪੂਰੇ ਨੂੰ ਚੱਲੀ ਔਰਬਿਟ ਦੀ ਜਿਸ ਬੱਸ ਵਿਚ ਕਈ ਸਵਾਰੀਆਂ ਬੈਠੀਆਂ ਸਨ ਜੇ ਉਨ੍ਹਾਂ 'ਚੋਂ ਇਕ ਸਵਾਰੀ ਵੀ ਇਹ ਕਹਿਣ ਦਾ ਹੌਂਸਲਾ ਕਰ ਲੈਂਦੀ ਕਿ ਮਾਂ ਧੀ ਨਾਲ ਇਹ ਕੀ ਕਰਨ ਲੱਗੇ ਹੋ ਤਾਂ ਬਾਕੀ ਸਵਾਰੀਆਂ ਨੇ ਵੀ ਸਾਥ ਦੇ ਦੇਣਾ ਸੀ ਜਿਸ ਨਾਲ ਸੰਭਵ ਸੀ ਮਸੂਮ ਬੱਚੀ ਦੀ ਜਾਨ ਬਚ ਜਾਂਦੀ। ਸਵਾਲ ਹੈ, ਕੀ ਅਜੋਕੇ ਪੰਜਾਬੀਆਂ ਵਿਚ 'ਸਿੰਘ' ਸੱਚਮੁੱਚ ਹੀ ਨਹੀਂ ਰਹੇ? ਕੀ ਉਹ ਕਹਾਣੀਆਂ ਸੱਚ ਨਹੀਂ ਹਨ ਕਿ ਪੁਰਾਤਨ ਸਿੰਘ ਨਿਤਾਣਿਆਂ ਦੀਆਂ ਇਜ਼ਤਾਂ ਦੇ ਰਾਖੇ ਸਨ?

ਇਕ ਵੱਡਾ ਸਵਾਲ ਪਰਵਾਸੀ ਪੰਜਾਬੀਆਂ ਸਾਹਮਣੇ ਵੀ ਹੈ। ਪਾਰਕਾਂ ਵਿਚ ਬੈਠੀਆਂ ਬਾਬਿਆਂ ਦੀਆਂ ਢਾਣੀਆਂ ਤੇ ਗੁਰਦਵਾਰਿਆਂ ਦੀਆਂ ਸੰਗਤਾਂ ਤੋਂ ਲੈ ਕੇ ਮੀਡੀਏ ਤਕ ਸਭ ਨਿੱਘਰ ਰਹੇ ਪੰਜਾਬ ਨੂੰ ਤਾਂ ਕੋਸੀ ਜਾਂਦੇ ਹਨ ਪਰ ਗੁਆਂਢ-ਮੱਥੇ ਜੋ ਹੋ ਰਿਹੈ, ਦਰਗੁਜ਼ਰ ਕਰੀ ਜਾਂਦੇ ਹਨ। ਕੀ ਉਨ੍ਹਾਂ ਨੂੰ ਅਲਗਰਜ਼ ਮੁੰਡਿਆਂ ਕੁੜੀਆਂ ਦੀਆਂ ਉਹ ਟੋਲੀਆਂ ਨਹੀਂ ਦਿਸਦੀਆਂ ਜੋ ਪਾਰਕਾਂ, ਟ੍ਰੇਲਾਂ, ਸਕੂਲਾਂ ਲਾਗੇ ਤੇ ਪਲਾਜ਼ਿਆਂ ਵਿਚ ਡਰੱਗਾਂ ਦੇ ਸੂਟੇ ਲਾ ਰਹੀਆਂ ਹਨ। ਇਕ ਦੂਜੇ ਨੂੰ ਧੱਕੇ ਮਾਰ ਰਹੀਆਂ ਤੇ ਰੇਪ ਵਰਗੇ ਕਾਰੇ ਕਰ ਰਹੀਆਂ ਹਨ। ਮੋਟਰ ਸਾਈਕਲਾਂ ਦੀਆਂ ਚੀਕਾਂ ਕਢਾ ਰਹੀਆਂ ਤੇ ਗਾਲ੍ਹਾਂ ਵਰਗੇ ਹਾਰਨ ਵਜਾ ਰਹੀਆਂ ਹਨ। ਬਰੈਂਪਟਨ ਤੇ ਸੱਰੀ ਵਰਗੇ ਬਹੁਗਿਣਤੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਵਿਚ ਨਾ ਨਸ਼ੇ ਪੰਜਾਬ ਤੋਂ ਘੱਟ ਹਨ ਨਾ ਜੁਰਮ। ਇਥੋਂ ਦੇ ਸਕੂਲਾਂ/ਕਾਲਜਾਂ ਦੇ ਮੁੰਡੇ-ਕੁੜੀਆਂ ਸ਼ੱਰੇਆਮ ਅਸ਼ਲੀਲ ਹਰਕਤਾਂ ਕਰਦੇ ਫਿਰਦੇ ਹਨ। ਕਈਆਂ ਦੇ ਸਿਰਾਂ ਉਤੇ ਜੂੜੇ ਵੀ ਰੱਖੇ ਹੁੰਦੇ ਹਨ, ਪਟਕੇ ਸਜਾਏ ਹੁੰਦੇ ਹਨ ਪਰ ਮੂੰਹਾਂ 'ਚੋ ਬੱਤੀਆਂ ਦਾ ਧੂੰਆਂ ਕੱਢ ਰਹੇ ਹੁੰਦੇ ਹਨ! ਪਰਵਾਸੀ ਵੀਰੋ, ਪੰਜਾਬ ਵਿਚ ਲੱਗੀ ਅੱਗ ਦੀਆਂ ਦੁਹਾਈਆਂ ਹੀ ਨਾ ਪਾਈ ਜਾਓ, ਨੇੜੇ ਲੱਗੀ ਅੱਗ ਵੀ ਬੁਝਾਓ।

-ਅੱਗ ਅੰਨ੍ਹੀ ਹੈ ਪਾਗ਼ਲ ਹੈ ਮੂੰਹਜ਼ੋਰ ਹੈ
ਇਹ ਨਾ ਸੋਚੀਂ ਕਿ ਸੜਦਾ ਕੋਈ ਹੋਰ ਹੈ
ਲਾਂਬੂ ਏਧਰ ਦੀ ਲੰਘੇ ਜਦੋਂ ਦਹਿਕਦੇ
ਖ਼ੌਰੇ ਕਿਨ੍ਹਾਂ ਬਰੂਹਾਂ 'ਤੇ ਰੁਕ ਜਾਣਗੇ?

# ਕਰਮਾਂ ਵਾਲਾ !

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਤੇ ਕਈ ਹੋਰ ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਨਾਲ ਪਿਛੇਤਰ ਅਤੇ ਸੰਬੋਧਕ ਵਜੋਂ 'ਵਾਲਾ/ਵਾਲ' ਸ਼ਬਦਾਂ ਦੀ ਅਕਸਰ ਵਰਤੋਂ ਹੁੰਦੀ ਹੈ। ਕਿਹੜਾ ਸ਼ਬਦ ਹੈ ਜਿਸ ਪਿਛੇ ਲੱਗ ਕੇ ਇਹ ਉਸ ਦੀ ਸ਼ਾਨ ਨਹੀਂ ਵਧਾ ਦਿੰਦਾ। ਫਿਰ ਸ਼ਬਦ ਦੀ ਹਰ ਸ਼੍ਰੇਣੀ ਯਾਨਿ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸਬੰਧਕ, ਯੋਜਕ ਵਿਸਮਕ ਪਿਛੇ ਇਸ ਨੂੰ ਸਫਲਤਾ ਪੂਰਬਕ ਲਾਇਆ ਜਾ ਸਕਦਾ ਹੈ। ਹੋਰ ਤਾਂ ਹੋਰ ਪੂਰੇ ਵਾਕੰਸ਼, ਉਕਤੀ ਸ਼ਾਇਦ ਵਾਕ ਪਿਛੇ ਵੀ ਇਸ ਨੂੰ ਅੜੁੰਗਿਆ ਜਾ ਸਕਦਾ ਹੈ। ਇਹ ਤਾਂ ਸਮਝੋ ਇਕ ਅਜਿਹਾ ਬਹੁ-ਉਪਯੋਗੀ ਸ਼ਬਦ ਹੈ ਜਿਸ ਨੂੰ ਆਲੂ ਵਾਂਗ ਕਿਤੇ ਵੀ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਇਸ ਨੇ ਸਾਡੀ ਭਾਸ਼ਾਈ ਸਮਰਥਾ ਨੂੰ ਖੂਬ ਬਲ ਬਖਸ਼ਿਆ ਹੈ। ਪਿਛੇਤਰ ਵਜੋਂ ਇਹ ਆਮ ਤੌਰ 'ਤੇ ਸਬੰਧਤ, ਚਾਲਕ, ਮਾਲਕ, ਵੇਚਕ, ਅਧਿਕਾਰੀ, ਧਾਰਕ, ਰੱਖਣ ਵਾਲਾ ਜਿਹੇ ਅਰਥ ਦਿੰਦਾ ਹੈ। ਚਲੋ ਥੋੜੀਆਂ ਮਿਸਾਲਾਂ ਦੇਖ ਲਈਏ: ਟਾਂਗੇ ਵਾਲਾ, ਚਾਹ ਵਾਲਾ, ਹੱਟੀ ਵਾਲਾ, ਦੁੱਧ ਵਾਲਾ, ਬਾਬਾ ਟਾਹਲੀ ਵਾਲਾ, ਡੰਗੀ ਵਾਲਾ, ਸਬਜ਼ੀ ਵਾਲਾ ਆਦਿ। ਇਹ ਗੱਲ ਲੋਕਾਂ ਦੇ ਦਿਮਾਗ ਵਿਚ ਹੁੰਦੀ ਹੈ ਕਿ ਕਿਸ ਥਾਂ 'ਵਾਲਾ' ਕੀ ਅਰਥ ਰਖਦਾ ਹੈ। 'ਰਿਕਸ਼ਾ ਵਾਲਾ' ਰਿਕਸ਼ਾ ਚਾਲਕ ਹੈ, ਰਿਕਸ਼ਾ ਵੇਚਣ ਵਾਲੇ ਨੂੰ ਰਿਕਸ਼ਾ ਵਾਲਾ ਨਹੀਂ ਕਿਹਾ ਜਾਵੇਗਾ; ਤੇਲ ਵਾਲਾ ਤੇਲ ਵੇਚਦਾ ਹੈ, ਰੇੜ੍ਹੀ ਵਾਲਾ ਰੇੜ੍ਹੀ ਨਹੀਂ ਵੇਚਦਾ। ਨਾਲ ਵਾਲਾ ਗੁਆਂਢੀ ਹੈ। ਗਾਂਧੀਗਿਰੀ ਫਿਲਮ ਵਿਚ ਸੰਜੇ ਦੱਤ ਇਕ ਸੰਵਾਦ ਵਿਚ ਮਹਾਤਮਾ ਗਾਂਧੀ ਨੂੰ 'ਨੋਟ ਵਾਲਾ' ਕਹਿੰਦਾ ਹੈ ਕਿਉਂਕਿ ਨੋਟ ਉਤੇ ਗਾਂਧੀ ਦੀ ਤਸਵੀਰ ਹੁੰਦੀ ਹੈ। ਕਿਸੇ ਵੇਲੇ ਪੈਸੇ ਦੀ ਹੀ ਬੜੀ ਕੀਮਤ ਹੁੰਦੀ ਸੀ, ਅੱਜ ਕਲ੍ਹ ਪੈਸਾ ਤਾਂ ਕੀ ਰੁਪਏ ਦੀ ਵੀ ਏਨੀ ਮਿੱਟੀ ਪਲੀਤ ਹੋ ਗਈ ਹੈ ਕਿ ਦੇਖਣ ਨੂੰ ਨਹੀਂ ਮਿਲਦੇ। ਪੈਸੇ ਦੀ ਕਦਰ ਵੇਲੇ ਅਮੀਰ ਆਦਮੀ ਲਈ ਸ਼ਬਦ ਬਣਿਆ, ਪੈਸੇ ਵਾਲਾ। 'ਆਨੇ ਵਾਲਾ ਥਾਂ' ਸ਼ਾਇਦ ਹੱਟੀ ਹੁੰਦੀ ਹੈ ਜਿਥੇ ਹੱਟੀਵਾਲਾ ਘੜੀ ਮੁੜੀ ਆਨੇ ਵਸੂਲ ਕਰਨ ਲਈ ਆਉਂਦਾ ਹੈ, ਮੁਹਾਵਰਾ ਵੀ ਹੈ, ਓੜਕ ਬੱਚਾ ਮੂਲਿਆ ਤੂੰ ਹੱਟੀ ਬਹਿਣਾ।

'ਵਾਲਾ' ਸ਼ਬਦ ਥਾਂਵਾਂ, ਨਗਰਾਂ, ਸ਼ਹਿਰਾਂ, ਪਿੰਡਾਂ ਆਦਿ ਦੇ ਨਾਂਵਾਂ ਅੱਗੇ ਆਮ ਹੀ ਲਗਦਾ ਹੈ: ਜਲਿਆਂਵਾਲਾ ਬਾਗ, ਝੰਡਿਆਂਵਾਲਾ ਚੌਕ, ਹੁਸੈਨੀਵਾਲਾ, ਗੱਜਣਵਾਲਾ, ਡੱਲੇਵਾਲਾ, ਗੁੱਜਰਾਂਵਾਲਾ, ਪਿਪਲਾਂਵਾਲਾ, ਗੜਦੀਵਾਲਾ, ਨਿਹਾਲ ਸਿੰਘ ਵਾਲਾ, ਮਹਿਮਾ ਸਿੰਘ ਵਾਲਾ, ਮੀਰ ਖਾਂ ਵਾਲਾ, ਗੰਡਾ ਸਿੰਘ ਵਾਲਾ। ਬੁਲੇ ਸ਼ਾਹ ਨੇ ਵੀ ਵਾਲਾ ਦੀ ਵਰਤੋਂ ਕੀਤੀ ਹੈ।

ਕਿਥੇ ਤਖਤ ਸੁਲੇਮਾਂ ਵਾਲਾ,
ਵਿਚ ਹਵਾ ਉਡਦਾ ਸੀ ਬਾਲਾ,
ਉਹ ਵੀ ਕਾਦਰ ਆਪ ਸੰਭਾਲਾ ਕੋਈ,
ਜ਼ਿੰਦਗੀ ਦਾ ਇਤਬਾਰ ਨਹੀਂ।
ਉਠ ਜਾਗ ਘੁਰਾੜੇ ਮਾਰ ਨਹੀਂ।

'ਘਰ ਵਾਲਾ' ਸਮਾਸ ਦਾ ਸਿੱਧਾ ਅਰਥ ਤਾਂ ਘਰ ਦਾ ਮਾਲਿਕ ਹੀ ਲਿਆ ਜਾਵੇਗਾ ਪਰ ਇਸ ਦਾ ਵਿਸਤ੍ਰਿਤ ਅਰਥ ਪਤੀ ਹੋ ਗਿਆ ਹੈ। 'ਘਰ ਵਾਲੇ' ਘਰ ਦੇ ਜੀਅ ਹਨ, "ਘਰ ਵਾਲੇ ਘਰ ਨਹੀਂ ਸਾਨੂੰ ਕਿਸੇ ਦਾ ਡਰ ਨਹੀਂ।" ਇਸੇ ਤਰ੍ਹਾਂ ਘਰ ਵਾਲੀ ਪਤਨੀ ਨੂੰ ਕਹਿੰਦੇ ਹਨ। ਕਿਸੇ ਨਗਰ ਆਦਿ ਦਾ ਵਸਨੀਕ ਵੀ ਆਪਣੇ ਨਗਰ ਦਾ ਨਾਂ ਆਪਣੇ ਨਾਂ ਅੱਗੇ ਲਾ ਲੈਂਦਾ ਹੈ ਜਿਵੇਂ ਕਾਬਲੀਵਾਲਾ, ਦੇਵ ਥਰੀਕੇ ਵਾਲਾ। ਸੰਤਾਂ ਦੀ ਤਾਂ ਸ਼ਨਾਖਤ ਹੀ ਵਾਲੇ ਦੀ ਸਹਾਇਤਾ ਨਾਲ ਹੁੰਦੀ ਹੈ। ਮਸਲਨ ਭਿੰਡਰਾਂਵਾਲਾ, ਬਿਆਸ ਵਾਲਾ, ਪਿਹੋਵੇ ਵਾਲਾ, ਦਿੱਲੀ ਵਾਲਾ। ਸ਼ਰਧਾ ਨਾਲ ਲੋਕ ਇਨ੍ਹਾਂ ਦਾ ਬਹੁਵਚਨ ਬਣਾ ਲੈਂਦੇ ਹਨ ਜਿਵੇਂ ਸੰਤ ਭਿੰਡਰਾਂਵਾਲੇ, ਕਲੇਰਾਂ ਵਾਲੇ ਸੰਤ। ਇਸ ਮੰਤਰ ਵਿਚ ਤਾਂ ਮਾਤਾ ਦੇਵੀ ਦੀ ਵਿਸ਼ੇਸ਼ਤਾ ਵੀ ਸ਼ਹਿਰ ਦੇ ਨਾਂ ਤੋਂ ਉਘਾੜੀ ਗਈ ਹੈ, "ਹੇ ਕਾਲੀ ਕਲਕੱਤੇ ਵਾਲੀ, ਤੇਰਾ ਵਾਰ ਨਾ ਜਾਏ ਖਾਲੀ।" ਪਾਰਸੀਆਂ ਨੇ ਇਸ ਸ਼ਬਦ ਦਾ ਖੂਬ ਲਾਭ ਉਠਾਇਆ ਹੈ। ਉਨ੍ਹਾਂ ਦੇ ਨਾਂ ਅੱਗੇ ਇਹ ਪਿਛੇਤਰ ਅਕਸਰ ਉਨ੍ਹਾਂ ਦੇ ਧੰਦੇ ਜਾਂ ਨਗਰ ਆਦਿ ਦਾ ਸੂਚਕ ਹੁੰਦਾ ਹੈ ਜਿਵੇਂ ਦਾਰੂਵਾਲਾ (ਦਾਰੂ ਵੇਚਣ ਵਾਲਾ), ਬਾਲਟੀਵਾਲਾ, ਚਾਂਦੀਵਾਲਾ, ਸੋਨੇਵਾਲਾ, ਮਿਠਾਈਵਾਲਾ, ਅਮਰੋਲੀਵਾਲਾ ਆਦਿ। ਹੋਰ ਤਾਂ ਹੋਰ ਇਕ ਪਾਰਸੀ ਉਪ ਨਾਂ ਕੰਟੀਨਵਾਲਾ ਵੀ ਹੈ। ਟੋਪੀਵਾਲਾ ਦਾ ਆਮ ਅਰਥ ਤਾਂ ਟੋਪੀ ਪਹਿਨਣ ਵਾਲਾ ਹੀ ਲਿਆ ਜਾਵੇਗਾ ਪਰ ਅੰਗਰੇਜ਼ੀ ਰਾਜ ਸਮੇਂ ਇਸ ਦਾ ਅਰਥ ਅੰਗਰੇਜ਼ ਜਾਂ ਕੋਈ ਯੂਰਪੀਨ ਹੁੰਦਾ ਸੀ, ਭਾਵੇਂ ਉਹ ਟੋਪੀ (ਹੈਟ) ਪਹਿਨਦਾ ਹੋਵੇ ਜਾਂ ਨਾ। ਇਹ ਸ਼ਬਦ ਪਹਿਲਾਂ ਪਹਿਲਾਂ ਪੁਰਤਗੀਜ਼ਾਂ ਲਈ ਵਰਤਿਆ ਜਾਂਦਾ ਸੀ। ਇਕ ਇਤਲਾਹ ਅਨੁਸਾਰ 18ਵੀਂ ਦੇ ਅਖੀਰ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਗੁਜਰਾਤ ਅਤੇ ਮਹਾਰਾਸ਼ਟਰ ਵਿਚ ਟੋਪੀਵਾਲਾ ਯੂਰਪੀਆਂ ਲਈ ਅਤੇ ਪਗੜੀਵਾਲਾ ਦੇਸੀ ਬੰਦਿਆਂ ਲਈ ਵਰਤੇ ਜਾਂਦੇ ਪਦ ਸਨ।




ਉਪਰਲੀ ਛੱਤ 'ਤੇ ਰਹਿਣ ਵਾਲੇ ਨੂੰ 'ਉਪਰ ਵਾਲਾ' ਕਿਹਾ ਜਾ ਸਕਦਾ ਹੈ ਪਰ ਆਮ ਬੋਲਚਾਲ ਵਿਚ 'ਉਪਰ ਵਾਲਾ' ਪਰਮਾਤਮਾ ਹੈ, ਉਹ ਨੀਲੀ ਛਤਰੀ ਵਾਲਾ ਵੀ ਹੈ। ਜਵਾਲਾ ਦੇਵੀ ਮਾਤਾ ਕਿਹੜੀ ਘਟ ਹੈ, ਇਹ ਆਪਣੇ ਸ਼ਰਧਾਲੂਆਂ ਤੋਂ 'ਹੇ ਜੋਤਾਂ ਵਾਲੀ ਮਾਤਾ' ਕਹਾਉਂਦੀ ਹੈ। ਇਸ ਲਿਹਾਜ ਨਾਲ 'ਮੁਰਲੀ ਵਾਲਾ' ਵੀ ਪਿਛੇ ਨਹੀਂ। ਭਾਵਵਾਚਕ ਸੰਗਿਆਵਾਂ ਦੇ ਨਾਲ ਵੀ ਵਾਲਾ ਦੀ ਕਾਫੀ ਮੀਯਾ ਮਿਲਦੀ ਹੈ ਜਿਵੇਂ ਪਿਆਰ ਵਾਲਾ, ਮਤਵਾਲਾ, ਰਖਵਾਲਾ, "ਕਲ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ" (ਗੁਰੂ ਨਾਨਕ ਦੇਵ) ਪੰਜਾਬੀ ਵਿਚ ਆਮ ਤੌਰ 'ਤੇ ਵਿਸ਼ੇਸ਼ਣ ਨਾਲ ਲੱਗਾ 'ਵਾਲਾ' ਅਟਪਟਾ ਜਿਹਾ ਲਗਦਾ ਹੈ ਪਰ ਹਿੰਦੀ ਦੀ ਰੀਸੇ ਕਈ ਸ਼ਹਿਰੀ ਲੋਕ ਇਸ ਦੀ ਇਸ ਤਰ੍ਹਾਂ ਦੀ ਵਰਤੋਂ ਕਰ ਲੈਂਦੇ ਹਨ ਜਿਵੇਂ ਲਾਲ ਵਾਲਾ, ਬੜੇ ਵਾਲਾ, ਛੋਟੇ ਵਾਲਾ, ਐਹ ਵਾਲਾ, ਔਹ ਵਾਲਾ ਆਦਿ। ਇਸ ਪਿਛੇਤਰ ਦਾ ਸਭ ਤੋਂ ਵਧ ਪ੍ਰਯੋਗ ਕਿਰਿਆਵੀ ਨਾਂਵਾਂ ਦੇ ਪਿਛੇ ਹੁੰਦਾ ਹੈ, ਜਿਵੇਂ ਹਸਾਉਣ ਵਾਲਾ, ਮੰਗਣ ਵਾਲਾ, ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲਾ। ਕਿਰਿਆ ਦੇ ਨਾਲ ਲੱਗ ਕੇ ਭਵਿਖਬੋਧਕ ਅਰਥ ਵੀ ਦੇਣ ਲਗਦਾ ਹੈ: 'ਪੜ੍ਹਨੇ ਵਾਲਾ', 'ਦੇਣ ਵਾਲਾ', 'ਹੋਣ ਵਾਲਾ' ਆਦਿ। ਇਕ ਕੋਸ਼ ਵਿਚ ਬੈੜ ਸ਼ਬਦ ਦਾ ਇੰਦਰਾਜ ਇਸ ਤਰ੍ਹਾਂ ਦਿੱਤਾ ਗਿਆ ਹੈ, "ਬੈੜ (ਨਾਂ, ਪੁ) ਮਾਲ੍ਹ ਵਿਚ ਜੜੀਆਂ/ਬੰਧੀਆਂ ਮਿੱਟੀ ਜਾਂ ਟੀਨ ਦੀਆਂ ਪਾਣੀ ਵਾਲੀਆਂ ਟਿੰਡਾਂ ਨੂੰ ਹਲਟ ਦੇ ਢਾਂਚੇ ਦੁਆਰਾ ਖੂਹ ਦੇ ਡੂੰਘੇ ਪਾਣੀ ਵਿਚੋਂ ਉਤੇ ਲਿਆਉਣ ਵਾਲਾ ਲੱਕੜ ਜਾਂ ਲੋਹੇ ਦਾ ਵੱਡਾ ਗੋਲ ਚੱਕਰ।" ਗੁਰਬਾਣੀ ਵਿਚ ਵੀ ਇਹ ਪਿਛੇਤਰ ਮਿਲਦਾ ਹੈ, "ਕਰੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ" (ਗੁਰੂ ਅਮਰ ਦਾਸ); "ਆਖਣ ਵਾਲਾ ਕਿਆ ਵੇਚਾਰਾ" ਅਤੇ "ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ" (ਗੁਰੂ ਨਾਨਕ ਦੇਵ)।

ਕਈ ਸੂਰਤਾਂ ਵਿਚ ਵਾਲਾ ਨੇ ਆਲਾ ਦਾ ਰੂਪ ਅਖਤਿਆਰ ਕਰ ਲਿਆ ਹੈ ਜਿਵੇਂ ਜੰਡਿਆਲਾ (ਜੰਡ ਦੇ ਰੁੱਖ ਵਾਲਾ), ਬੜਾਲਾ (ਬੋਹੜ ਦੇ ਰੁਖ ਵਾਲਾ), ਖਡਿਆਲਾ। ਵਾਲਾ ਦਾ ਸੁੰਗੜਿਆ ਰੂਪ 'ਵਾਲ' ਹੈ ਜੋ ਕਈ ਨਾਂਵਾਂ ਥਾਂਵਾਂ ਵਿਚ ਦੇਖਣ ਨੂੰ ਮਿਲਦਾ ਹੈ ਜਿਵੇਂ ਦੇਸਵਾਲ, ਕੰਗਣੀਵਾਲ, ਰੁਪੋਵਾਲ, ਪੁਰੇਵਾਲ, ਸਾਹੀਵਾਲ ਆਦਿ। ਦੁਆਬੇ ਵਿਚ ਬਟਾਈ 'ਤੇ ਜ਼ਮੀਨ ਕਾਸ਼ਤ ਦੀ ਰੀਤ ਨੂੰ ਭੌਲੀ ਕਿਹਾ ਜਾਂਦਾ ਹੈ। ਭੌਲੀ ਬਣਿਆ ਹੈ ਭਾਈਵਾਲੀ ਤੋਂ। ਬਟਾਈਦਾਰ ਨੂੰ ਭੌਲੀਦਾਰ (ਭਾਈਵਾਲੀਦਾਰ) ਕਹਿੰਦੇ ਹਨ। ਹੈ ਨਾ ਅਜੀਬ ਸਥਿਤੀ ਹੈ, 'ਵਾਲੀ' ਤੇ 'ਦਾਰ' ਦੋ ਇਕੋ ਜਿਹੇ ਅਰਥਾਂ ਵਾਲੇ ਪਿਛੇਤਰ ਇਕੱਠੇ ਆ ਗਏ ਹਨ। ਸਾਂਝੀਵਾਲ ਵੀ ਇਹੋ ਜਿਹਾ ਸ਼ਬਦ ਹੀ ਹੈ ਪਰ ਇਸ ਨੇ ਰੂਪ ਨਹੀਂ ਵਟਾਇਆ। ਵਿਚੋਲਾ ਸ਼ਬਦ ਵੀ 'ਵਿਚ ਵਾਲਾ' ਦਾ ਵਿਗੜਿਆ ਰੂਪ ਹੈ।

'ਵਾਲਾ' ਪਿਛੇਤਰ ਤਾਂ ਅੰਗਰੇਜ਼ਾਂ ਦੇ ਰਾਜ ਸਮੇਂ ਕੁਝ ਇਕ ਅੰਗਰੇਜ਼ੀ ਸ਼ਬਦਾਂ ਪਿਛੇ ਵੀ ਲਾਇਆ ਜਾਣ ਲੱਗਾ। 1856 ਵਿਚ ਲਾਗੂ ਕੀਤੇ ਗਏ ਸਿਵਿਲ ਸਰਵਿਸ ਦੀ ਤਿਆਰੀ ਕਰ ਰਹੇ ਉਮੀਦਵਾਰ ਨੂੰ 'ਕੰਪੀਟੀਸ਼ਨ ਵਾਲਾ' ਕਿਹਾ ਜਾਂਦਾ ਸੀ। ਬੁਕ ਵਾਲਾ ਤੇ ਟਿਕਟ ਵਾਲਾ ਹੋਰ ਉਦਾਹਰਣਾਂ ਹਨ। ਅੱਜ ਕਲ੍ਹ ਭਾਰਤੀ ਅੰਗਰੇਜ਼ੀ ਵਿਚ ਬੰਗਲੌਰ ਨੂੰ "ਆਈ-ਟੀ ਵਾਲਾ" (I.T. Wallahas) ਸ਼ਹਿਰ ਕਿਹਾ ਜਾਂਦਾ ਹੈ ਕਿਉਂਕਿ ਇਥੇ ਸੂਚਨਾ ਤਕਨਾਲੋਜੀ ਨਾਲ ਸਬੰਧਤ ਬਹੁਤ ਕੰਮ ਹੁੰਦਾ ਹੈ। ਅਮਰੀਕਾ ਵਿਚ 'ਰਿਪਬਲੀਕਨ ਵਾਲਾ' ਉਕਤੀ ਮੇਰੇ ਦੇਖਣ ਵਿਚ ਆਈ ਹੈ। 1965 ਵਿਚ ਜੇਮਜ਼ ਇਸਮਾਈਲ ਮਰਚੈਂਟ ਨੇ ਰੁਥ ਪਰਾਵਰ ਝਬਵਾਲਾ (ਲੇਖਿਕਾ ਦੇ ਨਾਂ ਵਿਚ ਵੀ ਵਾਲਾ ਆਉਂਦਾ ਹੈ) ਦੇ ਨਾਵਲ "ਸ਼ੇਕਸਪੀਅਰਵਾਲਾ" ਦੇ ਆਧਾਰ 'ਤੇ ਇਸੇ ਨਾਂ ਦੀ ਇਕ ਫਿਲਮ ਬਣਾਈ ਸੀ। ਨਾਵਲ ਵਿਚ ਇਕ ਪਰਿਵਾਰ ਵਾਲੇ ਆਪਣੀ ਨਾਟ ਮੰਡਲੀ ਬਣਾ ਕੇ ਪਿੰਡ ਪਿੰਡ ਜਾ ਕੇ ਸ਼ੇਕਸਪੀਅਰ ਦੇ ਨਾਟਕ ਖੇਡਦੇ ਹੁੰਦੇ ਹਨ।

ਗੱਲ ਕੀ, ਅਸੀਂ ਕਹਿ ਸਕਦੇ ਹਾਂ ਕਿ ਇਹ ਸ਼ਬਦ ਬਹੁਤ ਹੀ ਖੁਲ੍ਹੇ ਦਿਲ ਵਾਲਾ, ਮਿਲਣਸਾਰ ਤੇ ਸਭ ਸ਼ਬਦਾਂ ਦਾ ਸੰਗੀ ਸਾਥੀ ਹੈ। ਕਈ ਸ੍ਰੋਤਾਂ ਅਨੁਸਾਰ ਇਹ ਅਰਬੀ ਸ਼ਬਦ 'ਵਾਲੀ' (ਵਾਲੀ ਵਰਸ) 'ਤੇ ਆਧਾਰਤ ਹੈ ਜਿਸ ਦਾ ਅਰਥ ਵੀ ਮਾਲਕ ਸੁਆਮੀ ਹੁੰਦਾ ਹੈ ਪਰ ਇਹ ਸੰਜੋਗ ਦੀ ਗੱਲ ਹੈ ਕਿ ਇਸ ਦੀ ਧੁਨੀ ਅਤੇ ਕੁਝ ਹੱਦ ਤੱਕ ਅਰਥ ਇਸ ਅਰਬੀ ਅਸਲੇ ਵਾਲੇ ਸ਼ਬਦ ਨਾਲ ਮਿਲਦੇ ਹਨ। ਦਰਅਸਲ ਇਹ ਸ਼ਬਦ ਸੰਸਕ੍ਰਿਤ 'ਪਾਲ' ਉਤੇ ਆਧਾਰਤ ਹੈ। ਪਾਲ ਸ਼ਬਦ ਵਿਚ ਪਾਲਣ, ਰੱਖਿਆ ਕਰਨ ਆਦਿ ਦੇ ਭਾਵ ਹਨ। ਅਸੀਂ ਇਕ ਮਿਸਾਲ ਤੋਂ ਇਹ ਘੁੰਡੀ ਸਮਝ ਸਕਦੇ ਹਾਂ। ਗੋਪਾਲ ਦਾ ਅਰਥ ਹੈ, ਗਊਆਂ ਨੂੰ ਪਾਲਣ ਵਾਲਾ। ਇਸ ਸ਼ਬਦ ਦੀ 'ਪ' ਧੁਨੀ ਬਦਲ ਕੇ 'ਵ' ਵਿਚ ਵਟ ਗਈ ਤੇ ਸ਼ਬਦ ਬਣ ਗਿਆ ਗਵਾਲ ਜਿਸ ਦੇ ਅਰਥ ਗੁਪਾਲ ਜਿਹੇ ਹੀ ਹਨ।

ਗੌਰਤਲਬ ਹੈ ਕਿ ਮੱਝਾਂ ਪਾਲਣ ਵਾਲੇ ਲਈ ਮਹੀਪਾਲ ਸ਼ਬਦ ਮਹੀਵਾਲ ਬਣ ਗਿਆ ਅਤੇ ਬੱਕਰਪਾਲ ਤੋਂ ਬੱਕਰਵਾਲ। ਫਾਰਸੀ ਵਿਚ 'ਪਾਇਦਨ' ਦਾ ਅਰਥ ਹੁੰਦਾ ਹੈ, ਕਾਇਮ ਰਹਿਣਾ, ਦ੍ਰਿੜ ਰਹਿਣਾ, ਕਿਸੇ ਵੱਲ ਇਕ ਟੱਕ ਦੇਖਣਾ ਆਦਿ। ਮਧਵਰਤੀ ਫਾਰਸੀ ਵਿਚ ਪਾਇ ਦਾ ਅਰਥ ਰਾਖੀ ਕਰਨਾ, ਪਾਲਣਾ ਆਦਿ ਹੁੰਦਾ ਸੀ ਜੋ ਅੱਗੋਂ ਪੁਰਾਣੀ ਫਾਰਸੀ 'ਪਾ' ਤੋਂ ਬਣਿਆ, ਜਿਸ ਦਾ ਅਰਥ ਰੱਖਿਆ ਕਰਨਾ, ਪਾਲਣਾ ਹੁੰਦਾ ਹੈ। ਪਾਏਦਾਰ ਸ਼ਬਦ ਇਸੇ ਤੋਂ ਬਣਿਆ। ਇਸ ਸ਼ਬਦ ਦੇ ਸੁਜਾਤੀ ਸ਼ਬਦ ਹਿੰਦ-ਯੂਰਪੀ ਭਾਸ਼ਾਵਾਂ ਵਿਚ ਮਿਲਦੇ ਹਨ। ਭਾਸ਼ਾ ਵਿਗਿਆਨੀਆਂ ਨੇ ਇਸ ਦਾ ਭਾਰੋਪੀ ਮੂਲ 'ਪਰ' (per-) ਦੱਸਿਆ ਹੈ ਜਿਸ ਦਾ ਅਰਥ ਹੈ ਪਾਰ ਲੰਘਾਉਣਾ, ਅੱਗੇ ਲਿਜਾਣਾ, ਅਗਵਾਈ ਕਰਨਾ। ਚਰਚਿਤ ਸ਼ਬਦਾਂ ਦੇ ਪ੍ਰਸੰਗ ਵਿਚ ਇਸ ਦੀ ਵਿਆਖਿਆ ਲੰਮੀ ਚੌੜੀ ਗੱਲ ਹੈ, ਇਸ ਲਈ ਇਸ ਨੂੰ ਕਦੀ ਬਾਅਦ ਵਿਚ ਛੇੜਾਂਗੇ।

# 'ਲਟ ਲਟ ਲਾਟ ਬਲੇ': ਨਿਵੇਕਲਾ ਤੇ ਦਿਲਚਸਪ ਨਾਵਲ

## ਪੁਸਤਕ-ਪੜਚੋਲ

'ਲਟ ਲਟ ਲਾਟ ਬਲੇ' ਦੇ ਰਚੈਤਾ ਇੰਦਰ ਸਿੰਘ ਖਾਮੋਸ਼ ਨੇ ਦੋ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ ਜਿਨ੍ਹਾਂ ਵਿਚ 11 ਨਾਵਲ, ਇਕ ਕਹਾਣੀ ਸੰਗ੍ਰਿਹ, ਤਿੰਨ ਕਾਵਿ-ਸੰਗ੍ਰਿਹ ਅਤੇ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਕੀਤੇ ਅਨੁਵਾਦ ਦੀਆਂ ਪੁਸਤਕਾਂ ਸ਼ਾਮਿਲ ਹਨ। 'ਲਟ ਲਟ ਲਾਟ ਬਲੇ' ਉਸ ਦਾ ਬਾਰ੍ਹਵਾਂ ਨਾਵਲ ਹੈ। ਉਸ ਵਲੋਂ ਲਿਖੇ ਜੀਵਨੀ ਮੂਲਕ ਨਾਵਲਾਂ ਦੀ ਲੜੀ ਵਿਚ ਇਹ ਉਸ ਦਾ ਸੱਤਵਾਂ ਨਾਵਲ ਹੈ।



ਨੀਲਮ ਸੈਣੀ
ਫੋਨ: 510-502-0551


ਉਹ ਪੰਜਾਬੀ ਸਾਹਿਤ ਵਿਚ ਜੀਵਨੀ ਮੂਲਕ ਨਾਵਲਾਂ ਦੀ ਲੀਹ ਪਾਉਣ ਵਾਲਾ ਪਲੇਠਾ ਅਤੇ ਇਕਲੌਤਾ ਸਾਹਿਤਕਾਰ ਹੈ। ਇਸ ਤੋਂ ਪਹਿਲਾਂ ਉਸ ਨੇ ਪ੍ਰਸਿੱਧ ਰੂਸੀ ਸਾਹਿਤਕਾਰਾਂ ਤਾਲਸਤਾਏ, ਚੈਖੋਵ, ਦਾਸਤੋਵਸਕੀ, ਪੁਸ਼ਕਿਨ ਅਤੇ ਗੋਗੋਲ ਤੋਂ ਇਲਾਵਾ ਜਗਤ ਪ੍ਰਸਿੱਧ ਫਰਾਂਸੀਸੀ ਸਾਹਿਤਕਾਰ ਅਤੇ ਫਿਲਾਸਫਰ ਵੋਲਟੇਅਰ ਬਾਰੇ ਨਾਵਲ ਲਿਖ ਕੇ ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ।

ਵਰਣਨਯੋਗ ਹੈ ਕਿ ਉਸ ਦਾ ਨਾਵਲ 'ਚਾਨਣ ਦਾ ਜੰਗਲ' ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਿਲੇਬਸ ਵਿਚ ਪੜ੍ਹਾਇਆ ਜਾ ਚੁੱਕਾ ਹੈ। 'ਕਾਫਰ ਮਸੀਹਾ' ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪਾਠ-ਕ੍ਰਮ ਵਿਚ ਸ਼ਾਮਿਲ ਹੈ। ਉਸ ਦੇ ਸਾਰੇ ਨਾਵਲ ਚਰਚਿਤ ਹੋਣ ਤੋਂ ਬਾਅਦ ਯੂਨੀਵਰਸਿਟੀਆਂ ਦੇ ਖੋਜ ਕਾਰਜ ਵਿਚ ਸ਼ਾਮਿਲ ਹੋਏ ਹਨ।

'ਲਟ ਲਟ ਲਾਟ ਬਲੇ' ਫਰਾਂਸ ਦੇ ਪ੍ਰਸਿੱਧ ਲੇਖਕ ਵਿਕਟਰ ਹਿਊਗੋ ਦੀ ਜ਼ਿੰਦਗੀ 'ਤੇ ਆਧਾਰਤ ਨਾਵਲ ਹੈ। ਇਸ ਨਾਵਲ ਵਿਚ ਲੇਖਕ ਨੇ ਵਿਕਟਰ ਹਿਊਗੋ ਦੀ ਸੰਘਰਸ਼ ਭਰੀ ਜ਼ਿੰਦਗੀ ਬਾਰੇ ਜਾਣਕਾਰੀ ਦਿਤੀ ਹੈ। ਨਾਵਲ ਦੇ ਮੁੱਖ ਬੰਦ ਵਿਚ ਇੰਦਰ ਸਿੰਘ ਖਾਮੋਸ਼ ਨੇ ਲਿਖਿਆ ਹੈ, "ਵਿਕਟਰ ਹਿਊਗੋ ਵੱਡ ਅਕਾਰੀ, ਚਮਤਕਾਰੀ ਅਤੇ ਰਹੱਸਮਈ ਸ਼ਕਤੀਆਂ ਵਾਲਾ ਆਦਮੀ ਸੀ ਜਿਹੜਾ ਜ਼ਿੰਦਗੀ ਦੀ ਪ੍ਰਬਲ ਭਾਵਮਈ ਪ੍ਰਾਰਥਨਾ ਵਿਚ ਲੀਨ ਸੀ। ਇਸ ਤੋਂ ਇਲਾਵਾ ਉਸ ਦੇ ਵਿਰੋਧਾਭਾਸ ਇਕ ਗੋਰਖਧੰਦੇ ਵਿਚ ਉਲਝੇ ਹੋਏ ਸਨ ਕਿਉਂਕਿ ਇਹ ਡੂੰਘਾ ਆਤਮਿਕ ਜੀਨੀਅਸ ਆਪਣੇ ਸਮੇਂ ਦੇ ਧਰਮ (ਚਰਚ) ਤੋਂ ਮੁਨਕਰ ਸੀ ਅਤੇ ਇਸ ਦੇ ਪਾਦਰੀਆਂ ਨੂੰ ਨਫਰਤ ਕਰਦਾ ਸੀ।"

ਨਾਵਲ ਦੇ ਮੁੱਖ ਬੰਦ ਤੋਂ ਬਾਅਦ ਨਾਵਲ ਨੂੰ ਦਿਲਚਸਪ ਬਣਾਉਣ ਲਈ ਵਿਕਟਰ ਹਿਊਗੋ ਦੀ ਜ਼ਿੰਦਗੀ ਦੇ ਮਿਤੀ ਵਾਰ ਮਹੱਤਵਪੂਰਨ ਵੇਰਵੇ ਦਿੱਤੇ ਹਨ ਜੋ ਪਾਠਕ ਨੂੰ ਨਾਵਲ ਪੜ੍ਹਨ ਲਈ ਉਤਸੁਕ ਕਰਦੇ ਹਨ। ਵੀਹ ਸਾਲ ਦੀ ਉਮਰ ਤੋਂ ਪਹਿਲਾਂ ਇਕ ਸਥਾਪਿਤ ਸਾਹਿਤਕਾਰ ਬਣੇ ਵਿਕਟਰ ਹਿਊਗੋ ਦੀ ਕਲਮ ਜਵਾਨੀ ਵੇਲੇ ਵੀ ਨੂਰਾਨੀ ਕਲਪਨਾ ਦੇ ਸ਼ਬਦ ਲਿਖਦੀ ਥਰਕਦੀ ਸੀ,

"ਮੈਨੂੰ ਇਸ ਦੁਨੀਆਂ ਦੇ ਸ਼ੋਰ ਨਾਲ ਨਫਰਤ ਹੈ। ਮੈਨੂੰ ਇਸ ਦੀ ਧੂੜ ਤੋਂ ਡਰ ਲੱਗਦਾ ਹੈ। ਮੇਰੇ ਸੁਤੰਤਰ ਦਿਲ ਨੂੰ ਸ਼ਾਂਤਮਈ ਗੌਰਵਸ਼ਾਲੀ ਇਕਾਂਤ ਦੀ ਲੋੜ ਹੈ। ਮੈਂ ਨਾ ਗੁਲਾਮ ਬਣਨਾ ਚਾਹੁੰਦਾ ਹਾਂ ਅਤੇ ਨਾ ਹੀ ਮਾਲਕ। ਮੈਨੂੰ ਆਪਣੀ ਹੋਂਦ ਦੇ ਮਾਰੂਥਲ ਵਿਚ ਇੱਕਲਾ ਰਹਿ ਕੇ ਸੁਪਨੇ ਦੇਖਣ ਦਿਓ। ਉਥੇ ਮੈਨੂੰ ਇਕ ਬਲਦੀ ਹੋਈ ਝਾੜੀ ਦੀ ਤਲਾਸ਼ ਹੈ।




ਵਿਕਟਰ ਹਿਊਗੋ ਦੇ ਪ੍ਰੇਮ-ਪ੍ਰਸੰਗ ਦਾ ਵਿਸਥਾਰ ਵਰਣਨ ਕਰਦਿਆਂ ਲੇਖਕ ਨੇ ਉਸ ਨੂੰ ਰੁਮਾਂਸਵਾਦੀ ਲਹਿਰ ਦਾ ਅਜਿਹਾ ਨੇਤਾ ਐਲਾਨਿਆ ਹੈ, ਜਿਸ ਦਾ ਕੋਈ ਸਾਨੀ ਨਹੀਂ ਸੀ। ਉਸ ਦੀ ਬਚਪਨ ਦੀ ਪ੍ਰੇਮਿਕਾ ਐਡਿਲੀ ਨਾਲ ਉਸ ਦੀ ਸ਼ਾਦੀ ਉਸ ਦੀ ਕਾਮੁਕ ਤ੍ਰਿਸ਼ਨਾ ਦੇ ਬੋਝ ਨਾਲ ਤਰੇੜੀ ਗਈ ਸੀ। ਚਾਰ ਬੱਚਿਆਂ ਨੂੰ ਜਨਮ ਦੇਣ ਤੋਂ ਬਾਅਦ ਉਸ ਦੀ ਪਤਨੀ ਉਸ ਦਾ ਸਾਥ ਛੱਡ ਗਈ ਸੀ।

ਸ਼ਾਦੀ ਟੁੱਟਣ ਤੋਂ ਪਿਛੋਂ ਵਿਕਟਰ ਹਿਊਗੋ ਨੇ ਆਪਣੀ ਕਾਮੁਕ ਭੁੱਖ ਮਿਟਾਉਣ ਲਈ ਨੌਜਵਾਨ ਐਕਟ੍ਰੈਸਾਂ ਨਾਲ ਸਬੰਧ ਬਣਾਏ, ਜਿਹੜੀਆਂ ਦਰਜਨਾਂ ਦੀ ਗਿਣਤੀ ਵਿਚ ਉਸ ਨੂੰ ਘੇਰੀ ਰੱਖਦੀਆਂ ਸਨ। ਇਨ੍ਹਾਂ ਵਿਚੋਂ ਜ਼ਿੰਦਗੀ ਦਾ ਪਿਆਰ ਉਸ ਨੂੰ ਜੂਲੀਅਟ ਡਰਾਊਟ ਤੋਂ ਮਿਲਿਆ ਅਤੇ ਉਹ ਉਸ ਦੇ ਆਖਰੀ ਦਮ ਤੱਕ ਉਸ ਨਾਲ ਰਹਿੰਦੀ ਉਸ ਦੇ ਪਰਿਵਾਰ ਅਤੇ ਦੁਨੀਆਂ ਦੀ ਜ਼ਿੱਲਤ ਸਹਿੰਦੀ ਰਹੀ।

ਹਿਊਗੋ ਦੇ ਨਾਟਕਾਂ ਦੀ ਪੇਸ਼ਕਾਰੀ ਦੀ ਵੀ ਆਪਣੀ ਮਿਸਾਲ ਸੀ। ਉਸ ਦੇ ਨਾਟਕ 'ਹਰਨਾਨੀ' ਨੇ ਥੀਏਟਰ ਦੀ ਦੁਨੀਆਂ ਵਿਚ ਇਨਕਲਾਬ ਲਿਆਂਦਾ। ਨਾਟਕ ਤੋਂ ਪਹਿਲਾਂ ਚਾਰਲੀ ਮੈਨ ਦੇ ਮਕਬਰੇ ਸਾਹਮਣੇ ਬੋਲੀ ਉਸ ਦੀ ਸਵੈ-ਕਥਨੀ ਤੋਂ ਹਿਊਗੋ ਦੀਆਂ ਉਨ੍ਹਾਂ ਆਤਮਿਕ ਡੂੰਘਾਈਆਂ ਦੀ ਸੂਹ ਇਨ੍ਹਾਂ ਸ਼ਬਦਾਂ ਤੋਂ ਮਿਲਦੀ ਹੈ,

"ਫੇਰ ਕੀ ਹੁੰਦਾ ਜੇ ਕਰ ਉਹ ਪ੍ਰਿੰਸ, ਬਾਦਸ਼ਾਹ ਅਤੇ ਸ਼ਹਿਨਸ਼ਾਹ ਹੁੰਦਾ। ਮੇਰੇ ਕੋਲ ਤਲਵਾਰ ਅਤੇ ਕਾਨੂੰਨ ਹੁੰਦੇ। ਹੈਨੀਬਾਲ ਅਤੇ ਐਟੀਲਾ ਤੋਂ ਵੀ ਮੈਂ ਜੇਕਰ ਮਹਾਨ ਹੁੰਦਾ, ਫੇਰ ਵੀ ਗੱਲ ਇਥੇ ਮੁੱਕਦੀ ਹੈ ਕਿ ਸਲਤਨਤਾਂ ਤਣਾਅਪੂਰਨ ਸੰਘਰਸ਼ ਕਰਦੀਆਂ ਹਨ ਅਤੇ ਉਸ ਖਾਕ ਨੂੰ ਦੇਖਦੀਆਂ ਹਨ ਜਿਹੜੀ ਸ਼ਹਿਨਸ਼ਾਹੀ ਬਣਾਉਂਦੀ ਹੈ।"

ਨੈਪੋਲੀਅਨ ਤੀਜੇ ਨੇ ਹਿਊਗੋ ਨੂੰ ਜਲਾਵਤਨ ਕੀਤਾ ਅਤੇ ਆਪਣੇ ਸੰਤਾਪ ਨੂੰ ਭੁਲਾਉਣ ਲਈ ਹੀ ਹਿਊਗੋ ਨੇ ਅਨੈਤਿਕ ਕੰਮ ਕੀਤੇ। ਜਲਾਵਤਨੀ ਦੇ ਉਨ੍ਹੀ ਸਾਲਾਂ ਦੌਰਾਨ ਗੁਰਨਸੇ ਟਾਪੂ ਦੇ ਪਹਾੜੀ ਤੱਟ ਉਪਰ ਉਹ ਚਾਰ-ਚਾਰ ਘੰਟੇ ਤੁਰ ਕੇ ਅਣਸਿਧਾਈ ਕੁਦਰਤ ਬਾਰੇ ਚਿੰਤਨ ਕਰਦਾ ਹੁੰਦਾ ਸੀ। ਇਸ ਇਕਾਂਤ ਵਿਚੋਂ ਉਸ ਦੀਆਂ ਸ਼ਾਹਕਾਰ ਰਚਨਾਵਾਂ ਨੇ ਜਨਮ ਲਿਆ। ਜਿਨ੍ਹਾਂ ਵਿਚ ਉਸ ਦਾ ਨਾਵਲ 'ਲੀਸਮਿਜ਼ਰੇਬਲਜ਼' ਅਤੇ ਉਸ ਦੀਆਂ ਕਲਪਨਾ ਭਰਪੂਰ ਕਵਿਤਾਵਾਂ ਸ਼ਾਮਿਲ ਹਨ। ਉਸ ਦੀ ਕਵਿਤਾ ਅਤੇ ਵਾਰਤਕ ਦਾ ਘੇਰਾ ਇੰਨਾ ਵਿਸ਼ਾਲ ਸੀ ਕਿ ਉਸ ਦੀਆਂ ਰਚਨਾਵਾਂ ਉਸ ਦੀ ਮੌਤ ਪਿੱਛੋਂ ਇਕ ਸੌ ਗਿਆਰਾਂ ਸਾਲ ਤੱਕ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਆਪਣੀ ਰਚਨਾਤਮਕ ਕਲਾ ਦਾ ਰਹੱਸ ਉਹ ਆਪਣੀ ਕਾਮੁਕ ਸ਼ਕਤੀ ਨੂੰ ਮੰਨਦਾ ਸੀ। ਇਹੋ ਕਾਰਨ ਸੀ ਕਿ ਮੌਤ ਦੇ ਬਿਸਤਰ 'ਤੇ ਪਏ ਹਿਊਗੋ ਨੇ ਆਪਣੇ ਪੋਤੇ ਅਤੇ ਪੋਤੀ ਦੇ ਕੰਨ ਵਿਚ ਕਿਹਾ, "ਪਿਆਰ ਕਰੋ। ਪਿਆਰ ਦੀ ਤਲਾਸ਼ ਕਰੋ। ਖੁਸ਼ੀ ਦੇਵੋ ਅਤੇ ਇੰਨੀ ਜ਼ਿਆਦਾ ਖੁਸ਼ੀ ਲਵੋ ਜਿੰਨੀ ਤੁਸੀਂ ਲੈ ਸਕਦੇ ਹੋ।"

ਮੌਤ ਤੋਂ ਬਾਅਦ ਲੰਮਾ ਅਰਸਾ ਹਿਊਗੋ ਆਪਣੀਆਂ ਲਿਖਤਾਂ ਕਰਕੇ ਜਿਉਂਦਾ ਰਿਹਾ। ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਲਟ ਲਟ ਲਾਟ ਬਲੇ' ਨੇ ਉਸ ਦੀ ਉਮਰ ਹੋਰ ਲੰਮੇਰੀ ਹੀ ਨਹੀਂ ਕੀਤੀ ਸਗੋਂ ਉਸ ਲਈ ਪਾਠਕਾਂ ਦਾ ਘੇਰਾ ਵੀ ਵਧਾਇਆ ਹੈ। ਇੰਦਰ ਸਿੰਘ ਖਾਮੋਸ਼ ਆਪਣੇ ਇਸ ਨਾਵਲ ਲਈ ਤਾਂ ਵਧਾਈ ਦਾ ਪਾਤਰ ਹੈ ਹੀ ਪਰ ਵਡੀ ਖੁਸ਼ੀ ਇਸ ਗੱਲ ਦੀ ਹੈ ਕਿ ਉਸ ਨੇ ਇਹ ਨਿਵੇਕਲਾ ਅਤੇ ਦਿਲਚਸਪ ਨਾਵਲ 83 ਵਰ੍ਹੇ ਦੀ ਉਮਰ ਵਿਚ ਲਿਖ ਕੇ ਪੰਜਾਬੀ ਸਾਹਿਤ ਵਿਚ ਗੁਣਾਤਮਕ ਵਾਧਾ ਕੀਤਾ ਹੈ।

ਕਹਾਣੀ

# ਭਾਨੂੰਪ੍ਰਿਆ

***ਮਾਂ ਨੇ ਉਸ ਨੂੰ ਬਥੇਰਾ ਕਿਹਾ, ਫੌਜੀ ਦੀ ਜ਼ਿੰਦਗੀ ਦਾ ਕੀ ਭਰੋਸਾ? ਅਜ ਹੈ ਕਲ੍ਹ ਨਹੀਂ ਪਰ ਉਹ ਆਪਣੀ ਗੱਲ 'ਤੇ ਬਜ਼ਿੱਦ ਰਹੀ ਅਤੇ ਅਖੀਰ ਮਾਪਿਆਂ ਨੇ ਬੜੇ ਚਾਵਾਂ-ਮਲ੍ਹਾਰਾਂ ਨਾਲ ਉਸ ਦਾ ਵਿਆਹ ਏਅਰ ਫੋਰਸ ਦੇ ਪਾਇਲਟ ਭਾਨੂੰ ਪ੍ਰਤਾਪ ਨਾਲ ਕਰ ਦਿਤਾ। ਉਹ ਦੋਵੇਂ ਹਨੀਮੂਨ 'ਤੇ ਗਏ ਪਿਆਰ ਦੀ ਪੀਂਘ ਵਿਚ ਅਸਮਾਨੀ ਉਡ ਹੀ ਰਹੇ ਸਨ ਕਿ ਕਾਰਗਿਲ ਵਿਚ ਜੰਗ ਲਗ ਜਾਣ ਕਰਕੇ ਭਾਨੂੰ ਪ੍ਰਤਾਪ ਨੂੰ ਡਿਊਟੀ 'ਤੇ ਹਾਜ਼ਰ ਹੋਣ ਦਾ ਹੁਕਮ ਹੋ ਗਿਆ। ਫਿਰ ਜੰਗ ਦੌਰਾਨ ਉਹੋ ਕੁਝ ਹੋਇਆ ਜਿਸ ਦਾ ਡਰ ਸੀ। ਭਾਨੂੰ ਮੌਤ ਲਾੜੀ ਨੂੰ ਵਰਨ ਤੁਰ ਪਿਆ। ਪਤੀ ਦੇ ਇਸ ਜਹਾਨੋਂ ਤੁਰ ਜਾਣ 'ਤੇ ਪੰਮੀ ਉਪਰ ਜੋ ਜਜ਼ਬਾਤੀ ਕਹਿਰ ਵਾਪਰਦਾ ਹੈ, ਉਸ ਦਾ ਸ਼ਿਕਾਗੋ ਵਿਚ ਕਿਸੇ ਸਮੇਂ ਕੌਂਸਲ ਜਨਰਲ ਰਹੇ ਸੁਰਿੰਦਰ ਕੁਮਾਰ ਨੇ ਬਹੁਤ ਹੀ ਮਾਰਮਿਕ ਚਿੱਤਰਨ ਇਸ ਕਹਾਣੀ ਵਿਚ ਕੀਤਾ ਹੈ। -ਸੰਪਾਦਕ***

**ਸੁਰਿੰਦਰ ਕੁਮਾਰ**
**(ਸਾਬਕਾ ਕੌਂਸਲ ਜਨਰਲ, ਸ਼ਿਕਾਗੋ)**

ਐਕਸਕਯੂਜ਼ ਮੀ! ਵੁਡ ਯੂ ਮਾਈਂਡ ਡਾਂਸਿੰਗ ਵਿਦ ਮੀ? ਲੰਮੀਆਂ ਉਂਗਲਾਂ ਵਾਲਾ ਫੌਲਾਦੀ ਹਥ ਫੈਲਾਏ ਸਾਹਮਣੇ ਖੜਾ ਸੀ, ਸਫੇਦ ਕਮੀਜ਼ ਅਤੇ ਗਰੇ ਪੈਂਟ ਪਾਈ ਫੌਜੀ ਕਟ ਦੇ ਵਾਲਾਂ ਵਾਲਾ ਇਕ ਲੰਮਾ-ਲੰਝਾ ਨੌਜਵਾਨ। ਉਸ ਦੀਆਂ ਮਿਕਨਾਤੀਸੀ ਅੱਖਾਂ ਵਿਚ ਕੁਝ ਅਜਿਹੀ ਕਸ਼ਿਸ਼ ਸੀ ਕਿ ਮੈਂ ਇਨਕਾਰ ਨਾ ਕਰ ਸਕੀ ਅਤੇ ਫਿਰ ਅਗਲੇ ਹੀ ਪਲ ਅਸੀਂ ਡਾਂਸ ਫਲੋਰ 'ਤੇ ਸਾਂ। ਕਮਾਲ ਦੀ ਥਿਰਕਣ ਅਤੇ ਲੈਅ ਸੀ ਉਸ ਦੇ ਸਰੀਰ ਵਿਚ। ਕਿੰਨਾ ਹੀ ਚਿਰ ਫਿਰ ਮੈਂ ਉਸ ਦੇ ਨਾਲ ਛਾਉਣੀ ਦੀ ਆਫੀਸਰ ਮੈਸ ਵਿਚ ਨਚਦੀ ਰਹੀ ਸੀ ਮੰਤਰਮੁਗਧ ਜਿਹੀ ਹੋਈ।

ਫਿਰ 'ਸਿਲਸਿਲਾ' ਫਿਲਮ ਦੇ ਅਮਿਤਾਭ ਬੱਚਨ ਅਤੇ ਰੇਖਾ ਦੀ ਤਰ੍ਹਾਂ ਅਸੀਂ ਦਿੱਲੀ ਵਿਚ ਬੁਧ ਜਯੰਤੀ ਤੋਂ ਇੰਡੀਆ ਗੇਟ ਤਕ, ਕੁਤਬ ਮੀਨਾਰ ਤੋਂ ਗਾਂਧੀ ਸਮਾਰਕ ਤਕ ਅਤੇ ਮੌਰੀਆ ਸ਼ੇਰੇਟਨ ਦੇ ਘੁੰਗਰੂ ਡਿਸਕੋਥੀਕ ਤੋਂ ਮੈਰਿਡੀਅਨ ਦੇ ਸਵਿਮਿੰਗ ਪੂਲ ਤਕ ਕਦੀ ਨਸਦੇ ਕਦੀ, ਸਾਈਕਲ ਰੇਸ ਲਾਉਂਦੇ, ਕਦੀ ਆਈਸ ਕਰੀਮ ਖਾਂਦੇ ਅਤੇ ਕਦੀ ਜਾਮਨੂਆਂ ਦੇ ਰੁਖਾਂ ਹੇਠ ਖੜੇ ਜਾਮਨੂ ਚੁਕ ਚੁਕ ਖਾਂਦੇ, ਕਦੀ ਕਿਸੇ ਪਾਰਕ ਵਿਚ ਬੈਠੇ ਘੁਸਰ-ਮੁਸਰ ਕਰਦੇ ਅਤੇ ਕਦੀ ਕਿਲਕਾਰੀਆਂ ਮਾਰਦੇ ਇਕ ਦੂਜੇ ਨੂੰ ਜਾਨਣ ਅਤੇ ਸਮਝਣ ਦੀ ਕੋਸ਼ਿਸ਼ ਕਰਦੇ ਰਹੇ।

ਜਦੋਂ ਜਾਣ-ਪਛਾਣ ਦਾ ਦੌਰ ਇਕ ਹਦ ਤੋਂ ਬਾਹਰ ਜਾਣ ਲੱਗਾ ਤਾਂ ਇਕ ਦਿਨ ਸਵੇਰ ਵੇਲੇ ਨਾਸ਼ਤੇ ਦੀ ਮੇਜ ਤੇ ਬੈਠਿਆਂ ਮੈਂ ਮੰਮੀ ਨੂੰ ਕਿਹਾ, "ਮੰਮੀ ਤੁਸੀਂ ਹਮੇਸ਼ਾ ਮੈਨੂੰ ਕਹਿੰਦੇ ਰਹਿੰਦੇ ਹੋ ਕਿ ਤੂੰ ਵਿਆਹੁਣ ਜੋਗੀ ਹੋਈ ਏਂ, ਜੇ ਸਾਡਾ ਲਭਿਆ ਪਸੰਦ ਨਹੀਂ ਆਉਂਦਾ ਤਾਂ ਆਪੇ ਲਭ ਲੈ, ਮੈਂ ਲਭ ਲਿਆ ਈ ਆਪਣੇ ਸੁਪਨਿਆਂ ਦਾ ਉਹ ਰਾਜਕੁਮਾਰ।"

"ਕੌਣ ਏ, ਕੌਣ ਏ ਸਾਨੂੰ ਵੀ ਤਾਂ ਪਤਾ ਲੱਗੇ ਸਾਡੀ ਧੀ ਨੂੰ ਕਿਹੜਾ ਰਾਜਕੁਮਾਰ ਲਭਾ ਏ," ਮੰਮੀ ਇਕ ਦਮ ਉਤਸੁਕ ਹੋ ਗਈ ਸੀ।

"ਉਸ ਦਾ ਨਾਂ ਏ ਭਾਨੂੰ ਪ੍ਰਤਾਪ ਅਤੇ ਉਹ ਏਅਰ ਫੋਰਸ ਵਿਚ ਲੜਾਕੂ ਜਹਾਜ ਦਾ ਪਾਇਲਟ ਏ," ਮੇਰਾ ਜਵਾਬ ਸੀ।

ਇਹ ਸੁਣਦਿਆਂ ਹੀ ਮੰਮੀ ਚੌਂਕ ਉਠੀ ਸੀ, "ਯੂ ਮੀਨ ਹੀ ਇਜ਼ ਐਨ ਏਅਰ ਫੋਰਸ ਆਫੀਸਰ? ਤੈਨੂੰ ਹੋਰ ਨਹੀਂ ਸੀ ਲਭਾ ਕੋਈ। ਪੰਮੀ ਏਅਰ ਫੋਰਸ ਦੇ ਪਾਇਲਟ ਦੀ ਜਿੰਦਗੀ ਦਾ ਕੀ ਭਰੋਸਾ? ਹੁਣ ਹੈ ਘੜੀ ਨੂੰ ਨਹੀਂ। ਲੜਾਈ ਦੀ ਤਾਂ ਗੱਲ ਛਡੋ, ਕਦੀ ਜਹਾਜ ਦਾ ਇੰਜਨ ਫੇਲ੍ਹ ਹੋ ਗਿਆ, ਕਦੀ ਕੋਈ ਇਲ ਟਕਰਾ ਜਾਏ, ਪਲ ਝਟ ਵਿਚ ਹੀ ਜਹਾਜ ਖਤਮ ਅਤੇ ਨਾਲ ਹੀ ਪਾਇਲਟ ਵੀ। ਕੋਈ ਆਈ ਏ ਐਸ, ਕੋਈ ਆਈ ਪੀ ਐਸ ਲਭ ਲੈਂਦੀ, ਨਹੀਂ ਤੇ ਕੋਈ ਆਈ ਐਫ ਐਸ ਹੀ ਲਭ ਲੈਂਦੀ, ਰੌਅਬ ਨਾ ਸਹੀ, ਦੁਨੀਆਂ ਦੀ ਸੈਰ ਤਾਂ ਕਰਦੀ। ਇਹ ਕੀ ਲਭਿਆ, ਏਅਰ ਫੋਰਸ ਦੇ ਲੜਾਕੂ ਜਹਾਜ ਦੇ ਪਾਇਲਟ ਦੀ ਬੀਵੀ ਅਜ ਵੀ ਬੇਵਾ ਕਲ ਵੀ ਬੇਵਾ," ਮੰਮੀ ਨੇ ਲੰਮਾ ਸਾਰਾ ਲੈਕਚਰ ਝਾੜ ਦਿਤਾ ਸੀ। ਸ਼ਾਇਦ ਉਨ੍ਹਾਂ ਦੇ ਮਨ ਵਿਚ ਸੀ ਕਿ ਉਨ੍ਹਾਂ ਦੀ ਕੰਪਿਊਟਰ ਸਾਫਟਵੇਅਰ ਸਪੈਸ਼ਲਿਸਟ ਬੇਟੀ ਲਈ ਚੰਗੇ ਵਰਾਂ ਦੀ ਕਮੀ ਤਾਂ ਨਹੀਂ।

ਮੈਂ ਸੰਜੀਦਗੀ ਨਾਲ ਕਿਹਾ ਸੀ, "ਮੰਮੀ ਮੌਤ ਦਾ ਕੀ ਭਰੋਸਾ? ਇਹ ਤਾਂ ਕਿਸੇ ਨੂੰ ਵੀ ਕਿਸੇ ਵੀ ਵੇਲੇ ਆ ਸਕਦੀ ਹੈ। ਘਰੋਂ ਬਾਹਰ ਨਿਕਲੋ ਟਰੱਕ ਸਿਧਾ ਮਾਰੂਤੀ ਵਿਚ ਆ ਵਜੇ, ਬੰਦੇ ਦਾ ਕਖ ਨਹੀਂ ਬਚਦਾ, ਬਜਾਰੋਂ ਕੁਝ ਖਾ ਕੇ ਆਓ, ਹੈਪਟਾਈਟਸ ਬੀ ਹੋ ਜਾਏ, ਬੰਦਾ ਝਟ ਘੜੀ ਵਿਚ ਹੀ...ਮੰਮੀ ਤੁਸੀਂ ਉਹ ਅੰਗਰੇਜੀ ਫਿਲਮ ਬਲੈਕ ਐਂਡ ਵਾਈਟ ਦੇ ਗੀਤ ਭੁਲ ਗਏ "ਕੇ ਸੈਰਾ ਸੈਰਾ! ਵ੍ਹਾਟ ਐਵਰ ਵਿਲ ਬੀ, ਵਿਲ ਬੀ, ਫਿਊਚਰ ਇਜ਼ ਨਾਟ ਆਵਰਜ਼।"

"ਚੰਗਾ! ਚੰਗਾ! ਵਡੀ ਦਾਨੀ ਤੂੰ, ਮੈਂ ਤਾਂ ਤੈਨੂੰ ਫਿਰ ਵੀ ਕਹਾਂਗੀ, ਸੋਚ ਲੈ ਅਜੇ ਵੀ," ਮੰਮੀ ਨੇ ਹਾਰ ਮੰਨਦਿਆਂ ਕਿਹਾ ਸੀ।

ਪਾਪਾ ਨੇ ਵੀ ਬੜਾ ਸਮਝਾਉਣ ਦੀ ਕੋਸ਼ਿਸ਼ ਕੀਤੀ। ਮੈਂ ਆਪਣੀ ਜਿਦ 'ਤੇ ਅੜੀ ਰਹੀ ਅਤੇ ਫਿਰ ਪਾਪਾ ਨੇ ਮੇਰੀ ਖੁਸ਼ੀ ਲਈ ਬੜੀ ਸ਼ਾਨ ਨਾਲ ਸਾਡਾ ਵਿਆਹ ਕਰ ਦਿਤਾ ਸੀ, ਹੋਟਲ ਮੌਰੀਆ ਸ਼ੇਰੇਟਨ ਵਿਚ। ਹਨੀਮੂਨ ਲਈ ਅਸੀਂ ਪਹਿਲਾਂ ਹੀ ਗੋਆ ਜਾਣ ਦਾ ਪ੍ਰੋਗਰਾਮ ਤੈਅ ਕੀਤਾ ਹੋਇਆ ਸੀ। ਵਿਆਹ ਤੋਂ ਅਗਲੀ ਸ਼ਾਮ ਅਸੀਂ ਗੋਆ ਵਿਚ ਸਾਂ। ਹੋਟਲ ਵਿਚ ਸਮਾਨ ਸੁਟ ਅਸੀਂ ਇਕ ਦਮ ਨਿਕਲ ਤੁਰੇ ਸਾਂ ਬੀਚ ਵਲ। ਇਕ ਦੂਜੇ ਦੀਆਂ ਬਾਹਾਂ ਵਿਚ ਬਾਹਾਂ ਪਾਈ। ਚੋਹਲ-ਮੋਹਲ ਕਰਦੇ।

ਪੁਰਾਣੇ ਚਰਚਾਂ ਵਿਚ ਗਏ, ਪੁਰਾਣਾ ਕਿਲਾ ਦੇਖਿਆ, ਬੀਚ ਤੇ ਬਿਕਨੀ ਪਾਈ ਧੁਪ ਵਿਚ ਆਪਣੀ ਗੋਰੀ ਚਮੜੀ ਨੂੰ ਟੈਨ ਕਰਨ ਦੀ ਕੋਸ਼ਿਸ਼ ਵਿਚ ਰੇਤ ਵਿਚ ਲੇਟੀਆਂ ਮੁਟਿਆਰਾਂ, ਕਿਸ਼ਤੀ ਵਿਚ ਮਸ ਮਸ ਮਵਾਈ ਅਤੇ "ਏ ਮੇਰੀ ਮੁੰਨੀ" ਦੀਆਂ ਧੁਨਾਂ ਤੇ ਲਕ ਮਟਕਾ-ਮਟਕਾ ਨਚਦੀਆਂ ਗੋਆ ਦੀਆਂ ਸੋਲੀਆਂ ਮੁਟਿਆਰਾਂ, ਫੈਨੀ ਦੀ ਲੋਰ ਵਿਚ ਉਨ੍ਹਾਂ ਦੇ ਤੇਜ ਰਿਦਮਿਕ ਨ੍ਰਿਤ ਕੀ ਕੁਝ ਨਹੀਂ ਸੀ ਵੇਖਿਆ-ਮਾਣਿਆ ਅਸਾਂ ਦੋਹਾਂ, ਇਕ ਇਕ ਪਲ ਸੁਰਗ ਦਾ ਝੂਟਾ ਜਾਪਦਾ ਸੀ। ਸੰਝ ਦੀ ਲਾਲੀ ਵੰਡਦਾ ਸੂਰਜ ਸਮੁੰਦਰ ਦੀ ਨੀਲੀ ਹਿਕ ਵਿਚ ਅਹਿਸਤਾ-ਅਹਿਸਤਾ ਸਮਾਉਂਦਾ ਜਾ ਰਿਹਾ ਕਿੰਨਾ ਸੋਹਣਾ ਲਗਿਆ ਸੀ, ਮੈਨੂੰ। ਤੇ ਭਾਨੂੰ ਨੇ ਇਸ ਤੇ ਕਿਹਾ ਸੀ, ਮੈਨੂੰ ਤਾਂ ਇਓਂ ਜਾਪਦੈ, ਸੂਰਜ ਤੇਰੀਆਂ ਨੀਲੀਆਂ ਅੱਖਾਂ ਵਿਚ ਸਮਾਉਂਦਾ ਜਾ ਰਿਹਾ ਹੈ, ਮੇਰਾ ਰਕੀਬ।" ਤੇ ਮੈਂ ਇਸ ਪ੍ਰੰਸ਼ਸਾ ਦੇ ਅਨੰਦ ਵਿਚ ਸਰਸ਼ਾਰ ਹੋਈ ਉਹਦੀ ਚੌੜੀ ਚਕਲੀ ਹਿਕ ਵਿਚ ਮੁੱਕੀਆਂ ਮਾਰਨ ਲਗ ਪਈ ਸੀ, "ਯੂ ਨਾਟੀ...।"

ਸੂਰਜ ਦੂਰ ਦੁਮੇਲ ਵਿਚ ਕਿਤੇ ਸਮੁੰਦਰ ਦੀ ਨੀਲੀ ਹਿਕ ਵਿਚ ਸਮਾ ਗਿਆ। ਫਿਰ ਗਿੱਲੀ ਰੇਤ 'ਤੇ ਬੈਠਿਆਂ-ਬੈਠਿਆਂ ਪਤਾ ਨਹੀਂ ਉਸ ਨੂੰ ਕੀ ਸੁਝਾ ਅਤੇ ਮੈਨੂੰ ਬਾਹਾਂ ਦੀ ਪਾਲਕੀ ਵਿਚ ਚੁਕ ਉਹ ਇਕ ਦਮ ਨਠ ਤੁਰਿਆ, "ਛਡੋ ਮੈਨੂੰ, ਛਡੋ ਮੈਨੂੰ" ਮੈਂ ਉਤੋਂ-ਉਤੋਂ ਆਖਿਆ ਸੀ। ਜਾਪਿਆ ਜਿਵੇਂ ਮੈਂ ਅਸਮਾਨ ਵਿਚ ਪਈ ਸਤਰੰਗੀ ਪੀਂਘ ਝੂਲ ਰਹੀ ਹਾਂ। ਦਿਲ ਤਾਂ ਕੀਤਾ ਸੀ ਕਿ ਉਹ ਹਮੇਸ਼ਾ ਹਮੇਸ਼ਾ ਇਸੇ ਹੀ ਤਰ੍ਹਾਂ ਆਪਣੀਆਂ ਬਾਹਾਂ ਦੇ ਝੂਲੇ ਵਿਚ ਲਈ ਫਿਰਿਆ ਕਰੇ।

ਹੋਟਲ ਦੇ ਕਮਰੇ ਵਿਚ ਆ ਗਏ ਸਾਂ। ਸਵਿਮਿੰਗ ਪੂਲ ਵਲ ਖੁਲਦੀ ਖਿੜਕੀ ਭਾਨੂੰ ਨੇ ਖੋਲ ਦਿਤੀ ਸੀ। ਬਾਹਰ ਦੂਰ-ਦੂਰ ਤਕ ਖਿੜੇ ਚਮੇਲੀ ਦੇ ਫੁਲਾਂ ਦੀ ਸੁਗੰਧ ਨੇ ਹੋਟਲ ਦਾ ਉਹ ਕਮਰਾ ਲਬਾਲਬ ਭਰ ਦਿਤਾ ਸੀ। ਭਾਨੂੰ ਨੇ ਹੋਟਲ ਦੇ ਇੰਟਰਨਲ ਟੀ ਵੀ ਸਰਕਿਟ ਦਾ ਰਿਮੋਟ ਬਟਨ ਦਬਾ ਦਿਤਾ ਸੀ। ਸਕਰੀਨ 'ਤੇ ਫਿਲਮ "ਮੁਗਲੇਆਜ਼ਮ" ਦਾ ਦ੍ਰਿਸ਼ ਸੀ। ਬਾਗ ਵਿਚ ਬੂਟਿਆਂ ਤੋਂ ਫੁਲ ਝਰ ਰਹੇ ਹਨ। ਸਲੀਮ ਅਨਾਰਕਲੀ ਦੇ ਚਿਹਰੇ ਨੂੰ ਇਕ ਪਖੇ ਨਾਲ ਛੇੜਦਾ ਹੈ ਪਿਛੇ ਤਾਨਸੈਨ ਗੀਤ ਛੇੜ ਰਿਹਾ ਸੀ, "ਮੈਂ ਤੋ ਜੋਗਨ ਬਨ ਚਲੀ..." ਭਾਨੂੰ ਜੋਰ ਦੀ ਠਹਾਕਾ ਲਾ ਕੇ ਹਸਿਆ ਸੀ। "ਕਿਆ ਬਾਤ ਹੈ, ਅਜ ਦੀ ਰਾਤ ਮੈਂ ਤੇਰਾ ਸਲੀਮ ਅਤੇ ਤੂੰ ਮੇਰੀ ਅਨਾਰਕਲੀ।"

"ਨਹੀਂ ਨਹੀਂ ਸਾਹਿਬੇ ਆਲਮ, ਮੈਂ ਨਹੀਂ ਉਹ ਅਨਾਰਕਲੀ ਬਣਨਾ ਜਿਸ ਨੂੰ ਅਕਬਰ ਨੇ ਜਿੰਦਾ ਕੰਧਾਂ ਵਿਚ ਚਿਣਵਾ ਦਿਤਾ ਸੀ। ਮੈਂ ਤਾਂ ਮਲਿਕਾ ਏ ਹਿੰਦੁਸਤਾਨ ਨੂਰ ਜਹਾਂ ਹਾਂ। ਜੋ ਰਾਜ ਕਰੇਗੀ ਤੁਹਾਡੇ ਦਿਲ 'ਤੇ।"

"ਅੱਛਾ ਇਹ ਗੱਲ ਐ! ਜਰਾ ਅਸੀਂ ਵੀ ਤਾਂ ਦੇਖੀਏ ਆਪਣੀ ਮਲਿਕਾ ਨੂੰ।" ਅਤੇ ਇਹ ਆਖ ਉਸ ਬਾਹਾਂ ਵਿਚ ਭਰ ਲਿਆ ਸੀ। ਅਤੇ ਆਪਣੇ ਹੋਠ ਰਖ ਦਿਤੇ ਸਨ ਮੇਰੇ ਹੋਠਾਂ 'ਤੇ। ਫਿਰ ਪਤਾ ਨਹੀਂ ਭਾਵਨਾਵਾਂ ਦੀ ਕਿਹੜੀ ਹਨੇਰੀ ਝੁਲੀ ਅਸੀਂ ਇਕ ਦੂਜੇ ਵਿਚ ਸਮਾਉਂਦੇ ਚਲੇ ਗਏ। ਇਕ ਦੂਜੇ ਦੇ ਰੋਮ-ਰੋਮ ਵਿਚ ਸਮਾ ਗਏ ਸਾਂ ਅਸੀਂ। ਬਸ ਕੁਝ ਅਜਿਹਾ ਵਾਪਰਿਆ ਮੈਂ ਮੈਂ ਨਾ ਰਹੀ, ਤੂੰ ਤੂੰ ਨਾ ਰਿਹਾ।"

ਦਿਨ ਗੁਜਰਦੇ ਗਏ ਅਤੇ ਅਸੀਂ ਉਸ ਅਜੀਬ ਸੁਪਨ ਦੁਨੀਆਂ ਦੇ ਸ਼ਹਿਜਾਦੇ ਬਣੇ ਅਨੰਦ ਮਾਣਦੇ ਰਹੇ।

ਇਕ ਰਾਤ ਉਸ ਦੀ ਬਾਂਹ 'ਤੇ ਲੇਟੀ ਨੇ ਮੈਂ ਕਿਹਾ ਸੀ, "ਡਾਰਲਿੰਗ ਅਸੀਂ ਆਪਣੇ ਪੁਤਰ ਨੂੰ ਏਅਰ ਫੋਰਸ ਵਿਚ ਜਾਂ ਫੌਜ ਵਿਚ ਨਹੀਂ ਭੇਜਣਾ। ਹਰ ਵੇਲੇ ਜਾਨ ਨੂੰ ਖਤਰਾ ਬਣਿਆ ਰਹਿੰਦਾ ਹੈ।"

"ਵਾਹ-ਵਾਹ ਮੇਮ ਸਾਹਿਬ ਦੇ, ਪੁਤਰ ਜਿਸ ਨੇ ਅਜੇ ਜਨਮ ਵੀ ਨਹੀਂ ਲਿਆ, ਉਸ ਦਾ ਏਨਾ ਫਿਕਰ ਅਤੇ ਮੇਰਾ ਕੋਈ ਨਹੀਂ।"

"ਨਹੀਂ, ਨਹੀਂ," ਮੈਂ ਰਿਹਾੜ ਕਰਕੇ ਆਖਿਆ ਸੀ, "ਮੈਂ ਨਹੀਂ ਉਸ ਨੂੰ ਫੌਜ ਵਿਚ ਭੇਜਣਾ। ਮੈਂ ਤਾਂ ਉਸ ਨੂੰ ਆਈ ਐਫ ਐਸ ਕਰਾਵਾਂਗੀ। ਦੁਨੀਆਂ ਭਰ ਦੇ ਵਖੋ ਵਖ ਲੋਕਾਂ ਨੂੰ ਪਿਆਰ ਦਾ ਸੁਨੇਹਾ ਦਿਆ ਕਰੇਗਾ ਮੇਰਾ ਪੁਤਰ।" ਤੇ ਫਿਰ ਉਸ ਨੇ ਮੇਰਾ ਧਿਆਨ ਰੇਡੀਓ 'ਤੇ ਚਲ ਰਹੇ ਉਸ ਗੀਤ ਵਲ ਦਿਵਾਉਂਦਿਆਂ ਛਾਤੀ ਨਾਲ ਹੋਰ ਵੀ ਘੁਟ ਲਿਆ ਸੀ ਜਿਸ ਦੇ ਬੋਲ ਸਨ, "ਆਗੇ ਭੀ ਜਾਨੇ ਨਾ ਤੂ ਪੀਛੇ ਭੀ ਜਾਨੇ ਨਾ ਤੂ, ਜੋ ਭੀ ਹੈ ਬਸ ਯਹੀ ਇਕ ਪਲ ਹੈ।"

ਅਸੀਂ ਇਕ ਦਿਨ ਸੇਂਟ ਪਾਲ ਚਰਚ ਵਿਚ ਗਏ। ਲਾਰਡ ਜੀਸਸ ਦੇ ਆਦਮ ਕਦ ਬੁਤ ਦੇ ਸਾਹਮਣੇ ਖੜੇ ਹੋ ਕੇ ਮੈਂ ਮਨ ਹੀ ਮਨ ਵਿਚ ਇਹ ਅਰਦਾਸ ਕੀਤੀ ਸੀ, "ਹੇ ਯਸੂ ਮਸੀਹ! ਮੇਰੇ ਭਾਨੂੰ ਦੀ ਹਰ ਸੰਕਟ ਵਿਚ ਰਾਖੀ ਕਰੀਂ। ਇਹ ਬਹੁਤ ਹੀ ਚੰਗਾ ਇਨਸਾਨ ਹੈ। ਡੂ ਯੂ ਹੀਅਰ ਮੀ ਜੀਸਸ," ਮੇਰੇ ਮੂੰਹ ਵਿਚੋਂ ਜਰਾ ਉਚੀ ਆਵਾਜ਼ ਵਿਚ ਨਿਕਲ ਗਿਆ ਸੀ। ਅਤੇ ਭਾਨੂੰ ਮੇਰੇ ਵਲ ਵੇਖ ਕੇ ਮੁਸਕਰਾ ਪਿਆ ਸੀ। "ਕੀ ਪਈ ਮੰਗਦੀ ਸੀ। ਬਸ, ਔਰਤਾਂ ਜਦ ਵੀ ਮੰਦਿਰ, ਮਸਜਿਦ, ਚਰਚ ਜਾਣਗੀਆਂ ਰਬ ਤੋਂ ਕੁਝ ਨਾ ਕੁਝ ਮੰਗਦੀਆਂ ਹੀ ਰਹਿਣਗੀਆਂ," ਉਸ ਆਖਿਆ ਸੀ।

ਰਾਸਤੇ ਵਿਚ ਸਮੁੰਦਰ ਕੰਢੇ ਬਣੀ ਇਕ ਬਾਰ ਦੇਖ ਕੇ ਭਾਨੂੰ ਨੇ ਕਿਹਾ ਸੀ, ਵਾਪਸ ਆ ਕੇ ਅਜ ਖਾਣਾ ਇਥੇ ਖਾਵਾਂਗੇ। ਇਸ ਬਾਰ ਦੇ ਬਾਹਰ ਬੈਠ ਲੋਕ ਖਾ ਪੀ ਵੀ ਰਹੇ ਸਨ ਅਤੇ ਦੂਰ-ਦੂਰ ਤਕ ਅਠਖੇਲੀਆਂ ਕਰਦੀਆਂ ਸਮੁੰਦਰ ਦੀਆਂ ਲਹਿਰਾਂ ਦਾ ਅਨੰਦ ਵੀ ਮਾਣ ਰਹੇ ਸਨ।

ਹੋਟਲ ਪਰਤੇ ਤਾਂ ਰਿਸੈਪਸ਼ਨ ਤੋਂ ਕਮਰੇ ਦੀ ਚਾਬੀ ਲੈਣ ਲਈ ਪਹੁੰਚੇ। ਉਥੇ ਭਾਨੂੰ ਦੇ ਨਾਂ ਇਕ ਛੋਟਾ ਜਿਹਾ ਲਿਫਾਫਾ ਪਿਆ ਸੀ। ਭਾਨੂੰ ਨੇ ਫਟਾਫਟ ਲਿਫਾਫਾ ਖੋਲਿਆ, ਲਿਖਿਆ ਸੀ, "ਰਿਟਰਨ ਇਮੀਜਿਏਟਲੀ, ਦੇਅਰ ਇਜ਼ ਐਕਸ਼ਨ ਇਨ ਕਾਰਗਿਲ। ਯੂ ਮਸਟ ਰਿਪੋਰਟ ਐਟ ਏਅਰ ਹੈਡ ਕਵਾਰਟਰਜ਼ ਟੁਮਾਰੋ ਬਾਈ ਟੈਨ।"

ਤਾਰ ਪੜਦਿਆਂ ਹੀ ਭਾਨੂੰ ਦੇ ਚਿਹਰੇ ਉਤੇ ਇਕ ਅਜੀਬ ਜਿਹੀ ਕਠੋਰਤਾ, ਇਕ ਅਜੀਬ ਜਿਹੀ ਦ੍ਰਿੜਤਾ ਉਤਰ ਆਈ ਸੀ। ਮੈਨੂੰ ਜਾਪਿਆ ਜਿਵੇਂ ਮੇਰਾ ਕਾਲਜਾ ਬਾਹਰ ਆ ਜਾਏਗਾ। ਭੁਖ ਕਿਤੇ ਖੰਭ ਲਾ ਕੇ ਉਡ ਗਈ ਸੀ।

ਉਸ ਦਾ ਮੋਢਾ ਫੜ ਕੇ ਮੈਂ ਕਿਹਾ ਸੀ, "ਤੁਹਾਡੀ ਡਿਊਟੀ ਕਿਸੇ ਤਰ੍ਹਾਂ ਟਲ ਨਹੀਂ ਸਕਦੀ। ਅਜੇ ਇਕ ਹਫਤਾ ਹੀ ਤਾਂ ਹੋਇਆ ਏ ਸਾਡੇ ਵਿਆਹ ਨੂੰ। ਹਨੀਮੂਨ ਤੋਂ ਵੀ ਅਸੀਂ ਅਜੇ ਘਰ ਨਹੀਂ ਪਰਤੇ।"

"ਪਾਗਲ ਹੋ ਗਈ ਏਂ, ਮੈਂ ਇਕ ਸਿਪਾਹੀ ਹਾਂ। ਦੇਸ਼ ਨੂੰ ਜਰੂਰਤ ਹੈ ਇਸ ਸਮੇਂ ਮੇਰੇ ਜਿਹੇ ਟਰੇਂਡ ਪਾਇਲਟ ਦੀ। ਮੈਨੂੰ ਤਾਂ ਸਗੋਂ ਖੁਸ਼ੀ ਹੈ ਕਿ ਮੈਨੂੰ ਹੁਣ ਆਪਣੀ ਲਿਆਕਤ ਵਿਖਾਉਣ ਦਾ ਮੌਕਾ ਮਿਲੇਗਾ ਅਤੇ ਨਾਲ ਹੀ ਆਪਣੀ ਮਾਤਭੂਮੀ ਦਾ ਕਰਜਾ ਚੁਕਾਉਣ ਦਾ ਵੀ," ਉਸ ਨੇ ਹਿਮਾਲਿਆ ਦੀਆਂ ਬਰਫਾਂ ਜਿਹੀ ਠੰਡੀ ਆਵਾਜ ਵਿਚ ਕਿਹਾ ਸੀ, ਜਿਸ ਵਿਚ ਜਜਬਾਤ ਜਿਹੀ ਕੋਈ ਸ਼ੈਅ ਨੇੜੇ-ਤੇੜੇ ਵੀ ਨਹੀਂ ਸੀ।

"ਪਰ ਪਰ...ਮੇਰਾ ਕੀ ਹੋਏਗਾ। ਸਾਡੇ ਹੋਣ ਵਾਲੇ ਬੱਚੇ ਦਾ ਕੀ ਹੋਏਗਾ ਜਿਸ ਬਾਰੇ ਅਸੀਂ ਸੁਪਨੇ ਬੁਣੇ ਹਨ," ਮੈਂ ਕਹਿਣਾ ਚਾਹਿਆ ਸੀ ਪਰ ਕਹਿ ਨਹੀਂ ਸਾਂ ਸਕੀ, ਉਸ ਦੇ ਭਾਵਹੀਨ ਚਿਹਰੇ ਨੂੰ ਤਕ ਕੇ। ਉਸ ਮੇਰਾ ਚਿਹਰਾ ਪੜ੍ਹ ਕੇ ਕਿਹਾ ਸੀ, "ਵਹੀ ਹੋਗਾ ਮਾਈ ਡੀਅਰ ਜੋ ਮਨਜੂਰੇ ਖੁਦਾ ਹੋਗਾ। ਤੂੰ ਹੀ ਤਾਂ ਆਖਿਆ ਕਰਦੀ ਸੀ, ਕੇ ਸੈਰਾ ਸੈਰਾ ਵਟ ਐਵਰ ਵਿਲ, ਵਿਲ ਬੀ।"

ਉਥੇ ਰਿਸੈਪਸ਼ਨ ਉਤੇ ਖੜੇ ਨੇ ਹੀ ਭਾਨੂੰ ਨੇ ਅਗਲੇ ਦਿਨ ਦੀ ਸਤ ਵਜੇ ਦੀ ਪਹਿਲੀ ਫਲਾਈਟ ਦੀਆਂ ਦੋ ਟਿਕਟਾਂ ਬੁਕ ਕਰਾਈਆਂ ਕਿਓਂ ਕਿ ਰਾਤ ਦੀ ਕੋਈ ਫਲਾਈਟ ਨਹੀਂ ਸੀ ਦਿੱਲੀ ਲਈ।

ਫਿਰ ਕਮਰੇ ਵਿਚ ਪਹੁੰਚੇ ਤਾਂ ਭਾਨੂੰ ਦੇ ਸੀਨੀਅਰ ਅਫਸਰ ਨਈਅਰ ਦਾ ਫੋਨ ਸੀ। ਹਨੀਮੂਨ ਤੋਂ ਸਿਧਾ ਕਾਰਗਿਲ ਦੀ ਲੜਾਈ ਵਿਚ ਝੋਕ ਦੇਣ ਲਈ ਅਫਸੋਸ ਜਾਹਰ ਕੀਤਾ ਸੀ ਅਤੇ ਨਾਲ ਹੀ ਇਹ ਕਿਹਾ ਸੀ, "ਯੂ ਨੋ, ਭਾਨੂੰ ਸਾਡੀਆਂ ਫੌਜੀਆਂ ਦੀਆਂ ਦੋ ਦੋ ਬੀਵੀਆਂ ਹੁੰਦੀਆਂ ਹਨ। ਇਕ ਅਸਲ ਬੀਵੀ ਅਤੇ ਦੂਜੀ ਉਸ ਦੀ ਸੌਕਣ ਸਾਡੀ ਡਿਊਟੀ। ਸੌਰੀ, ਮਾਈ ਬੁਆਏ! ਡਿਊਟੀ ਇਜ਼ ਡਿਊਟੀ।"

ਭਾਨੂੰ ਨੇ ਫੋਨ 'ਤੇ ਹੀ ਸਾਵਧਾਨ ਹੁੰਦਿਆਂ ਸਲੂਟ ਮਾਰਦਿਆਂ ਬੜੇ ਤਪਾਕ ਨਾਲ ਆਖਿਆ ਸੀ, "ਯਸ ਸਰ।"

ਉਸ ਰਾਤ ਸੌਂ ਨਹੀਂ ਸਾਂ ਸਕੀ ਮੈਂ। ਭਾਨੂੰ ਦੇ ਨਾਲ ਲਿਪਟੀ ਰਹੀ, ਸਹਿਮੀ ਜਿਹੀ। ਭਾਨੂੰ ਕਦੀ ਮੇਰੇ ਵਾਲਾਂ ਵਿਚ ਉਂਗਲਾਂ ਫੇਰਦਾ ਮੈਨੂੰ ਹੌਸਲਾ ਦਿੰਦਾ। ਕਦੀ ਮੇਰਾ ਮੂੰਹ ਚੁੰਮ ਲੈਂਦਾ।" ਫਿਰ ਮੈਂ ਉਸ ਨੂੰ ਪੁਛਿਆ ਸੀ, ਭਾਨੂੰ ਇਹ ਕਾਰਗਿਲ ਕਿਥੇ ਹੈ?" ਉਸ ਨੇ ਆਪਣੀ ਚੌੜੀ ਚਕਲੀ ਛਾਤੀ ਉਤੇ ਹੀ ਉਂਗਲਾਂ ਨਾਲ ਇਕ ਨਕਸ਼ਾ ਜਿਹਾ ਖਿਚਿਆ ਅਤੇ ਮੇਰੀ ਉਂਗਲ ਉਥੇ ਰਖ ਕੇ ਆਖਿਆ ਸੀ ਇਥੇ ਹੈ, ਕਾਰਗਿਲ।"

"ਇਹ ਤਾਂ ਦੁਸ਼ਮਣ ਦੀ ਸਰਹਦ ਦੇ ਐਨ ਕਰੀਬ ਹੈ, ਓਧਰੋਂ ਉਨ੍ਹਾਂ ਦੀ ਫਾਇਰਿੰਗ ਅਤੇ ਇਧਰ ਪਹਾੜੀਆਂ ਵਿਚ ਛਿਪੇ ਘੁਸਪੈਠੀਆਂ ਦੀ ਗੋਲੀ ਤੋਂ ਕਿਵੇਂ ਬਚਾਓਗੇ ਤੁਸੀਂ ਆਪਣੇ ਆਪ ਨੂੰ," ਮੇਰੇ ਮੂੰਹੋਂ ਨਿਕਲਿਆ ਸੀ।

"ਡੌਂਟ ਵਰੀ ਬੇਬੀ, ਕੁਝ ਨਹੀਂ ਹੋਏਗਾ ਮੈਨੂੰ। ਜਿੱਤ ਕੇ ਵਾਪਸ ਆਵਾਂਗਾ। ਵੇਖ ਲਵੀਂ।"

ਫਿਰ ਮੇਰੇ ਮਨ ਵਿਚ ਪਤਾ ਨਹੀਂ ਕੀ ਆਈ, ਮੈਂ ਆਪਣੀ ਚੀਚੀ ਦੇ ਤਿਖੇ ਨਹੁੰ ਨਾਲ ਇਕ ਹੀ ਅਖ ਪਲਕਾਰੇ ਵਿਚ ਉਸ ਦੀ ਛਾਤੀ 'ਤੇ ਲਿਖ ਦਿਤਾ, "ਭਾਨੂੰਪ੍ਰਿਆ।" ਅਤੇ ਜਿਥੇ ਜਿਥੇ ਨਹੁੰ ਦਾ ਨਿਸ਼ਾਨ ਲੱਗਾ ਉਥੇ ਖੂਨ ਸਿੰਮ ਆਇਆ ਸੀ। ਪੀੜ ਨਾਲ ਉਸ ਦੀ ਚੀਕ ਜਿਹੀ ਨਿਕਲ ਗਈ ਸੀ, "ਕਮਲੀ ਹੋ ਗਈ ਏਂ।" ਉਸ ਜਰਾ ਕੁ ਖਿਝ ਕੇ ਆਖਿਆ ਸੀ।

ਬਾਥਰੂਮ ਵਿਚੋਂ ਡਿਟੋਲ ਦਾ ਫੰਬਾ ਉਸ ਦੀ ਛਾਤੀ 'ਤੇ ਵਹੀਆਂ ਖੂਨ ਦੀਆਂ ਲਕੀਰਾਂ ਉਤੇ ਲਾਉਂਦਿਆਂ ਮੈਂ ਕਿਹਾ ਸੀ, "ਵਿਸ਼ ਕੰਨਿਆਂ ਨਹੀਂ ਹਾਂ ਮੈਂ। ਸਵੇਰ ਤਾਂਈਂ ਇਥੇ ਖਰੀਂਡ ਆ ਜਾਏਗਾ ਅਤੇ ਦੋ ਤਿੰਨ ਦਿਨ ਵਿਚ ਉਹ ਵੀ ਉਤਰ ਜਾਏਗਾ। ਫਿਰ ਰਹਿ ਜਾਏਗੀ ਤੇਰੇ ਸੀਨੇ 'ਤੇ ਮੇਰੇ ਨਾਂ ਦੀ ਨੇਮ ਪਲੇਟ," ਮੈਂ ਜਰਾ ਕੁ ਮੁਸਕਰਾ ਕੇ ਆਖਿਆ ਸੀ। ਪਤਾ ਏ ਇਸ ਦਾ ਫਾਇਦਾ? ਇਕ ਤਾਂ ਤੁਸੀਂ ਮੈਨੂੰ ਕਦੀ ਵੀ ਭੁਲ ਨਹੀਂ ਸਕੋਗੇ। ਜਦੋਂ ਵੀ ਆਪਣੀ ਛਾਤੀ ਵਲ ਵੇਖੋਗੇ, ਮੈਨੂੰ ਖੜੀ ਪਾਓਗੇ ਸਾਲਮ ਸਬੂਤ। ਫਿਰ ਜੇ ਕਦੀ ਤੁਸੀਂ ਕਿਸੇ ਹੋਰ ਸੁੰਦਰੀ ਨੂੰ ਆਪਣੀ ਛਾਤੀ ਨਾਲ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੇਰੇ ਨਾਂ ਦੀ ਨੇਮ ਪਲੇਟ ਵੇਖ ਕੇ ਭਜ ਉਠੇਗੀ ਉਹ।"

ਉਨ੍ਹਾਂ ਤਣਾਓ ਭਰੇ ਪਲਾਂ ਵਿਚ ਵੀ ਉਸ ਦੇ ਚਿਹਰੇ 'ਤੇ ਇਕ ਮੁਸਕਰਾਹਟ ਤੈਰ ਗਈ ਸੀ, "ਬੜੀ ਲੰਮੀ ਸੋਚਦੀ ਏਂ ਤੂੰ। ਪਰ ਇਕ ਗੱਲ ਦਸਾਂ ਜਦੋਂ ਅਸੀਂ ਸਰਹਦ 'ਤੇ ਉਨ੍ਹਾਂ ਪਹਾੜੀਆਂ ਵਿਚ ਜਹਾਜ ਉਡਾ ਰਹੇ ਹੁੰਦੇ ਹਾਂ ਨਾ, ਇਕ ਹੀ ਸੁੰਦਰੀ ਸਾਡੇ ਸਿਰ 'ਤੇ ਮੰਡਲਾਉਂਦੀ ਹੈ ਅਤੇ ਉਹ ਹੈ ਮੌਤ।"

ਮੈਂ ਉਸ ਦੇ ਮੂੰਹ 'ਤੇ ਹਥ ਰਖਦਿਆਂ ਆਖਿਆ ਸੀ, "ਜੇ ਉਹ ਵੀ ਆਈ ਤਾਂ ਮੇਰੇ ਨਾਂ ਦੀ ਨੇਮ ਪਲੇਟ ਵੇਖ ਕੇ ਉਹ ਵੀ ਪਿਛੇ ਮੁੜ ਜਾਏਗੀ।" ਮੈਂ ਉਸ ਦੀਆਂ ਵਡੀਆਂ-ਵਡੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਪਾ ਕੇ ਕਿਹਾ ਸੀ, "ਤੁਹਾਡੀਆਂ ਇਨ੍ਹਾਂ ਵਡੀਆਂ-ਵਡੀਆਂ ਅੱਖਾਂ ਵਿਚ ਕੋਈ ਖੌਫ ਕਿਓਂ ਨਹੀਂ ਹੈ?" ਫਿਰ ਉਸ ਦੀਆਂ ਅੱਖਾਂ ਦਾ ਚੁੰਬਨ ਲੈਂਦਿਆਂ ਮੈਂ ਕਿਹਾ ਸੀ, "ਭਾਨੂੰ ਪਤਾ ਏ, ਜੇ ਤੁਸੀਂ ਕੁੜੀ ਹੁੰਦੇ ਤੁਹਾਡੀਆਂ ਇਨ੍ਹਾਂ ਵਡੀਆਂ-ਵਡੀਆਂ ਅੱਖਾਂ ਵਿਚ ਪਤਾ ਨਹੀਂ ਕਿੰਨੇ ਕੁ ਨੌਜਵਾਨ ਗਵਾਚ ਜਾਂਦੇ?"

"ਸ਼ੁਕਰੀਆ! ਇਸ ਜਨਮ ਲਈ ਤਾਂ ਕੁਝ ਦੇਰ ਹੋ ਗਈ ਏ। ਅਗਲੇ ਜਨਮ ਲਈ ਖਿਆਲ ਬੁਰਾ ਨਹੀਂ ਹੈ," ਉਸ ਨੇ ਉਸੇ ਹੀ ਸ਼ਰਾਰਤ ਨਾਲ ਕਿਹਾ ਸੀ।

ਅਗਲੇ ਦਿਨ ਸਵੇਰੇ ਅਠ ਵਜੇ ਅਸੀਂ ਦਿੱਲੀ ਪਹੁੰਚ ਗਏ। ਨਹਾ ਧੋ ਕੇ ਆਪਣੇ ਕਮਰੇ ਵਿਚੋਂ ਜਦੋਂ ਉਹ ਏਅਰ ਫੋਰਸ ਦੀ ਵਰਦੀ ਪਾ ਕੇ ਨਿਕਲਿਆ ਤਾਂ ਇਕ ਦਮ ਚੁਸਤ-ਦਰੁਸਤ। ਚਿਹਰੇ 'ਤੇ ਕੋਈ ਗਮ ਫਿਕਰ ਨਹੀਂ ਸੀ।"

ਮੰਮੀ ਨੇ ਆਰਤੀ ਉਤਾਰ ਕੇ ਤਿਲਕ ਲਾਇਆ ਸੀ ਅਤੇ ਫਿਰ ਮੱਥਾ ਚੁਮਦਿਆਂ ਲੰਮੀ ਉਮਰ ਦਾ ਆਸ਼ੀਰਵਾਦ ਦਿਤਾ ਸੀ। ਪਾਪਾ ਕੁਝ ਵੀ ਬੋਲ ਨਹੀਂ ਸਨ ਸਕੇ। ਬਸ ਭਾਨੂੰ ਦੀ ਕੰਡ 'ਤੇ ਹੱਥ ਫੇਰ ਕੇ ਅਤੇ ਸਿਰ 'ਤੇ ਅਸੀਸ ਦੇ ਕੇ ਪਿਛੇ ਹਟ ਗਏ ਸਨ। ਮੈਂ ਤੇ ਸਾਹਮਣੇ ਵੀ ਨਹੀਂ ਸੀ ਆਈ। ਫਿਰ ਉਹ ਕਮਰੇ ਵਿਚ ਆਇਆ।

"ਬੀਮੇ ਅਤੇ ਬੈਂਕ ਖਾਤੇ ਦੇ ਕਾਗਜਾਤ ਮੈਂ ਪਾਪਾ ਨੂੰ ਦੇ ਦਿਤੇ ਹਨ। ਲੋੜ ਪਏ ਤਾਂ ਉਨ੍ਹਾਂ ਤੋਂ ਲੈ ਲੈਣਾ।" ਫਿਰ ਮੈਨੂੰ ਆਪਣੀ ਛਾਤੀ ਨਾਲ ਲਾ, ਮੇਰੀਆਂ ਅੱਖਾਂ ਵਿਚ ਝਾਕਦਿਆਂ ਉਸ ਆਖਿਆ ਸੀ, ਸੱਚੀਂ ਤੈਨੂੰ ਛਡ ਕੇ ਜਾਣ ਨੂੰ ਜੀਅ ਨਹੀਂ ਕਰਦਾ।" ਪਹਿਲੀ ਵਾਰ ਮੈਂ ਉਸ ਮਸ਼ੀਨੀ ਇਨਸਾਨ ਦੀਆਂ ਅਖਾਂ ਵਿਚ ਨਮੀ ਦੀ ਹਲਕੀ ਜਿਹੀ ਲਕੀਰ ਵੇਖੀ।

ਮੈਂ ਉਸ ਦੀਆਂ ਲੰਮੀਆਂ ਉਂਗਲਾਂ ਵਿਚ ਆਪਣੀਆਂ ਉਂਗਲਾਂ ਫਸਾਉਂਦਿਆਂ ਕਿਹਾ ਸੀ, "ਗੁਡ ਲਕ ਭਾਨੂੰ ਮੈਂ ਤੇਰਾ ਇੰਤਜਾਰ ਕਰਾਂਗੀ।" ਅਤੇ ਅੱਖ-ਪਲਕਾਰੇ ਵਿਚ ਹੀ ਬਿਨਾ ਪਿਛੇ ਮੁੜ ਕੇ ਵੇਖੇ ਉਹ ਆਪਣੀ ਜੀਪ ਵਿਚ ਬੈਠ ਅੱਖੋਂ ਓਹਲੇ ਹੋ ਗਿਆ।

ਉਸੇ ਸ਼ਾਮ ਮੈਂ ਪੂਜਾ ਦੀ ਥਾਲੀ ਲੈ ਬਿਰਲਾ ਮੰਦਿਰ ਗਈ ਸਾਂ। ਹਰ ਹਰ ਮਹਾਦੇਵ ਦਾ ਧਿਆਨ ਧਰ ਕੇ ਮੈਂ ਸੋਚਿਆ ਸੀ, ਕੈਲਾਸ਼ ਵਾਸੀ ਤੋਂ ਕਾਰਗਿਲ ਦੂਰ ਨਹੀਂ ਹੈ, ਉਹ ਜਰੂਰ ਰਾਖੀ ਕਰੇਗਾ ਮੇਰੇ ਸੁਹਾਗ ਦੀ। ਪਵਨ ਪੁਤਰ ਹਨੂਮਾਨ ਤੋਂ ਵੀ ਮੈਂ ਆਪਣੇ ਸੁਹਾਗ ਦੀ ਰਾਖੀ ਮੰਗੀ ਸੀ। ਸ਼ਾਮ ਨੂੰ ਗੁਰਦਵਾਰੇ ਜਾ ਕੇ ਵਾਹਿਗੁਰੂ ਪਾਸ ਅਰਦਾਸ ਕੀਤੀ। ਹੇ, ਵਾਹਿਗੁਰੂ ਮੇਰੇ ਸੁਹਾਗ ਦੀ ਰਾਖੀ ਕਰੀਂ। ਮਨ ਨਾ ਮੰਨਿਆ ਤਾਂ ਮੌਲਾਨਾ ਚਿਸ਼ਤੀ ਦੇ ਦਰਬਾਰ ਵੀ ਗਈ।

ਤਿੰਨ ਦਿਨ ਹੋ ਗਏ ਸਨ, ਭਾਨੂੰ ਨੂੰ ਗਿਆਂ। ਟੀ ਵੀ ਅਗੇ ਬੈਠੀ ਸਾਂ ਤਾਂ ਦੂਰਦਰਸ਼ਨ ਤੋਂ ਖਬਰਾਂ ਆਉਣ ਲਗੀਆਂ। ਅਨਾਉਂਸਰ ਦਸ ਰਹੀ ਸੀ, ਕਾਰਗਿਲ ਬਾਰਡਰ 'ਤੇ ਸਾਡੀ ਹਵਾਈ ਫੌਜ ਦੇ ਦੋ ਜਹਾਜ ਪਾਕਿਸਤਾਨੀ ਇਲਾਕੇ ਵਿਚੋਂ ਕੀਤੀ ਗਈ ਫਾਇਰਿੰਗ ਦੇ ਸ਼ਿਕਾਰ ਹੋ ਗਏ। ਇਕ ਜਹਾਜ ਤਾਂ ਹਵਾ ਵਿਚ ਹੀ ਅੱਗ ਦਾ ਗੋਲਾ ਬਣ ਕੇ ਤਬਾਹ ਹੋ ਗਿਆ ਜਦੋਂ ਕਿ ਦੂਜੇ ਜਹਾਜ ਦੇ ਪਾਇਲਟ ਨੇ ਜਹਾਜ ਵਿਚੋਂ ਪੈਰਾਸ਼ੂਟ ਨਾਲ ਛਾਲ ਮਾਰ ਦਿਤੀ ਪਰ ਹੁਣ ਤਕ ਨਾ ਤਾਂ ਉਸ ਦਾ ਪੈਰਾਸ਼ੂਟ ਹੀ ਮਿਲਿਆ ਹੈ ਅਤੇ ਨਾ ਹੀ ਉਸ ਦੀ ਲਾਸ਼। ਸ਼ਕ ਹੈ ਕਿ ਉਹ ਦੁਸ਼ਮਣ ਦੇ ਇਲਾਕੇ ਵਿਚ ਜਾ ਡਿੱਗਾ। ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਬੇਨਤੀ ਕੀਤੀ ਹੈ ਕਿ ਪਾਇਲਟ ਜੇ ਉਸ ਦੇ ਕਬਜੇ ਵਿਚ ਹੈ ਤਾਂ ਉਸ ਨਾਲ ਇਨਸਾਨੀ ਵਿਹਾਰ ਕਰੇ ਅਤੇ ਜਿੰਨੀ ਜਲਦੀ ਹੋ ਸਕੇ, ਉਸ ਨੂੰ ਭਾਰਤ ਦੇ ਹਵਾਲੇ ਕਰ ਦੇਵੇ। ਪਰ ਖਬਰਾਂ ਵਿਚ ਪਾਇਲਟ ਦਾ ਨਾਂ ਨਹੀਂ ਸੀ ਦਸਿਆ ਗਿਆ। ਮੇਰਾ ਕਾਲਜਾ ਜਿਵੇਂ ਹਥ ਵਿਚ ਆ ਗਿਆ ਸੀ।

ਮੈਂ ਝਟ ਏਅਰ ਹੈਡਕਵਾਰਟਰ ਫੋਨ ਕਰ ਕੇ ਪਾਇਲਟ ਦਾ ਨਾਂ ਪੁਛਣ ਦੀ ਕੋਸ਼ਿਸ਼ ਕੀਤੀ। ਪਰ ਉਥੇ ਖਬਰਾਂ ਵਾਲਾ ਹੀ ਜਵਾਬ ਸੀ ਕਿ ਉਹ ਲਾਪਤਾ ਹੈ ਅਤੇ ਪਾਕਿਸਤਾਨ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਜੇ ਉਹ ਉਸ ਦੇ ਕਬਜੇ ਵਿਚ ਹੈ ਤਾਂ ਪਾਇਲਟ ਨਾਲ ਇਨਸਾਨੀ ਵਿਹਾਰ ਕੀਤਾ ਜਾਏ।

ਏਅਰ ਕਮੋਡੋਰ ਨਈਅਰ ਨੂੰ ਫੋਨ ਕੀਤਾ, "ਸਰ ਤੁਸੀਂ ਦਸਦੇ ਕਿਓਂ ਨਹੀਂ ਕਿ ਉਸ ਪਾਇਲਟ ਦਾ ਨਾਂ ਕੀ ਹੈ? ਕੀ ਉਹ ਭਾਨੂੰ ਤਾਂ ਨਹੀਂ। ਕੈਨ ਯੂ ਕਨਫਰਮ ਇਟ ਦੈਟ ਇਟਸ ਨਾਟ ਭਾਨੂੰ ਸ਼ਰਮਾ।"

"ਸੌਰੀ ਮਿਸਿਜ਼ ਸ਼ਰਮਾ! ਐਟ ਦਿਸ

***(ਬਾਕੀ ਅਗਲੇ ਸਫੇ 'ਤੇ)***

# ਅਨੋਖ ਸਿੰਘ ਵਾਲੇ ਫਾਰਮੂਲੇ ਸਾਰਿਆਂ ਦੇ ਨਹੀਂ ਚੱਲਣੇ

**ਵਿਅੰਗ**

ਜਤਿੰਦਰ ਸਿੰਘ ਔਲਖ
ਫੋਨ: 91-98155-34653

ਅਨੋਖ ਸਿੰਘ ਨੇ ਸਾਰੀ ਉਮਰ ਵਾਹੀ-ਜੋਤੀ ਦੇ ਸਿਰੋਂ ਕਮਾਈ ਕੀਤੀ ਸੀ। ਬਾਂਹ ਖੜੀ ਕਰਕੇ ਕਹਿ ਸਕਦਾ ਸੀ ਕਿ ਉਸ ਨੇ ਪਿਤਾ-ਪੁਰਖੀ ਭੋਇੰ 'ਚ ਵਾਧਾ ਕੀਤਾ ਸੀ, ਕੋਈ ਮਰਲਾ ਗਵਾਇਆ ਨਹੀਂ ਸੀ। ਉਹ ਮੋਹਤਬਰ ਬਣ ਕੇ ਸੱਥ 'ਚ ਬੈਠਾ ਰਹਿੰਦਾ। ਖੂਹ 'ਤੇ ਫੇਰਾ ਮਾਰਦਾ। ਪਰ ਉਸ ਨੂੰ ਪਤਾ ਨਹੀਂ ਕਿਸੇ ਨੇ ਕੀ ਫਾਲ ਮਾਰੀ ਉਹ ਆਉਂਦੀ ਸਰਪੰਚੀ ਦੀ ਇਲੈਕਸ਼ਨ 'ਚ ਖੜਾ ਹੋਣ ਦੀਆਂ ਸਕੀਮਾਂ ਬਣਾਉਣ ਲੱਗਾ। ਉਹਨੇ ਸਕੀਮ ਘਰੇ ਆ ਕੇ ਦੱਸੀ ਜੇ ਕਿਤੇ ਪਰੇ ਜੁੜਦੀ ਹੈ ਤਾਂ ਆਪਾਂ ਨੂੰ ਉਥੇ ਜਾਣਾ ਹੀ ਪੈਂਦਾ ਕਿਉਂ ਨਾ ਮੈਂ ਐਤਕਾਂ ਸਰਪੰਚੀ ਲੜਾਂ। ਘਰਵਾਲੀ ਕਹਿਣ ਲੱਗੀ, "ਤੇਰੇ ਵੱਸ ਦਾ ਰੋਗ ਨਹੀਂ, ਚੁੱਪ ਕਰਕੇ ਬਹਿ'ਜਾ, ਆਪਾਂ ਕੀ ਲੈਣਾ ਕੰਜਰਖਾਨੇ 'ਚੋਂ।"

ਪਰ ਅਨੋਖ ਸਿਉਂ ਸੁਪਨਿਆਂ 'ਚ ਗਵਾਚਾ ਰਹਿੰਦਾ ਕਿ ਥਾਣੇਦਾਰ ਆਵੇਗਾ ਤਾਂ ਉਹ ਉਸ ਦੇ ਬਰਾਬਰ ਕੁਰਸੀ ਡਾਹ ਕੇ ਬੈਠ ਸਕੇਗਾ। ਲੋਕ ਉਸ ਨੂੰ ਪੁੱਛ ਕੇ ਤੁਰਨਗੇ। ਮੁੰਡੇ ਵੀ ਦਾਰੂ-ਸ਼ਾਰੂ ਪੀਣ ਦੇ ਸ਼ੌਕੀਨ ਸਨ। ਉਨ੍ਹਾਂ ਸੋਚਿਆ ਕਿ ਚਲੋ ਚਾਰ ਦਿਨ ਏਸੇ ਬਹਾਨੇ ਰੌਣਕ ਮੇਲਾ ਹੋ ਜੂ।

ਹਵੇਲੀ 'ਚ ਸ਼ਰਾਬ ਦੇ ਡਰੰਮ ਚੜ੍ਹੇ ਰਹਿੰਦੇ। ਪੰਜ-ਸੱਤ ਮੰਜਿਆਂ 'ਤੇ ਕੋਈ ਨਾ ਕੋਈ ਬੈਠਾ ਰਹਿੰਦਾ। ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜੂਰ ਸੀ। ਵਾਹਵਾ ਖਰਚ-ਖਰਚਾ ਕਰਕੇ ਜਿੱਤਿਆ ਨਾ ਜਾ ਸਕਿਆ। ਘਰ ਆਉਂਦਾ ਤਾਂ ਸਾਰੇ ਅਨੋਖ ਸਿਉਂ 'ਤੇ ਤੋੜਾ ਝਾੜਦੇ। ਘਰਵਾਲੀ ਕਹਿੰਦੀ, "ਆ ਗਿਆ ਸਰਪੈਂਚ ਸਹਿਬ, ਬਹਿ ਗਿਆ ਨਾ ਗੋਡੇ ਭੰਨਵਾ ਕੇ, ਪਹਿਲਾਂ ਨਹੀਂ ਸੀ ਦੀਹਦਾ ਕਿ ਮੈਂ ਏਨੀ ਕੁ ਕਰਤੂਤ ਦਾ ਮਾਲਕ ਆਂ।"

ਏਨੇ ਨੂੰ ਨੂੰਹ ਕਹਿ ਉਠਦੀ, " ਦੱਸੋ ਖਾਂ ਕੀ ਫਾਇਦਾ ਆਇਆ ਏਨਾ ਖਰਚ ਲਾਉਣ ਦਾ, ਸੁਖੋ ਹੁਣ ਸੁੱਖ ਨਾਲ ਭਲਕ ਨੂੰ ਵਿਆਹੁਣੀ ਆ ਇਹੋ ਖਰਚ ਉਸ ਦੇ ਕਾਰਜ 'ਤੇ ਲਾਉਂਦੇ।"

ਕੁਝ ਦਿਨ ਤਾਂ ਅਨੋਖ ਸਿਉਂ ਸੁਣਦਾ ਰਿਹਾ। ਇੱਕ ਦਿਨ ਮੁੰਡਾ ਦਾਰੂ ਦੇ ਨਸ਼ੇ 'ਚ ਹਿੱਕ 'ਤੇ ਹੱਥ ਮਾਰ ਕੇ ਕਹਿਣ ਲੱਗਾ, "ਮੈਂ ਪਹਿਲਾਂ ਈ ਕਹਿੰਨਾ ਸਾਂ ਤੈਨੂੰ ਏਨੀ ਅਕਲ ਨਹੀਂ, ਭਈ ਬੰਦੇ ਨੂੰ ਘੱਟੋ-ਘੱਟ ਚਾਰ ਬੰਦਿਆਂ 'ਚ ਬਹਿ ਕੇ ਗੱਲ ਕਰਨੀ ਤਾਂ ਆਉਣੀ ਚਾਹੀਦੀ ਆ, ਹੁਣ ਵੇਖੀਂ 'ਸਾਹਨ ਜੱਟ' ਲੈਕਸ਼ਨ ਲੜਦਾ, ਜਮਾਨਤਾਂ ਨਾ ਜਬਤ ਕਰਾ'ਤੀਆਂ ਤੇ ਆਖੀਂ।"

ਅਨੋਖ ਸਿਉਂ ਵਿਚਾਰਾ ਠਿੱਠ ਹੋਇਆ ਰਹਿੰਦਾ ਪਰ ਕੋਈ ਜਵਾਬ ਨਾ ਅਹੁੜਦਾ। ਇੱਕ ਦਿਨ ਉਹਨੇ ਸੋਚਿਆ ਐਵੇਂ ਕਮਲੇ ਟੱਬਰ ਦੇ ਹੱਥ ਗੱਲ ਆ ਗਈ। ਆਪਾਂ ਜਰੂਰ ਬੇਇਜ਼ਤੀ ਕਰਉਂਦੇ ਰਹਿਣਾ। ਕਿਉਂ ਨਾ ਆਰਾਮ ਨਾਲ ਹਵੇਲੀ ਹੀ ਪਏ ਰਿਹਾ ਕਰੀਏ। ਉਹਨੇ ਤਲਾਈ ਤੇ ਖੇਸ ਕੱਛੇ ਮਾਰਿਆ ਤੇ ਘਰਵਾਲੀ ਨੂੰ ਕਹਿੰਦਾ, "ਬੂਰੀ ਮੈਂਹ ਸੂਣ ਵਾਲੀ ਆ, ਮੈਂ ਉਥੇ ਧਿਆਨ ਰੱਖੂੰ ਜੇ ਵੇਲੇ-ਕੁਵੇਲੇ ਸੂਅ ਪਈ।"

ਮੈਂ ਕੈਨੇਡਾ 'ਚ ਜਾ ਕੇ ਵੇਖਿਆ ਕਿਸੇ ਦੂਜੇ ਨੂੰ ਹੋਰ ਕਿਸੇ ਨਾਲ ਕੋਈ ਮਤਲਬ ਨਹੀਂ ਕੋਈ ਕੀ ਕਰਦਾ ਏ, ਪਰ ਪੰਜਾਬ ਦੇ ਪਿੰਡਾਂ 'ਚ ਹਰ ਕੋਈ ਦੂਜੇ ਦਾ ਧਿਆਨ ਬਹੁਤਾ ਰੱਖਦਾ ਹੈ ਕਿ ਕੋਈ ਕੀ ਕਰਦਾ ਹੈ ਤੇ ਕੀ ਨਹੀ? ਜੇ ਕੋਈ ਹਮਾਤੜ ਕੋਈ ਕਮਰਾ-ਕੋਠਾ ਪਾਉਣ ਲੱਗ ਪਏ ਤਾਂ ਕੋਲੋਂ ਦੀ ਪੈਦਲ ਲੰਘਣ ਵਾਲਾ ਤਾਂ ਸਲਾਹ ਦੇ ਕੇ ਜਾਊਗਾ ਹੀ, ਬਲਕਿ ਜਿਹੜਾ ਸਾਇਕਲ 'ਤੇ ਪੱਠੇ ਲੱਦ ਕੇ ਲੰਘ ਰਿਹਾ ਹੋਊਗਾ, ਉਹ ਵੀ ਜਾਂਦਾ-ਜਾਂਦਾ ਕੁਝ ਕਹਿ ਕੇ ਜਾਊਗਾ, "ਮਿਸਤਰੀ ਇਹਨੂੰ ਲੈਂਟਰ ਪਾ ਦੇ ਇੱਕੇ ਵਰਾਂ ਹੀ ਜੱਬ ਮੁੱਕੇ, ਨਾ ਘਾਣੀ ਕਰਨੀ ਪਵੇ ਨਾ ਲਿੰਬਣੇ ਪੈਣ।"

ਕੋਈ ਦੂਜਾ ਆਣ ਕੇ ਖਲੋ ਜਾਊ, "ਪਰਨਾਲਾ ਐਂ ਨੂੰ ਲੁਆ ਦਿਓ, ਏਧਰ ਬੂਹੇ ਵੱਲ ਨੂੰ ਕਾਹਤੋਂ ਲਾਉਣਾ ਜੇ।" ਗੱਲ ਕੀ ਹਰ ਕੋਈ ਸਲਾਹ ਦੇ ਕੇ ਜਾਊ।

ਥੋੜ੍ਹਾ ਪਰ੍ਹਾਂ ਖਲੋਤੇ ਗੱਲਾਂ ਕਰਨਗੇ, "ਇਹਨੇ ਭਲਾ ਆੜਤੀਏ ਤੋਂ ਫੜੇ ਨੇ ਕਿ ਕੋਲੋਂ ਡਿਹਾ ਕੋਠੇ ਪਾਉਣ?"

ਦੂਜਾ ਕਹੂ, "ਲੱਗ ਜਾਊ ਪਤਾ ਜਦੋਂ ਹੋਰ ਮਹੀਨੇ ਤਾਈਂ ਆਣ ਗੱਡੀ ਖਲਿਆਰੀ ਆੜਤੀਏ ਨੇ।"

ਅਨੋਖ ਸਿਉਂ ਜਾ ਰਿਹਾ ਸੀ ਕੱਛੇ ਤਲਾਈ ਅਤੇ ਖੇਸ ਵਲੇਟ ਕੇ, ਅੱਗੋਂ ਆਉਂਦਾ ਇੱਕ ਬੰਦਾ ਟੱਕਰ ਗਿਆ, "ਕੀ ਗੱਲ ਘਰੋਂ ਕੱਢ'ਤਾ ਘਰਦਿਆਂ ਨੇ?"

"ਨਈਂ ਨਈਂ ਮੈਂਹ ਸੂਣ ਵਾਲੀ ਸੀ ਮੈਂ ਆਖਿਆ ਧਿਆਨ ਰੱਖਾਂਗੇ", ਅਨੋਖ ਸਿਉਂ ਨੇ ਜਵਾਬ ਦਿੱਤਾ।

ਹੁਣ ਉਹ ਜਿਆਦਾ ਹਵੇਲੀ ਰਹਿੰਦਾ। ਘਰ ਘੱਟ-ਵੱਧ ਹੀ ਆਉਂਦਾ। ਘਰਵਾਲੀ ਆ ਕੇ ਰੋਟੀ-ਚਾਹ ਫੜਾ ਜਾਂਦੀ ਜਾਂ ਕਿਸੇ ਨਿਆਣੇ ਦੇ ਹੱਥ ਘਲਾ ਦਿੰਦੇ। ਅਨੋਖ ਸਿਉਂ ਨੂੰ ਬੈਠਾ ਵੇਖ ਦੋ-ਚਾਰ ਹੋਰ ਵੀ ਹਵੇਲੀ ਆਣ ਵੜਦੇ ਤੇ ਐਵੇਂ ਸਾਰੇ ਪਿੰਡ ਦੀ ਬਦਖੋਈ ਕਰਦੇ ਰਹਿੰਦੇ। ਸਮਾਂ ਵਾਹਵਾ ਪਾਸ ਹੋ ਜਾਂਦਾ। ਕੁਝ ਸਮੇਂ ਬਾਅਦ ਉਹ ਹਵੇਲੀਉਂ ਅੱਕ ਗਿਆ ਪਰ ਘਰੇ ਕੋਈ ਪੁੱਛ-ਪ੍ਰਤੀਤ ਨਹੀ ਸੀ। ਹੋਰ ਤਾਂ ਹੋਰ ਘਰਵਾਲੀ ਵੀ ਘੱਟ ਹੀ ਮੂੰਹ ਲਾਉਂਦੀ।

ਕਈ ਵਾਰ ਰੋਟੀ ਵੀ ਵੇਲੇ-ਕੁਵੇਲੇ ਆਉਂਦੀ ਜਾਂ ਆਉਂਦੀ ਹੀ ਨਾ।

ਉਹਨੇ ਘਰਵਾਲੀ ਨੂੰ ਪੁੱਛਣਾ ਕਿ ਰੋਟੀ ਲੈ ਕੇ ਨਹੀਂ ਆਈ ਤਾਂ ਉਸ ਨੇ ਕਹਿਣਾ, "ਜਾ ਕੇ ਖਾ ਆਉਨੋਂ ਮੈਂ ਬਾਬੇ ਪੀਰ 'ਤੇ ਸੇਵਾ ਕਰਨ ਗਈ ਸਾਂ।"

ਪਰ ਜੇ ਜਾਂਦਾ ਵੀ ਤਾਂ ਨੂੰਹਾਂ ਅੰਦਰ ਟੈਲੀਵਿਜ਼ਨ ਮੂਹਰੇ ਬੈਠੀਆਂ ਹੁੰਦੀਆਂ।

ਇੱਕ ਦਿਨ ਉਸ ਕੋਲ ਹਵੇਲੀ ਪੰਜ-ਸੱਤ ਬੰਦੇ ਬੈਠੇ ਹੋਏ ਸਨ। ਮੱਝ ਨੇ ਮੂਤ ਵਾਲੀ ਲਿਬੜੀ ਪੂਛ ਮਾਰੀ ਤਾਂ ਛਿੱਟੇ ਸਾਰਿਆਂ ਦੇ ਲੀੜਿਆਂ 'ਤੇ ਪੈ ਗਏ। ਇੱਕ ਜਣਾ ਕਹਿਣ ਲੱਗਾ, "ਇਹ ਸਰਪੈਂਚਾਂ ਮੋਹਰ ਰੱਖੀ ਊ ਸਰਪੈਂਚੀ ਦੀ, ਲੋਕਾਂ ਦੇ ਲੀੜਿਆਂ 'ਤੇ ਲਾਉਣ ਲਈ।"

ਉਹ ਕੱਚਾ ਜਿਹਾ ਹੋ ਨਿੰਕੀ ਜਿਹੀ ਗਾਲ੍ਹ ਕੱਢ ਛੱਡਦਾ।

ਇਹ ਬਹੁਤੇ ਬਜ਼ੁਰਗਾਂ ਦੀ ਮੁਸ਼ਕਲ ਹੈ ਕਿ ਜਦੋਂ ਧੀਆਂ-ਪੁੱਤਾਂ ਦੇ ਹੱਥਾਂ 'ਚ ਆ ਜਾਂਦੇ ਨੇ ਤਾਂ ਰੁਲਣਾ ਹੀ ਪੈਂਦਾ। ਕੋਈ ਮਾਣ-ਸਨਮਾਨ ਨਹੀਂ ਰਹਿੰਦਾ। ਹਰ ਕੋਈ ਘਰੇ ਟਿੱਚ ਜਾਣਦਾ ਹੈ। ਪਰ ਵਿਚਾਰਾ ਕਰ ਕੁਝ ਨਹੀਂ ਸਕਦਾ। ਇਸੇ ਲਈ ਕਈ ਬਜ਼ੁਰਗਾਂ ਨੂੰ ਕਹਿੰਦੇ ਸੁਣਿਆ ਕਿ ਰੱਬਾ ਧੀਆਂ ਪੁੱਤਰਾਂ ਦੇ ਹੱਥਾਂ 'ਚ ਆਉਣ ਤੋਂ ਪਹਿਲਾਂ-ਪਹਿਲਾਂ 'ਵਾਜ ਮਾਰ ਲਈਂ।

ਅਜੀਬ ਜਿਹੀ ਹਾਲਤ ਹੈ ਕਿ ਬੰਦਾ ਉਨ੍ਹਾਂ ਧੀਆਂ-ਪੁੱਤਰਾਂ ਦੇ ਹੱਥਾਂ 'ਚ ਆਉਣੋਂ ਡਰਦਾ ਹੈ ਜਿਨ੍ਹਾਂ ਨੂੰ ਉਸ ਕਦੀ ਲਾਡ ਲਡਾਏ ਤੇ ਮਰ-ਮਰ ਕੇ ਪਾਲਿਆ। ਅਨੋਖ ਸਿੰਘ ਨੂੰ ਗਲੀ 'ਚੋਂ ਲੰਘਣ ਵਾਲੇ ਜਾਣ ਕੇ ਛੇੜ ਕੇ ਲੰਘਦੇ, "ਬੈਠੇ ਓ ਸਰਪੈਂਚ ਸਾਬ੍ਹ।" ਉਹ ਸੋਚਦਾ ਕਿ ਜੇ ਆਪਣੇ ਜੀਅ ਚੰਗੇ ਹੁੰਦੇ ਤਾਂ ਕੋਈ ਗੱਲ ਕਿਉਂ ਕਰਦਾ। ਇੱਕ ਦਿਨ ਰਾਤ ਮੱਝ ਸੂਈ ਤਾਂ ਅਨੋਖ ਸਿਉਂ ਨੂੰ ਜਾਗਣਾ ਪਿਆ। ਅਗਲੇ ਦਿਨ ਉਹ ਦੇਰ ਤੱਕ ਸੁੱਤਾ ਰਿਹਾ। ਉਸ ਦੇ ਸਕੂਲ ਪੜ੍ਹਦੇ ਪੋਤਰੇ ਆ ਗਏ। ਇੱਕ ਕਹਿਣ ਲੱਗਾ, "ਉਏ ਘੋਨਿਆ, ਵੇਖ ਸਾਲਾ ਆਪਣਾ ਬੁੜਾ ਲੰਮੀਆਂ ਤਾਣ ਕੇ ਸੁੱਤਾ ਈ, ਹੈ ਏਹਨੂੰ ਕੋਈ ਸੁਰਤ ਕਿ ਦਿਨ ਚੜ੍ਹ ਗਿਆ।"

ਦੂਜਾ ਕਹਿੰਦਾ, "ਉਏ ਹਲਾਅ ਕੇ ਵੇਖ ਭੈਣੀ ਯਾਵਾ ਗੱਡੀ ਨਾ ਚੜ੍ਹ ਗਿਆ ਹੋਵੇ।"

ਅਨੋਖ ਸਿਉਂ ਏਨੇ ਨੂੰ ਉਠ ਕੇ ਕਹਿੰਦਾ, "ਕੰਜਰੋ ਲਿਆਉ ਭਕਾਨੇ ਬੰਨੋ ਤੇ ਲੈ ਚੱਲੋ ਏਦਾਂ ਈ, ਕਿੱਦਾਂ ਸੁੱਖਣਾ-ਸੁੱਖਣ ਡਹੇ ਆ, ਗੰਦੀਆਂ ਔਲਾਦਾਂ।"

ਮੁੰਡੇ ਅੱਗੋਂ ਆਂਹਦੇ, "ਹੈਗਾ ਆਂ! ਆਹ ਫੜ ਚਾਹ ਪੀ ਲਾ ਨਾਲੇ ਬੀਬੀ ਆਂਹਦੀ ਸੀ ਉਹਨੂੰ ਆਖੋ ਸਾਗ ਤੋੜ ਕੇ ਫੜਾ ਜਾਏ।"

"ਨਾ ਬੀਬੀ ਦੀ ਕਿਹੜੀ ਮਹਿੰਦੀ ਲੱਥ ਚੱਲੀ ਆ ਸਾਗ ਤੋੜਦੀ ਦੀ," ਅਨੋਖ ਸਿਉਂ ਕਹਿੰਦਾ ਪਰ ਉਹਦੀ ਕੋਈ ਪੇਸ਼ ਨਾ ਚੱਲਦੀ। ਟੱਬਰ ਦੀ ਬੇਰੁਖੀ ਨੇ ਉਹਨੂੰ ਤੋੜ ਦਿੱਤਾ ਸੀ। ਕਈ ਵਾਰ ਇਹ ਬੇਰੁਖੀ ਦੇ ਕਾਰਨ ਇੱਕ ਬੇਬਸੀ ਦਾ ਅੱਥਰੂ ਉਹਦੀ ਅੱਖਾਂ 'ਚੋਂ ਸਿੰਮ ਜਾਂਦਾ।

ਇੱਕ ਦਿਨ ਪਿੰਡ ਦਾ ਇੱਕ ਚਲਾਕ-ਚੁਸਤ ਬੰਦਾ ਜਥੇਦਾਰ ਮਹਿਣਾ ਸਿੰਘ ਹਵੇਲੀਉਂ ਲੰਘਿਆ ਤਾਂ ਅਨੋਖ ਸਿੰਘ ਕੋਲ ਖਲੋਅ ਗਿਆ। ਸਾਰਾ ਪਿੰਡ ਅਨੋਖ ਸਿਉਂ ਦੀ ਹਾਲਤ ਜਾਣਦਾ ਸੀ। ਮਹਿਣਾ ਸਿਉਂ ਨੇ ਵੱਡੇ-ਵੱਡੇ ਬੰਦੇ ਚਾਰ ਛੱਡੇ ਸਨ। ਮਹਿਣਾ ਸਿਉਂ ਕਹਿੰਦਾ, "ਵੇਖੀਂ ਅਨੋਖ ਸਿਆਂ ਤੇਰੇ ਘਰਦੇ ਅੱਗੇ-ਪਿੱਛੇ ਫਿਰਦੇ, ਪਰ ਜਿੱਦਾਂ ਮੈਂ ਆਖੂੰ ਕਰੀਂ ਉਸੇ ਤਰ੍ਹਾਂ।"

ਜਥੇਦਾਰ ਮਹਿਣਾ ਸਿੰਘ ਕੋਲ ਪੰਜਾਬ ਐਂਡ ਸਿੰਧ ਬੈਂਕ ਦੀ ਕਾਪੀ ਪਈ ਸੀ। ਉਸ ਦੀ ਇਹ ਕਾਪੀ ਘਰੇ ਗਵਾਚ ਗਈ ਤੇ ਉਸ ਨੇ ਬੈਂਕ 'ਚੋਂ ਨਵੀਂ ਜਾਰੀ ਕਰਵਾ ਲਈ। ਪਰ ਕੁਝ ਦਿਨਾਂ ਬਾਅਦ ਪਹਿਲਾਂ ਵਾਲੀ ਵੀ ਮਿਲ ਗਈ। ਉਸ ਨੇ ਕਾਪੀ ਤੋਂ ਆਪਣੀ ਫੋਟੋ ਲਾਹ ਕੇ ਅਨੋਖ ਸਿੰਘ ਦੀ ਲਾ ਦਿੱਤੀ। ਅੱਗੇ ਦੋ ਲੱਖ ਤੀਹ ਹਜਾਰ ਦੀ ਝੂਠੀ ਐਂਟਰੀ ਵੀ ਕੋਲੋਂ ਹੀ ਪਾ ਦਿੱਤੀ। ਨਾਮ ਭਾਵੇਂ ਉਹਦਾ ਸੀ ਕਿ ਪਰ ਉਹਨੂੰ ਪਤਾ ਸੀ ਕਿ ਅਨੋਖ ਸਿੰਘ ਦਾ ਲਾਣਾ ਏਨਾ ਸਿਆਣਾ ਨਹੀਂ ਭਈ ਨਾਮ ਪੜ੍ਹਦਾ ਫਿਰੂ। ਉਨ੍ਹਾਂ ਨੂੰ ਤਾਂ ਅੱਗੇ ਪੈਸੇ ਜਮ੍ਹਾ ਦਿੱਸਣੇ ਚਾਹੀਦੇ ਸਨ।

ਇੱਕ ਦਿਨ ਨੇੜੇ ਦੇ ਅੱਡੇ 'ਤੇ ਅਨੋਖ ਸਿਉਂ ਦੇ ਮੁੰਡੇ ਦਾ ਇੱਕ ਬੇਲੀ ਮਹਿਣਾ ਸਿੰਘ ਨੂੰ ਮਿਲ ਪਿਆ। ਇਸ ਬੰਦੇ ਦਾ ਅਨੋਖ ਸਿੰਘ ਦੇ ਮੁੰਡੇ ਨਾਲ ਖਾਣ-ਪੀਣ ਸਾਂਝਾ ਸੀ। ਜਥੇਦਾਰ ਮਹਿਣਾ ਸਿੰਘ ਨੂੰ ਪਤਾ ਸੀ ਕਿ ਇਹਨੇ ਗੱਲ ਜਰੂਰ ਅਨੋਖ ਸਿੰਘ ਦੇ ਪੁੱਤਰ ਨਾਲ ਕਰ ਦੇਣੀ ਹੈ। ਉਹ ਝੂਠੀ ਕਾਪੀ 'ਤੇ ਜਮ੍ਹਾਂ ਝੂਠੇ ਪੈਸਿਆਂ ਦੀ ਗੱਲ ਅਨੋਖ ਸਿੰਘ ਦੇ ਘਰੇ ਪਹੁੰਚਾਉਣੀ ਚਾਹੁੰਦਾ ਸੀ। ਮਹਿਣਾ ਸਿੰਘ ਕਹਿੰਦਾ, "ਉਏ ਜੱਸਿਆ ਅਨੋਖ ਸਿਉਂ ਨੂੰ ਮੇਰਾ ਸੁਨੇਹਾ ਦੇਈਂ ਕਿ ਆ ਕੇ ਬੈਂਕ ਵਾਲੀ ਕਾਪੀ ਲੈ ਜਾਵੇ, ਮੈਂ ਵਿਆਜ ਲਵਾ ਦਿੱਤਾ ਬੈਂਕ ਵਾਲਿਆਂ ਨਾਲ 'ਸਾਬ ਕਰਕੇ। ਮੈਨੂੰ ਇੱਕ ਦਿਨ ਅਨੋਖ ਸਿਉਂ ਨੇ ਕਾਪੀ ਫੜਾਈ ਸੀ ਬੈਂਕ ਦੀ, ਆਂਹਦਾ ਸੀ ਬੈਂਕ ਤੋਂ ਵਿਆਜ ਲਵਾ ਦਈਂ, ਮੈਂ ਸਾਰੀ ਉਮਰ ਜੋੜ ਕੇ ਏਨੇ ਕੁ ਪੈਸੇ ਜਮ੍ਹਾ ਕੀਤੇ ਨੇ ਪਰ ਮੁੰਡਿਆਂ ਨੂੰ ਪਤਾ ਨਾ ਲੱਗੇ। ਮੈਂ ਉਨ੍ਹਾਂ ਤੋਂ ਚੋਰੀ ਜੋੜੇ ਆ।"

ਜੱਸੇ ਨੇ ਸ਼ਰਾਬ ਪੀਂਦਿਆਂ ਅਨੋਖ ਸਿੰਘ ਦੇ ਮੁੰਡੇ ਨਾਲ ਗੱਲ ਕਰ ਦਿੱਤੀ ਕਿ ਕਾਪੀ ਤਾਂ ਬੁੜੇ ਦੀ ਮਹਿਣਾ ਸਿੰਘ ਕੋਲ ਹੈ। ਉਸ ਨੇ ਇਹ ਵੀ ਦੱਸਿਆ ਕਿ ਦੋ ਲੱਖ ਤੋਂ ਉਤੇ ਰਕਮ ਜਮ੍ਹਾ ਆਂ, ਤੀਹ ਹਜ਼ਾਰ ਵਿਆਜ ਵੀ ਬਣਿਆ।

ਜਥੇਦਾਰ ਮਹਿਣਾ ਸਿਉਂ ਦਾ ਫਾਰਮੂਲਾ ਕੰਮ ਕਰ ਗਿਆ। ਅਗਲੇ ਦਿਨ ਹੀ ਅਨੋਖ ਸਿੰਘ ਦੀ ਨੂੰਹ ਆ ਗਈ, "ਪਾਪਾ ਜੀ ਤੁਸੀਂ ਅਈਥੇ-ਕਿੱਥੇ ਪਏ ਰਹਿੰਦੇ ਜੇ ਕੱਲੇ ਜਿਹੇ, ਘਰੇ ਜੀਆਂ 'ਚ ਰਿਹਾ ਕਰੋ, ਸਿਆਣਾ ਬੰਦਾਂ ਤਾਂ ਬੈਠਾ ਹੀ ਮਾਣ ਨਹੀਂ ਹੁੰਦਾ।"

ਅਨੋਖ ਸਿਉਂ ਕੁਝ ਭਾਰਾਂ 'ਤੇ ਪੈਣ ਲੱਗਾ। ਅਗਲੇ ਦਿਨ ਘਰਵਾਲੀ ਤੇ ਦੂਜੀ ਨੂੰਹ ਵੀ ਆ ਗਈਆਂ। ਘਰਵਾਲੀ ਕਹਿੰਦੀ, "ਨਾ ਤੂੰ ਤਾਂ ਹਵੇਲੀ ਪਿਆ ਰਹਿੰਨਾ ਮਜੇ ਨਾਲ ਕਦੀ ਸੋਚਿਆ ਈ ਲੋਕ ਕੀ ਕਹਿੰਦੇ ਹੋਣਗੇ, ਅਗਲਿਆਂ ਤੈਨੂੰ ਤੇ ਕੁਝ ਕਹਿਣਾ ਨਈਂ, ਸਾਨੂੰ ਹੀ ਕਹਿਣਾ ਜਿੰਨੇ ਵੀ ਕਹਿਣਾ ਕਿ ਸਾਂਭਦੇ ਨਈਂ।"

ਏਨੇ ਚਿਰ ਨੂੰ ਦੂਜੀ ਨੂੰਹ ਵੀ ਬੋਲ ਪਈ, "ਨਾਲੇ ਘਰੇ ਕਿਹੜਾ ਕਿਸੇ ਗੱਲ ਦਾ ਘਾਟਾ ਆ, ਭਈ ਤੁਹਾਡੇ ਜੋਗਾ ਮੰਜਾ ਹੈ ਨ੍ਹੀਂ ਜਾਂ ਕਮਰਾ ਹੈ ਨ੍ਹੀਂ? ਸੁੱਖ ਨਾਲ ਮਹਾਰਾਜ ਦਾ ਦਿੱਤਾ ਸਭ ਕੁਝ ਆ, ਬੰਦਾਂ ਘਰੇ ਬੈਠਾ ਹੀ ਫੱਬਦਾ।"

ਜਥੇਦਾਰ ਮਹਿਣਾ ਸਿੰਘ ਨੇ ਅਨੋਖ ਸਿੰਘ ਦੇ ਨਾਮ ਸਵਾ ਦੋ ਲੱਖ ਰੁਪਏ ਜਮ੍ਹਾ ਹੋਣ ਦੀ ਝੂਠੀ ਗੱਲ ਧੁਮਾ ਦਿੱਤੀ ਸੀ। ਪਰ ਅਨੋਖ ਸਿੰਘ ਦੀ ਪੂਰੀ ਪੁੱਛ-ਪ੍ਰਤੀਤ ਹੋਣ ਲੱਗੀ। ਉਹ ਵੀ ਖੁਸ਼ ਰਹਿਣ ਲੱਗਾ।

ਇਕ ਦਿਨ ਅਨੋਖ ਸਿੰਘ ਘਰ ਦੇ ਬੂਹੇ ਅੱਗੇ ਖੜਾ ਧੁੱਪ ਸੇਕ ਰਿਹਾ ਸੀ। ਕੋਲੋਂ ਦੀ ਮਹਿਣਾ ਸਿੰਘ ਲੰਘਿਆ। ਮਹਿਣਾ ਸਿੰਘ ਮੌਕੇ 'ਤੇ ਗੱਲ ਫੋਰਨ ਲਈ ਮਸ਼ਹੂਰ ਸੀ। ਮਹਿਣਾ ਸਿੰਘ ਉਚੀ ਸਾਰੀ ਕਹਿਣ ਲੱਗਾ ਤਾਂ ਕਿ ਉਸ ਦੀ ਆਵਾਜ ਅਨੋਖ ਸਿੰਘ ਦੇ ਘਰੇ ਪਹੁੰਚ ਜਾਵੇ, ਕਹਿੰਦਾ, "ਭਈ ਅਨੋਖ ਸਿਆਂ ਉਦਣ ਜਿਹੜੇ ਫਾਰਮ 'ਤੇ ਤੂੰ 'ਗੂਠਾ ਲਾਇਆ ਸੀ ਉਹ ਮੈਂ ਤੇਰੀ ਸਾਰੀ ਰਕਮ ਦਸਾਂ ਸਾਲਾਂ ਵਾਲੀ ਸਕੀਮ 'ਚ ਜਮ੍ਹਾ ਕਰਵਾ ਦਿੱਤੀ ਆ। ਮੈਨੇਜਰ ਕਹਿੰਦਾ ਸੀ ਹੁਣ ਦਸਾਂ ਸਾਲਾਂ ਨੂੰ ਦੂਣੇ ਮਿਲਣਗੇ ਪੂਰਾ ਪੰਜ ਲੱਖ, ਤੂੰ ਆਂਹਦਾ ਸੈਂ ਮੁੰਡਿਆਂ ਨੂੰ ਪਤਾ ਨਾ ਲੱਗੇ ਇਸ ਲਈ ਮੈਂ ਐਫ.ਡੀ. ਦੀ ਰਸੀਦ ਘਰ ਨਈਂ ਫੜਾਉਣ ਆਇਆ। ਨਾਲੇ ਤੇਰੀ ਗੱਲ ਵੀ ਠੀਕ ਆ, ਉਸੇ ਨੂੰਹ-ਪੁੱਤ ਨੂੰ ਦੇਈਂ ਜਿਹੜਾ ਤੇਰੀ ਸੇਵਾ ਕਰੂਗਾ।"

ਜਥੇਦਾਰ ਮਹਿਣਾ ਸਿੰਘ ਨੇ ਇਹ ਗੱਲ ਜਾਣ-ਬੁੱਝ ਕੇ ਉਚੀ ਆਵਾਜ਼ 'ਚ ਕਹੀ ਤਾਂ ਕਿ ਅਨੋਖ ਸਿੰਘ ਦੇ ਘਰੇ ਸੁਣੀ ਜਾਵੇ। ਹਾਂਲਾਂਕਿ ਨਾ ਕੋਈ ਪੈਸਾ ਅਨੋਖ ਸਿੰਘ ਦੇ ਨਾਮ 'ਤੇ ਜਮ੍ਹਾ ਸੀ ਤੇ ਨਾਹ ਕੋਈ ਐਫ.ਡੀ. ਸੀ।

ਅਨੋਖ ਸਿੰਘ ਹੌਲੇ ਜਿਹੀ ਜਥੇਦਾਰ ਮਹਿਣਾ ਸਿੰਘ ਨੂੰ ਕਹਿਣ ਲੱਗਾ, "ਉਂਜ ਤੇਰਾ ਫਾਰਮੂਲਾ ਬੜਾ ਕੰਮ ਆਇਆ ਈ, ਪਹਿਲਾਂ ਕੋਈ ਮੂੰਹ ਨਈਂ ਸੀ ਲਾਉਂਦਾ ਹੁਣ ਤੇ ਸਾਰਾ ਦਿਨ 'ਪਾਪਾ ਜੀ, ਪਾਪਾ ਜੀ' ਹੁੰਦੀ ਐ। ਜਦੋਂ ਮੈਂ ਕੇਸੀ ਨਹਾ ਕੇ ਹੱਟਦਾਂ ਤਾਂ ਘਰਵਾਲੀ ਵੀ ਕਹੂ, ਲਿਆਉ ਸਿਰ 'ਚ ਘਿਉ ਝੱਸ ਦਿਆਂ ਡਮਾਗ ਤਰ ਰਹਿੰਦਾ ਆ।"

ਮਹਿਣਾ ਸਿੰਘ ਕਹਿਣ ਲੱਗਾ, "ਹੁਣ ਤਾਂ ਘਿਉ ਝਸਾ ਖਾਂ ਸਿਰ 'ਚ ਮੁੜ ਕੇ ਮਰੇ ਦੇ ਮੂੰਹ ਨੂੰ ਪਤਾ ਨਹੀਂ ਇਨ੍ਹਾਂ ਲਾਉਣਾ ਕਿ ਨਈਂ।"

ਇਹ ਤਾਂ ਸੀ ਅਨੋਖ ਸਿੰਘ ਦੀ ਕਹਾਣੀ ਪਰ ਮੇਰੀ ਬੇਨਤੀ ਆ ਕਿ ਹੁਣੇ ਤੋਂ ਹੀ ਥੋੜ੍ਹੇ-ਥੋੜ੍ਹੇ ਪੈਸੇ ਬੁਢਾਪੇ ਲਈ ਜੋੜਨੇ ਸ਼ੁਰੂ ਕਰ ਦਿਉ। ਇਹ ਜਾਅਲੀ ਬੈਂਕ ਕਾਪੀਆਂ ਤੇ ਐਫ.ਡੀ. ਵਾਲੇ ਫਾਰਮੂਲਾ ਸਾਰਿਆਂ ਦੇ ਨਈਂ ਚੱਲਣੇ।

# ਭਾਨੂੰਪ੍ਰਿਅ

ਪੁਆਇੰਟ ਮੈਂ ਕੁਛ ਰੂਲ ਨਹੀਂ ਕਰ ਰਿਹਾ ਕਿ ਉਹ ਭਾਨੂੰ ਸ਼ਰਮਾ ਹੈ ਯਾ ਕੋਈ ਹੋਰ। ਇਸ ਵੇਲੇ ਸਾਨੂੰ ਸਿਰਫ ਇਹ ਪਤਾ ਹੈ ਕਿ ਭਾਰਤੀ ਏਅਰ ਫੌਰਸ ਦਾ ਇਕ ਪਾਇਲਟ ਗੁਮ ਹੈ। ਐਜ ਸੂਨ ਐਜ਼ ਵੀ ਹੀਅਰ ਐਨੀ ਥਿੰਗ ਵੀ ਵਿਲ ਸਰਟੇਨਲੀ ਲੈਟ ਯੂ ਨੋ। ਆਈ ਐਮ ਸੋ ਸੌਰੀ, ਵੀ ਆਰ ਨਾਟ ਏਬਲ ਟੂ ਟੈਲ ਯੂ ਮਚ। ਆਲ ਦਾ ਬੈਸਟ।" ਇਸ ਤਰ੍ਹਾਂ ਕਰਦਿਆਂ ਹਫਤਾ ਲੰਘ ਗਿਆ। ਰੇਡੀਓ ਸੁਣਦੀ, ਟੀ ਵੀ ਤੇ ਖਬਰਾਂ ਸੁਣਦੀ। ਕਾਰਗਿਲ ਵਿਚ ਸਾਡੇ ਜਵਾਨਾਂ ਦੀ ਬਹਾਦਰੀ ਅਤੇ ਦੁਸ਼ਮਣ ਨੂੰ ਪਿਛੇ ਧਕ ਦੇਣ ਦੀਆਂ ਖਬਰਾਂ ਹੁੰਦੀਆਂ। ਭਾਨੂੰ ਦਾ ਕੁਝ ਪਤਾ ਨਹੀਂ ਸੀ। ਨਾ ਹੀ ਉਸ ਦਾ ਕੋਈ ਫੋਨ ਹੀ ਆਇਆ ਸੀ। ਕੁਝ ਵੀ ਤਸੱਲੀ ਨਹੀਂ ਸੀ।

ਫਿਰ ਇਕ ਸਵੇਰ ਏਅਰ ਹੈਡਕਵਾਟਰ ਤੋਂ ਇਹ ਪੁਸ਼ਟੀ ਕੀਤੀ ਗਈ ਕਿ ਉਹ ਲਾਪਤਾ ਪਾਇਲਟ ਭਾਨੂੰ ਹੀ ਸੀ। ਉਹ ਪੈਰਾਸ਼ੂਟ ਰਾਹੀਂ ਜਹਾਜ ਵਿਚ ਛਾਲ ਤਾਂ ਮਾਰ ਗਿਆ ਪਰ ਜਾ ਡਿੱਗਾ ਦੁਸ਼ਮਨ ਦੇ ਇਲਾਕੇ ਵਿਚ। ਭਾਰਤ ਨੇ ਪਾਕਿਸਤਾਨ ਨੂੰ ਆਪਣੇ ਸਿਫਾਰਤਖਾਨੇ ਰਾਹੀਂ ਆਖਿਆ ਸੀ ਕਿ ਪਾਇਲਟ ਨੂੰ ਜੰਗੀ ਕੈਦੀ ਦੇ ਸਾਰੇ ਇਨਸਾਨੀ ਹੱਕ ਦਿਤੇ ਜਾਣ ਅਤੇ ਉਸ ਨੂੰ ਭਾਰਤੀ ਸਿਫਾਰਤਖਾਨੇ ਦੇ ਸਪੁਰਦ ਕੀਤਾ ਜਾਏ।

ਇਸ ਪਿਛੋਂ ਮੈਂ, ਮੰਮੀ ਅਤੇ ਪਾਪਾ ਨੇ ਏਅਰ ਹੈਡਕਵਾਟਰ ਨੂੰ ਅਤੇ ਭਾਰਤੀ ਸਿਫਾਰਤਖਾਨੇ ਨੂੰ ਕਿੰਨੇ ਹੀ ਫੋਨ ਕੀਤੇ ਸਨ। ਉਹ ਕੈਸਾ ਹੈ। ਉਸ ਦੇ ਸਟ ਤਾਂ ਨਹੀਂ ਲੱਗੀ। ਹਾਊ ਹੀ ਇਜ਼ ਕੋਪਿੰਗ ਵਿਚ ਦਾ ਆਰਡੀਅਲ? ਵਗੈਰਾ ਵਗੈਰਾ। ਉਨ੍ਹਾਂ ਪਾਸ ਸਾਡੇ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਵੀ ਜਵਾਬ ਨਹੀਂ ਸੀ। ਪਾਕਿਸਤਾਨੀ ਸਰਕਾਰ ਨੇ ਕੋਈ ਵੀ ਜਵਾਬ ਨਹੀਂ ਸੀ ਦਿਤਾ। ਕਿਤੇ ਭਾਨੂੰ ਨੂੰ...ਇਹ ਖਿਆਲ ਆਉਂਦਿਆਂ ਹੀ ਮੇਰੀ ਰੂਹ ਕੰਬ ਉਠਦੀ ਸੀ।

ਫਿਰ ਦੋ ਦਿਨ ਬਾਦ ਏਅਰ ਹੈਡ ਕਵਾਟਰ ਤੋਂ ਸੱਦਾ ਆਇਆ ਮੇਰੇ ਲਈ। ਸੋਚਿਆ, ਭਾਨੂੰ ਦੀ ਰਿਹਾਈ ਦੀ ਖਬਰ ਹੋਵੇਗੀ। ਮੰਮੀ-ਪਾਪਾ ਨੂੰ ਨਾਲ ਲੈ ਕੇ ਝਟ-ਪਟ ਹੀ ਮੈਂ ਏਅਰ ਹੈਡ ਕਵਾਟਰ ਪਹੁੰਚ ਗਈ ਪਰ ਉਥੇ ਤਾਂ ਇਕ ਦਮ ਸੰਨਾਟਾ ਸੀ।

ਸਾਡੇ ਪਹੁੰਚਦੇ ਹੀ ਏਅਰ ਕਮਾਡੋਰ ਨਈਅਰ ਆਪਣੇ ਦਫਤਰ ਤੋਂ ਬਾਹਰ ਆਏ। ਉਨ੍ਹਾਂ ਮੇਰੇ ਮੋਢੇ 'ਤੇ ਹੱਥ ਰਖਦਿਆਂ ਬਿਨਾ ਕੋਈ ਭੂਮਿਕਾ ਬੰਨਿਆਂ ਬੜੀ ਸੰਜ਼ੀਦਗੀ ਨਾਲ ਕਿਹਾ, "ਵੀ ਆਰ ਵੈਰੀ ਸੌਰੀ ਮਿਸਿਜ਼ ਸ਼ਰਮਾ! ਦੁਸ਼ਮਨ ਨੇ ਭਾਨੂੰ ਨੂੰ ਵਾਪਿਸ ਤਾਂ ਮੋੜਿਆ ਪਰ ਜਿੰਦਾ ਨਹੀਂ। ਉਨ੍ਹਾਂ ਉਸ ਨੂੰ ਬੜੀ ਬੇਰਿਹਮੀ ਨਾਲ ਮਾਰ ਸੁਟਿਆ। ਅਸੀਂ ਇਸ ਵਹਿਸ਼ਤ ਦਾ ਬਦਲਾ ਜਰੂਰ ਲਵਾਂਗੇ।"

"ਓ, ਨੋ! ਓ ਨੋ! ਭਾਨੂੰ ਯੂ ਕੈਨ ਨਾਟ ਲੀਵ ਮੀ ਲਾਈਕ ਦਿਸ। ਜੇ ਤੁਸੀਂ ਇਸ ਤਰ੍ਹਾਂ ਕਰਨਾਂ ਸੀ ਤਾਂ ਫਿਰ ਤੁਸੀਂ ਮੈਨੂੰ ਮਿਲੇ ਹੀ ਕਿਓਂ?" ਅਤੇ ਮੇਰਾ ਆਪ ਮੁਹਾਰੇ ਰੋਣ ਨਿਕਲ ਗਿਆ।

"ਪਲੀਜ਼! ਪਲੀਜ਼ ਮਿਸਿਜ਼ ਸ਼ਰਮਾ ਆਪਣੇ ਆਪ ਨੂੰ ਸੰਭਾਲੋ। ਯੂ ਆਰ ਵਾਈਫ ਆਫ ਏ ਡੈਕੋਰੇਟਿਡ ਆਫੀਸਰ। ਤਹਾਨੂੰ ਇਹ ਸ਼ੋਭਾ ਨਹੀਂ ਦਿੰਦਾ। ਦੇਖੋ ਤੁਹਾਡੇ ਪਤੀ ਤੋਂ ਬਿਨਾ ਚਾਰ ਹੋਰ ਤਾਬੂਤ ਵੀ ਤਾਂ ਰਖੇ ਹਨ। ਸ਼ਹੀਦ ਹੋਏ ਫੌਜੀ ਅਫਸਰਾਂ ਦੇ। ਦਿਸ ਇਜ਼ ਪਾਰਟ ਆਫ ਲਾਈਫ ਆਫ ਦ ਮੈਨ ਇਨ ਯੂਨੀਫਾਰਮ।" ਅਤੇ ਉਹ ਮੈਨੂੰ ਸਹਾਰਾ ਦੇ ਕੇ ਇਕ ਲਾਈਨ ਵਿਚ ਰਖੇ ਤਾਬੂਤਾਂ ਵਲ ਲੈ ਗਏ।

ਇਕ ਅਫਸਰ ਨੇ ਸਾਵਧਾਨੀ ਦੀ ਪੁਜੀਸ਼ਨ ਵਿਚ ਆ ਕੇ ਸਲੂਟ ਮਾਰਿਆ ਅਤੇ ਫਿਰ ਇਕ ਤਾਬੂਤ ਦਾ ਢਕਣ ਚੁਕ ਦਿਤਾ। ਜੋ ਮੈਂ ਉਸ ਤਾਬੂਤ ਦੇ ਅੰਦਰ ਦੇਖਿਆ, ਉਹ ਵੇਖ ਕੇ ਮੈਨੂੰ ਗਸ਼ੀ ਜਿਹੀ ਪੈ ਗਈ ਸੀ। ਉਹ ਭਾਨੂੰ ਦੀ ਲਾਸ਼ ਨਹੀਂ ਸਗੋਂ ਇਕ ਤਰ੍ਹਾਂ ਨਾਲ ਲਾਸ਼ ਦੇ ਟੁਕੜੇ ਹੀ ਸਨ। ਉਹ ਵਡੀਆਂ ਵਡੀਆਂ ਅਖਾਂ ਜਿਨ੍ਹਾਂ ਵਿਚ ਮੈਨੂੰ ਹੋਰਨਾਂ ਸੁੰਦਰੀਆਂ ਦੇ ਖੋ ਜਾਣ ਦਾ ਡਰ ਲਗਿਆ ਰਹਿੰਦਾ ਸੀ, ਗਾਇਬ ਸਨ। ਉਨ੍ਹਾਂ ਦੀ ਥਾਂ ਸਿਰਫ ਦੋ ਕਾਲੇ ਟੋਏ ਸਨ। ਉਸ ਦੇ ਹੱਥਾਂ ਦੀਆਂ ਲੰਮੀਆਂ-ਲੰਮੀਆਂ ਉਂਗਲਾਂ ਜਿਨ੍ਹਾਂ ਵਿਚ ਆਪਣੀਆਂ ਨਾਜਕ ਉਂਗਲਾਂ ਪਾਈ ਮੈਂ ਦਿੱਲੀ ਵਿਚ ਅਤੇ ਫਿਰ ਗੋਆ ਵਿਚ ਘੰਟਿਆਂ ਬਧੀ ਘੁੰਮਦੀ ਰਹੀ ਸਾਂ। ਬਿਲਕੁਲ ਹੀ ਚਿਥੀਆਂ ਪਈਆਂ ਸਨ ਬਸ ਉਹ ਹੱਥਾਂ ਨਾਲੋਂ ਅਡ ਨਹੀਂ ਸਨ ਹੋਈਆਂ ਹੋਈਆਂ। ਉਸ ਦਾ ਉਹ ਚੌੜਾ ਸੀਨਾ ਜਿਸ 'ਤੇ ਉਸ ਨੇ ਕਾਰਗਿਲ ਨੂੰ ਰਵਾਨਾ ਹੋਣ ਤੋਂ ਪਹਿਲੀ ਰਾਤ ਮੈਨੂੰ ਨਕਸ਼ਾ ਬਣਾ ਕੇ ਕਾਰਗਿਲ ਦੀ ਲੋਕੇਸ਼ਨ ਦਸੀ ਸੀ, ਕਿਸੇ ਤੇਜ ਧਾਰ ਹਥਿਆਰ ਨਾਲ ਕਈ ਡਬਲਰੋਟੀ ਦੇ ਸਲਾਈਸਾਂ ਦੀ ਤਰ੍ਹਾਂ ਕਟਿਆ ਪਿਆ ਸੀ। ਜੰਮੇ ਹੋਏ ਖੂਨ ਦੇ ਧਬਿਆਂ ਵਿਚ ਮੇਰਾ ਲਿਖਿਆ ਭਾਨੂੰਪ੍ਰਿਅ-ਭਾਨੂੰ ਅਤੇ ਪ੍ਰਿਅ ਦੋ ਹਿਸਿਆਂ ਵਿਚ ਵੰਡ ਹੋ ਕੇ ਮਧਮ ਜਿਹਾ ਦਿਸ ਰਿਹਾ ਸੀ।

ਬਾਦ ਵਿਚ ਮੈਨੂੰ ਦਸਿਆ ਗਿਆ ਕਿ ਇਹ ਸਭ ਵੇਖ ਮੈਂ ਮਾਈ ਗਾਡ ਕਹਿੰਦੀ ਹੋਈ ਬੇਹੋਸ਼ ਹੋ ਗਈ ਸੀ ਅਤੇ ਕਿਤੇ ਹਫਤੇ ਪਿਛੋਂ ਜਾ ਕੇ ਡਾਕਟਰਾਂ ਦੇ ਲਖ ਯਤਨ ਕਰਨ ਪਿਛੋਂ ਮੈਨੂੰ ਹੋਸ਼ ਆਇਆ ਸੀ। ਇਸ ਦਰਮਿਆਨ ਬਾਨੂਮ ਦੀ ਦੇਹ ਨੂੰ ਪੂਰੇ ਫੌਜੀ ਸਨਮਾਨਾਂ ਨਾਲ ਤਿਰੰਗੇ ਵਿਚ ਲਪੇਟ ਕੇ ਅਗਨ ਭੇਟ ਕਰ ਦਿਤਾ ਗਿਆ ਸੀ। ਮੇਰੇ ਬੈਡਰੂਮ ਵਿਚ ਮੇਰੇ ਡਰੈਸਿੰਘ ਟੇਬਲ ਉਤੇ ਕਿਸੇ ਏਅਰ ਫੋਰਸ ਆਫੀਸਰ ਦੀ ਬੜੀ ਹੀ ਪ੍ਰਭਾਵਸ਼ਾਲੀ ਸਿਲਵਰਪਲੇਟਿਡ ਫਰੇਮ ਵਿਚ ਮੜੀ ਤਸਵੀਰ ਰਖੀ ਪਈ ਸੀ। ਇਸ ਦੇ ਉਤੇ ਸੁਕੇ ਫੁਲਾਂ ਦਾ ਇਕ ਹਾਰ ਪਾਇਆ ਹੋਇਆ ਸੀ। ਨਾਲ ਹੀ ਇਕ ਤਾਂਬੇ ਦਾ ਇਕ ਛੋਟਾ ਜਿਹਾ ਕਲਸ਼ ਪਿਆ ਸੀ ਜੋ ਤਿਰੰਗੇ ਝੰਡੇ ਨਾਲ ਢਕਿਆ ਹੋਇਆ ਸੀ। ਕਿੰਨਾ ਹੀ ਚਿਰ ਮੈਂ ਦੇਖਦੀ ਰਹੀ ਸੀ ਉਨ੍ਹਾਂ ਦੋਹਾਂ ਚੀਜਾਂ ਵਲ, ਪਰ ਕੁਝ ਵੀ ਸਮਝ ਨਹੀਂ ਸੀ ਆਇਆ। ਕਿਸੇ ਵੀ ਤਰ੍ਹਾਂ ਦਾ ਕੋਈ ਅਹਿਸਾਸ ਨਹੀਂ ਸੀ ਹੋਇਆ। ਜਿਵੇਂ ਮੇਰਾ ਉਸ ਸ਼ਖਸ ਨਾਲ ਕਦੀ ਕੋਈ ਵਾਸਤਾ ਹੀ ਨਾ ਰਿਹਾ ਹੋਵੇ।

ਮੰਮੀ ਮੈਨੂੰ ਉਸ ਤਸਵੀਰ ਦੇ ਬਿਲਕੁਲ ਕਰੀਬ ਖਿਚ ਕੇ ਲੈ ਆਈ ਸੀ। ਫੋਟੋ ਦੀ ਤਰਫ ਇਸ਼ਾਰਾ ਕਰਦੀ ਹੋਈ ਬੋਲੀ ਸੀ, "ਇਹ ਹੈ ਤੇਰਾ ਭਾਨੂੰ। ਇਸ ਕਲਸ਼ ਵਿਚ ਹਨ ਉਸ ਦੇ ਫੁਲ। ਪੰਮੀ ਤੇਰਾ ਭਾਨੂੰ ਹੁਣ ਨਹੀਂ ਰਿਹਾ," ਉਸ ਦੀਆਂ ਅਖਾਂ ਹੰਝੂਆਂ ਨਾਲ ਭਰ ਆਈਆਂ।

"ਭਾਨੂੰ! ਭਾਨੂੰ! ਭਾਨੂੰ! ਕੌਣ ਭਾਨੂੰ?" ਇਕ ਜੋਰ ਦਾ ਠਹਾਕਾ ਲਾਇਆ ਸੀ ਮੈਂ। ਮੰਮੀ ਸਹਿਮ ਗਈ ਸੀ।

ਕੁਝ ਪਲਾਂ ਬਾਦ ਮੈਂ ਉਸ ਤਿਰੰਗੇ ਵਿਚ ਲਿਪਟੇ ਕਲਸ ਦੇ ਕੋਲ ਚਲੀ ਗਈ ਅਤੇ ਇਕ ਟਕ ਉਸ ਵਲ ਵੇਖਦੀ ਹੀ ਰਹੀ। ਮੈਂ ਜਿਓਂ ਹੀ ਉਸ ਕਲਸ ਨੂੰ ਛੋਹਿਆ, ਮੈਨੂੰ ਤਿਰੰਗਾ ਕਪੜਾ ਕੁਝ ਹਿਲਦਾ ਜੁਲਦਾ ਨਜਰ ਆਇਆ ਸੀ। ਮੈਂ ਉਸ ਦੇ ਹੋਰ ਕਰੀਬ ਹੋ ਗਈ। ਉਸ ਦੇ ਅੰਦਰੋਂ ਜਿਵੇਂ ਇਕ ਹਲਕੀ ਜਿਹੀ ਆਵਾਜ ਆਈ, "ਭਾਨੂੰਪ੍ਰਿਅ, ਭਾਨੂੰਪ੍ਰਿਅ।" ਮੈਂ ਆਪਣੇ ਹਥ ਉਸ ਕਲਸ ਤੋਂ ਪਰਾਂ ਹਟਾ ਲਏ ਅਤੇ ਫਿਰ ਮੈਂ ਜੋਰ ਜੋਰ ਦੀ ਚੀਖਣ ਲੱਗੀ, "ਭਾਨੂੰਪ੍ਰਿਅ, ਭਾਨੂੰਪ੍ਰਿਅ।" ਮੇਰੀ ਆਵਾਜ ਨਾਲ ਸਾਰਾ ਕਮਰਾ ਗੂੰਜਣ ਲਗ ਪਿਆ ਸੀ। ਘਰ ਦੇ ਸਾਰੇ ਜੀਅ ਉਸ ਕਮਰੇ ਵਿਚੋਂ ਬਾਰਹ ਚਲੇ ਗਏ ਸਨ, ਮੰਮੀ ਵੀ।

ਭਾਨੂੰ ਹੁਣ ਨਹੀਂ ਹੈ। ਫਿਰ ਵੀ ਉਸ ਦੀ ਮੌਜੂਦਗੀ ਨਾਲ ਕਮਰਾ ਭਰਿਆ-ਭਰਿਆ ਜਾਪਦਾ ਹੈ। ਭਾਨੂੰਪ੍ਰਿਅ ਉਥੇ ਸੀ ਫਿਰ ਵੀ ਨਹੀਂ ਸੀ। ਕਦੀ ਕਦੀ ਵਕਤ ਫਾਸਲਾ ਕਿੰਨਾ ਘਟਾ ਦਿੰਦਾ ਹੈ, ਹੋਣ ਅਤੇ ਨਾ ਹੋਣ ਵਿਚ।

# ਰੋਡੇ ਭਰਾਵਾਂ ਦੀ 'ਲੀਲ੍ਹਾ' ਅਤੇ ਸਾਡੇ ਸਮਿਆਂ ਵਿਚ ਕਵਿਤਾ ਦੀ ਥਾਂ

*ਪਟਿਆਲਾ ਦੇ ਲਾਲੀ ਬਾਬੇ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਸ ਦੀ ਵਿਲੱਖਣ ਸੋਹਜਮੁਖੀ ਸ਼ਖਸੀਅਤ ਦੇ ਨਾਲ ਨਾਲ 'ਭੂਤਵਾੜਾ' ਨਾਂ ਦੇ ਉਨ੍ਹਾਂ ਦੇ 'ਮੱਠ' ਦੀ ਚਰਚਾ ਦੁਨੀਆਂ ਭਰ ਦੇ ਵੱਖ ਵੱਖ ਸ਼ਹਿਰਾਂ ਤੋਂ ਛਪਣ ਵਾਲੇ ਪੰਜਾਬੀ ਅਖਬਾਰਾਂ ਰਿਸਾਲਿਆਂ ਵਿਚ ਥੋੜ੍ਹੀ ਜਾਂ ਬਹੁਤ ਜ਼ਰੂਰ ਹੋਈ। ਇਸੇ ਪ੍ਰਥਾਏ ਅਸੀਂ ਬਾਬੇ ਦੇ 'ਭੂਤਵਾੜੇ' ਦੌਰ ਦੇ ਅਹਿਮ ਸਾਥੀ ਕਵੀ ਨਵਤੇਜ ਭਾਰਤੀ ਦੇ 'ਲੀਲ੍ਹਾ' ਨਾਂ ਹੇਠ ਛਪੇ ਵੱਡਆਕਾਰੀ ਕਾਵਿ ਗ੍ਰੰਥ ਬਾਰੇ ਖੁਦ ਉਨ੍ਹਾਂ ਦੇ ਆਪਣੇ ਅੱਖਰਾਂ ਵਿਚ ਮੁਢਲੀ ਜਾਣਕਾਰੀ ਅਤੇ ਨਾਲ ਨਾਲ ਉਨ੍ਹਾਂ ਦੀਆਂ ਕੁਝ ਪ੍ਰਤੀਨਿਧ ਕਵਿਤਾਵਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਾਵਿ ਗ੍ਰੰਥ ਵਿਚ ਨਵਤੇਜ ਭਾਰਤੀ ਦੇ ਨਾਲ ਉਨ੍ਹਾਂ ਦੇ ਭਾਈ ਅਜਮੇਰ ਰੋਡੇ ਦੀਆਂ ਕਵਿਤਾਵਾਂ ਵੀ ਦਰਜ ਹਨ। ਨਵਤੇਜ ਭਾਰਤੀ 1960 ਤੋਂ 1964 ਤੱਕ 'ਭੂਤਵਾੜਾ' ਮੱਠ ਅੰਦਰ ਲਾਲੀ ਬਾਬਾ, ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ, ਕਵੀ ਕੁਲਵੰਤ ਗਰੇਵਾਲ ਅਤੇ ਪੰਜਾਬੀ ਸਾਹਿਤ ਦੀ ਮਸ਼ਹੂਰ ਹਸਤੀ ਸੁਤਿੰਦਰ ਸਿੰਘ ਨੂਰ ਅਤੇ ਡਾ. ਗੁਰਭਗਤ ਸਿੰਘ ਆਦਿ ਅਦਭੁੱਤ ਹਸਤੀਆਂ ਦੀ ਸੰਗਤ ਵਿਚ ਰਹੇ। ਪਿਛਲੀ ਲਗਪਗ ਅੱਧੀ ਸਦੀ ਤੋਂ ਦੋਵਾਂ ਭਰਾਵਾਂ ਨੇ ਕੈਨੇਡਾ ਦੀ ਧਰਤੀ ਨੂੰ ਆਪਣੀ ਕਰਮ ਭੂਮੀ ਬਣਾਇਆ ਹੋਇਆ ਹੈ। ਨਵਤੇਜ ਭਾਰਤੀ ਟਰਾਂਟੋ ਤੋਂ ਥੋੜੀ ਦੂਰ ਲੰਡਨ ਵਿਚ, ਕਿਸੇ ਵੀ ਤਰ੍ਹਾਂ ਦੇ ਭੀੜ-ਭੜੱਕੇ ਤੋਂ ਦੂਰ, ਸ਼ਹਿਰ ਤੋਂ ਬਾਹਰਵਾਰ ਵਿਕੋਲਿਤਰੀ ਜਿਹੀ ਕੁਟੀਰ ਵਰਗੇ ਘਰ ਵਿਚ ਰਹਿ ਰਹੇ ਹਨ। 'ਲੀਲ੍ਹਾ' ਦੀਆਂ ਸਭ ਸੁੰਦਰ, ਸੋਹਜ-ਵਿਵੇਕਮਈ ਨਜ਼ਮਾਂ ਦੀ ਸਿਰਜਣਾ ਉਨ੍ਹਾਂ ਇਥੇ ਰਹਿੰਦਿਆਂ ਹੀ ਕੀਤੀ ਹੈ। -ਸੰਪਾਦਕ*

ਕੈਨੇਡਾ ਦੀ ਧਰਤੀ ਉਪਰ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਵਸੇ ਹੋਏ ਪੰਜਾਬ ਮੂਲ ਦੇ ਬਹੁਤ ਹੀ ਸੰਵੇਦਨਸ਼ੀਲ ਮਾਨਵਵਾਦੀ ਸ਼ਾਇਰ ਦੀਆਂ ਸਾਂਝੀਆਂ ਕਵਿਤਾਵਾਂ 'ਤੇ ਆਧਾਰਤ 'ਲੀਲ੍ਹਾ' ਨਾਂ ਦੇ 1000 ਤੋਂ ਵੱਧ ਸਫਿਆਂ 'ਤੇ ਬੈਠਿਆ ਹੋਇਆ ਕਾਵਿ ਗ੍ਰੰਥ ਜਦੋਂ ਕੁਝ ਸਾਲ ਪਹਿਲਾਂ ਛਪ ਕੇ ਸਾਹਮਣੇ ਆਇਆ ਤਾਂ ਇਹ ਕਾਫੀ ਦੇਰ ਤੱਕ ਦੁਨੀਆਂ ਭਰ ਵਿਚ ਫੈਲੇ ਹੋਏ ਪੰਜਾਬੀ ਅਦਬੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਦੋ ਵੱਖੋ ਵੱਖਰੀਆਂ ਕਲਮਾਂ ਵਿਚੋਂ ਨਿਕਲੀਆਂ ਹੋਣ ਦੇ ਬਾਵਜੂਦ 'ਲੀਲ੍ਹਾ' ਕਾਵਿ ਗ੍ਰੰਥ ਦੀਆਂ ਕਵਿਤਾਵਾਂ ਵਿਚ ਇਕ ਮੁਢਲੀ ਸਾਂਝ ਹੈ: ਇਹ ਜ਼ਿੰਦਗੀ ਦਾ ਉਤਸਵ ਮਨਾਉਂਦੀਆਂ ਹਨ। ਦੋਹਾਂ ਕਿਨਾਰਿਆਂ ਵਿਚ ਇਕੋ ਪਾਣੀ ਵਗਦਾ ਹੈ। ਇਸ ਕਰਕੇ ਅਸੀਂ ਇਨ੍ਹਾਂ ਨੂੰ ਇਕੋ ਸੰਚੀ ਵਿਚ ਪੇਸ਼ ਕਰ ਰਹੇ ਹਾਂ। ਉਂਜ ਲੀਲ੍ਹਾ ਦੀ ਹਰ ਕਵਿਤਾ ਇਕ ਸੁਤੰਤਰ ਅਨੁਭਵ ਹੈ। ਇਸੇ ਲਈ ਕਵਿਤਾਵਾਂ ਨੂੰ ਵਰਗਾਂ ਵਿਚ ਨਹੀਂ ਵੰਡਿਆ ਗਿਆ। ਲੀਲ੍ਹਾ ਕਿਸੇ ਵੀ ਕਵਿਤਾ ਤੋਂ ਖੋਲ੍ਹ ਕੇ ਸ਼ੁਰੂ ਕੀਤੀ ਜਾ ਸਕਦੀ ਹੈ। ਨਦੀ ਵਿਚ ਕਿਸੇ ਵੀ ਪੱਤਣ ਤੋਂ ਪਰਵੇਸ਼ ਕੀਤਾ ਜਾ ਸਕਦਾ ਹੈ।

ਕਾਵਿ ਸਿਰਜਣਾ ਦਾ ਸੁਭਾਅ ਸੰਵਾਦਕੀ ਹੈ, ਭਾਵ ਕਵੀ ਤੇ ਕਵਿਤਾ ਦੋਵੇਂ ਇਕ ਦੂਜੇ ਨੂੰ ਸਿਰਜਦੇ ਹਨ। ਕਵਿਤਾ ਦੀ ਸਿਰਜਣਾ ਵਿਚੋਂ ਲੰਘਦਾ ਲੰਘਦਾ ਕਵੀ ਆਪ ਵੀ ਕੁਝ ਨਾ ਕੁਝ ਸਿਰਜਿਆ ਜਾਂਦਾ ਹੈ। ਕਵਿਤਾ ਦੇ ਅੱਖਰ ਪਾਉਂਦਾ ਪਾਉਂਦਾ ਉਹ ਆਪ ਵੀ ਉਸ ਦਾ ਅੱਖਰ ਬਣ ਜਾਂਦਾ ਹੈ। ਕਿਰਤ ਤੇ ਕਰਤੇ ਦਾ ਅੰਤਰ ਘਟ ਜਾਂਦਾ ਹੈ। ਕਵਿਤਾ ਲਿਖਣ ਲਈ ਕਵੀ ਨੂੰ ਕਵਿਤਾ ਬਣਨਾ ਪੈਂਦਾ ਹੈ।

ਕਵਿਤਾ ਮਨੁਖਤਾ ਦਾ ਸਾਂਝਾ ਵਿਰਸਾ ਹੈ, ਇਸ ਦਾ ਇਕ ਹੀ ਰਚਨਹਾਰ ਨਹੀਂ ਹੁੰਦਾ। ਸਹੰਸਰ ਧਾਰਾਵਾਂ ਵਾਲੀ ਇਹ ਸਰਸਵਤੀ, ਅਨੇਕਾਂ ਅਨਾਮ ਅਤੇ ਸਨਾਮ ਕਲਮਾਂ ਵਿਚਦੀ ਲੰਘ ਕੇ ਸਾਡੇ ਤਕ ਆਈ ਹੈ। ਵਿਅਕਤੀਗਤ ਕਵਿਤਾਵਾਂ ਤਾਂ ਇਸ ਉਤੇ ਨਿੱਕੇ-ਵੱਡੇ ਬੁਲਬਲੇ ਹੀ ਹਨ। ਲੀਲ੍ਹਾ ਦੀਆਂ ਕਵਿਤਾਵਾਂ ਉਤੇ ਸ਼ਾਇਰ ਭਰਾਵਾਂ ਦੇ ਦਸਤਖਤ ਵੀ ਪਾਣੀ ਦੇ ਬੁਲਬਲ੍ਹਿਆਂ ਉਤੇ ਹੀ ਹਨ।

ਸ਼ਾਇਰਾਂ ਦੀ ਤਵੱਕੋ ਹੈ ਕਿ 'ਲੀਲ੍ਹਾ' ਨੂੰ ਪੜ੍ਹਨ ਸੁਣਨ ਵਾਲੇ ਕਵਿਤਾ ਰਾਹੀਂ ਕਵੀ ਵੱਲ ਨਾ ਜਾਣ, ਕਵਿਤਾ ਦੀ ਰੂਹ ਨਾਲ ਜੁੜਨ। ਪਰ ਇਹ ਭਾਵਨਾ ਸ਼ੁਭ ਤਾਂ ਹੈ, ਸ਼ਾਇਦ ਸੰਭਵ ਨਹੀਂ। ਇਹ ਸੰਦੇਹ ਲਗਭਗ ਸਾਰੇ ਪੰਜਾਬੀ ਮਿੱਤਰਾਂ ਅਤੇ ਚਿੰਤਕਾਂ ਨੇ ਪਰਗਟ ਕੀਤਾ ਹੈ। ਇਸ ਪਿੱਛੇ ਇਹ ਧਾਰਨਾ ਹੈ ਕਿ ਕਵੀ ਦੀ ਕਿਸੇ ਇਕ ਕਵਿਤਾ ਦੀ ਸਹੀ ਸਮਝ ਉਸ ਦੀ ਕਾਵਿ ਦ੍ਰਿਸ਼ਟੀ ਅਤੇ ਉਸ ਦੀਆਂ ਬਾਕੀ ਕਵਿਤਾਵਾਂ ਦੇ ਪ੍ਰਸੰਗ ਅਤੇ ਵਾਤਾਵਰਣ ਵਿਚ ਹੀ ਸੰਭਵ ਹੈ। ਇਸ ਕਰਕੇ ਉਨ੍ਹਾਂ ਸਭਨਾਂ ਦਾ ਸੁਝਾਅ ਸੀ ਕਿ ਲੀਲਾ ਦੀਆਂ ਕਵਿਤਾਵਾਂ ਸਾਡੇ ਅੱਡੋ ਅੱਡ ਨਾਂਵਾਂ ਹੇਠ ਦੋ ਭਾਗਾਂ ਵਿਚ ਛਪਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਸੁਝਾਅ ਸਹੀ ਹੈ ਤੇ ਅਸੀਂ ਇਸ ਦੀ ਬਹੁਤ ਕਦਰ ਕਰਦੇ ਹਾਂ। ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਦੋਸਤਾਂ ਨੇ ਸਾਡੀ ਕਵਿਤਾ ਵਿਚ ਦਿਲਚਸਪੀ ਲਈ ਹੈ। ਅਸੀਂ ਉਨ੍ਹਾਂ ਦੇ ਕ੍ਰਿਤੱਗ ਹਾਂ ਪਰ ਅਸੀਂ ਇਸੇ ਰੂਪ ਵਿਚ ਇਸ ਪੁਸਤਕ ਨੂੰ ਉਨ੍ਹਾਂ ਦੀ ਤੇ ਪਾਠਕਾਂ ਦੀ ਭੇਟਾ ਕਰ ਰਹੇ ਹਾਂ। ਭੇਟਾ ਕਰਨ ਵਾਲੇ ਨੂੰ ਏਨੀ ਕੁ ਤਾਂ ਖੁੱਲ੍ਹ ਮਿਲਣੀ ਚਾਹੀਦੀ ਹੈ ਕਿ ਭੇਟਾ ਦੇ ਫੁੱਲ ਬੁਕ ਭਰ ਕੇ ਰੱਖੇ ਜਾਂ ਗੁੰਦ ਕੇ। ਸਾਡੀ ਇੱਛਾ ਹੈ ਕਿ ਲੀਲ੍ਹਾ ਦੀਆਂ ਕਵਿਤਾਵਾਂ ਨੂੰ ਇਨ੍ਹਾਂ ਦੇ ਲੇਖਕਾਂ ਦੇ ਪ੍ਰਸੰਗ ਵਿਚ ਸਮਝਣ ਦੀ ਥਾਂ ਅਜੋਕੀ ਸੰਸਕ੍ਰਿਤਕ ਸੰਵੇਦਨਾ ਦੇ ਪ੍ਰਸੰਗ ਵਿਚ ਸਮਝਿਆ ਜਾਵੇ।

ਇਹ ਕਵਿਤਾਵਾਂ ਪਲ ਪਲ ਖੁਰਦੇ ਮਨੁੱਖ ਦੇ ਉਸ ਸਾਹਸ ਦਾ ਅਭਿਨੰਦਨ ਕਰਦੀਆਂ ਹਨ ਜਿਸ ਸਦਕਾ ਉਹ ਅਜੇ ਵੀ ਮਨੁੱਖ ਹੈ। ਮਨੁੱਖ ਦਾ ਮਨੁੱਖ ਬਣਿਆ ਰਹਿਣਾ ਅਜ ਉਸ ਲਈ ਇਕ ਭੀਸ਼ਮ ਚੁਣੌਤੀ ਬਣ ਗਿਆ ਹੈ। ਦਿਨੋ ਦਿਨ ਮੰਡੀ ਬਣ ਰਹੀ ਧਰਤੀ ਉਤੇ ਉਹ ਵਿਕਣ ਵਾਲੀ ਸ਼ੈਅ ਅਤੇ ਪਲੋ ਪਲ ਹਾਵੀ ਹੋ ਰਹੇ ਸਾਈਬਰ ਸਪੇਸ ਵਿਚ ਰੋਬਾਟ ਬਣ ਰਿਹਾ ਹੈ। ਇਸ ਸਥਿਤੀ ਵਿਚ ਕਵਿਤਾ ਦਾ ਪਹਿਲਾ ਕਰਮ ਉਸ ਲਈ ਅਜਿਹੀਆਂ ਸੰਭਾਵਨਾਵਾਂ ਸਿਰਜਣ ਵਿਚ ਹੈ ਜਿਥੇ ਉਸ ਦੀ ਮਾਨਵਤਾ ਬਚੀ ਰਹਿ ਸਕੇ ਅਤੇ ਵਿਕਸ ਸਕੇ। ਕਾਲੀ ਬੋਲੀ ਰਾਤ ਵਿਚ ਦੀਵਾ ਜਗਦਾ ਰੱਖਣਾ ਕਵਿਤਾ ਦੀ ਜ਼ਿੰਮੇਵਾਰੀ ਹੈ, ਤੇ ਲਗਦਾ ਹੈ ਜਿਵੇਂ ਕਵਿਤਾ ਨੇ ਅੱਜ ਦੇ ਸਭਿਆਚਾਰਕ ਸੰਕਟ ਦੀ ਚੁਣੌਤੀ ਸਵੀਕਾਰ ਕਰ ਲਈ ਹੈ। ਲੀਲ੍ਹਾ ਜਲਾਵਤਨੀ ਤੋਂ "ਘਰ" ਪਰਤ ਰਹੀ ਕਵਿਤਾ ਨੂੰ ਜੀਅ ਆਇਆਂ ਕਹਿੰਦੀ ਹੈ। ਇਸੇ ਕਰ ਕੇ ਇਸ ਦੀਆਂ ਬਹੁਤ ਕਵਿਤਾਵਾਂ "ਕਵਿਤਾ" ਨੂੰ ਹੀ ਸੰਬੋਧਿਤ ਹਨ। ਜੇ ਲੀਲ੍ਹਾ ਨੂੰ ਕਸੇ ਹੱਦ ਤਕ ਕਵਿਤਾ ਦੀ ਕਵਿਤਾ ਕਹਿ ਲਿਆ ਜਾਵੇ ਤਾਂ ਗ਼ਲਤ ਨਹੀ ਹੋਵੇਗਾ।

'ਲੀਲ੍ਹਾ' ਦੇ ਪੰਨਿਆ ਵਿਚ ਥਾਂ ਥਾਂ ਖਿਲਰੇ ਵਾਰਤਕ ਜਾਂ ਕਾਵਿ ਵਾਰਤਕ ਦੇ ਟੁਕੜੇ ਵੀ ਇਸੇ ਰੌਅ ਵਿਚ ਲਿਖੇ ਗਏ ਹਨ। ਕਈ ਟੁਕੜੇ 'ਵਾਰਤਕ' ਨਾਲ ਅਰੰਭ ਹੋ ਕੇ ਸਹਿਜ ਸੁਭਾਅ 'ਕਵਿਤਾ' ਵਿਚ ਬਦਲ ਜਾਂਦੇ ਹਨ। ਇਹ ਸ਼ਾਸਤਰੀ ਮੁਹਾਵਰੇ ਤੋਂ ਬਚ ਕੇ ਅਨੁਭਵ ਦੇ ਅੰਗ-ਸੰਗ ਰਹਿ ਕੇ ਲਿਖੇ ਗਏ ਹਨ। ਇਸ ਕਰਕੇ ਇਹ ਟੁਕੜੇ ਸਾਡੀ ਕਵਿਤਾ ਦੀ ਸੰਵੇਦਨਾ ਅਤੇ ਪ੍ਰਕਿਰਿਆ ਬਾਰੇ ਸਿਰਫ ਟਿਪਣੀਆਂ ਹੀ ਨਹੀਂ ਰਹੇ ਸਗੋਂ ਰਚਨਾਤਮਕ ਕਿਰਤਾਂ ਵਰਗੇ ਬਣ ਗਏ ਹਨ।

'ਲੀਲ੍ਹਾ' ਦੀਆਂ ਕਵਿਤਾਵਾਂ ਵਿਚ 'ਮੈਂ' ਸ਼ਬਦ ਸੰਕੋਚ ਕੇ ਤੇ ਸੁਚੇਤ ਹੋ ਕੇ ਵਰਤਿਆ ਗਿਆ ਹੈ। ਸ਼ਾਇਰ ਇੱਛਾ ਤਾਂ ਇਹੀ ਹੈ ਕਿ ਇਹ ਸ਼ਬਦ ਵਿਅਕਤੀ ਮੈਂ ਦੀ ਥਾਂ ਕਵੀ ਮੈਂ ਦਾ ਸੂਚਕ ਹੋਵੇ ਪਰ ਇਹ ਗੱਲ ਪੂਰੀ ਤਰ੍ਹਾਂ ਕੇਵਲ ਪੂਰੇ ਕਵੀ ਵਿਚ ਹੀ ਸੰਭਵ ਹੈ। ਕਬੀਰ ਤੇ ਫਰੀਦ ਵਰਗੇ ਕਵੀ ਹਰ ਸਲੋਕ ਵਿਚ ਆਪਣਾ ਨਾਂ ਵਰਤ ਕੇ ਵੀ ਆਪਣੀ ਮੈਂ ਦਾ ਵਿਸਤਾਰ ਨਹੀਂ ਕਰਦੇ।

'ਲੀਲ੍ਹਾ' ਨੂੰ ਇਕ ਉਪਹਾਰ ਵਜੋਂ ਅਰਪਨ ਕਰਨ ਵੇਲੇ ਸਾਡੇ ਇਹ ਪਿਆਰੇ ਸ਼ਾਇਰ ਸਦੀਵੀ ਪੁਸਤਕ ਨੂੰ ਸੈਲੀਬਰੇਟ ਵੀ ਕਰ ਰਹੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਲੈਕਟ੍ਰਾਨਿਕ ਮੀਡੀਆ ਦੇ ਹੜ੍ਹ ਵਿਚ 'ਪੁਸਤਕ' ਅਲੋਪ ਨਹੀ ਹੋਵੇਗੀ। ਕਿਉਂਕਿ ਇਹ ਨਿਰੀ ਸੰਚਾਰ ਦਾ ਮਾਧਿਅਮ ਹੀ ਨਹੀ ਸਿਰਜਣਾ ਦਾ ਵੀ ਮਾਧਿਅਮ ਹੈ। ਪੁਸਤਕ ਸਦੀਆਂ ਤੋਂ ਸਾਡੀ ਸੰਸਕ੍ਰਿਤੀ ਵਿਚ ਦਰਿਆ ਵਾਂਗ ਵਗਦੀ ਰਹੀ ਹੈ। ਇਸ ਤੋਂ ਬੇਮੁਖ ਹੋਣਾ ਸਭਿਆਚਾਰਕ ਆਤਮਘਾਤ ਕਰਨਾ ਹੈ। ਜਦੋਂ ਹੱਥਾਂ ਵਿਚ ਸ਼ਾਸਤਰ ਨਹੀ ਹੁੰਦਾ, ਉਦੋਂ ਸ਼ਸਤਰ ਹੁੰਦਾ ਹੈ। ਇਸ ਕਰਕੇ ਜ਼ਰੂਰੀ ਹੈ ਕਿ ਅਸੀਂ ਪੁਸਤਕ ਦੇ ਗੌਰਵ ਨੂੰ ਪਛਾਣੀਏ ਅਤੇ ਇਸ ਦੀ ਦੱਖ ਨੂੰ ਕਲਾ ਦਾ ਰੂਪ ਸਮਝ ਕੇ ਇਸ ਦੇ ਸੁਹਜ ਵਲ ਧਿਆਨ ਦੇਈਏ।

ਕਵਿਤਾ ਦੀ ਸੁੰਦਰਤਾ ਇਸ ਦੇ ਸ਼ਬਦਾਂ ਤਕ ਹੀ ਸੀਮਤ ਨਹੀਂ ਸਗੋਂ ਇਸ ਦੇ ਅੱਖਰਾਂ ਵਿਚ ਵੀ ਸਮਾਈ ਹੁੰਦੀ ਹੈ। ਹਰ ਲਿੱਪੀ ਵਿਚ ਅਰਥਾਂ ਤੋਂ ਸੁਤੰਤਰ ਇਸ ਦੀ ਆਪਣੀ ਕਵਿਤਾ ਛੁਪੀ ਹੁੰਦੀ ਹੈ। ਅਜਿਹੀ ਕਵਿਤਾ ਨੂੰ ਉਜਾਗਰ ਕਰਨ ਲਈ ਹੀ ਅਸੀਂ ਵਖ ਵਖ ਲਿੱਪੀਆਂ ਅਤੇ ਪੂਰਵਲਿਪੀਆਂ ਦੇ ਵਰਣਚਿਤਰ ਲੀਲ੍ਹਾ ਵਿਚ ਸ਼ਾਮਲ ਕੀਤੇ ਹਨ। ਇਹ ਵਰਣਚਿਤਰ ਲੀਲ੍ਹਾ ਦਾ ਸੁਹਜ ਤਾਂ ਵਧਾਉਂਦੇ ਹੀ ਹਨ ਪਰ ਸਾਡੇ ਗੁਰਮੁਖੀ ਅਖਰਾਂ ਨੂੰ ਮਨੁੱਖ ਦੀ ਸਰਬਵਿਆਪਕ ਵਰਣਮਾਲਾ ਨਾਲ ਵੀ ਜੋੜਦੇ ਹਨ।

ਸੰਸਾਰ ਦੀਆਂ ਪ੍ਰਾਚੀਨ ਲਿਪੀਆਂ ਅਤੇ ਵਰਣਚਿਤਰਾਂ ਦਾ ਅਧਿਐਨ ਆਪਣੇ ਆਪ ਵਿਚ ਅਤਿ ਦਿਲਚਸਪ ਖੇਤਰ ਹੈ। ਪਰ ਲੀਲ੍ਹਾ ਵਿਚ ਵਰਣਚਿਤਰਾਂ ਨੂੰ ਸ਼ਾਮਲ ਕਰਨ ਦਾ ਮੰਤਵ ਇਨ੍ਹਾਂ ਬਾਰੇ ਕੋਈ ਗਿਆਨ ਦੇਣਾ ਨਹੀਂ, ਕੇਵਲ ਇਨ੍ਹਾਂ ਦੇ ਚਿਤ੍ਰ-ਸੁਹਜ ਨੂੰ ਪਾਠਕ ਦੇ ਕਾਵਿ ਅਨੁਭਵ ਦਾ ਹਿਸਾ ਬਣਾਉਣਾ ਹੈ। ਤੇ ਉਨ੍ਹਾਂ ਰਚਨਹਾਰ ਹੱਥਾਂ ਦਾ ਰਿਣ ਵੀ ਸਵੀਕਾਰ ਕਰਨਾ ਹੈ ਜਿਨ੍ਹਾਂ ਨੇ ਪ੍ਰਾਚੀਨ ਸਮਿਆਂ ਵਿਚ ਗਾਚਨੀ ਲੱਕੜ, ਪੱਥਰ, ਚਮੜੇ, ਤਾਂਬੇ ਅਤੇ ਬਿਰਖ-ਛਿੱਲਾਂ ਉਤੇ ਚਮਤਕਾਰੀ ਮਨੋਭਾਵਾਂ ਨੂੰ ਅੰਕਤ ਕੀਤਾ ਅਤੇ ਸਾਡੇ ਲਈ ਲਿਖਣ-ਕਲਾ ਦੀਆਂ ਅਦੁੱਤੀ ਪਿਰਤਾਂ ਪਾਈਆਂ।

ਨਵਤੇਜ ਭਾਰਤੀ ਹੋਰਾਂ ਦਾ ਦ੍ਰਿੜ ਵਿਸ਼ਵਾਸ ਹੈ ਕਿ ਜਿਉਂਦੇ ਰਹਿਣ ਲਈ ਕਵਿਤਾ ਉਨੀ ਹੀ ਜ਼ਰੂਰੀ ਹੈ ਜਿੰਨਾ ਪਿਆਰ। ਇਨ੍ਹਾਂ ਬਿਨਾ ਮਨੁੱਖ ਹਿੰਸਕ ਅਤੇ ਪਾਗਲ ਹੋ ਜਾਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਤਰੀ ਅਮਰੀਕਾ ਵਿਚ ਕਵਿਤਾ ਫੇਰ ਸੁਰਜੀਤ ਹੋ ਰਹੀ ਹੈ। ਇਸ ਦੇ ਵਖੋ ਵਖਰੇ ਸ਼ਹਿਰਾਂ ਵਿਚ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਕਵਿਤਾ ਦੇ ਮੇਲੇ, ਕਵੀ ਦਰਬਾਰ ਵਰਕਸ਼ਾਪਾਂ ਤੇ ਸਮਾਰੋਹ ਹੁੰਦੇ ਹਨ। ਨਿਊ ਯਾਰਕ ਵਿਚ 150 ਥਾਂਵਾਂ 'ਤੇ ਕਵਿਤਾ ਪੜ੍ਹੀ, ਗਾਈ ਤੇ ਸੁਣੀ ਜਾਂਦੀ ਹੈ। ਇਕਲੀ ਐਲੀਅਟ ਬੇਅ ਬੁਕ ਕੰਪਨੀ (ਸਿਆਟਲ) ਸਾਲ ਵਿਚ 60 ਕਵਿਤਾ ਪਾਠ ਆਯੋਜਿਤ ਕਰਦੀ ਹੈ। ਪੰਜਾਬ ਵਿਚ ਤੇ ਇਸ ਤੋਂ ਬਾਹਰ ਵੀ ਪੰਜਾਬੀ ਕਵੀ ਸੰਮੇਲਨ ਨਿਰੰਤਰ ਹੋ ਰਹੇ ਹਨ। ਵੈਨਕੂਵਰ, ਟਰਾਂਟੋ, ਨਿਊਯਾਰਕ ਤੇ ਕੈਲੇਫੋਰਨੀਆਂ ਦੇ ਵਡੇ ਸ਼ਹਿਰਾਂ ਵਿਚ ਪੰਜਾਬੀ ਦੇ ਕਵੀ ਦਰਬਾਰਾਂ ਵਿਚ ਸੌ ਤੋਂ ਦੋ ਸੌ ਤੱਕ ਸਰੋਤੇ ਸ਼ਾਮਲ ਹੁੰਦੇ ਹਨ, ਕਈ ਵਾਰ ਤਾਂ ਪੰਜ ਸੌ ਤੋਂ ਵੀ ਵਧ ਹੁੰਦੇ ਹਨ। ਜੇ ਇਹ ਪੰਜਾਬੀ ਕਵਿਤਾ ਵਿਚ ਵਧ ਰਹੀ ਦਿਲਚਸਪੀ ਦੀ ਨਿਸ਼ਾਨੀ ਹੈ ਤਾਂ 'ਲੀਲ੍ਹਾ' ਵੀ ਇਸ ਪੁਨਰ ਸੁਰਜੀਤੀ ਵਿਚ ਆਪਣੇ ਆਪ ਨੂੰ ਸ਼ਾਮਲ ਕਰਦੀ ਹੈ।

ਕਾਵਿ ਪੁਨਰ ਸੁਰਜੀਤੀ ਦੀ ਇਕ ਪ੍ਰੇਰਨਾ ਗਰੀਨ ਮੂਵਮੈਂਟ ਹੈ ਜਿਸ ਦੇ ਪ੍ਰਭਾਵ ਅਧੀਨ ਨਵੀਂ ਪੀੜ੍ਹੀ ਰੂਹਾਨੀਅਤ ਵਲ ਝੁਕ ਰਹੀ ਹੈ। ਇਹ ਰੂਹਾਨੀਅਤ ਕਿਸੇ ਧਰਮ ਵੱਲ ਝੁਕਾ ਦਾ ਸਿਟਾ ਨਹੀਂ ਸਗੋਂ ਅਤਿ ਦੀ ਖਪਤਾਰੀ ਤੋਂ ਅਕੇਵਾਂ ਹੈ ਜਿਸ ਨੇ ਮਨੁੱਖ ਨੂੰ ਸਵਾਰਥੀ, ਲਾਲਚੀ ਅਤੇ ਹਿੰਸਕ ਬਣਾ ਕੇ ਰੱਖ ਦਿਤਾ ਹੈ। ਖਪਤਕਾਰੀ ਦੇ ਪਰਿਤਿਆਗ ਵਿਚ ਅਚੇਤ ਹੀ ਕਾਵਿਕ ਦ੍ਰਿਸ਼ਟੀ ਦੀ ਪ੍ਰਵਾਨਤਾ ਹੈ। ਪੁਨਰ ਸੁਰਜੀਤੀ ਦਾ ਦੂਸਰਾ ਕਾਰਨ ਨਾਰੀ ਚੇਤਨਾ ਦਾ ਵਿਕਾਸ ਹੈ ਜਿਸ ਦੇ ਮੂਲ ਸੁਭਾਅ ਵਿਚ ਵੀ ਕਾਵਿਕ ਦ੍ਰਿਸ਼ਟੀ ਸਮਾਈ ਹੋਈ ਹੈ ਅਤੇ ਜਿਸ ਨੇ ਮਨੁਖੀ ਸੋਚ ਦੇ ਹਰ ਪਹਿਲੂ ਤੇ ਮੁਢਲਾ ਪ੍ਰਭਾਵ ਪਾਇਆ ਹੈ।

ਗਰੀਨ ਮੂਵਮੈਂਟ ਅਤੇ ਨਾਰੀ ਚੇਤਨਾ ਦੇ ਪ੍ਰਕਾਸ਼ ਵਿਚ ਵੀਹਵੀਂ ਸਦੀ ਦਾ ਇਕਵੀਂ ਸਦੀ ਵਿਚ ਰੂਪਾਂਤਰਨ ਹੋ ਰਿਹਾ ਹੈ। ਅਸੀਂ ਨਵੇਂ ਸਹੰਸਰਾ ਵਿਚ ਪਰਵੇਸ਼ ਕਰ ਰਹੇ ਹਾਂ। ਇਹ ਪਰਵੇਸ਼ ਅਨੰਤ ਸੰਭਾਵਨਾਵਾਂ ਭਰਿਆ ਅਤੇ ਮਹਾਕਾਵਿਕ ਪਾਸਾਰ ਵਾਲਾ ਹੈ। ਇਸ ਮਹਾਕਾਵਿ ਨੂੰ ਪਲ ਪਲ ਲਿਖ ਰਹੀ ਕਲਮ ਵਿਚੋਂ ਕਦੇ ਕਦੇ ਸਿਆਹੀ ਦੇ ਕੁਝ ਤੁਪਕੇ ਇਧਰ-ਉਧਰ ਡਿੱਗ ਪੈਂਦੇ ਹਨ। 'ਲੀਲ੍ਹਾ' ਉਨ੍ਹਾਂ ਵਿਚੋਂ ਕਿਸੇ ਇਕ ਤੁਪਕੇ ਦਾ ਹੀ ਰੂਪ ਹੈ।

***-ਨਵਤੇਜ ਭਾਰਤੀ***

## *ਨਵਤੇਜ ਭਾਰਤੀ ਦੀ ਇਕ ਨਜ਼ਮ*

### ਅਹੱਲਿਆ

ਗੌਤਮ ਰਿਖੀ
ਤੁਸੀਂ ਮੈਨੂੰ ਸਰਾਪ ਇਸ ਲਈ ਨਹੀਂ ਦਿੱਤਾ
ਕਿ ਰਾਤੀਂ ਮੈਂ ਇੰਦਰ ਨਾਲ
ਦੇਹ ਸਾਂਝੀ ਕੀਤੀ ਹੈ
ਸਗੋਂ ਇਸ ਲਈ ਕਿ
ਰਾਤੀਂ ਆਪ ਨੂੰ ਪਤਾ ਲੱਗ ਗਿਆ ਹੈ
ਕਿ ਮੈਂ ਵੀ ਜਾਣ ਗਈ ਹਾਂ
ਕਿ ਉਹ ਇੰਦਰ ਕੌਣ ਹੈ
ਉਂਜ ਅਸਲੀ ਇੰਦਰ ਨੂੰ ਪਛਾਣ ਤਾਂ ਮੈਂ
ਪਹਿਲੀ ਰਾਤ ਹੀ ਲਿਆ ਸੀ
ਪਰ ਮੈਂ ਵੇਖ ਕੇ ਅਣਡਿੱਠ ਕਰਦੀ ਰਹੀ
ਮੈਂ ਜਾਣਦੀ ਸੀ ਕਿ
ਮਨੁੱਖ ਨੂੰ ਜਦ ਵੀ ਪਤਾ ਚਲਦਾ ਹੈ
ਕਿ ਨਾਰੀ 'ਵੇਖਣ' ਲੱਗ ਪਈ ਹੈ
ਉਹ ਉਸ ਦੀ ਅੱਖ ਬੰਦ ਕਰ ਦਿੰਦਾ ਹੈ
ਨਾਰੀ ਦਾ ਆਪਣੀ ਅੱਖ ਨਾਲ
ਵੇਖਣਾ ਹੀ ਉਸ ਦਾ ਸਰਾਪ ਹੈ
ਪਰ ਨਾਰੀ ਫੇਰ ਵੀ 'ਵੇਖਦੀ' ਹੈ
ਉਸ ਦੇ ਅੰਗ ਅੰਗ ਤੇ
ਅੱਖਾਂ ਲੱਗੀਆਂ ਹੋਈਆਂ ਹਨ
ਜਦੋਂ ਬੰਦਾ ਉਹਦੇ ਸਰੀਰ ਵਿਚ
ਅੰਨ੍ਹਾ ਹੋ ਜਾਂਦਾ ਹੈ
ਉਹ ਉਦੋਂ ਵੀ ਜਾਗ ਰਹੀ ਹੁੰਦੀ ਹੈ
ਨਾਰੀ ਜਾਗਦੇ ਸਰੀਰ ਵਾਲੀ ਚੇਤਨਾ ਹੈ
ਪਰ ਨਾਰੀ ਲਈ
ਗਿਆਨ ਮੁਕਤੀ ਨਹੀਂ
ਅਭਿਸ਼ਾਪ ਹੈ
ਉਹ ਸਰਾਪ ਤੋਂ ਸਰਾਪ ਤੱਕ
ਜਿਉਂਦੀ ਹੈ
ਜਦੋਂ ਵੀ ਉਸ ਦੀ ਅੱਖ ਖੁੱਲ੍ਹਣ ਲਗਦੀ ਹੈ
ਨਵੇਂ ਸਰਾਪ ਵਿਚ
ਸੁਟੀ ਜਾਂਦੀ ਹੈ
ਮੇਰਾ ਅਪਰਾਧ ਏਹੀ ਹੈ ਕਿ
ਮੈਂ ਰਾਤ ਦੇ ਨ੍ਹੇਰੇ ਵਿਚ ਵੀ
ਵੇਖ ਸਕਦੀ ਹਾਂ ਕਿ ਦਿਨ ਵਾਲਾ ਗੌਤਮ
ਰਾਤ ਨੂੰ ਇੰਦਰ ਕਿਵੇਂ ਬਣਦਾ ਹੈ
ਮੈਂ ਵੇਖ ਸਕਦੀ ਹਾਂ ਕਿ ਤੂੰ
ਦਿਨੇਂ ਵੀ ਅੱਧਾ ਹੈਂ
ਰਾਤ ਨੂੰ ਵੀ ਅੱਧਾ
ਨਾ ਪੂਰਾ ਗੌਤਮ ਤੇ
ਨਾ ਪੂਰਾ ਇੰਦਰ
ਦਿਨੇਂ ਗੌਤਮ, ਰਾਤ ਨੂੰ ਇੰਦਰ
ਪਰ ਮੈਂ ਦਿਨੇਂ ਵੀ ਅਹੱਲਿਆ ਹਾਂ
ਤੇ ਰਾਤ ਨੂੰ ਵੀ ਅਹੱਲਿਆ
ਦਿਨੇਂ ਵੀ ਪੂਰੀ
ਰਾਤ ਨੂੰ ਵੀ ਪੂਰੀ
ਇੰਦਰ ਨਾਲ ਵੀ ਉਹੀ ਅਹੱਲਿਆ
ਗੌਤਮ ਨਾਲ ਵੀ ਉਹੀ ਅਹੱਲਿਆ
ਨਾ ਇੰਦਰ ਨਾਲ ਜੂਠੀ ਹੁੰਦੀ ਹਾਂ
ਨਾ ਗੌਤਮ ਨਾਲ ਸੁੱਚੀ
ਪਰ ਤੂੰ ਅੱਧਾ ਦਿਨ ਵਿਚ ਖੜ੍ਹਾ ਹੈਂ
ਅੱਧਾ ਰਾਤ ਵਿਚ
ਅੱਧਾ ਮੇਰੇ ਵਿਚ
ਅੱਧਾ ਮੈਥੋਂ ਬਾਹਰ
ਰਾਤ ਨੂੰ ਮੇਰੇ ਕੋਲ ਆਉਂਦਾ ਹੈਂ
ਤਾਂ ਤੇਰੇ ਅੰਗ ਅੰਗ ਉਤੇ
ਭਗ ਚੰਬੜੀ ਹੁੰਦੀ ਹੈ
ਤੂੰ ਇਕੋ ਵੇਲੇ
ਸਹੰਸਰ ਭਗਾਂ ਵਿਚ ਗਰਕਦਾ ਹੈਂ
ਦਿਨ ਵੇਲੇ
ਸਾਧਨਾ ਦੀ ਸਹੰਸਰਧਾਰਾ ਹੇਠ ਖੜ੍ਹਾ
ਸੁਰਤ ਤੋਂ ਭਗ ਦੇ ਦਾਗ ਧੋਂਦਾ ਹੈਂ
ਤੇਰੀ ਸਾਰੀ ਪਾਠ ਪੂਜਾ
ਭਗ ਤੋਂ ਬਾਹਰ ਨਿਕਲਣ ਦੀ ਹੈ
ਮੈਂ ਜਾਣਦੀ ਹਾਂ ਕਿ ਮੈਂ
ਕੇਵਲ ਭਗ ਨਹੀਂ
ਨਾ ਹੀ ਭਗ ਤੋਂ ਭਗਵਾਨ ਤੱਕ
ਪਹੁੰਚਣ ਵਾਲੀ ਪੌੜੀ
ਨਾ ਮੇਰੀ ਦੇਹ ਇੰਦਰ ਦੇ ਵਿਲਾਸ ਲਈ ਹੈ
ਨਾ ਗੌਤਮ ਦੇ ਆਤਮਕ ਅਭਿਆਸ ਲਈ
ਨਾ ਮੈਂ ਉਹ ਕੁਰਖੇਤਰ ਹਾਂ
ਜਿੱਥੇ ਖੜ੍ਹ ਕੇ
ਇੰਦਰ ਤੇ ਗੌਤਮ ਲੜਦੇ ਹਨ
ਮੈਂ ਜਾਣਦੀ ਹਾਂ
ਇੰਦਰ ਤੇ ਗੌਤਮ ਇਕੋ ਬੰਦੇ ਦੀਆਂ
ਦੋ ਅੱਖਾਂ ਹਨ
ਇੰਦਰ ਦੀ ਅੱਖ ਕੇਵਲ ਮੇਰੀਆਂ ਛਾਤੀਆਂ
ਤੇ ਹੋਂਠ ਵੇਖਦੀ ਹੈ
ਜਾਂ ਲੱਤਾਂ ਵਿਚਕਾਰਲੀ ਖਾਈ
ਗੌਤਮ ਦੀ ਅੱਖ ਮੈਨੂੰ ਵੇਖਦੀ ਹੀ ਨਹੀਂ
ਇਕ ਕਾਮ ਨਾਲ ਅੰਨ੍ਹੀ
ਦੂਜੀ ਗਿਆਨ ਨਾਲ
ਦੋਹਾਂ ਅੱਖਾਂ ਵਿਚ
ਨਾਰੀ ਵੇਖਣ ਵਾਲੀ ਦ੍ਰਿਸ਼ਟੀ ਨਹੀਂ ਹੈ
ਰਿਖੀਵਰ ਮੈਂ ਕਿਸੇ ਧਰਮ ਕਰਮ ਦਾ
ਵਿਰੋਧ ਨਹੀਂ ਕੀਤਾ
ਨਾ ਹੀ ਕੋਈ ਲਛਮਣ ਰੇਖਾ ਉਲੰਘੀ ਹੈ
ਮੈਂ ਤਾਂ ਬਸ ਇਹੀ
ਵੇਖਣਾ ਚਾਹਿਆ ਸੀ
ਕਿ ਮੇਰਾ ਸਰੀਰ ਕਿੰਨਾ ਕੁ ਮੇਰਾ ਹੈ
ਕਿ ਮੇਰੇ ਹੋਂਠ ਤੈਥੋਂ ਪੁੱਛੇ ਬਿਨਾ
ਮੁਸਕ੍ਰਾ ਸਕਦੇ ਹਨ
ਅੱਖਾਂ ਓਧਰ ਝਾਕ ਸਕਦੀਆਂ ਹਨ
ਜਿਧਰ ਤੂੰ ਨਹੀਂ ਝਾਕਦਾ
ਬਾਹਰੋਂ ਤੁਰਦਾ ਫਿਰਦਾ ਸੁਪਨਾ
ਮੇਰੇ ਨੈਣਾਂ ਵਿਚ ਪਲ ਭਰ
ਅਟਕ ਸਕਦਾ ਹੈ
ਕਿ ਮੇਰੇ ਪੈਰ ਉਸ ਰਾਹ
ਉਤੇ ਤੁਰ ਸਕਦੇ ਹਨ
ਜਿਹੜਾ ਤੇਰੀਆਂ ਪੈੜਾਂ ਨੇ
ਬੇਹਾ ਨਹੀਂ ਕੀਤਾ
ਮੈਂ ਤਾਂ ਇਹੀ ਵੇਖਣਾ ਚਾਹਿਆ ਸੀ
ਕਿ ਮੈਂ ਆਪਣੇ ਹੱਥ ਪੈਰ ਆਪਣੇ ਲਈ
ਵਰਤ ਸਕਦੀ ਹਾਂ
ਆਪਣੇ ਅੰਗਾਂ ਵਿਚੋਂ ਆਉਂਦੀ ਮਹਿਕ
ਸੁੰਘ ਸਕਦੀ ਹਾਂ
ਕਿ ਮੈਂ ਕੁਝ ਚਿਰ ਲਈ
ਇਹ ਭੁੱਲ ਸਕਦੀ ਹਾਂ
ਕਿ ਮੈਂ ਆਪਣੇ ਲੰਬੇ ਕੇਸ
ਕੇਵਲ ਤੇਰੇ ਲਈ ਹੀ ਨਹੀਂ ਗੁੰਦਣੇ
ਤੇਰੇ ਲਈ ਹੀ ਨਹੀਂ
ਸ਼ਿੰਗਾਰ ਲਾਉਣਾ
ਮੈਂ ਤਾਂ ਆਪਣੇ ਸਾਰੇ ਅੰਗਾਂ ਨਾਲ
ਆਪਣੇ ਲਈ ਜਿਉਣ ਦੀ
ਕਾਮਨਾ ਹੀ ਕੀਤੀ ਸੀ
ਜੇ ਮੇਰੇ ਅੰਗ ਮੇਰੇ ਨਹੀਂ
ਤਾਂ ਮੈਂ ਇਨ੍ਹਾਂ ਦਾ
ਭਾਰ ਕਿਉਂ ਚੁਕਦੀ ਹਾਂ
ਜੇ ਇਨ੍ਹਾਂ ਅੰਗਾਂ ਦਾ ਸੁਆਦ ਤੇਰਾ ਹੈ
ਤਾਂ ਇਨ੍ਹਾਂ ਦੀ ਪੀੜ ਕਿਉਂ ਮੇਰੀ ਹੈ
ਟੁੱਟ ਭਜ ਕਿਉਂ ਮੇਰੀ ਹੈ
ਝੁਰੜੀਆਂ ਕਿਉਂ ਮੇਰੀਆਂ ਹਨ
ਤੇਰਾ ਸਰਾਪ ਲੈ ਕੇ
ਮੈਂ ਤੈਥੋਂ ਮੁਕਤ ਹੋ ਗਈ ਹਾਂ
ਮੈਂ ਆਪਣੇ ਸਾਰੇ ਅੰਗ ਤੈਥੋਂ
ਵਾਪਸ ਮੰਗਦੀ ਹਾਂ
ਪੱਥਰ ਦੇ ਹੀ ਸਹੀ
ਪਰ ਹੁਣ ਉਹ ਮੇਰੇ ਹਨ
ਪੱਥਰ ਬਣ ਕੇ ਮੈਂ
ਮਰਦ ਦੇ ਪਥਰੀਲੇ
ਸਦਾਚਾਰ ਵਿਚੋਂ
ਨਿਕਲ ਗਈ ਹਾਂ
ਮੇਰੇ ਜਨਮ ਤੋਂ ਪਹਿਲਾਂ ਹੀ
ਮੈਨੂੰ ਗਹਿਣੇ ਧਰ ਦਿੱਤਾ ਗਿਆ ਸੀ
ਤੇਰੇ ਹੱਥਾਂ ਵਿਚ
ਆਉਣ ਤੋਂ ਪਹਿਲਾਂ
ਮੈਂ ਕਿਸੇ ਹੋਰ ਦੇ ਹੱਥਾਂ ਵਿਚ ਸੀ
ਸਰਾਪ ਪਿੱਛੋਂ
ਮੈਂ ਕਿਸੇ ਹੋਰ ਦੇ ਹੱਥਾਂ ਵਿਚ
ਨਹੀਂ ਹੋਵਾਂਗੀ
ਮੈਂ ਇਸ ਕਰਮ ਰੇਖਾ ਤੋਂ
ਮੁਕਤ ਹੋ ਗਈ ਹਾਂ
ਪੱਥਰ ਬਣ ਕੇ ਮੈਂ
ਵਿਕਾਂਗੀ ਨਹੀਂ।

# ਪਿੰਡ ਪਹਿਰਾ ਲੱਗਦੈ-ਠੀਕਰੀ ਪਹਿਰਾ

**ਹਰਮੰਦਰ ਕੰਗ (ਆਸਟ੍ਰੇਲੀਆ)**
ਫੋਨ:006-143-428-8301

ਫੜ ਲਓ ਓਏ, ਆ ਗਏ ਓਏ, ਭੱਜ ਗਏ ਓਏ, ਦਾ ਰੌਲਾ ਰੱਪਾ ਪਿੰਡਾਂ ਵਿਚ ਅਕਸਰ ਉਦੋਂ ਪੈਂਦਾ ਰਹਿੰਦਾ, ਜਦੋਂ ਪਿੰਡ ਵਿਚ ਹਨੇਰੇ-ਸਵੇਰੇ ਕੋਈ ਚੋਰ-ਉਚੱਕਾ ਆ ਵੜ੍ਹਦਾ। ਚੋਰਾਂ ਨੇ ਲੋਕਾਂ ਦਾ ਜਿਊਣਾਂ ਹਰਾਮ ਕੀਤਾ ਹੋਇਆ ਸੀ। ਪਿੰਡ ਦੇ ਜਿਹੜੇ ਪਾਸੇ ਵੀ ਚੋਰ-ਚੋਰ ਦਾ ਰੌਲਾ ਪੈਂਦਾ, ਸਾਰਾ ਪਿੰਡ ਡਾਂਗਾਂ ਸੋਟੇ ਚੁੱਕੀ ਉਧਰ ਨੂੰ ਭੱਜ ਪੈਂਦਾ। ਉਦੋਂ ਹੀ ਪਿੰਡ ਦੇ ਦੂਜੇ ਪਾਸੇ 'ਆ ਗਏ ਓਏ ਚੋਰ, ਫੜ੍ਹ ਲਓ ਓਏ' ਦਾ ਰੌਲਾ ਪੈਂਦਾ ਤਾਂ ਡਾਂਗਾਂ ਸੋਟੀਆਂ ਨਾਲ ਲੈਸ ਲੋਕਾਂ ਦਾ ਹਜੂਮ ਗਲੀਆਂ ਵਿਚ ਦਗੜ ਦਗੜ ਕਰਦਾ ਉਧਰ ਨੂੰ ਭੱਜ ਤੁਰਦਾ ਪਰ ਹੱਥ ਪੱਲੇ ਕੁੱਝ ਵੀ ਨਾ ਪੈਂਦਾ। ਕਦੀ ਕੋਈ ਚੋਰ ਫੜਿਆ ਨਹੀਂ ਸੀ ਗਿਆ ਪਰ ਲੋਕ ਰੋਜ ਰਾਤ ਨੂੰ ਚੋਰੀ ਹੋਣ ਦੇ ਡਰੋਂ ਜਗਰਾਤੇ ਕੱਟਦੇ ਅਤੇ ਬੈਟਰੀਆਂ ਦੀ ਰੌਸ਼ਨੀ ਅਤੇ ਰੌਲੇ ਰੱਪੇ ਕਰਕੇ ਇੰਜ ਮਹਿਸੂਸ ਹੁੰਦਾ ਜਿਵੇਂ ਪਿੰਡ ਵਿਚ ਕੋਈ ਸਰਕਸ ਲੱਗੀ ਹੋਵੇ। ਮੁੰਡੀਹਰ ਨੇਂ ਗੰਡਾਸੇ ਤਿੱਖੇ ਕਰਵਾ ਲਏ। ਨੰਬਰਦਾਰ ਨੇ ਆਪਣੀ ਦੋਨਾਲੀ ਰੋਜ 'ਫੂਲਤਰੂ' ਫੇਰ ਫੇਰ ਘਸਾ ਛੱਡੀ। ਹਰ ਘਰ ਵਿਚ ਡਾਂਗਾਂ, ਸੋਟੀਆਂ, ਬਰਛਿਆਂ, ਗੰਡਾਸਿਆਂ, ਟਕੂਇਆਂ ਦਾ ਢੇਰ ਲੱਗਾ ਹੋਇਆ ਸੀ। ਗਰਮੀ ਦੀ ਰੁੱਤੇ ਲੋਕ ਘਰਾਂ ਦੀਆਂ ਛੱਤਾਂ 'ਤੇ ਮੰਜੇ ਡਾਹ ਕੇ ਸੌਂਦੇ ਪਰ ਅੱਧੀ ਕੁ ਰਾਤ ਚੋਰ ਚੋਰ ਦਾ ਰੌਲਾ ਪੈ ਜਾਂਦਾ ਜਾਂ ਗੁਰੂਦੁਆਰੇ ਦਾ ਗ੍ਰੰਥੀ ਸਪੀਕਰ 'ਤੇ ਹੋਕਾ ਦਿੰਦਾ, ਭਾਈ ਫਲਾਣਿਆਂ ਦੇ ਘਰੇ ਚੋਰ ਆ ਵੜੇ ਹਨ। ਲੋਕ ਉਧਰ ਨੂੰ ਭੱਜ ਤੁਰਦੇ।

ਚੋਰੀ ਦੇ ਡਰੋਂ ਲੋਕਾਂ ਆਪਣੇ ਗਹਿਣੇ-ਗੱਟੇ ਕਿਤੇ ਡੂੰਘੇ ਦੱਬ ਦਿੱਤੇ ਅਤੇ ਪੈਸੇ-ਧੇਲੇ ਨੂੰ ਜਿੰਦਰੇ ਮਾਰ ਕੇ ਪੂਰੀ ਨਿਗ੍ਹਾ ਰੱਖਦੇ। ਇਹ ਚੋਰ ਚੋਰ ਦੀ ਛੁੱਪਾ-ਛੁੱਪੀ ਆਸ-ਪਾਸ ਦੇ ਪਿੰਡਾਂ ਵਿਚ ਵੀ ਚੱਲਦੀ ਸੀ। ਸੱਥਾਂ, ਘਰਾਂ ਵਿਚ ਚੋਰਾਂ ਬਾਰੇ ਹੀ ਖੁੰਢ-ਚਰਚਾ ਹੁੰਦੀ ਰਹਿੰਦੀ ਕਿ ਫਲਾਣੇ ਪਿੰਡ ਚੋਰਾਂ ਨੇ ਘਰ ਨੂੰ ਸੰਨ ਲਾ ਲਈ, ਫਲਾਣੇ ਪਿੰਡ ਚੋਰ ਸੁੱਤੀ ਪਈ ਬੁੜੀ ਦੇ ਕੰਨਾਂ ਤੋਂ ਵਾਲੀਆਂ ਲਾਹ ਕੇ ਲੈ ਗਏ। ਗਰਮੀ ਅਤੇ ਚੋਰਾਂ ਦੇ ਡਰ ਨੇ ਲੋਕਾਂ ਦੀ ਨੀਂਦ ਹਰਾਮ ਕੀਤੀ ਪਈ ਸੀ। ਕੋਠਿਆਂ 'ਤੇ ਮੰਜੇ ਡਾਹ ਕੇ ਪਏ ਲੋਕ ਨਾਲ ਲੱਗਦੇ ਕੋਠਿਆਂ 'ਤੇ ਪਏ ਗਵਾਂਢੀਆਂ ਨੂੰ ਬੁਲਾਉਂਦੇ ਰਹਿੰਦੇ, "ਓਏ ਕੇਸਰਾ, ਮਖਿਆ ਜਾਗਦੈਂ ਕਿ ਸੌਂ ਗਿਐਂ ਭਲਾਂ?" ਅਗਲਾ ਭਾਵੇਂ ਅੱਗੋ ਹੁੰਗਾਰਾ ਭਰੇ ਜਾਂ ਨਾ, ਇੱਕ ਦੂਜੇ ਨੂੰ ਬੁਲਾਉਣ ਦਾ ਮਤਲਬ ਹੁੰਦਾ ਕਿ ਚੋਰ-ਉਚੱਕੇ ਨੂੰ ਪਤਾ ਲੱਗ ਜਾਵੇ ਭਈ ਲੋਕ ਜਾਗਦੇ ਹਨ। ਕਿਤੇ ਕੋਈ ਕੁੱਤਾ ਭੌਂਕਦਾ ਜਾਂ ਖੜਾਕ ਹੁੰਦਾ ਤਾਂ ਲੋਕ ਝੱਟ ਕੰਨ ਚੁੱਕ ਲੈਂਦੇ ਅਤੇ ਬਿੜਕਾਂ ਲੈਣ ਲੱਗਦੇ ਕਿ ਕੋਈ ਓਪਰਾ ਬੰਦਾ ਤਾਂ ਨਹੀਂ ਆ ਵੜਿਆ ਪਿੰਡ ਵਿਚ। ਵਿਹੜੇ ਵਿਚ ਮੰਜੇ ਡਾਹ ਕੇ ਪਈਆਂ ਔਰਤਾਂ ਸੁੱਤੇ ਪਏ ਨਿਆਣਿਆਂ ਨੂੰ ਪੱਖੀ ਝੱਲਦੀਆਂ ਤੇ ਇੱਕ ਦੂਜੀ ਨੂੰ ਬੁਲਾਉਂਦੀਆਂ ਰਹਿੰਦੀਆਂ।

ਚੋਰਾਂ ਦਾ ਭੈਅ ਇੰਨਾ ਵੱਧ ਗਿਆ ਸੀ ਕਿ ਜੇ ਕਿਸੇ ਦੇ ਪ੍ਰਾਹੁਣਾ ਜਾਂ ਰਿਸ਼ਤੇਦਾਰ ਆਉਂਦਾ ਤਾਂ ਸ਼ਾਮ ਨੂੰ ਆਪਣੇ ਘਰ ਵਾਪਸ ਮੁੜਨ ਦੀ ਕਰਦਾ। ਮਜਬੂਰੀ ਵੱਸ ਕਿਸੇ ਨੂੰ ਰਾਤ ਰੁਕਣਾ ਪੈ ਵੀ ਜਾਂਦਾ ਤਾਂ ਉਸ ਨੂੰ ਸਖਤ ਹਦਾਇਤ ਹੁੰਦੀ ਕਿ ਭਾਈ ਹਨੇਰੇ-ਸਵੇਰੇ ਇਕੱਲਿਆਂ ਬਾਹਰ ਨਹੀਂ ਨਿੱਕਲਣਾ ਮਤੇ ਓਪਰਾ ਸਮਝ ਕੇ ਪਿੰਡ ਵਾਲੇ ਉਸ ਨੂੰ ਹੀ ਡਾਂਗ ਨਾ ਫੇਰ ਦੇਣ। ਸਾਉਣ ਮਹੀਨੇ ਛੱਰਾਟਿਆਂ ਨਾਲ ਗਰਮੀ ਤੋਂ ਤਾਂ ਸੁਖ ਦਾ ਸਾਹ ਆਇਆ ਪਰ ਮੱਛਰ ਵੱਧ ਗਿਆ ਸੀ। ਰੋਜ ਦੀ ਤਰ੍ਹਾਂ ਉਸ ਦਿਨ ਵੀ ਲੋਕਾਂ ਨੇ ਦਿਨ ਛਿਪਦੇ ਸਾਰ ਹੀ ਰੋਟੀ-ਪਾਣੀ ਛਕ ਕੇ ਕੋਠਿਆਂ 'ਤੇ ਮੰਜਿਆਂ 'ਤੇ ਮੱਛਰਦਾਨੀਆਂ ਗੱਡ ਲਈਆਂ ਸਨ। ਲੋਕ ਟਿਕੇ ਹੀ ਸਨ ਕਿ ਗੁਰਦੁਆਰੇ ਦੇ ਸਪੀਕਰ ਤੋਂ ਕਿਸੇ ਨੇ ਹੋਕਾ ਦਵਾ ਦਿੱਤਾ ਕਿ ਭਾਈ ਤੇਜਾ ਸਿਓਂ ਦੇ ਘਰ ਚੋਰ ਆ ਪਏ ਹਨ। ਬੱਸ ਫਿਰ ਕੀ ਸੀ, ਪੈ ਗਿਆ ਘਸਮਾਣ। ਜੀਹਦੇ ਹੱਥ ਜੋ ਆਇਆ, ਚੁੱਕ ਕੇ ਲੋਕ ਤੇਜਾ ਸਿਓਂ ਕੇ ਘਰ ਵੱਲ ਨੂੰ ਭੱਜ ਪਏ। "ਕਿੱਥੇ ਐ ਚੋਰ, ਅੱਜ ਨਹੀ ਛੱਡਦੇ, ਚੱਕ ਲਓ ਓਏ, ਵੱਢ ਦਿਆਂਗੇ" ਕਹਿੰਦੇ ਲੋਕ ਪਲਾਂ ਵਿਚ ਹੀ ਤੇਜਾ ਸਿਓਂ ਦੇ ਘਰੇ ਇਕੱਠੇ ਹੋ ਗਏ। ਲੋਕਾਂ ਘਰ ਨਾਲ ਲੱਗਦੇ ਕਪਾਹ ਦੇ ਖੇਤ ਨੂੰ ਫਰੋਲ ਛੱਡਿਆ ਮਤੇ ਚੋਰ ਨਰਮੇ ਦੀ ਫਸਲ ਵਿਚ ਨਾ ਲੁਕ ਗਏ ਹੋਣ। ਘਰ ਦੀ ਸੁਆਣੀ ਨੇ ਦੱਸਿਆ ਕਿ ਦੋ ਬੰਦੇ ਸੀ, ਉਨ੍ਹਾਂ ਮੂੰਹ ਕੱਪੜੇ ਨਾਲ ਬੰਨੇ ਹੋਏ ਸਨ। ਅਜੇ ਕੰਧ ਟੱਪ ਕੇ ਵਿਹੜੇ 'ਚ ਆਏ ਹੀ ਸਨ ਕਿ ਉਸ ਨੇ ਰੌਲਾ ਪਾ ਦਿੱਤਾ ਤੇ ਉਹ ਮੁੜ ਉਸੇ ਕੰਧ ਉਤੋਂ ਦੀ ਬਾਹਰ ਨੂੰ ਭੱਜ ਗਏ। ਸੱਚਮੁੱਚ ਹੀ ਕੰਧ ਤੋਂ ਉਖੜ ਕੇ ਤਿੰਨ ਚਾਰ ਇੱਟਾਂ ਬਾਹਰ ਵਾਲੇ ਪਾਸੇ ਡਿੱਗੀਆਂ ਪਈਆਂ ਸਨ। ਅਜੇ ਕਸ਼ਮਕਸ਼ ਚੱਲ ਹੀ ਰਹੀ ਸੀ ਕਿ ਪਿੰਡ ਦੇ ਦੂਜੇ ਪਾਸੇ ਰੌਲਾ ਪੈ ਗਿਆ, 'ਚੋਰ ਆ ਗਏ, ਫੜੋ ਫੜੋ।' ਹਜੂਮ ਅਲੀ-ਅਲੀ ਕਰਦਾ ਉਧਰ ਨੂੰ ਭਜ ਤੁਰਿਆ।

ਪਤਾ ਲੱਗਾ, ਭਿੰਦੇ ਡਰਾਈਵਰ ਕੇ ਘਰ ਚੋਰ ਉਸ ਦੀ ਘਰ ਵਾਲੀ ਦੇ ਕੰਨਾਂ ਵਿਚੋਂ ਸੋਨੇ ਦੀਆਂ ਡੰਡੀਆਂ ਲਾਹ ਕੇ ਭੱਜ ਗਏ ਸਨ। ਚਾਰ-ਚੁਫੇਰੇ ਹਨੇਰਾ ਸੀ। ਲੋਕਾਂ ਨੇ ਬਥੇਰਾ ਟਾਰਚਾਂ ਮਾਰ ਮਾਰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਚੋਰ ਸ਼ਾਇਦ ਕਿਤੇ ਦੂਰ ਨਿੱਕਲ ਚੁੱਕੇ ਸਨ।

ਸਵੇਰੇ ਪੰਚਾਇਤ ਦੇ ਸੱਦੇ 'ਤੇ ਸਾਰਾ ਪਿੰਡ ਸੱਥ ਵਿਚ ਇਕੱਠਾ ਹੋ ਗਿਆ। ਸਲਾਹ-ਮਸ਼ਵਰੇ ਪਿਛੋਂ ਰਾਤ ਨੂੰ ਠੀਕਰੀ ਪਹਿਰਾ ਲਾਉਣ ਦਾ ਫੈਸਲਾ ਹੋਇਆ। ਵਾਰੀ ਸਿਰ ਅੱਠ ਬੰਦੇ ਪਹਿਰੇ 'ਤੇ ਰਿਹਾ ਕਰਨਗੇ। ਗੱਲ ਤੁਰੀ ਕਿ ਜਦੋਂ ਕਿਸੇ ਪਿੰਡ ਵਾਰ ਵਾਰ ਚੋਰੀ ਹੁੰਦੀ ਹੈ, ਜਰੂਰ ਪਿੰਡ ਦਾ ਕੋਈ ਬੰਦਾ ਚੋਰਾਂ ਨਾਲ ਰਲਿਆ ਹੁੰਦਾ ਹੈ ਜੋ ਭੇਤ ਦਿੰਦਾ ਹੈ। ਪੰਚਾਇਤ ਨੇ ਤਾੜਨਾ ਕੀਤੀ ਕਿ ਜੇ ਕੋਈ ਬੰਦਾ ਚੋਰਾਂ ਦੀ ਮਦਦ ਕਰਦਾ ਫੜਿਆ ਗਿਆ ਤਾਂ ਉਸ ਵਿਰੁਧ ਸ਼ਖਤ ਕਾਰਵਾਈ ਕੀਤੀ ਜਾਵੇਗੀ।

ਖੈਰ, ਠੀਕਰੀ ਪਹਿਰਾ ਲੱਗਣਾ ਸ਼ੁਰੂ ਹੋ ਗਿਆ। ਲੋਕਾਂ ਨੂੰ ਸੁੱਖ ਦਾ ਸਾਹ ਆਇਆ, ਚਲੋ ਹੁਣ ਘੱਟੋ-ਘੱਟ ਆਰਾਮ ਦੀ ਨੀਂਦ ਤਾਂ ਸੌਂ ਜਾਇਆ ਕਰਾਂਗੇ। ਉਂਜ ਲੋਕ ਐਨੇ ਅਵੇਸਲੇ ਵੀ ਨਹੀਂ ਸਨ ਹੋਏ। ਵਸੋਂ ਦੇ ਹਿਸਾਬ ਚੌਂਤੀ ਦਿਨਾਂ ਬਾਅਦ ਹਰ ਘਰ ਦੀ ਪਹਿਰੇ ਦੀ ਵਾਰੀ ਆਉਂਦੀ। ਇਕੱਲੇ-ਕਹਿਰੇ ਜਾਂ ਬਹੁਤੇ ਸਰਦੇ-ਪੁਜਦੇ ਪਰਿਵਾਰ ਆਪਣੀ ਜਗ੍ਹਾ 'ਤੇ ਆਪਣੇ ਕਿਸੇ ਸੀਰੀ-ਸਾਂਝੀ ਨੂੰ ਭੇਜ ਦਿੰਦੇ।

ਗੱਲਾਂ ਮਾਰਨ ਦੇ ਸ਼ੌਕੀਨ ਮੁੰਡੇ ਉਡੀਕਦੇ ਹੀ ਰਹਿੰਦੇ ਕਿ ਕਦ ਉਨ੍ਹਾਂ ਦੀ ਵਾਰੀ ਆਵੇ। ਤੇ ਇੰਜ ਅੱਠ ਬੰਦੇ ਸਾਰੀ ਰਾਤ ਪਿੰਡ ਵਿਚ ਪਹਿਰਾ ਦਿੰਦੇ। ਕਦੇ ਪਿੰਡ ਦੇ ਇੱਧਰਲੇ ਤੇ ਕਦੇ ਉਧਰਲੇ ਪਾਸੇ ਚਾਰ ਚਾਰ ਬੰਦਿਆਂ ਦੀਆਂ ਟੋਲੀਆਂ ਬਣਾ ਕੇ ਘੁੰਮਦੇ ਰਹਿੰਦੇ। ਕੋਈ ਘਰੋਂ ਚਾਹ ਬਣਵਾ ਲਿਆਉਂਦਾ, ਕਦੇ ਸਰਦੀ ਰੁੱਤੇ ਕਪਾਹ ਦੀਆਂ ਛਿਟੀਆਂ ਦੀ ਧੂਣੀ ਬਾਲ ਲੈਂਦੇ ਸੇਕਣ ਲਈ। ਪਹਿਰਾ ਬੜੀ ਮੁਸ਼ਤੈਦੀ ਨਾਲ ਲੱਗ ਰਿਹਾ ਸੀ। ਕਦੇ ਕਦੇ ਰਾਤ ਨੂੰ ਪੁਲਿਸ ਵੀ ਗੇੜਾ ਮਾਰ ਛਡਦੀ। ਜੋਗਿੰਦਰ ਸਿਓ ਨੇ ਪਹਿਰੇ ਦੀ ਵਾਰੀ 'ਤੇ ਆਪਣੇ ਸੀਰੀ ਨੂੰ ਦੋਨਾਲੀ ਫੜਾ ਕੇ ਤੋਰ ਦਿੱਤਾ ਤੇ ਆਪ ਦੋ ਪੈਗ ਲਾ ਕੇ ਹਵਾ-ਪਿਆਜੀ ਹੋਇਆ ਸੌਂ ਗਿਆ। ਜਿੱਡਾ ਕੁ ਕੱਦ ਸੀਰੀ ਮੱਘਰੀ ਦਾ ਸੀ ਉਸ ਤੋਂ ਡੇਢ ਗਿੱਠ ਲੰਬੀ ਉਸ ਦੇ ਹੱਥ ਰਾਈਫਲ ਸੀ। ਮੱਘਰੀ ਵੀ ਫੁੱਲਿਆ ਨਾ ਸਮਾਏ। ਬੇਸ਼ੱਕ ਉਸ ਦੇ ਆਪਣੇ ਘਰੇ ਸੋਟੀ ਵੀ ਨਹੀਂ ਸੀ ਪਰ ਸਰਦਾਰ ਦੀ ਰਾਈਫਲ ਫੜ ਉਹ ਬਾਕੀ ਪਹਿਰੇ ਵਾਲਿਆਂ ਤੋਂ ਅੱਗੇ ਅੱਗੇ ਤੁਰੇ। ਮੱਘਰੀ ਨੂੰ ਬਾਕੀ ਮੁੰਡਿਆਂ ਨੇ ਛੇੜਨਾ ਸ਼ੁਰੂ ਕਰ ਦਿੱਤਾ, ਜਿੱਡਾ ਆਪ ਹੈ ਉਸ ਤੋਂ ਵੱਡੀ ਰਫਲ ਚੁਕੀ ਫਿਰਦੈ, ਮੌਕੇ 'ਤੇ ਰਫਲ ਤਾਂ ਇਸ ਤੋਂ ਚੱਲਣੀ ਨਹੀਂ, ਕੀ ਸ਼ੇਰ ਮਾਰਦੂ। ਇੱਕ ਮੁੰਡੇ ਨੇ ਸਿਰਫ ਦੇਖਣ ਲਈ ਹੀ ਮੱਘਰੀ ਤੋਂ ਰਫਲ ਮੰਗੀ ਤਾਂ ਉਸ ਨੇ ਝੱਟ ਜਵਾਬ ਦੇ ਦਿੱਤਾ। ਮੁੰਡਾ ਕਹਿੰਦਾ, "ਉਏ ਤੈਨੂੰ ਚਲਾਉਣੀ ਵੀ ਆਉਂਦੀ ਐ ਇਹ, ਐਵੀਂ ਟੰਬਾ ਚੱਕੀ ਫਿਰਦੈ?" ਪਹਿਲਾਂ ਹੀ ਖਿੱਝਿਆ ਮੱਘਰੀ ਗੁੱਸੇ 'ਚ ਬੋਲਿਆ, "ਉਏ ਟੰਬਾ-ਟੂੰਬਾ ਨਾ ਕਹਿ ਏਹਨੂੰ, ਫੈਰ ਮਾਰ ਕੇ ਭਰਿਆੜ ਕਰਦੂੰ ਸਹੁਰੇ ਨੂੰ।"

ਅੱਧੀ ਰਾਤ ਨੂੰ ਪਿੰਡ ਦੀ ਬਾਹਰਲੀ ਫਿਰਨੀ 'ਤੇ ਉਨ੍ਹਾਂ ਵਿਚ ਤੂੰ-ਤੂੰ ਮੈਂ-ਮੈ ਹੋ ਗਈ ਤੇ ਰੌਲਾ ਸੁਣ ਕੇ ਪਿੰਡ ਦੇ ਲੋਕਾਂ ਸਮਝਿਆ ਕਿ ਚੋਰ ਆ ਗਏ। ਇੰਜ ਪਿੰਡ ਵਿਚ ਭਾਵੇਂ ਚੋਰ-ਉਚੱਕਾ ਵੜਦਾ ਭਾਵੇਂ ਨਾ ਪਰ ਪਹਿਰੇ ਵਾਲੇ ਨਿੱਤ ਕੋਈ ਭਸੂੜੀ ਪਾਈ ਰੱਖਦੇ।

ਕੜਾਕੇ ਦੀ ਸਰਦੀ ਦੀ ਇੱਕ ਰਾਤ ਭੋਲਾ ਡਾਕਟਰ ਕੰਬਲ ਦੀ ਬੁੱਕਲ ਮਾਰੀ ਕਿਸੇ ਦੇ ਘਰੋਂ ਬਿਮਾਰ ਬੁੜੇ ਨੂੰ ਟੀਕਾ ਲਾ ਕੇ ਘਰ ਵਾਪਸ ਜਾ ਰਿਹਾ ਸੀ। ਗਲੀ ਦੀ ਦੂਜੀ ਨੁੱਕਰੋਂ ਪਹਿਰਾ ਦੇਣ ਵਾਲਿਆਂ ਨੂੰ ਹਨੇਰੇ ਜਿਹੇ ਵਿਚ ਸ਼ੱਕ ਪੈ ਗਿਆ ਕਿ ਕੰਬਲ ਦੀ ਬੁੱਕਲ ਮਾਰੀ ਕੋਈ ਬੰਦਾ ਤੇਜੀ ਨਾਲ ਜਾ ਰਿਹੈ, ਸ਼ਾਇਦ ਕੋਈ ਚੋਰ ਹੈ। ਉਨ੍ਹਾਂ ਪਿੱਛੋ ਦੀ ਭੋਲੇ ਡਾਕਟਰ ਨੂੰ ਦਬੋਚ ਲਿਆ ਤੇ ਉਸ ਦੀ ਗੱਲ ਸੁਣੇ ਬਗੈਰ ਹੀ ਉਪਰ ਲਏ ਕੰਬਲ ਵਿਚ ਲਪੇਟ ਕੇ ਕੁਟਾਪਾ ਚਾੜ੍ਹ ਦਿੱਤਾ। ਇੱਕ ਨੇ ਸਪੀਕਰ ਤੋਂ ਅਨਾਉਸਮੈਂਟ ਕਰਵਾ ਦਿੱਤੀ ਕਿ ਪਹਿਰੇ ਵਾਲਿਆਂ ਨੇ ਚੋਰ ਫੜ ਲਿਆ ਹੈ। ਜਦ ਇਕੱਠੇ ਹੋਏ ਲੋਕਾਂ ਨੇ ਫੜੇ ਬੰਦੇ ਦਾ ਚਿਹਰਾ ਨੰਗਾ ਕੀਤਾ ਤਾਂ ਠੰਢ ਵਿਚ ਪਈ ਕੁੱਟ ਕਾਰਨ ਭੋਲੇ ਡਾਕਟਰ ਤੋਂ ਬੋਲਿਆ ਨਾ ਜਾਵੇ। ਪਰ ਉਸ ਨੇ ਸਹੁੰ ਖਾ ਲਈ ਕਿ ਅੱਜ ਤੋਂ ਬਾਅਦ ਰਾਤ ਨੂੰ ਕਿਸੇ ਨੂੰ ਦਵਾਈ-ਬੂਟੀ ਨਹੀਂ ਦੇਣ ਜਾਣਾ, ਕੋਈ ਮਰਦਾ ਹੈ ਤਾਂ ਮਰੇ ਪਿਆ।

ਏਦਾਂ ਕਈ ਵਾਰ ਚੋਰਾਂ ਦੇ ਭੁਲੇਖੇ ਸਾਧ ਵੀ ਕੁੱਟੇ ਜਾਂਦੇ। ਘਰਾਂ ਦੇ ਨਾਲ ਲੱਗਦੀਆਂ ਗਲੀਆਂ ਵਿਚੋਂ ਕੋਈ ਅਵਾਰਾ ਪਸ਼ੂ ਰਾਤ ਨੂੰ ਲੰਘਦਾ ਤਾਂ ਛੱਤਾਂ 'ਤੇ ਪਏ ਲੋਕ ਸ਼ੱਕ ਵਜੋਂ ਹੀ ਇੱਟਾਂ ਰੋੜੇ ਵਗਾਹ ਮਾਰਦੇ। ਕਣਕਾਂ ਨੂੰ ਦੂਜਾ ਪਾਣੀ ਲਾਉਣ ਦੀ ਰੁੱਤ ਚੱਲ ਰਹੀ ਸੀ। ਸੁੱਖਾ ਵੀ ਮੋਢੇ 'ਤੇ ਕਹੀ ਰੱਖ ਬਾਪੂ ਨੂੰ ਨਾਲ ਲੈ ਪਾਣੀ ਦੀ ਵਾਰੀ ਲਾਉਣ ਲਈ ਸ਼ਾਮ ਪੈਂਦੇ ਹੀ ਖੇਤ ਪਹੁੰਚ ਗਿਆ। ਘਰੇ ਪਤਨੀ ਤੇ ਮਾਂ ਇਕੱਲੀਆਂ ਹੋਣ ਕਰਕੇ ਗੁਆਢੀਆਂ ਨੂੰ ਖਿਆਲ ਰਖਣ ਲਈ ਕਹਿ ਗਿਆ। ਅਜੇ ਅੱਧੀ ਕੁ ਰਾਤ ਹੀ ਹੋਈ ਕਿ ਉਨ੍ਹਾਂ ਦੀ ਰਸੋਈ ਵਿਚੋਂ ਠੱਕ ਠੱਕ ਦੀਆਂ ਆਵਾਜਾਂ ਆਉਣ ਲੱਗੀਆਂ। ਨੂੰਹ ਨੂੰ ਭਿਣਕ ਲੱਗੀ ਤਾਂ ਸੱਸ ਨੂੰ ਹਲੂਣ ਕੇ ਕਹਿਣ ਲੱਗੀ, ਬੇਬੇ ਚੋਰ ਵੜ ਆਏ ਹਨ। ਨੂੰਹ-ਸੱਸ ਇਕੱਲੀਆਂ ਹੋਣ ਕਰਕੇ ਡਰੀਆਂ ਹੋਈਆਂ ਸਨ। ਬੁੜੀ ਨੇ ਹਿੰਮਤ ਜਿਹੀ ਕਰਕੇ ਖੰਘੂਰਾ ਮਾਰਿਆ ਤਾਕਿ ਕੋਈ ਚੋਰ ਹੋਵੇ ਤਾਂ ਉਸ ਨੂੰ ਪਤਾ ਲੱਗ ਜਾਵੇ ਕਿ ਘਰ ਦੇ ਜਾਗਦੇ ਪਏ ਨੇ। ਠੱਕ ਠੱਕ ਦੀ ਆਵਾਜ ਆਉਣੀ ਬੰਦ ਹੋ ਗਈ ਪਰ ਕੁੱਝ ਦੇਰ ਬਾਅਦ ਫਿਰ ਉਸੇ ਤਰ੍ਹਾਂ ਦੀਆਂ ਆਵਾਜਾਂ ਆਉਣ ਲੱਗੀਆਂ। ਡਰੀਆਂ ਨੂੰਹ-ਸੱਸ ਨੇ ਚੋਰ-ਚੋਰ ਦਾ ਰੌਲਾ ਪਾ ਦਿੱਤਾ। ਰੌਲਾ ਪਾਉਣ ਦੀ ਦੇਰ ਸੀ ਕਿ ਮਿੰਟਾਂ ਵਿਚ ਹੀ ਡਾਂਗਾਂ ਸੋਟੇ ਲੈ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਕਈਆਂ ਨੇ ਤਾਂ ਆਉਂਦੇ ਸਾਰ ਹੀ ਘੁੱਪ ਹਨੇਰੇ ਵਿਚ ਭਾਂਡਿਆਂ 'ਤੇ ਸੋਟੀਆਂ ਮਾਰ ਮਾਰ ਕੇ ਅੱਧੇ ਭਾਂਡੇ ਚਿੱਬੇ ਕਰ ਦਿੱਤੇ। ਜਦ ਰੌਸ਼ਨੀ ਕਰ ਕੇ ਚੋਰ ਨੂੰ ਲੱਭਣ ਲੱਗੇ ਤਾਂ ਪਤਾ ਲੱਗਾ, ਇੱਕ ਘਸਮੈਲੇ ਜਿਹੇ ਰੰਗ ਦੀ ਬਿੱਲੀ ਨੇ ਦੁੱਧ ਪੀਣ ਦੇ ਲਾਲਚ ਵਿਚ ਇੱਕ ਭੀੜੇ ਜਿਹੇ ਮੂੰਹ ਵਾਲੀ ਗੜਵੀ ਵਿਚ ਮੂੰਹ ਫਸਾ ਲਿਆ ਸੀ। ਗੜਵੀ ਵਿਚੋਂ ਫਸਿਆ ਸਿਰ ਕੱਢਣ ਲਈ ਜਦ ਉਹ ਇੱਧਰ-ਉਧਰ ਦੌੜਦੀ ਤਾਂ ਖੜਕਾ ਹੁੰਦਾ।

ਬੁੜੀ ਨੂੰ ਡਰਦੀ ਨੂੰ ਸਾਹ ਚੜ੍ਹਿਆ ਹੋਇਆ ਸੀ ਤੇ ਉਹ ਲੱਗ ਪਈ ਨੂੰਹ ਨੂੰ ਗਾਲ੍ਹਾਂ ਕੱਢਣ, "ਨੀਂ ਏਨੂੰ ਵੀਹ ਆਰੀ ਕਿਹੈ ਮਿੱਢੋ ਜੀ ਨੂੰ ਬਈ ਰਾਤ ਨੂੰ ਜੂਠੇ ਭਾਂਡੇ ਮਾਂਜ-ਸਵਾਰ ਕੇ ਪਿਆ ਕਰ, ਜੂਠੇ ਭਾਂਡਿਆਂ ਚ ਕੁਤੇ ਬਿੱਲੇ ਨੇ ਮੂੰਹ ਮਾਰਨਾ ਈ ਹੋਇਆ, ਊਈਂ ਸਾਰਾ ਪਿੰਡ ਕੱਠਾ ਕਰਾ'ਤਾ ਭਰਾਵਾਂ ਪਿੱਟੀ ਨੇ।"

ਰੌਲੇ ਰੱਪੇ ਤੋਂ ਘਬਰਾਈ ਅਤੇ ਸੱਸ ਦੀਆਂ ਗਾਲ੍ਹਾਂ ਸੁਣ ਕੇ ਨੂੰਹ ਵਿਚਾਰੀ ਰੋਣ ਹਾਕੀ ਹੋਈ ਪਈ ਸੀ। ਅਖੇ "ਜੇ ਜਾਣਦੀ ਜੱਟਾਂ ਦੇ ਵੱਸ ਪੈਣੈ, ਗੋਹਾ ਕੂੜਾ ਪਹਿਲਾਂ ਸਿੱਖਦੀ।"

ਚੋਰ-ਸਿਪਾਹੀ ਦੀ ਇਹ ਖੇਡ ਮੁੱਕਣ ਦਾ ਨਾਂ ਨਹੀਂ ਸੀ ਲੈ ਰਹੀ ਪਰ ਅਜੇ ਤਾਂਈ ਕੋਈ ਚੋਰ ਫੜਿਆ ਨਹੀਂ ਸੀ ਗਿਆ। ਗੁਰੂ ਘਰ ਦਾ ਗ੍ਰੰਥੀ ਸਵੇਰੇ ਸਾਢੇ ਕੁ ਚਾਰ ਵਜੇ ਲੋਕਾਂ ਨੂੰ ਉਠਣ ਦਾ ਹੋਕਾ ਦਿੰਦਾ ਤਾਂ ਲੋਕ ਸੁੱਖ ਦਾ ਸਾਹ ਲੈਂਦੇ ਕਿ ਚਲੋ ਅਜ ਦੀ ਰਾਤ ਗੁਜਰ ਗਈ। ਪਹਿਲੇ ਪਹਿਰ ਹੀ ਉਠ ਕੇ ਲੋਕ ਕੰਮ-ਧੰਦੀ ਲੱਗ ਜਾਂਦੇ।

ਕਈ ਰਾਤਾਂ ਚੁਪ-ਚਾਨ ਲੰਘਣ ਪਿਛੋਂ ਇੱਕ ਰਾਤ ਚੱਕੀ ਵਾਲੇ ਭਾਨੇ ਕੀ ਬੁੜੀ ਨੇ 'ਚੋਰ-ਚੋਰ' ਦਾ ਰੌਲਾ ਪਾ ਦਿੱਤਾ ਕਿ ਉਸ ਨੇ ਆਪਣੇ ਘਰ ਚੋਰ ਵੜਦਾ ਦੇਖਿਐ। ਇਕੱਠੇ ਹੋਏ ਪਿੰਡ ਦੇ ਹਜੂਮ ਨੇ ਡਾਂਗਾਂ ਮਾਰ ਮਾਰ ਉਨ੍ਹਾਂ ਦਾ ਕੁੱਕੜਾਂ ਵਾਲਾ ਖੁੱਡਾ ਹੀ ਭੰਨ ਸੁੱਟਿਆ। ਖੁੱਡੇ ਵਿਚ ਤਾੜੇ ਕੁੱਕੜਾਂ ਦੀ ਕੁੱਕੜ-ਕੈਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ। ਸਵੇਰੇ ਪਤਾ ਲੱਗਾ ਕਿ ਮੁੰਡੀਹਰ ਨੇ ਰਾਤ ਉਨ੍ਹਾਂ ਦੇ ਸੱਤ ਕੁੱਕੜ-ਕੁੱਕੜੀਆਂ ਹੀ ਮਾਰ ਸੁੱਟੇ।

ਇਕ ਦਿਨ ਤੜਕਸਾਰ ਗੁਰਦੁਆਰੇ ਦੇ ਭਾਈ ਨੇ ਅਨਾਉਸਮੈਂਟ ਕਰ ਦਿੱਤੀ ਕਿ ਰਾਤੀਂ ਗੁਰੂ ਘਰ ਦੇ ਲੰਗਰ ਹਾਲ ਵਿਚ ਪਏ ਬਰਤਨ ਕਿਸੇ ਨੇ ਚੋਰੀ ਕਰ ਲਏ ਹਨ। ਦਿਨ ਚੜਦੇ ਹੀ ਲੋਕ ਗੁਰਦੁਆਰੇ ਇਕੱਠੇ ਹੋ ਗਏ। ਪਤਾ ਲੱਗਾ ਕਿ ਸੱਚਮੁੱਚ ਹੀ ਕਿਸੇ ਨੇ ਗੁਰੂ ਘਰ ਦੇ ਬਰਤਨ ਚੁਰਾ ਲਏ ਸਨ। ਪੜਤਾਲ ਸ਼ੁਰੂ ਹੋ ਗਈ। 'ਲੱਡੂ ਖਾ ਕੇ ਚੁਬਾਰੇ ਵਿਚੋਂ ਨਿੱਕਲੀ ਤੇ ਮੱਖੀਆਂ ਨੇ ਪੈੜ ਦੱਬ ਲਈ' ਕਹਾਵਤ ਵਾਂਗ ਕੁਝ ਕੁ ਘੰਟਿਆਂ ਵਿਚ ਚੋਰ ਫੜਿਆ ਗਿਆ। ਬਿਰਜੇ ਅਮਲੀ ਨੇ ਇਸ ਮਨਸ਼ਾ ਨਾਲ ਬਰਤਨ ਚੋਰੀ ਕਰ ਲਏ ਸਨ ਕਿ ਵੇਚ ਕੇ ਹਫਤੇ ਭਰ ਦਾ ਨਸ਼ਾ ਆ ਜਾਊ ਤੇ ਉਹ ਮੌਜਾਂ ਲਊ। ਪੰਚਾਇਤ ਨੇ ਬਿਰਜੇ ਨੂੰ ਸੱਦ ਲਿਆ। ਲੋਕ ਬਿਰਜੇ ਨੂੰ ਕੁੱਟਣ ਨੂੰ ਕਾਹਲੇ ਸਨ। ਪੰਚਾਇਤ ਨੇ ਬਿਰਜੇ ਨੂੰ ਪੁਛਿਆ ਤਾਂ ਬੇਸ਼ਰਮੀ ਜਿਹੀ ਨਾਲ ਕਹਿੰਦਾ, "ਲੈ ਬਈ ਗੱਲ ਸੁਣ ਲੈ ਪੰਚੈਤੇ। ਰੱਬ ਸਭ ਦੇ ਢਿੱਡ ਭਰਦੈ, ਨਸ਼ੇ ਪੱਤੇ ਦੀ ਵੀ ਮਤਬਲ ਤੋਟ ਸੀ, ਥੋਨੂੰ ਪਤੈ, ਤੁਸੀ ਸਾਰਾ ਪਿੰਡ ਮਖਿਆ ਗੁਰਦੁਆਰੇ ਚੜਾਵਾ ਚੜਾਉਨੇ ਓ, ਆਪਾਂ ਨੂੰ ਕੋਈ ਪੁੱਛਦਾ ਨੀ। ਨਾ ਫੇਰ ਕੀ ਹੋ ਗਿਆ ਜੇ ਭਾਂਡੇ ਚੱਕ ਲੇ ਤਾਂ, ਹੈਂ? ਐਥੈ ਵੱਡੇ ਵੱਡੇ ਚੋਰ ਗੁਰੂ ਕੀਆਂ ਗੋਲਕਾਂ ਡਕਾਰ 'ਗੇ। ਆਹ ਚੱਕੋ ਭਾਂਡੇ ਤੇ ਗੱਲ ਨਿਬੇੜੋ ਪਰੇ, ਹੋਰ ਕੀ?" ਇੰਨਾ ਕਹਿ ਕੇ ਚੋਰੀ ਦੇ ਭਾਂਡਿਆਂ ਵਾਲੀ ਬੋਰੀ ਬਿਰਜੇ ਅਮਲੀ ਨੇ ਪੰਚਾਇਤ ਵੱਲ ਵਗਾਹ ਮਾਰੀ। ਅਮਲੀ ਦੀ ਗੱਲ ਸੁਣ ਕੇ ਲੋਕਾਂ ਨੂੰ ਅਤੇ ਪੰਚਾਇਤ ਨੂੰ ਕੋਈ ਗੱਲ ਨਹੀਂ ਸੀ ਅਹੁੜ ਰਹੀ।

## ਕਾਵਿ-ਜਗਤ

### ਇੱਕ ਹੋਰ ਅੰਬੀ ਦਾ ਬੂਟਾ

*(ਪ੍ਰੋ. ਮੋਹਨ ਸਿੰਘ ਨੂੰ ਸਮਰਪਿਤ)*

ਵਰ੍ਹਿਆਂ ਪਿੱਛੋਂ, ਕਈ ਸੌਣਾਂ ਮਗਰੋਂ,
ਅੱਜ ਫੇਰ ਉਹ ਮੈਨੂੰ ਚੇਤੇ ਪਿਆ ਆਵੇ,
ਅੰਬੀ ਦਾ ਬੂਟਾ।
ਬੂਟੇ ਦੇ ਪੀਂਘੇ ਤੇ ਸੁਰਗ ਦਾ ਝੂਟਾ।

ਜਿਸ ਥੱਲੇ ਬਹਿ ਕੇ, ਤਕਰਾਰ ਸੀ ਹੁੰਦੇ,
ਅਨ-ਮਿਣਵੇਂ ਰੋਸੇ ਤੇ ਪਿਆਰ ਸੀ ਹੁੰਦੇ।

ਇੱਕ ਵਾਰੀਂ ਮਾਹੀ ਪਰਦੇਸੋਂ ਆਇਆ,
ਤੇ ਟੁਰਨ ਵੇਲੇ ਮੈਂ ਕਜੀਆ ਪਾਇਆ।

ਚੰਨਾਂ ਵੇ ਸੁਣ ਲੈ, ਮੈਂ ਜਾਣ ਨ੍ਹੀਂ ਦੇਣਾ।
ਕਿਉਂ ਜਾਣ ਨ੍ਹੀਂ ਦੇਣਾ?
ਮੇਰੀ ਵੀ ਜ਼ਿਦ ਹੈ, ਮੈਂ ਜਾਣ ਨ੍ਹੀਂ ਦੇਣਾ।

ਮੈਨੂੰ ਨਹੀਂ ਤੇਰੀਆਂ ਰਕਮਾਂ ਦੀਆਂ ਲੋੜਾਂ।
ਲੈ ਤਰਲੇ ਕਰਦੀ, ਆਹ ਹੱਥ ਮੈਂ ਜੋੜਾਂ।

ਮੈਂ ਖੰਨੀ ਖਾ ਕੇ ਕਰ ਲਊਂ ਗੁਜ਼ਾਰਾ।
ਦੱਸ ਸਾਡਾ ਕਿਹੜਾ ਏ ਟੱਬਰ ਭਾਰਾ।

ਇਹ ਅਲ੍ਹੜ ਜਵਾਨੀ ਐਂਵੇਂ ਹੀ ਕਿਰ ਗਈ।
ਫਿਕਰਾਂ ਦੀ ਸਿਆਹੀ ਇਸ ਰੂਪ 'ਤੇ ਫਿਰ ਗਈ।

ਆਪਣੀ ਜਿੰਦੜੀ ਦੀਆਂ ਘੜੀਆਂ ਬੇ-ਮੁੱਲੀਆਂ।
ਤੇਰੇ ਪਰਦੇਸਾਂ ਦੇ ਰਾਹਾਂ ਵਿੱਚ ਰੁਲੀਆਂ।

ਕਈ ਸਾਲ ਤਾਂ ਲੱਗੇ ਬੰਬਈ ਦੇ ਲੇਖੇ।
ਕੁਝ ਹੋਰ ਆਹ ਲੱਗ ਗਏ ਦੁਬਈ ਦੇ ਲੇਖੇ।

ਮੁੱਕਣ ਵਿਚ ਆਏ ਨਾ ਤੇਰੇ ਠੇਕੇ।
ਕਿੰਨਾ ਚਿਰ ਸਾਂਭਣ ਦੱਸ ਮੈਨੂੰ ਪੇਕੇ?

ਤੂੰ ਵਿਚ ਪਰਦੇਸਾਂ, ਜੀ ਪਰਚਾ ਲੈਂਦਾ।
ਕੰਮਾਂ ਵਿਚ ਰੁੱਝ ਕੇ ਦਿਲ ਨੂੰ ਲਾ ਲੈਂਦਾ।

ਪਰ ਮੇਰੀ ਸੁਰਤੀ, ਤੇਰੇ ਵੱਲ ਰਹਿੰਦੀ।
ਦਿਲ ਦੀ ਹਰ ਧੜਕਣ ਤੇਰਾ ਨਾਂ ਲੈਂਦੀ।

ਇਹ ਬਾਲ ਇੰਜਾਣੇ, ਇਹ ਰੁੜ੍ਹ ਪੁੜ੍ਹ ਜਾਣੇ,
ਨਾ ਵੇਲਾ ਵੇਂਹਦੇ।
ਸਾਰਾ ਦਿਨ ਇੱਕੋ ਗੱਲ ਪੁੱਛਦੇ ਰਹਿੰਦੇ।

ਦੱਸ ਸਾਡਾ ਬਾਪੂ ਕਦ ਔਣੈਂ ਅੰਮੀ?
ਚਾਨਣ ਇਸ ਵਿਹੜੇ ਕਦ ਹੋਣੈਂ ਅੰਮੀ?

ਕਿੰਨਾਂ ਚਿਰ ਦੱਸ ਖਾਂ ਮੈਂ ਹੋਰ ਵਰਾਵਾਂ?
ਕਦ ਤਾਈਂ ਝੂਠੇ ਮੈਂ ਲਾਰੇ ਲਾਵਾਂ?

ਇਹ ਭੋਲੀਆਂ ਪੁੱਛਾਂ, ਕਿੰਜ ਕਰਾਂ ਪੂਰੀਆਂ?
ਅੰਦਰ ਹੀ ਅੰਦਰ ਮੈਂ ਲਵਾਂ ਲੂਰ੍ਹੀਆਂ।

ਮੈਂ ਕੀਕਣ ਕੱਟੀਆਂ, ਉਹ ਰਾਤਾਂ ਕੱਲੀਆਂ।
ਲੋਕਾਂ ਦੀਆਂ ਗੱਲਾਂ ਰਿਝ ਰਿਝ ਕੇ ਝੱਲੀਆਂ।

ਜਦ ਹਾਣ ਦੀਆਂ ਨੂੰ ਮੈਂ ਹੱਸਦੀ ਤੱਕਾਂ,
ਅੱਖਾਂ ਦੇ ਅੱਥਰੂ ਮੈਂ ਰੋਕ ਨਾ ਸੱਕਾਂ।

ਵੇ ਤੂੰ ਕੀ ਜਾਣੇ ਕੀ ਹੋਏ ਵਿਛੋੜਾ?
ਜਦ ਪਲ ਪਲ ਹੁੰਦਾ, ਦਿਲ ਮੇਰਾ ਥੋੜ੍ਹਾ।

ਹੁਣ ਹੋਰ ਨਾ ਮੈਥੋਂ ਇਹ ਜਰਿਆ ਜਾਂਦਾ।
ਤੇਰੀ ਸੌਂਹ ਤਿਲ ਤਿਲ ਨਹੀਂ ਮਰਿਆ ਜਾਂਦਾ।

ਅੱਜ ਇਹ ਨਾ ਪੁੱਛੀਂ, ਕਿਉਂ ਜਾਣ ਨ੍ਹੀਂ ਦੇਣਾ।
ਬੱਸ ਮੇਰੀ ਮਰਜ਼ੀ, ਮੈਂ ਜਾਣ ਨ੍ਹੀਂ ਦੇਣਾ।

*-ਕਰਨੈਲ ਸਿੰਘ ਗਿਆਨੀ*
*ਫਿਲਾਡੈਲਫੀਆ।*

---

*ਮਾਂ ਦਿਵਸ ਨੂੰ ਸਮਰਪਿਤ*

### ਆਪਣੀ ਮਾਂ

ਚਾਚੀਆਂ, ਮਾਸੀਆਂ ਚਾਹੇ
ਕਿੰਨਾ ਚੰਗਾ ਕਰਨ ਵਿਹਾਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

ਬੱਚੇ ਨੂੰ ਤਕਲੀਫ ਹੁੰਦੀ ਜਦ
ਦੁਖੀ ਹੁੰਦੀ ਹੈ ਮਾਂ,
ਸੁੱਕੀ ਥਾਂ 'ਤੇ ਪਾ ਕੇ ਉਸ ਨੂੰ,
ਖੁਦ ਪੈਂਦੀ ਗਿੱਲੀ ਥਾਂ।
ਧੀਆਂ-ਪੁੱਤਰਾਂ ਦੀਆਂ ਪੀੜਾਂ ਨੂੰ
ਸਕਦੀ ਨਹੀਂ ਸਹਾਰ।

ਧੁੱਪਾਂ ਸਹਿ ਕੇ ਅਕਸਰ ਕਰਦੀ ਹੈ
ਬੱਚਿਆਂ ਨੂੰ ਛਾਂਵਾਂ,
ਮਾਂ ਦੀ ਨਿੱਘੀ ਗੋਦ 'ਚ ਹੁੰਦਾ
ਜੰਨਤ ਦਾ ਸਿਰਨਾਵਾਂ।
ਮਾਂ ਦੇ ਨਾਲ ਸੰਪੂਰਨ ਹੁੰਦਾ
ਬੱਚਿਆਂ ਦਾ ਪਰਿਵਾਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

ਤੰਦਰੁਸਤੀ ਤੇ ਲੰਮੀ ਉਮਰ ਦੀਆਂ
ਮੰਗਦੀ ਸਦਾ ਦੁਆ,
ਆਪਣੇ ਬੱਚਿਆਂ ਦੇ ਸਾਹਾਂ ਨਾਲ
ਮਾਂ ਲੈਂਦੀ ਹੈ ਸਾਹ।
ਔਖੇ ਆਉਂਦੇ ਸਾਹ,
ਜੇ ਬੱਚੇ ਲੱਗ ਜਾਣ ਕਰਨ ਖੁਆਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

ਆਪ ਮਾਂ ਰਹਿ ਲਏ ਭੁੱਖੀ ਭਾਵੇਂ
ਬੱਚਿਆਂ ਨੂੰ ਰਜਾਵੇ,
ਖਾਂਦੀ ਖਾਂਦੀ ਕੱਢ ਕੇ
ਆਪਣੇ ਬੱਚਿਆਂ ਦੇ ਮੂੰਹ ਪਾਵੇ।
ਆਪਣੇ ਹਿੱਸੇ ਦਾ ਸੁੱਖ ਦੇਵੇ
ਆਪਣੀ ਔਲਾਦ ਤੋਂ ਵਾਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

ਰਿਸ਼ਤੇ ਹੋਰ ਪਿਆਰੇ ਪਰ
ਮਾਂ ਸਭ ਤੋਂ ਵੱਧ ਪਿਆਰੀ,
ਰੱਬ ਦਾ ਰੂਪ ਸਮਝ ਕੇ ਜਾਂਦੀ
ਜਗ ਦੇ ਵਿਚ ਸਤਿਕਾਰੀ।
ਪੀਰ ਪੈਗੰਬਰਾਂ ਵੀ ਕੀਤਾ
ਮਾਂ ਦੀ ਮਮਤਾ ਦਾ ਸਤਿਕਾਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

ਕਹਿਣ ਸਿਆਣੇ ਦੁਨੀਆਂ ਵਾਲਿਓ
ਮਾਂ ਹੁੰਦੀ ਹੈ ਮਾਂ,
ਚਾਚੀ-ਤਾਈ ਲੈ ਨਾ ਸਕਦੀ
ਕਦੇ ਵੀ ਇਸ ਦੀ ਥਾਂ।
'ਚੋਹਲੇ' ਵਾਲਾ 'ਬੱਗਾ' ਲਿਖਦਾ
ਕਰਕੇ ਸੋਚ ਵਿਚਾਰ।
ਆਪਣੀ ਮਾਂ ਦੇ ਵਰਗਾ
ਕੋਈ ਕਰ ਨਾ ਸਕੇ ਪਿਆਰ।

*-ਰਮੇਸ਼ ਬੱਗਾ ਚੋਹਲਾ*

# 30ਵਿਆਂ ਵਾਲੀਆਂ ਫਿਲਮਾਂ ਦੇ ਸਰੋਕਾਰ

## ਆਵਾਜ਼ ਦੇ ਕਹਾਂ ਹੈ

1

### ਸਿਨੇਮਾ ਤੇ ਸਮਾਜ ਦਾ ਬਿਰਤਾਂਤ



ਕੁਲਦੀਪ ਕੌਰ

ਫੋਨ: +91-98554-04330

***ਫਿਲਮਾਂ ਬਾਰੇ ਇਹ ਲੇਖ ਲੜੀ ਇਸ ਅੰਕ ਤੋਂ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਵਿਚ ਕੁਲਦੀਪ ਕੌਰ ਨੇ ਫਿਲਮਾਂ ਅਤੇ ਵੱਖ-ਵੱਖ ਦੌਰਾਂ ਦੇ ਸਮਾਜਕ-ਆਰਥਿਕ ਤੇ ਹੋਰ ਮਸਲਿਆਂ ਨੂੰ ਆਪਣੇ ਇਨ੍ਹਾਂ ਲੇਖਾਂ ਵਿਚ ਪਰੋਇਆ ਹੈ। ਅੱਜ ਕੱਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐਚ.ਡੀ ਕਰ ਰਹੇ ਹਨ। -ਸੰਪਾਦਕ***

ਅਰੰਭ ਤੋਂ ਹੀ ਭਾਰਤੀ ਸਿਨੇਮਾ ਦਾ ਬਿਰਤਾਂਤ ਹਾਲੀਵੁੱਡ ਅਤੇ ਬ੍ਰਿਟਿਸ਼ ਸਿਨੇਮਾ ਤੋਂ ਪ੍ਰਭਾਵਿਤ ਰਿਹਾ ਹੈ। ਇਸ ਦੇ ਬਾਵਜੂਦ ਵਿਸ਼ਾ-ਵਸਤੂ ਪੱਖੋਂ ਇਤਿਹਾਸ-ਮਿਥਿਹਾਸ, ਸਮਾਜਕ ਹਾਲਾਤ ਅਤੇ ਰਾਸ਼ਟਰਵਾਦ ਭਾਰਤੀ ਫਿਲਮਸਾਜ਼ਾਂ ਉਤੇ ਵੱਡੇ ਪੱਧਰ 'ਤੇ ਅਸਰ-ਅੰਦਾਜ਼ ਹੋਏ। 1913 ਵਿਚ ਬਣੀ ਫਿਲਮ 'ਰਾਜਾ ਹਰੀਸ਼ਚੰਦਰ' ਜਿੱਥੇ ਮਾਨਵੀ ਮੁੱਲਾਂ ਅਤੇ ਭਾਰਤੀ ਦਰਸ਼ਨ-ਸ਼ਾਸਤਰ ਦੀ ਕਥਾ ਸੁਣਾਉਣ ਦਾ ਹੀਲਾ ਬਣੀ, ਉਥੇ 1925 ਵਿਚ ਬਾਬੂ ਰਾਉ ਪੇਂਟਰ ਦੀ ਫਿਲਮ 'ਸਾਵਕਾਰੀ ਪਾਸ਼' ਨੇ ਸਿਨੇਮਾ ਤੇ ਸਮਾਜ ਦੇ ਆਪਸੀ ਸਬੰਧਾਂ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕੀਤਾ। ਇਸ ਫਿਲਮ ਵਿਚ ਬ੍ਰਿਟਿਸ਼ ਸਾਮਰਾਜਵਾਦ ਦੀਆਂ ਨੀਤੀਆਂ ਦੇ ਪਿਛੋਕੜ ਵਿਚ ਜੀ ਰਹੇ ਮਿਹਨਤੀ ਕਿਸਾਨਾਂ ਦੀ ਤ੍ਰਾਸਦੀ ਬਿਆਨ ਕੀਤੀ ਗਈ ਸੀ। ਇਸ ਫਿਲਮ ਨੇ ਪਹਿਲੀ ਵਾਰ ਕੈਮਰੇ ਦਾ ਵਿਸ਼ਾ ਉਸ ਵਰਗ ਨੂੰ ਬਣਾਇਆ ਜੋ ਟੈਕਸਾਂ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੀ ਦੂਹਰੀ-ਤੀਹਰੀ ਮਾਰ ਝੱਲ ਰਿਹਾ ਸੀ। ਇਸੇ ਸਮੇਂ ਦੌਰਾਨ ਬੰਗਲਾ ਨਾਵਲਕਾਰ ਸ਼ਰਤਚੰਦਰ ਚੈਟਰਜੀ ਦੇ ਨਾਵਲ 'ਦੇਵਦਾਸ' ਉਤੇ ਇਸੇ ਨਾਮ ਹੇਠ ਬਣੀ ਫਿਲਮ ਨੇ ਸਾਹਿਤਕ ਕਿਰਤਾਂ 'ਤੇ ਆਧਾਰਿਤ ਫਿਲਮਾਂ ਬਣਾਉਣ ਲਈ ਰਾਹ ਖੋਲ੍ਹਿਆ। ਇਸ ਦੌਰ ਵਿਚ ਭਾਵੇਂ ਬੇਹੱਦ ਸਤਹੀ ਜਿਹੀਆਂ ਫਿਲਮਾਂ ਜਿਵੇਂ 'ਸਿਨੇਮਾ ਕੁਈਨ', 'ਬੰਬਈ ਕੀ ਮੋਹਣੀ', 'ਬੁਲਬਲੇ ਪਰੀਸਤਾਨ' ਵੀ ਬਣ ਰਹੀਆਂ ਸਨ, ਇਸ ਦੇ ਬਾਵਜੂਦ ਇਸ ਸਮਰੱਥ ਕਲਾ ਨੂੰ ਸਮਾਜਕ ਸਰੋਕਾਰਾਂ ਅਤੇ ਮਨੁੱਖੀ ਸੰਵੇਦਨਾਵਾਂ ਨਾਲ ਜੋੜਨ ਦਾ ਤਰੱਦਦ ਵੀ ਹੋ ਰਿਹਾ ਸੀ।


1932 ਵਿਚ ਵੀ. ਸ਼ਾਂਤਾਰਾਮ ਨੇ 'ਪ੍ਰਭਾਤ ਸਟੂਡੀਓ' ਦੇ ਬੈਨਰ ਥੱਲੇ 'ਅਯੁੱਧਿਆ ਕਾ ਰਾਜਾ' ਫਿਲਮ ਬਣਾਈ। ਇਹ ਸਮਾਂ ਕੌਮੀ ਪੁਨਰ-ਜਾਗਰਨ ਅਤੇ ਬ੍ਰਿਟਿਸ਼ ਸਰਕਾਰ ਖਿਲਾਫ ਤਿੱਖੇ ਰੰਜ਼ ਦਾ ਦੌਰ ਸੀ। ਕੌਮੀ ਪੁਨਰ-ਜਾਗਰਨ ਦਾ ਸਭ ਤੋਂ ਮਹੱਤਵਪੂਰਨ ਭਾਗ ਸੀ ਸਭਿਆਚਾਰ ਤੇ ਕਲਾ ਦੇ ਪੱਧਰ 'ਤੇ ਰਵਾਇਤੀ ਆਦਰਸ਼ਾਂ ਤੇ ਮੁੱਲਾਂ ਨੂੰ ਤਤਕਾਲੀ ਹਾਲਾਤ ਅਨੁਸਾਰ ਨਵੇਂ ਸਿਰਿਉਂ ਘੜਨਾ। ਇਸੇ ਕਾਰਨ ਇਸ ਦੌਰ ਦੀਆਂ ਫਿਲਮਾਂ (ਭਗਤ ਪਹਿਲਾਦ, ਸੰਤ ਤੁਕਾਰਾਮ, ਰਾਜਰਾਣੀ ਮੀਰਾ, ਸੰਤ ਤੁਲਸੀਦਾਸ, ਭਗਤ ਕਬੀਰ) ਵਿਚ ਇਨ੍ਹਾਂ ਸਾਧੂ ਸੰਤਾਂ ਨੂੰ ਚਮਤਕਾਰੀ ਕਿਰਦਾਰਾਂ ਦੀ ਥਾਂ ਤਿਆਗ, ਸੇਵਾ, ਭਾਈਚਾਰਕ ਸਾਂਝ, ਸਦਭਾਵਨਾ, ਮਾਨਵੀ ਮੁੱਲਾਂ ਅਤੇ ਸਮਾਜਕ ਆਦਰਸ਼ਾਂ ਦੇ ਰੋਲ-ਮਾਡਲਾਂ ਵਜੋਂ ਪਰਦੇ 'ਤੇ ਸਿਰਜਿਆ ਗਿਆ। ਰਾਸ਼ਟਰ ਪ੍ਰੇਮ ਅਤੇ ਭਾਰਤੀਪੁਣੇ ਦੀ ਭਾਵਨਾ ਨਾਲ ਓਤ-ਪੋਤ ਫਿਲਮਾਂ (ਜਿਵੇਂ 'ਸਿਕੰਦਰ' ਜਿਸ ਵਿਚ ਮੁੱਖ ਭੂਮਿਕਾ ਪ੍ਰਿਥਵੀਰਾਜ ਕਪੂਰ ਨੇ ਅਦਾ ਕੀਤੀ ਤੇ 'ਸੋਹਰਾਬ ਮੋਦੀ') ਵੀ ਬਣ ਰਹੀਆਂ ਸਨ ਜਿਨ੍ਹਾਂ ਵਿਚ ਵਿਦੇਸ਼ੀ ਹਕੂਮਤ ਦੇ ਡਰ, ਜ਼ੁਲਮ ਅਤੇ ਸਮਾਜਕ ਵਧੀਕੀਆਂ ਨੂੰ ਇਤਿਹਾਸਕ ਤੱਥਾਂ ਤੇ ਕਿਰਦਾਰਾਂ ਦੇ ਉਹਲੇ ਵਿਚ ਪੇਸ਼ ਕੀਤਾ ਗਿਆ ਸੀ। 1934 ਵਿਚ 'ਚੰਦੀਦਾਸ' ਜਿਸ ਦਾ ਨਿਰਮਾਣ ਕਲਕੱਤਾ ਦੀ 'ਨਿਊ ਥਿਏਟਰਜ਼' ਕੰਪਨੀ ਨੇ ਕੀਤਾ ਸੀ, ਵਿਚ ਪਹਿਲੀ ਵਾਰ ਭਾਰਤੀ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਹੇ ਜਾਤੀ ਪ੍ਰਬੰਧ ਉਤੇ ਵਾਰ ਕੀਤਾ ਗਿਆ। ਮਹਾਤਮਾ ਗਾਂਧੀ ਦੇ ਛੂਆਛਾਤ ਵਿਰੋਧੀ ਅੰਦੋਲਨ ਦਾ ਅਸਰ ਕਬੂਲਦਿਆਂ 1935 ਵਿਚ ਦੇਵਕੀ ਬੋਸ ਨੇ ਇਸੇ ਸਮੱਸਿਆ ਦੇ ਅਣਛੋਹੇ ਪਹਿਲੂ 'ਇਨਕਲਾਬ' ਰਾਹੀਂ ਪਰਦੇ 'ਤੇ ਸਾਕਾਰ ਕੀਤੇ। ਉਸ ਸਮੇਂ ਦੇ ਭਾਰਤੀ ਸਮਾਜ ਵਿਚ ਧਾਰਮਿਕ ਪਰੰਪਰਾਵਾਂ ਨੂੰ ਨਵੇਂ ਸਿਰਿਉਂ ਸੋਚਣ ਅਤੇ ਧਰਮ ਨੂੰ ਸਮਾਜ ਸੁਧਾਰ ਵਰਗੇ ਵੱਡੇ ਉਦੇਸ਼ ਨਾਲ ਜੋੜ ਕੇ ਸਮਝਣ ਦਾ ਰੁਝਾਨ ਚੱਲ ਰਿਹਾ ਸੀ, ਨਾਲ ਹੀ ਵਿਗਿਆਨਕ ਤੇ ਤਰਕ ਆਧਾਰਿਤ ਮੁੱਲਾਂ ਤੇ ਵਿਚਾਰਧਾਰਾ ਨਾਲ ਇਨ੍ਹਾਂ ਦਾ ਸਿੱਧਾ ਟਕਰਾਉ ਵੀ ਸਪਸ਼ਟ ਹੋ ਰਿਹਾ ਸੀ। ਭਾਰਤੀ ਨੌਜਵਾਨਾਂ ਦਾ ਵੱਡਾ ਵਰਗ ਨਸ਼ਿਆਂ, ਬੇਰੁਜ਼ਗਾਰੀ ਅਤੇ ਧਾਰਮਿਕ ਕੱਟੜਤਾ ਤੋਂ ਆਵਾਜ਼ਾਰ ਹੋ ਕੇ 'ਆਜ਼ਾਦੀ' ਲਈ ਮੁਲਕ ਦੇ ਸਿਆਸੀ ਆਗੂਆਂ 'ਤੇ ਟੇਕ ਲਗਾਈ ਬੈਠਾ ਸੀ। ਵੀ. ਸ਼ਾਂਤਾਰਾਮ, ਬਾਬੂ ਰਾਉ ਪੇਂਟਰ, ਧੀਰੇਨ ਗਾਂਗੁਲੀ, ਪੀ.ਸੀ. ਬਰੂਆ, ਦੇਵਕੀ ਬੋਸ, ਸੇਠ ਦਵਾਰਕਾ ਦਾਸ, ਬੀ.ਐਨ. ਸਰਕਾਰ, ਸੋਹਰਾਬ ਮੋਦੀ ਅਤੇ ਨਿਤਿਨ ਬੋਸ ਵਰਗੇ ਨੌਜਵਾਨ ਫਿਲਮਸਾਜ਼ ਇਸੇ ਨੌਜਵਾਨੀ ਦੇ ਨੁਮਾਇੰਦਿਆਂ ਵਜੋਂ ਉਭਰ ਕੇ ਸਾਹਮਣੇ ਆਏ।

ਹਿਮਾਂਸ਼ੂ ਰਾਏ ਅਤੇ ਦੇਵਿਕਾ ਰਾਣੀ ਨੇ 'ਬੰਬੇ ਟਾਕੀਜ਼' ਦੇ ਬੈਨਰ ਥੱਲੇ 'ਅਛੂਤ ਕੰਨਿਆ' ਬਣਾ ਕੇ ਛੂਆਛਾਤ ਦੀ ਸਮੱਸਿਆ ਨੂੰ ਆਲਮੀ ਦਰਸ਼ਕਾਂ ਦੀ ਨਜ਼ਰ ਕੀਤਾ। 1936 ਵਿਚ ਮੋਹਣ ਭਵਨਾਨੀ ਨੇ ਬੇਰੁਜ਼ਗਾਰੀ ਨੂੰ ਕੇਂਦਰ ਵਿਚ ਰੱਖਦਿਆਂ 'ਜਾਗਰਨ' ਬਣਾਈ। ਵੀ. ਸ਼ਾਂਤਾਰਾਮ ਦੀਆਂ ਫਿਲਮਾਂ 'ਆਦਮੀ' ਅਤੇ 'ਦੁਨੀਆ ਨਾ ਮਾਨੇ' ਖ਼ੂਬਸੂਰਤ ਕਥਾ-ਬੁਣਤਰ ਅਤੇ ਸੰਵੇਦਨਸ਼ੀਲ ਪੇਸ਼ਕਾਰੀ ਲਈ ਆਲਮੀ ਪੱਧਰ 'ਤੇ ਸਲਾਹੀਆਂ ਗਈਆਂ। ਇਨ੍ਹਾਂ ਫਿਲਮਾਂ ਦੀ ਖ਼ਾਸੀਅਤ ਸਮਾਜਕ ਕੁਰੀਤੀਆਂ ਦੀ ਜੜ੍ਹ ਵਿਚ ਪਈਆਂ ਗੈਰ-ਮਨੁੱਖੀ ਮਿੱਥਾਂ, ਧਾਰਨਾਵਾਂ ਤੇ ਵਿਤਕਰਿਆਂ ਵੱਲ ਦਰਸ਼ਕਾਂ ਦਾ ਧਿਆਨ ਖਿੱਚਣਾ ਸੀ, ਉਨ੍ਹਾਂ ਨੂੰ ਇਨ੍ਹਾਂ ਦੇ ਸੰਭਾਵੀ ਹੱਲਾਂ ਸਬੰਧੀ ਸੋਚਣ ਲਈ ਪ੍ਰੇਰਿਤ ਕਰਨਾ ਸੀ।

ਧਰਮ ਅਤੇ ਸਾਮਰਾਜਵਾਦ ਦਾ ਗਠਜੋੜ ਕਿਵੇਂ ਕੰਮ ਕਰਦਾ ਹੈ, ਇਸ ਦੀ ਮਿਸਾਲ 1935 ਵਿਚ ਵੀ. ਸ਼ਾਂਤਰਾਮ ਦੁਆਰਾ ਆਪਣੀ ਕੰਪਨੀ 'ਪ੍ਰਭਾਤ ਸਟੂਡੀਓ' ਦੇ ਬੈਨਰ ਥੱਲੇ ਬਣਾਈ 'ਧਰਮਾਤਮਾ' ਉਤੇ ਬ੍ਰਿਟਿਸ਼ ਸਰਕਾਰ ਦੁਆਰਾ ਲਾਈ ਸੈਂਸਰਸ਼ਿਪ ਹੈ। ਫਿਲਮ ਰਾਹੀਂ ਸ਼ਾਂਤਾਰਾਮ ਨੇ ਧਾਰਮਿਕ ਰੂੜੀਵਾਦ ਨੂੰ ਗੁਲਾਮ ਜ਼ਿਹਨੀਅਤ ਦਾ ਚਿੰਨ੍ਹ ਦੱਸਦਿਆਂ ਮੂਲਵਾਦ 'ਤੇ ਟਿੱਪਣੀ ਕੀਤੀ। ਫਿਲਮਸਾਜ਼ ਮਹਿਬੂਬ ਖਾਨ ਨੂੰ ਉਨ੍ਹਾਂ ਦੀਆਂ ਫਿਲਮਾਂ ਵਿਚਲੀਆਂ ਰਾਸ਼ਟਰਵਾਦੀ ਭਾਵਨਾਵਾਂ ਅਤੇ ਔਰਤਾਂ ਦੇ ਸਮਾਜਕ ਹਾਲਾਤ ਨੂੰ ਚਣੌਤੀ ਭਰਪੂਰ ਕਿਰਦਾਰਾਂ ਰਾਹੀਂ ਪੇਸ਼ ਕਰਨ ਲਈ ਜਾਣਿਆ ਜਾਂਦਾ ਹੈ। ਉਹਨੇ 1937 ਵਿਚ 'ਜਾਗੀਰਦਾਰ' ਬਣਾ ਕੇ ਸਾਮੰਤਵਾਦ ਤੇ ਜਗੀਰੂ ਸਮਾਜਕ ਸੰਸਥਾਵਾਂ ਦੀ ਤਤਕਾਲੀਨ ਹਾਲਤ ਨੂੰ ਪਰਦੇ 'ਤੇ ਸਾਕਾਰ ਕਰਨ ਦੇ ਨਾਲ-ਨਾਲ 1940 ਵਿਚ 'ਔਰਤ' ਰਾਹੀਂ ਸਿਆਸੀ, ਸਮਾਜਕ, ਆਰਥਿਕ ਅਤੇ ਧਾਰਮਿਕ ਸ਼ੋਸ਼ਣ ਦੇ ਅੰਤਰ-ਸਬੰਧਾਂ ਦੀ ਨਵੀਂ ਵਿਆਖਿਆ ਕੀਤੀ। 1934 ਵਿਚ ਹਿੰਦੀ ਲੇਖਕ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਤੇ ਬਣੀ ਫਿਲਮ '(ਮਿੱਲ) ਮਜ਼ਦੂਰ' ਨੇ ਭਾਰਤੀ ਸਮਾਜ ਦੇ ਵੱਡੇ ਤਬਕੇ ਦੇ ਹਾਲਾਤ 'ਤੇ ਕੈਮਰਾ ਫੋਕਸ ਕੀਤਾ। 1940 ਵਿਚ ਬਣੀ ਫਿਲਮ 'ਅਪਨੀ ਨਗਰੀਆ ਕੀ ਕਥਾ' ਦੀ ਪਟਕਥਾ ਪ੍ਰਸਿੱਧ ਅਫ਼ਸਾਨਾਨਿਗਾਰ ਸਆਦਤ ਹਸਨ ਮੰਟੋ ਨੇ ਲਿਖੀ ਸੀ।

ਇਹ ਦੌਰ ਭਾਵੇਂ ਸਿਆਸੀ ਅਤੇ ਸਾਹਿਤਕ ਤੌਰ 'ਤੇ ਉਥਲ-ਪੁਥਲ ਵਾਲਾ ਸੀ, ਪਰ ਇਸ ਦੇ ਬਾਵਜੂਦ ਸਿਨੇਮਾ ਵਿਚ ਵੱਡੀ ਪੱਧਰ 'ਤੇ ਅਜਿਹੀਆਂ ਫਿਲਮਾਂ ਵੀ ਧੜਾਧੜ ਬਣ ਰਹੀਆਂ ਸਨ ਜਿਹੜੀਆਂ ਨਾ ਸਿਰਫ ਸੁਹਜ ਤੇ ਕਲਾ ਪੱਖੋਂ ਕੋਰੀਆ ਸਨ ਸਗੋਂ ਉਸ ਸਮੇਂ ਦੀਆਂ ਹਕੀਕਤਾਂ ਤੋਂ ਵੀ ਕੋਹਾਂ ਦੂਰ ਸਨ। ਇਨ੍ਹਾਂ ਵਿਚ ਜ਼ਾਲਿਮ ਜਵਾਨੀ, ਪੀਆ ਪਿਆਰੇ, ਫ਼ੈਸ਼ਨੇਬਲ, ਦੋ ਦੀਵਾਨੇ, ਜਵਾਲਾ ਫਿਲਮਾਂ ਸ਼ਾਮਲ ਹਨ। ਇਕ ਮਹੱਤਵਪੂਰਨ ਦਰਸ਼ਕ ਵਰਗ, ਨਾਦੀਆ ਦੀਆਂ ਫਿਲਮਾਂ ਦਾ ਵੀ ਸੀ। ਇਨ੍ਹਾਂ ਵਿਚ ਹੰਟਰਵਾਲੀ, ਡੈਕਨ ਕੁਈਨ, ਮਿਸ ਫਰੰਟੀਅਰ ਮੇਲ ਆਦਿ ਫਿਲਮਾਂ ਸਨ। ਇਨ੍ਹਾਂ ਫਿਲਮਾਂ ਵਿਚ ਨਾਇਕਾ ਘੋੜਿਆਂ 'ਤੇ ਤਲਵਾਰਬਾਜ਼ੀ ਕਰਦਿਆਂ ਮਰਦਾਂ ਨਾਲ ਦੋ-ਦੋ ਹੱਥ ਤਾਂ ਕਰ ਰਹੀ ਹੈ, ਦੂਜੇ ਪਾਸੇ ਯਥਾਰਥਵਾਦੀ ਸਿਨੇਮਾ ਅਤੇ ਸਮਾਜਕ ਸੰਸਥਾਵਾਂ ਵਿਚ ਔਰਤ ਦੀ ਦੁਰਦਸ਼ਾ ਜੱਗ-ਜ਼ਾਹਿਰ ਸੀ। ਸਤੀ ਪ੍ਰਥਾ, ਬਾਲ ਵਿਆਹ, ਪਰਦਾ ਪ੍ਰਥਾ, ਵਿਧਵਾਵਾਂ ਦੇ ਪੁਨਰ-ਵਿਆਹ 'ਤੇ ਪਾਬੰਦੀ ਵਰਗੀਆਂ ਕੁਰੀਤੀਆਂ ਤੋਂ ਬਿਨਾਂ ਔਰਤਾਂ ਸਿਆਸੀ ਤੇ ਆਰਥਿਕ ਅਦਾਰਿਆਂ ਦੀ ਸੱਤਾ ਵਿਚੋਂ ਵੀ ਤਕਰੀਬਨ ਗੈਰ-ਹਾਜ਼ਰ ਸਨ, ਪਰ ਵਾਡੀਆ ਬ੍ਰਦਰਜ਼ ਦੁਆਰਾ ਫੈਂਟਸੀ ਤੇ ਸਟੰਟਾਂ ਨਾਲ ਭਰੀਆਂ ਫਿਲਮਾਂ ਵੱਖਰਾ ਹੀ ਭਰਮ ਸਿਰਜਦੀਆਂ ਸਨ।

**(ਚਲਦਾ)**




*ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਤੇ ਬਣੀ ਫਿਲਮ 'ਮਿੱਲ ਮਜ਼ਦੂਰ' ਦੀ ਝਲਕ।*

***ਧਰਮ ਅਤੇ ਸਾਮਰਾਜਵਾਦ ਦਾ ਗਠਜੋੜ ਕਿਵੇਂ ਕੰਮ ਕਰਦਾ ਹੈ, ਇਸ ਦੀ ਮਿਸਾਲ 1935 ਵਿਚ ਵੀ. ਸ਼ਾਂਤਰਾਮ ਦੁਆਰਾ ਆਪਣੀ ਕੰਪਨੀ 'ਪ੍ਰਭਾਤ ਸਟੂਡੀਓ' ਦੇ ਬੈਨਰ ਥੱਲੇ ਬਣਾਈ ਫਿਲਮ 'ਧਰਮਾਤਮਾ' ਉਤੇ ਬ੍ਰਿਟਿਸ਼ ਸਰਕਾਰ ਦੁਆਰਾ ਲਗਾਈ ਸੈਂਸਰਸ਼ਿਪ ਹੈ। ਇਸ ਫਿਲਮ ਰਾਹੀਂ ਵੀ. ਸ਼ਾਂਤਾਰਾਮ ਨੇ ਧਾਰਮਿਕ ਰੂੜੀਵਾਦ ਅਤੇ ਮਾਨਤਾਵਾਂ ਨੂੰ ਗੁਲਾਮ ਜ਼ਿਹਨੀਅਤ ਦਾ ਚਿੰਨ੍ਹ ਦੱਸਦਿਆਂ ਹਰ ਕਿਸਮ ਦੇ ਮੂਲਵਾਦ 'ਤੇ ਤਿੱਖੀ ਟਿੱਪਣੀ ਕੀਤੀ।***

# 'ਚੌਥੀ ਕੂਟ' ਵਾਲਾ ਗੁਰਵਿੰਦਰ

## ਪੰਜਾਬ ਦੇ ਦਰਦ ਦੀ ਸੁਣਾਈ ਦਾਸਤਾਂ



*ਫਿਲਮਸਾਜ਼ ਗੁਰਵਿੰਦਰ ਸਿੰਘ (ਖੱਬੇ) ਅਤੇ ਪੰਜਾਬ ਬਾਰੇ ਬਣਾਈ ਫਿਲਮ 'ਚੌਥੀ ਕੂਟ' ਦਾ ਦ੍ਰਿਸ਼*

ਉਹ ਘੜੀ ਬੜੀ ਸੁਲੱਖਣੀ ਹੋਵੇਗੀ ਜਦੋਂ ਦਿੱਲੀ ਵਿਚ ਜੰਮੇ-ਪਲੇ ਗੁਰਵਿੰਦਰ ਸਿੰਘ ਨੇ ਸਾਹਿਤ ਅਤੇ ਸਿਨੇਮਾ ਦੀ ਭਰਪੂਰ ਪਰਿਕਰਮਾ ਤੋਂ ਬਾਅਦ, ਆਪਣੀਆਂ ਜੜ੍ਹਾਂ ਵੱਲ ਝਾਤੀ ਮਾਰੀ ਹੋਵੇਗੀ। ਜ਼ਿਹਨ ਵਿਚ ਮੌਲ ਰਹੀਆਂ ਇਨ੍ਹਾਂ ਜੜ੍ਹਾਂ ਦੀਆਂ ਤੰਦਾਂ ਪੰਜਾਬ ਨਾਲ ਜੁੜੀਆਂ ਹੋਈਆਂ ਸਨ ਅਤੇ ਇਹੀ ਪੰਜਾਬ ਹੁਣ 'ਚੌਥੀ ਕੂਟ' ਦੇ ਰੂਪ ਵਿਚ ਫਰਾਂਸ ਦੇ ਕਾਨ ਆਲਮੀ ਫਿਲਮ ਮੇਲੇ ਦਾ ਬੂਹਾ ਖੜਕਾ ਰਿਹਾ ਹੈ। ਗੁਰਵਿੰਦਰ ਦੀ ਪੰਜਾਬੀ ਫੀਚਰ ਫਿਲਮ 'ਚੌਥੀ ਕੂਟ' ਇਸ ਵਾਰ 86ਵੇਂ ਕਾਨ ਫਿਲਮ ਮੇਲੇ (13 ਤੋਂ 24 ਮਈ) ਵਿਚ ਦਿਖਾਈ ਜਾ ਰਹੀ ਹੈ। ਇਹ ਮਾਣ ਕਿਸੇ ਪੰਜਾਬੀ ਫਿਲਮ ਨੂੰ ਪਹਿਲੀ ਵਾਰ ਮਿਲਿਆ ਹੈ।

ਗੁਰਵਿੰਦਰ ਦੇ ਦਿੱਲੀ ਤੋਂ ਕਾਨ ਤੱਕ ਦੇ ਇਸ ਸਫਰ ਦੇ ਕਈ ਪੜਾਅ ਹਨ, ਪਰ ਇਨ੍ਹਾਂ ਪੜਾਵਾਂ ਵਿਚ ਨਿਰੰਤਰਤਾ ਹੈ। ਇਸ ਨਿਰੰਤਰਤਾ ਵਿਚ ਉਸੇ ਤਰ੍ਹਾਂ ਦਾ ਸਹਿਜ ਝਲਕਾਰੇ ਮਾਰਦਾ ਹੈ ਜਿਹੜਾ ਉਸ ਦੀਆਂ ਆਪਣੀਆਂ ਅਤੇ ਉਸ ਦੇ ਪਸੰਦੀਦਾ ਫਿਲਮਸਾਜ਼ ਮਣੀ ਕੌਲ ਦੀਆਂ ਫਿਲਮਾਂ ਵਿਚ ਅਛੋਪਲੇ ਜਿਹੇ ਆ ਕੇ ਬੈਠਦਾ ਰਿਹਾ ਹੈ। ਤਕਰੀਬਨ ਦੋ ਦਹਾਕੇ ਪਹਿਲਾਂ ਪੁਣੇ ਐਫ.ਟੀ.ਆਈ.ਆਈ. (ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ) ਵਿਚ ਫਿਲਮਾਂ ਬਾਰੇ ਮਿੱਟੀ ਫਰੋਲਣ ਗਏ 22-23 ਵਰ੍ਹਿਆਂ ਦੇ ਇਸ ਨੌਜਵਾਨ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਪਹਿਲੇ ਹੱਲੇ ਸਾਧਾਰਨ ਜਾਪਣ ਵਾਲੀਆਂ ਮਣੀ ਕੌਲ ਦੀਆਂ ਫਿਲਮਾਂ ਨੇ ਉਸ ਦੇ ਜ਼ਿਹਨ ਅੰਦਰ ਡੇਰੇ ਲਾ ਲੈਣੇ ਹਨ ਅਤੇ ਉਸ ਦੇ ਜ਼ਿਹਨ ਦੀ ਘੁੰਡੀ ਇਸੇ ਸਹਿਜ ਤੇ ਸੰਜਮ ਨੇ ਖੋਲ੍ਹਣੀ ਹੈ। ਪੁਣੇ ਵਿਚ ਗੁਰਵਿੰਦਰ ਸਿੰਘ ਨੇ ਜਦੋਂ ਪਹਿਲੀ ਵਾਰ ਮਣੀ ਕੌਲ ਦੀ ਫਿਲਮ 'ਉਸਕੀ ਰੋਟੀ' (1969) ਦੇਖੀ ਤਾਂ ਕਿਤੇ ਕੋਈ ਹਿਲਜੁਲ ਨਹੀਂ ਹੋਈ, ਸਗੋਂ ਫਿਲਮ ਦੀ ਧੀਮੀ ਚਾਲ ਨੇ ਉਹਦੇ ਸਬਰ ਨੂੰ ਖ਼ੂਬ ਹੁੱਝਾਂ ਮਾਰੀਆਂ। ਸਾਲ ਬਾਅਦ ਇਹੀ ਫਿਲਮ ਦੁਬਾਰਾ ਦੇਖਣ ਦਾ ਸਬੱਬ ਬਣਿਆ ਤਾਂ ਸਬਰ ਦੂਣ-ਸਵਾਇਆ ਹੋ ਕੇ ਟੱਕਰਿਆ ਅਤੇ ਉਹਦੇ ਧੁਰ ਅੰਦਰ ਕਿਤੇ ਸਾਹਿਤ ਤੇ ਸਿਨੇਮਾ ਦੀਆਂ ਗਲੀਆਂ ਮੋਕਲੀਆਂ ਹੋ ਕੇ ਦਰਿਆ ਵਾਂਗ ਵਗਦੀਆਂ ਮਹਿਸੂਸ ਹੋਈਆਂ। ਉਹਦੀ ਪਲੇਠੀ ਫੀਚਰ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਜੋ ਨਾਵਲਕਾਰ ਗੁਰਦਿਆਲ ਸਿੰਘ ਦੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਿਤ ਹੈ, ਦੇਖ ਕੇ ਗੁਰਦਿਆਲ ਸਿੰਘ ਨੇ ਕਿਹਾ ਸੀ ਕਿ ਇਹ ਫਿਲਮ ਦੇਖ ਕੇ ਉਹਨੂੰ ਸਾਹਿਤ ਤੇ ਸਿਨਮੇ ਦਾ ਫਰਕ ਸਮਝ ਆਇਆ ਹੈ। ਉਦੋਂ ਗੁਰਵਿੰਦਰ ਨੂੰ ਲੱਗਾ ਸੀ ਜਿਵੇਂ ਉਹਦਾ ਮੋਢਾ ਰੰਗ-ਬਰੰਗੇ ਫੁੰਦਿਆਂ ਨਾਲ ਸਜ ਗਿਆ ਹੋਵੇ। ਗੁਰਦਿਆਲ ਸਿੰਘ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਵਿਚ ਜਾਤ ਅਤੇ ਜਮਾਤ ਬੜੀ ਪ੍ਰਚੰਡ ਰੂਪ ਵਿਚ ਉਜਾਗਰ ਹੋਏ ਹਨ ਪਰ ਫਿਲਮ ਦੀ ਚੂਲ ਉਜਾੜੇ ਨਾਲ ਜਾ ਜੁੜਦੀ ਹੈ। ਇਸ ਨਾਵਲ ਅਤੇ ਫਿਲਮ ਕੋਲੋਂ ਖਹਿ ਕੇ ਲੰਘਣ ਪਿੱਛੋਂ ਇਕ ਅਹਿਸਾਸ ਇਹ ਵੀ ਜਾਗਦਾ ਹੈ ਕਿ 'ਅੰਨ੍ਹੇ ਘੋੜੇ ਦਾ ਦਾਨ' ਗੁਰਵਿੰਦਰ ਨੇ ਦਿੱਲੀ ਬੈਠ ਕੇ ਚਿਤਵਿਆ ਹੈ। ਦਿੱਲੀ ਬੈਠ ਕੇ ਪੰਜਾਬ ਕਦੇ ਉਹ ਪੰਜਾਬ ਨਹੀਂ ਦਿਸਦਾ ਜੋ ਪੰਜਾਬ ਵਿਚ ਬੈਠਿਆਂ ਨੂੰ ਦਿਸਦਾ ਹੈ। ਸ਼ੁਕਰ ਹੈ ਕਿ ਗੁਰਵਿੰਦਰ ਨੇ ਜੋ ਵੀ ਚਿਤਵਿਆ, ਉਸ ਵਿਚ ਇੰਨੀ ਜਾਨ ਸੀ ਕਿ ਗੱਲ ਪੂਰੀ ਮੜ੍ਹਕ ਨਾਲ ਅੱਗੇ ਤੁਰੀ।

'ਚੌਥੀ ਕੂਟ' ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀਆਂ ਦੋ ਕਹਾਣੀਆਂ- 'ਚੌਥੀ ਕੂਟ' ਤੇ 'ਮੈਂ ਹੁਣ ਠੀਕ ਠਾਕ ਹਾਂ', ਦੇ ਸੁਮੇਲ ਤੋਂ ਬਣੀ ਹੈ। 1980ਵਿਆਂ ਵਿਚ ਲਹੂ-ਲੁਹਾਣ ਹੋਏ ਪੰਜਾਬ ਬਾਬਤ ਲਿਖੀ ਕਹਾਣੀ 'ਚੌਥੀ ਕੂਟ' ਵਿਚ ਦਰਜ ਹੋਈ ਬੇਭਰੋਸਗੀ ਅਤੇ 'ਮੈਂ ਹੁਣ ਠੀਕ ਠਾਕ ਹਾਂ' ਦੀ ਬੇਵਸੀ ਨੂੰ ਉਸ ਨੇ ਕੈਮਰੇ ਰਾਹੀਂ ਲੋਕਾਂ ਨਾਲ ਸਾਂਝੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਾਲੇ ਦਿਨਾਂ ਦੌਰਾਨ ਪੰਜਾਬੀ ਜਿਊੜੇ ਨਾਲ ਜੋ ਹੋਈ-ਬੀਤੀ ਅਤੇ ਉਸ ਵਕਤ ਨੇ ਜਿਹੜੀਆਂ ਲਾਸਾਂ ਬੰਦੇ ਦੇ ਜ਼ਿਹਨ ਉਤੇ ਪਾਈਆਂ, ਉਨ੍ਹਾਂ ਦੀਆਂ ਚੀਸਾਂ ਇਸ ਫਿਲਮ ਰਾਹੀਂ ਸੁਣਦੀਆਂ ਹਨ। ਗੁਰਵਿੰਦਰ ਦਸਾਂ ਵਰ੍ਹਿਆਂ ਦਾ ਸੀ ਜਦੋਂ ਹਰਿਮੰਦਰ ਸਾਹਿਬ ਵਾਲਾ ਸਾਕਾ ਹੋਇਆ। ਉਸ ਤੋਂ ਬਾਅਦ ਤਲਵਾਰ ਨਾਲ ਪੰਜਾਬੀ ਜਿਊੜੇ ਦੇ ਜਿਸਮੋ-ਜਾਨ ਉਤੇ ਜਿਹੜਾ ਇਤਿਹਾਸ ਲਿਖਿਆ ਗਿਆ, ਉਸ ਦੀ ਕਹਾਣੀ ਛਿੱਲਤਰਾਂ ਨਾਲ ਭਰੀ ਪਈ ਹੈ। ਦੂਰ-ਨੇੜੇ ਵੱਸਦੇ ਹਰ ਸੰਜੀਦਾ ਜੀਅ ਨੇ ਤਲਵਾਰ ਦੀ ਤਿੱਖੀ ਧਾਰ ਨੂੰ ਆਪੋ-ਆਪਣੇ ਪਿੰਡੇ 'ਤੇ ਮਹਿਸੂਸ ਕੀਤਾ। ਗੁਰਵਿੰਦਰ ਵੀ ਇਨ੍ਹਾਂ ਵਿਚੋਂ ਇਕ ਸੀ, ਇਸੇ ਕਰ ਕੇ 'ਚੌਥੀ ਕੂਟ' ਦੀ ਸਿਰਜਣਾ ਹੋ ਸਕੀ ਹੈ। ਗੁਰਵਿੰਦਰ ਸਿੰਘ ਨੇ ਇਸ ਤੋਂ ਪਹਿਲਾਂ 'ਪਾਲਾ' ਤੇ 'ਲੈੱਗਜ਼ ਅਬੱਵ ਮਾਈ ਫੀਟ' ਵਰਗੀਆਂ ਨਿੱਕੀਆਂ ਫਿਲਮਾਂ ਬਣਾਈਆਂ ਹਨ। ਇਹ ਫਿਲਮਾਂ ਦੇਖ ਕੇ ਲੱਗਦਾ ਸੀ ਕਿ ਕਹਾਣੀ ਤਾਂ ਕਿਤੇ ਅਗਾਂਹ ਦੀ ਸੁਣਾਈ ਜਾ ਰਹੀ ਹੈ। ਹੁਣ ਉਹਨੇ ਆਪਣੇ ਨਵੇਂ ਪ੍ਰਾਜੈਕਟ ਦੀਆਂ ਤੰਦਾਂ ਪਾਉਣੀਆਂ ਵੀ ਅਰੰਭ ਲਈਆਂ ਹਨ। ਉਹਦੀ ਇਹ ਨਵੀਂ ਉਡਾਰੀ ਵੀ ਕਾਨ ਨਾਲੋਂ ਕੋਈ ਘੱਟ ਨਹੀਂ ਹੋਵੇਗੀ, ਇਹ ਯਕੀਨ ਉਹਦੀ ਪਹਿਲੀਆਂ ਕਿਰਤਾਂ ਹੀ ਦਿਵਾਉਂਦੀਆਂ ਹਨ। ਕੱਲ੍ਹ ਤੱਕ ਲੋਕ ਕਾਨ ਫਿਲਮ ਮੇਲੇ ਨੂੰ ਸਿਰੇ ਦੇ ਗਲੈਮਰ ਨਾਲ ਜੋੜ ਕੇ ਦੇਖਦੇ ਸਨ, ਹੁਣ ਪੰਜਾਬ ਅਤੇ 'ਚੌਥੀ ਕੂਟ' ਨਾਲ ਜੋੜ ਕੇ ਦੇਖਣਗੇ। ਕਾਨ ਤੋਂ ਪੰਜਾਬ ਤੱਕ ਦਾ ਇਹ ਸਫ਼ਰ ਗੁਰਵਿੰਦਰ ਕਰ ਕੇ ਸੰਭਵ ਹੋਇਆ ਹੈ।

**-ਜਸਵੀਰ ਸਮਰ**

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist


**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
**Asking: $559000**



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
**Asking: $849,000**




2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
**Asking: $219,000**




32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
**Asking: $710,000**




824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
**Asking: $325,000**

### JUST SOLD

1. 3268 Jonathen Ave., Stockton, CA 95206
2. 2535 Karen Ct. Union City, CA 94587
3. 1884 Daytona Dr., San Jose, CA 95122
4. 2506 Dry Creek Way Stockton, CA 95206
5. 1820 Oakley Ct., Stockton, CA 95206
6. 32469 Monterey Dr., Union City 94587
7. 129 Orchard Park Pl., Hayward, CA 94544
8. 31305 Meadowbrook Ave., Hayward, CA 94544
9. 6560 Rochelle Ave., Newark, CA 94560

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA BRE Lic.#01180969
NMLS# 352095


BIGGEST SALE EVER ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99/MO
FOR 12 MONTHS
$24.99/MO
REGULAR PRICE
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY